ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 22 | 08 June 2022 to 14 June 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

### ਮਾਮਲਾ ਹਜ਼ਰਤ ਮੁਹੰਮਦ ਸਾਹਿਬ ਜੀ 'ਤੇ ਕੀਤੀਆਂ ਫਿਰਕੂ ਟਿੱਪਣੀਆਂ ਦਾ

# ਭਾਜਪਾ ਆਗੂਆਂ ਦੇ ਵਿਵਾਦਿਤ ਬੋਲਾਂ ਕਾਰਨ ਫੈਲੀ ਫਿਰਕੂ ਹਿੰਸਾ

### ✪ ਰੋਸ ਵਜੋਂ ਕਈ ਦੇਸ਼ਾਂ ਨੇ ਤਲਬ ਕੀਤੇ ਭਾਰਤੀ ਰਾਜਦੂਤ ✪ ਕਾਨਪੁਰ ਹਿੰਸਾ ਕਾਰਨ 39 ਹੋਰ ਗ੍ਰਿਫ਼ਤਾਰ ✪ ਪੁਲਿਸ ਵਲੋਂ 40 ਦੋਸ਼ੀਆਂ ਦੀਆਂ ਤਸਵੀਰਾਂ ਜਾਰੀ ✪ ਭਾਰਤ ਸਰਕਾਰ ਨੇ ਕਿਹਾ ਕਿ ਇਹ ਬਦਅਮਨੀ ਫ਼ੈਲਾਉਣ ਵਾਲੇ ਅਨਸਰਾਂ ਦੀ ਰਾਇ, ਸਰਕਾਰ ਦੀ ਰਾਇ ਨਹੀਂ ✪ ਨੂਪੁਰ ਸ਼ਰਮਾ ਨੂੰ ਮਿਲ ਰਹੀਆਂ ਧਮਕੀਆਂ 'ਤੇ ਦਿੱਲੀ ਪੁਲਿਸ ਨੇ ਦਰਜ ਕੀਤੀ ਐੱਫ.ਆਈ.ਆਰ.







**ਨਵੀਂ ਦਿੱਲੀ/ਏ.ਟੀ.ਨਿਊਜ਼ :-** ਭਾਜਪਾ ਦੇ ਦੋ ਆਗੂਆਂ ਜਿਨਾਂ 'ਤੇ ਪਾਰਟੀ ਨੇ ਅਨੁਸ਼ਾਸਨੀ ਕਾਰਵਾਈ ਕਰਕੇ ਆਪਣੇ ਤੋਂ ਦੂਰੀ ਬਣਾ ਲਈ ਹੈ, ਵਲੋਂ ਹਜ਼ਰਤ ਮੁਹੰਮਦ 'ਤੇ ਕੀਤੀਆਂ ਇਤਰਾਜ਼ਯੋਗ ਟਿੱਪਣੀਆਂ ਕਾਰਨ ਉੱਠੇ ਵਿਵਾਦ 'ਤੇ ਨਾਰਾਜ਼ਗੀ ਪ੍ਰਗਟਾਉਣ ਵਾਲੇ ਦੇਸ਼ਾਂ ਦੀ ਸੂਚੀ ਲੰਮੀ ਹੋ ਗਈ ਹੈ। ਇਸ ਸੂਚੀ ਵਿਚ ਪਾਕਿਸਤਾਨ, ਅਫ਼ਗਾਨਿਸਤਾਨ, ਕਤਰ, ਕੁਵੈਤ, ਈਰਾਨ, ਓਮਾਨ, ਸਾਊਦੀ ਅਰਬ, ਇੰਡੋਨੇਸ਼ੀਆ, ਜੌਰਡਨ ਅਤੇ 57 ਇਸਲਾਮਕ ਦੇਸ਼ਾਂ ਦੇ ਸੰਗਠਨ ਓ.ਆਈ.ਸੀ. ਦਾ ਨਾਮ ਸ਼ਾਮਿਲ ਹੈ। ਵਿਰੋਧ ਦਾ ਸੇਕ ਝੱਲ ਰਹੀ ਸਰਕਾਰ ਵਲੋਂ ਦਿੱਤੇ ਅਧਿਕਾਰਤ ਬਿਆਨ ਵਿਚ ਭਾਵੇਂ ਦੋਵਾਂ ਆਗੂਆਂ ਨੂੰ ਬਦਅਮਨੀ ਫ਼ੈਲਾਉਣ ਵਾਲੇ ਅਨਸਰ ਕਹਿ ਕੇ ਉਨਾਂ ਦੇ ਬਿਆਨ ਤੋਂ ਕਿਨਾਰਾ ਕੀਤਾ ਗਿਆ ਹੈ ਪਰ ਇਨਾਂ ਮੁਲਕਾਂ ਵਲੋਂ ਭਾਰਤੀ ਰਾਜਦੂਤਾਂ ਨੂੰ ਤਲਬ ਕਰਕੇ ਰੋਸ ਪ੍ਰਗਟਾਇਆ ਗਿਆ। ਕਤਰ ਵਿਚ ਇਹ ਵਿਵਾਦ ਉਸ ਵੇਲੇ ਸਾਹਮਣੇ ਆਇਆ ਜਦੋਂ ਉਪ-ਰਾਸ਼ਟਰਪਤੀ ਐੱਮ.ਵੈਂਕੇਈਆ ਨਾਇਡੂ ਉੱਥੋਂ ਦੇ ਦੌਰੇ 'ਤੇ ਹਨ। ਕਤਰ ਨੇ ਭਾਰਤ ਦੇ ਰਾਜਦੂਤ ਦੀਪਕ ਮਿੱਤਲ ਨੂੰ ਤਲਬ ਕਰਕੇ ਇਸ ਮਾਮਲੇ 'ਤੇ ਜਨਤਕ ਮੁਆਫ਼ੀ ਤੇ ਭਾਰਤ ਸਰਕਾਰ ਵਲੋਂ ਫੌਰੀ ਨਿਖੇਧੀ ਦੀ ਮੰਗ ਕੀਤੀ ਹੈ। ਕਤਰ ਵਲੋਂ ਕਿਹਾ ਗਿਆ ਹੈ ਕਿ ਅਜਿਹੀਆਂ ਇਸਲਾਮ ਵਿਰੋਧੀ ਟਿੱਪਣੀਆਂ ਜੇਕਰ ਬਿਨਾਂ ਸਜ਼ਾ ਤੋਂ ਜਾਰੀ ਰਹਿਣ ਦਿੱਤੀਆਂ ਗਈਆਂ ਤਾਂ ਮਨੁੱਖੀ ਹੱਕਾਂ ਦੀ ਰਾਖੀ ਨੂੰ ਵੱਡੀ ਢਾਹ ਲੱਗੇਗੀ। ਦੀਪਕ ਮਿੱਤਲ ਨੇ ਕਤਰ ਸਰਕਾਰ ਨੂੰ ਦਿੱਤੇ ਜਵਾਬ ਵਿਚ ਕਿਹਾ ਕਿ ਇਹ ਵਿਚਾਰ ਕਿਸੇ ਵੀ ਪੱਖੋਂ ਭਾਰਤ ਸਰਕਾਰ ਦੇ ਵਿਚਾਰਾਂ ਦੀ ਤਸਦੀਕ ਨਹੀਂ ਕਰਦੇ। ਕੁਵੈਤ ਵਿਚ ਵੀ ਭਾਰਤੀ ਰਾਜਦੂਤ ਨੂੰ ਤਲਬ ਕਰਕੇ ਅਜਿਹੇ ਸਰੋਕਾਰ ਪ੍ਰਗਟਾਏ ਗਏ ਹਨ। ਈਰਾਨ ਵਿਚ ਵੀ ਭਾਰਤੀ ਰਾਜਦੂਤ ਨੇ ਕੇਂਦਰ ਦਾ ਪੱਖ ਰੱਖਦਿਆਂ ਕਿਹਾ ਕਿ ਅਜਿਹੀਆਂ ਟਿੱਪਣੀਆਂ ਕਰਨ ਵਾਲਿਆਂ ਦਾ ਸਰਕਾਰ ਨਾਲ ਕੋਈ ਵਾਸਤਾ ਨਹੀਂ ਹੈ। ਪਾਕਿਸਤਾਨ ਨੇ ਪੈਗ਼ੰਬਰ ਮੁਹੰਮਦ ਖ਼ਿਲਾਫ਼ ਭਾਜਪਾ ਦੇ ਦੋ ਨੇਤਾਵਾਂ ਦੀਆਂ ਵਿਵਾਦਿਤ ਟਿੱਪਣੀਆਂ 'ਤੇ ਆਪਣਾ ਵਿਰੋਧ ਦਰਜ ਕਰਵਾਉਣ ਲਈ ਭਾਰਤੀ ਹਾਈ ਕਮਿਸ਼ਨ ਦੇ ਇੰਚਾਰਜ ਨੂੰ ਤਲਬ ਕੀਤਾ। ਪਾਕਿ ਵਿਦੇਸ਼ ਦਫ਼ਤਰ ਵਲੋਂ ਕਿਹਾ ਕਿ ਭਾਜਪਾ ਨੇਤਾਵਾਂ ਦੀ ਟਿੱਪਣੀ ਪੂਰੀ ਤਰਾਂ ਅਸਵੀਕਾਰਯੋਗ ਹੈ ਅਤੇ ਇਸ ਨਾਲ ਨਾ ਸਿਰਫ਼ ਪਾਕਿਸਤਾਨ ਦੇ ਲੋਕਾਂ, ਸਗੋਂ ਦੁਨੀਆ ਭਰ ਦੇ ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਐਫ. ਓ. ਨੇ ਭਾਰਤ ਸਰਕਾਰ ਦੁਆਰਾ ਉਕਤ ਅਹੁਦੇਦਾਰਾਂ ਵਿਰੁੱਧ ਕਾਰਵਾਈ ਹਿਤ ਕੀਤੀ ਦੇਰੀ ਅਤੇ ਲਾਪ੍ਰਵਾਹੀ ਵਾਲੀ ਅਨੁਸ਼ਾਸਨੀ ਕਾਰਵਾਈ ਦੀ ਵੀ ਨਿੰਦਾ ਕੀਤੀ ਹੈ। ਉਕਤ ਦੇ ਇਲਾਵਾ ਪਾਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਨੇ ਵੀ ਭਾਜਪਾ ਬੁਲਾਰੇ ਦੀ ਟਿੱਪਣੀ ਦੀ ਨਿੰਦਾ ਕੀਤੀ। ਵਿਰੋਧੀ ਧਿਰਾਂ ਨੇ ਭਾਜਪਾ ਵਲੋਂ ਦੋਹਾਂ ਆਗੂਆਂ ਖ਼ਿਲਾਫ਼ ਕੀਤੀ ਕਾਰਵਾਈ, ਜਿਸ ਵਿਚ ਨੂਪੁਰ ਸ਼ਰਮਾ ਨੂੰ 6 ਸਾਲਾਂ ਲਈ ਮੁਅੱਤਲ ਅਤੇ ਜਿੰਦਲ ਨੂੰ ਪਾਰਟੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ, ਨੂੰ ਢੌਂਗ ਕਰਾਰ ਦਿੰਦਿਆਂ ਕਿਹਾ ਕਿ ਇਹ ਭਾਜਪਾ ਵਲੋਂ ਕੀਤੀ 'ਡੈਮੇਜ ਕੰਟਰੋਲ' ਕਾਰਵਾਈ ਹੈ।

ਕਾਂਗਰਸ ਨੇ ਦੋਸ਼ ਲਾਇਆ ਕਿ ਭਗਵਾਂ ਪਾਰਟੀ ਕੌਮਾਂਤਰੀ ਪੱਧਰ 'ਤੇ ਦੇਸ਼ ਨੂੰ ਬਦਨਾਮ ਕਰ ਰਹੀ ਹੈ। ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਪੈਗ਼ੰਬਰ ਖਿਲਾਫ਼ ਵਿਵਾਦਿਤ ਟਿੱਪਣੀਆਂ ਕਰਨ ਵਾਲੇ ਦੋਵੇਂ ਭਾਜਪਾ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਵੀ ਕੀਤੀ। ਕਾਂਗਰਸ ਨੇ ਦੋਸ਼ ਲਾਇਆ ਕਿ ਭਾਜਪਾ ਦੇ ਸਮਾਜ ਵਿਰੋਧੀ ਅਨਸਰ ਦੇਸ਼ ਨੂੰ ਨਫ਼ਰਤ ਦੀ ਅੱਗ ਵਿੱਚ ਧੱਕ ਰਹੇ ਹਨ ਤੇ ਕੌਮਾਂਤਰੀ ਪੱਧਰ 'ਤੇ ਦੇਸ਼ ਦੀ ਬਦਨਾਮੀ ਹੋ ਰਹੀ ਹੈ। ਏਆਈਐੱਮਆਈਐੱਮ ਦੇ ਪ੍ਰਧਾਨ ਅਸਦੂਦੀਨ ਓਵਾਇਸੀ ਨੇ ਕਿਹਾ ਕਿ ਮੁਅੱਤਲ ਕੀਤੀ ਭਾਜਪਾ ਤਰਜਮਾਨ ਨੂਪੁਰ ਸ਼ਰਮਾ ਖਿਲਾਫ਼ ਕਾਰਵਾਈ ਦਸ ਦਿਨ ਪਹਿਲਾਂ ਹੋ ਜਾਣੀ ਚਾਹੀਦੀ ਸੀ।

ਖੱਬੀਆਂ ਪਾਰਟੀਆਂ ਨੇ ਕਿਹਾ ਕਿ ਭਾਜਪਾ ਨੂੰ ਹੋਰਨਾਂ ਮੁਲਕਾਂ ਦੇ ਦਬਾਅ ਕਰਕੇ ਆਪਣੇ ਕਾਰਕੁਨਾਂ ਖਿਲਾਫ਼ ਕਾਰਵਾਈ ਕਰਨੀ ਪਈ ਹੈ। ਸੀਪੀਐੱਮ ਨੇ ਟਵੀਟ ਕੀਤਾ, 'ਨੂਪੁਰ ਸ਼ਰਮਾ ਨੇ ਜਨਤਕ ਤੌਰ 'ਤੇ ਪਾਰਟੀ ਆਗੂਆਂ ਅਮਿਤ ਸ਼ਾਹ, ਪੀਐੱਮਓ ਤੇ ਹੋਰਨਾਂ ਵੱਲੋਂ ਮਿਲੀ ਹਮਾਇਤ ਲਈ ਧੰਨਵਾਦ ਕੀਤਾ ਸੀ। ਹੁਣ ਹੋਰਨਾਂ ਮੁਲਕਾਂ ਦੇ ਦਬਾਅ ਕਰਕੇ ਉਨਾਂ ਨੂੰ ਮੁਅੱਤਲੀ ਦੀ ਕਾਰਵਾਈ ਕਰਨ ਲਈ ਮਜਬੂਰ ਹੋਣਾ ਪਿਆ। ਇਹ ਨਫ਼ਰਤੀ ਤਕਰੀਰ ਦੇ ਸਰਪ੍ਰਸਤ ਹਨ।' ਸੀਪੀਆਈ ਦੇ ਜਨਰਲ ਸਕੱਤਰ ਡੀ.ਰਾਜਾ ਨੇ ਕਤਰ ਵਿੱਚ ਭਾਰਤੀ ਰਾਜਦੂਤ ਦੇ ਇਸ ਬਿਆਨ ਕਿ ਵਿਵਾਦਿਤ ਟਿੱਪਣੀਆਂ ਕਿਸੇ ਵੀ ਤਰੀਕੇ ਨਾਲ ਭਾਰਤ ਸਰਕਾਰ ਦੇ ਨਜ਼ਰੀਏ ਦੀ ਤਰਜਮਾਨੀ ਨਹੀਂ ਕਰਦੀਆਂ ਤੇ ਇਹ 'ਸ਼ਰਾਰਤੀ ਤੱਤਾਂ ਦੇ ਵਿਚਾਰ ਹਨ', ਦੇ ਹਵਾਲੇ ਨਾਲ ਕਿਹਾ ਕਿ ਕੀ ਸਰਕਾਰ ਆਰਐੱਸਐੱਸ ਨੂੰ ਇਲਤੀ ਜਥੇਬੰਦੀ ਐਲਾਨ ਰਹੀ ਹੈ। ਰਾਜਾ ਨੇ ਟਵੀਟ ਕੀਤਾ, 'ਅਖੌਤੀ 'ਸ਼ਰਾਰਤੀ ਅਨਸਰ' ਭਾਰਤ ਵਿੱਚ ਸੱਤਾਧਾਰੀ ਪਾਰਟੀ ਦੇ ਅਧਿਕਾਰਤ ਤਰਜਮਾਨ ਸਨ। ਉਹ ਜੋ ਕੁਝ ਕਹਿੰਦੇ ਸਨ, ਉਹ ਘੱਟਗਿਣਤੀਆਂ ਨੂੰ ਦਬਾਉਣ ਦੀ ਆਰਐੱਸਐੱਸ ਦੀ ਵਿਚਾਰਧਾਰਾ ਤੋਂ ਵੱਖ ਨਹੀਂ ਸੀ।'

'ਆਪ' ਆਗੂ ਤੇ ਦਿੱਲੀ ਦੇ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਭਾਜਪਾ ਨੇ ਅੱਜ ਦੇਸ਼ ਨੂੰ ਅਜਿਹੇ ਮੋੜ 'ਤੇ ਲਿਆ ਕੇ ਖੜਾ ਕਰ ਦਿੱਤਾ ਜਿੱਥੇ 'ਛੋਟੇ ਮੁਲਕ ਭਾਰਤ ਜਿਹੇ ਵੱਡੇ ਦੇਸ਼ ਨੂੰ ਚੁਣੌਤੀ ਦੇਣ ਲੱਗੇ ਹਨ।'

**ਓ.ਆਈ.ਸੀ. ਦੇ ਬਿਆਨ 'ਤੇ ਭਾਰਤ ਨੇ ਪ੍ਰਗਟਾਇਆ ਇਤਰਾਜ਼**

57 ਮੁਸਲਮਾਨ ਦੇਸ਼ਾਂ ਦੇ ਸੰਗਠਨ ਇਸਲਾਮਿਕ ਸਹਿਯੋਗ ਸੰਗਠਨ ਓ.ਆਈ.ਸੀ. ਨੇ ਵੀ ਬਿਆਨ ਦੀ ਨਿਖੇਧੀ ਕੀਤੀ। ਓ.ਆਈ.ਸੀ. ਨੇ ਇਹ ਵੀ ਕਿਹਾ ਕਿ ਭਾਰਤ ਵਿਚ ਇਸਲਾਮ ਪ੍ਰਤੀ ਨਫ਼ਰਤ ਹੋਰ ਵਧਾਉਣ ਅਤੇ ਮੁਸਲਮਾਨਾਂ ਖ਼ਿਲਾਫ਼ ਮਾੜੇ ਵਰਤਾਅ ਨੂੰ ਲੈ ਕੇ ਹੀ ਇਹ ਟਿੱਪਣੀ ਕੀਤੀ ਗਈ ਹੈ। **ਬਾਕੀ ਸਫ਼ਾ 31 'ਤੇ**

## ➢ ਅੰਦਰ ਪੜ੍ਹੋ

**7** ਵਿਸ਼ੇਸ਼ ਰਪੋਰਟ

ਜ਼ਿਮਨੀ ਚੋਣ ਲੋਕ ਸਭਾ ਹਲਕਾ ਸੰਗਰੂਰ ਬਾਦਲ ਦਲ ਲਈ ਚੁਣੌਤੀ



**14** ਖਾਸ ਰਿਪੋਰਟ

ਭਾਰਤ ਵਿੱਚ ਘੱਟਗਿਣਤੀਆਂ ਨਾਲ ਹੋ ਰਹੀ ਬੇਇਨਸਾਫ਼ੀ ਦੀ ਦਾਸਤਾਨ ਨੂੰ ਬਿਆਨ ਕਰਦੀ ਅਮਰੀਕੀ ਵਿਦੇਸ਼ ਵਿਭਾਗ ਦੀ ਰਿਪੋਰਟ




### 'ਜੰਗਲਾਤ ਵਿਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਦਾ ਮਾਮਲਾ

# ਸਾਧੂ ਤੇ ਸੰਗਤ 'ਤੇ ਮਾਇਆ ਦਾ ਖੇਡ ਭਾਰੀ ਪਿਆ

### ਕਾਗਜ਼ਾਂ ਵਿਚ ਲਗਾਏ ਜਾਂਦੇ ਸੀ ਬੂਟੇ, ਭ੍ਰਿਸ਼ਟਾਚਾਰ ਕਾਰਨ ਮਹੀਨਿਆਂ ਵਿਚ ਤਿੰਨ ਮੰਤਰੀ ਗਏ ਜੇਲ

**ਚੰਡੀਗੜ/ਏ.ਟੀ.ਨਿਊਜ਼ :-** ਹਰ ਸਾਲ ਸਰਕਾਰ ਵੱਲੋਂ ਪੌਦੇ ਲਾਉਣ ਦੀ ਮੁਹਿੰਮ ਛੇੜੀ ਜਾਂਦੀ ਹੈ। ਇਸ 'ਤੇ ਵੱਡਾ ਖ਼ਰਚਾ ਵੀ ਕੀਤਾ ਜਾਂਦਾ ਹੈ ਪਰ, ਵਿਜੀਲੈਂਸ ਬਿਊਰੋ ਵੱਲੋਂ ਦਰਜ ਕੀਤੀ ਗਈ ਐੱਫਆਈਆਰ ਮੁਤਾਬਕ ਨਵੇਂ ਪੌਦੇ ਲਾਉਣ ਦੀ ਮੁਹਿੰਮ 'ਤੇ ਖ਼ਰਚ ਕੀਤੇ ਜਾਂਦੇ ਫੰਡ 'ਤੇ ਵੱਡੇ ਪੱਧਰ 'ਤੇ ਹੇਰਾਫੇਰੀ ਕੀਤੀ ਜਾਂਦੀ ਹੈ। ਪੌਦੇ ਲਾਉਣ ਤੇ ਉਨਾਂ ਦੀ ਸੰਭਾਲ ਕਰਨ ਦੇ ਮਾਮਲੇ ਵਿਚ ਕੀਤੀ ਗਈ ਹੇਰਾਫੇਰੀ ਵਿਚ ਸਾਧੂ (ਸਾਧੂ ਸਿੰਘ ਧਰਮਸੋਤ) ਤੇ ਸੰਗਤ (ਸੰਗਤ ਸਿੰਘ ਗਿਲਜੀਆਂ) ਕੋਈ ਘੱਟ ਨਹੀਂ ਹੈ। ਪੁਲਿਸ ਫਾਈਲ ਮੁਤਾਬਕ ਪਿੰਡ ਨਾਡਾ (ਮੁਹਾਲੀ) ਵਿਖੇ ਦਰੱਖ਼ਤਾਂ ਦੀ ਕਟਾਈ ਦਾ ਪਰਮਿਟ ਜਾਰੀ ਕਰਵਾਉਣ ਲਈ ਕੁਲਵਿੰਦਰ ਸਿੰਘ ਰਾਹੀਂ ਪੰਜ ਲੱਖ ਰੁਪਏ ਰਿਸ਼ਵਤ ਦਿੱਤੀ ਸੀ।

ਐੱਫਆਈਆਰ ਅਨੁਸਾਰ ਸੰਗਤ ਸਿੰਘ ਗਿਲਜੀਆਂ ਨੇ ਆਪਣੇ ਕਾਰਜਕਾਲ ਦੌਰਾਨ ਹਰਮੋਹਿੰਦਰ ਸਿੰਘ ਠੇਕੇਦਾਰ ਦੀ ਪੰਜਾਬ ਦੇ ਡੀਐੱਫਓਜ਼ ਨਾਲ ਮੀਟਿੰਗ ਕਰਵਾਈ ਅਤੇ ਹਦਾਇਤ ਕੀਤੀ ਕਿ ਪੌਦਿਆਂ ਦੀ ਸੁਰੱਖਿਆ ਲਈ ਟ੍ਰੀ-ਗਾਰਡ ਜੋ ਖ਼ਰੀਦ ਕੀਤੇ ਜਾਣੇ ਹਨ ਉਹ ਸਿਰਫ਼ ਸਚਿਨ ਕੁਮਾਰ ਵੱਲੋਂ ਹੀ ਸਪਲਾਈ ਕੀਤੇ ਜਾਣਗੇ। ਇਕ ਟ੍ਰੀ-ਗਾਰਡ ਦੀ ਕੀਮਤ 2800 ਰੁਪਏ ਰੱਖੀ ਗਈ। ਜਿਸ 'ਚੋਂ ਗਿਲਜੀਆਂ ਦਾ ਹਿੱਸਾ 800 ਰੁਪਏ ਪ੍ਰਤੀ ਟ੍ਰੀ-ਗਾਰਡ ਸੀ। ਉਸ ਸਮੇਂ ਕੁਲ 80,000 ਟ੍ਰੀ-ਗਾਰਡ ਖ਼ਰੀਦੇ ਗਏ ਸਨ ਅਤੇ ਗਿਲਜੀਆਂ ਨੇ 6,40,00,000/- ਰੁਪਏ ਰਿਸ਼ਵਤ ਵਜੋਂ ਇਕੱਠੇ ਕੀਤੇ ਸਨ।





**ਕਾਗ਼ਜ਼ਾਂ ਵਿਚ ਲਗਾਏ ਜਾਂਦੇ ਸਨ ਪੌਦੇ**

ਵਾਤਵਰਨ ਬਚਾਉਣ ਲਈ ਵੱਧ ਤੋਂ ਵੱਧ ਪੌਦੇ ਲਾਉਣ ਲਈ ਹੁਕਮਰਾਨ ਲੋਕਾਂ ਨੂੰ ਪ੍ਰੇਰਿਤ ਕਰਦੇ ਹਨ। ਪਰ ਹਕੀਕਤ ਹੈ ਕਿ ਪੌਦੇ ਲਗਾਉਣ ਦੇ ਨਾਮ 'ਤੇ ਵੱਡੀ ਹੇਰਾਫੇਰੀ ਕੀਤੀ ਜਾਂਦੀ ਹੈ। ਕਾਗ਼ਜ਼ਾਂ ਵਿਚ ਹੀ ਪੌਦੇ ਲਗਾ ਦਿੱਤੇ ਜਾਂਦੇ ਹਨ। ਜਾਂਚ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਪੌਦੇ ਲਗਾਉਣ ਦੀ ਮੁਹਿੰਮ ਦਾ ਠੇਕਾ ਇਕ ਜਾਣਕਾਰ ਠੇਕੇਦਾਰ ਨੂੰ ਦਿੱਤਾ ਜਾਂਦਾ ਹੈ। ਠੇਕੇਦਾਰ ਪੌਦਿਆਂ ਦੀ ਕੀਮਤ ਨਰਸਰੀ ਦੇ ਖਾਤੇ ਵਿਚ ਜਮਾਂ ਕਰਵਾ ਦਿੰਦਾ ਹੈ। ਪਰ ਠੇਕੇਦਾਰ ਬਿਨਾਂ ਕੋਈ ਬੂਟੇ ਖ਼ਰੀਦੇ 20 ਫ਼ੀਸਦੀ ਰਾਸ਼ੀ ਨਰਸਰੀ ਦੇ ਮਾਲਕ ਨੂੰ ਛੱਡ ਕੇ 80 ਫ਼ੀਸਦੀ ਨਕਦੀ ਵਾਪਸ ਲੈ ਲੈਂਦਾ। ਇਹ ਪੈਸਾ ਫਿਰ ਜੰਗਲਾਤ ਅਧਿਕਾਰੀਆਂ ਤੇ ਠੇਕੇਦਾਰਾਂ ਵਿਚਕਾਰ ਵੰਡਿਆ ਜਾਂਦਾ। ਇਹੀ ਨਹੀਂ ਜੰਗਲਾਤ ਅਧਿਕਾਰੀਆਂ ਨੇ ਧੋਖੇ ਨਾਲ ਜੰਗਲਾਤ ਖੇਤਰ ਵਿਚ ਲਗਾਈਆਂ ਪੁਰਾਣੀਆਂ ਕੰਡਿਆਲੀਆਂ ਤਾਰਾਂ ਨੂੰ ਕੰਡਮ ਕਰਾਰ ਦਿੱਤਾ ਤੇ ਮਹਿੰਗੇ ਭਾਅ 'ਤੇ ਨਵੀਆਂ ਕੰਡਿਆਲੀਆਂ ਤਾਰਾਂ ਖ਼ਰੀਦਣ ਦੇ ਆਦੇਸ਼ ਦਿੱਤੇ। ਹਾਲਾਂਕਿ, ਪੁਰਾਣੀਆਂ ਕੰਡਮ ਤਾਰਾਂ ਜਿਨਾਂ ਨੂੰ ਸਟੋਰ ਵਿਚ ਜਮਾਂ ਕਰਨਾ ਪੈਂਦਾ ਸੀ, ਪਰ ਅਸਲ ਵਿਚ ਤਾਰ ਲਗਾਈ ਨਹੀਂ ਜਾਂਦੀ।

ਮੁਹਾਲੀ ਦੇ ਜੰਗਲਾਤ ਅਧਿਕਾਰੀ ਰਿਸ਼ਵਤ ਦੇ ਬਦਲੇ ਜ਼ਿਲੇ ਦੀਆਂ ਪਹਾੜੀਆਂ ਦੇ ਕੁਦਰਤੀ ਰਸਤੇ ਨੂੰ ਪੱਧਰਾ ਕਰਵਾ ਦਿੰਦੇ ਸਨ। ਮੁਹਾਲੀ ਦੇ ਪਿੰਡ ਨਾਡਾ ਵਿਚ ਦਿਲਪ੍ਰੀਤ ਸਿੰਘ, ਵਣ ਗਾਰਡ ਤੇ ਹੋਰ ਜੰਗਲਾਤ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਪੱਕੀ ਸੜਕ ਬਣਾਉਣ ਲਈ ਪਹਾੜੀ ਖੇਤਰ ਨੂੰ ਪੱਧਰ ਕੀਤਾ ਗਿਆ। ਗਿਲਜੀਆਂ ਨੇ ਆਪਣੇ ਕਾਰਜਕਾਲ ਦੌਰਾਨ ਅਮਿਤ ਚੌਹਾਨ ਨੂੰ ਡੀਐੱਫਓ ਰੋਪੜ ਨਿਯੁਕਤ ਕੀਤਾ ਜਿਸ ਨੇ ਬੇਲਾ ਨੇੜਲੇ ਪਿੰਡ ਜਿੰਦਾ ਵਿਚ 486 ਏਕੜ ਜ਼ਮੀਨ 'ਚੋਂ ਇਕ ਮਹੀਨੇ ਵਿਚ ਹੀ 50 ਫੁੱਟ ਡੂੰਘੇ ਟੋਇਆਂ ਦੀ ਮਾਈਨਿੰਗ ਕਰਵਾ ਦਿੱਤੀ। **ਬਾਕੀ ਸਫ਼ਾ 31 'ਤੇ**

# ਪੰਡਿਤ ਨਹਿਰੂ ਸਿੱਖਾਂ ਨੂੰ ਨੱਪਣ ਤੇ ਕੁੱਟਣ ਦੀ ਨੀਤੀ ਦਾ ਮੁੱਖ ਸੂਤਰਧਾਰ

## ✪ ਜਥੇਦਾਰ ਅਕਾਲ ਤਖਤ ਨੇ ਜੂਨ 1984 ਘੱਲੂਘਾਰਾ ਦੀ ਬਰਸੀ ਦੌਰਾਨ ਦਿੱਤੇ ਗਰਮੋ-ਗਰਮ ਬਿਆਨ, ਕਿਹਾ ਕਿ ਆਪਣੇ ਨੌਜਵਾਨਾਂ ਨੂੰ ਸ਼ਰੇਆਮ ਸ਼ਸਤਰ ਸਿਖਲਾਈ ਦੇਵਾਂਗੇ ✪ ਕਾਂਗਰਸ ਜਥੇਦਾਰ ਦੇ ਬਿਆਨ ਤੋਂ ਤੜਫੀ

**ਅੰਮ੍ਰਿਤਸਰ/ਏ.ਟੀ.ਨਿਊਜ਼** :- 'ਜੂਨ 1984 ਦਾ ਘੱਲੂਘਾਰਾ ਸਿੱਖ ਕੌਮ 'ਤੇ ਹੋਏ ਜ਼ੁਲਮਾਂ ਦੀ ਦਰਦ ਭਰੀ ਗਾਥਾ ਹੈ, ਜੋ ਭਾਰਤੀ ਸਟੇਟ ਦੇ ਸਿੱਖ ਵਿਰੋਧੀ ਮਨਸੂਬਿਆਂ ਦੀ ਦੇਣ ਸੀ। ਸੰਨ 1947 ਵਿਚ ਹੋਈ ਦੇਸ਼ ਦੀ ਵੰਡ ਦੇ ਸਮੇਂ ਤੋਂ ਹੀ ਸਿੱਖਾਂ ਨੂੰ ਨੱਪਣ ਤੇ ਕੁੱਟਣ ਦੀ ਨੀਤੀ ਸ਼ੁਰੂ ਹੋ ਗਈ ਸੀ, ਜਿਸ ਦਾ ਮੁੱਖ ਸੂਤਰਧਾਰ ਪੰਡਿਤ ਜਵਾਹਰ ਲਾਲ ਨਹਿਰੂ ਸੀ ਅਤੇ ਇਸੇ ਨੀਤੀ ਦਾ ਹੀ ਸਿੱਟਾ ਸੀ ਕਿ 1984 ਵਿਚ ਭਾਰਤ ਦੀ ਕਾਂਗਰਸ ਸਰਕਾਰ ਨੇ ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਸਮੇਤ 37 ਦੇ ਕਰੀਬ ਸਿੱਖ ਗੁਰਧਾਮਾਂ 'ਤੇ ਫ਼ੌਜੀ ਹਮਲੇ ਕਰਕੇ ਸਿੱਖ ਕੌਮ ਨੂੰ ਖ਼ਤਮ ਕਰਨ ਦਾ ਯਤਨ ਕੀਤਾ, ਪਰ ਸਿੱਖ ਯੋਧਿਆਂ ਨੇ ਇਤਿਹਾਸ ਤੋਂ ਸੇਧ ਲੈਂਦਿਆਂ ਫ਼ੌਜ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਸ਼ਹਾਦਤਾਂ ਪ੍ਰਾਪਤ ਕੀਤੀਆਂ।' ਇਹ ਪ੍ਰਗਟਾਵਾ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜੂਨ 1984 'ਚ ਸ੍ਰੀ ਹਰਿਮੰਦਰ ਸਾਹਿਬ ਸਮੂਹ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋਏ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਸਮੇਤ ਹੋਰ ਸ਼ਹੀਦ ਸਿੰਘ, ਸਿੰਘਣੀਆਂ ਦੀ ਯਾਦ 'ਚ ਕਰਵਾਏ ਗਏ ਸਾਲਾਨਾ ਸ਼ਹੀਦੀ ਸਮਾਗਮ ਮੌਕੇ ਸੰਬੋਧਨ ਕਰਦਿਆਂ ਕੀਤਾ। ਕੁਝ ਪੰਥਕ ਜਥੇਬੰਦੀਆਂ ਵਲੋਂ ਕੁਝ ਸਮਾਂ ਕੀਤੀ ਗਈ ਖ਼ਾਲਿਸਤਾਨ ਪੱਖੀ ਨਾਅਰੇਬਾਜ਼ੀ ਨੂੰ ਛੱਡ ਕੇ ਸ਼ਹੀਦੀ ਸਮਾਗਮ ਅਮਨ ਅਮਾਨ ਨਾਲ ਸੰਪੂਰਨ ਹੋ ਗਿਆ। ਸ਼੍ਰੋਮਣੀ ਕਮੇਟੀ ਵਲੋਂ ਸੰਗਤ ਦੇ ਸਹਿਯੋਗ ਨਾਲ ਘੱਲੂਘਾਰਾ ਦੀ 38ਵੀਂ ਵਰੇਗੰਢ ਮੌਕੇ ਕਰਵਾਏ ਗਏ ਸ਼ਹੀਦੀ ਸਮਾਗਮ ਵਿਚ ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਹੋਰ ਸਿੱਖ ਜਥੇਬੰਦੀਆਂ ਦੇ ਆਗੂਆਂ, ਸ਼ਹੀਦ ਪਰਿਵਾਰਾਂ ਅਤੇ ਵੱਡੀ ਗਿਣਤੀ ਵਿਚ ਸੰਗਤ ਨੇ ਸ਼ਿਰਕਤ ਕੀਤੀ। ਅਕਾਲ ਤਖ਼ਤ ਸਾਹਿਬ ਵਿਖੇ ਕੀਰਤਨ ਕੀਤੇ ਜਾਣ ਅਤੇ ਅਰਦਾਸ ਤੇ ਹੁਕਮਨਾਮੇ ਉਪਰੰਤ ਸੰਬੋਧਨ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਾਂ ਨੂੰ ਰਾਜ ਦਾ ਸੰਕਲਪ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਮਿਲਿਆ ਹੈ। ਉਨਾਂ ਕਿਹਾ ਕਿ ਅੱਜ ਕੌਮ ਨੂੰ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਤੌਰ 'ਤੇ ਮਜ਼ਬੂਤ ਹੋਣ ਦੀ ਜ਼ਰੂਰਤ ਹੈ। ਉਨਾਂ ਕਿਹਾ ਕਿ ਸਿੱਖ ਕੌਮ ਨੂੰ ਵਿਰਸੇ ਵਿਚ ਮਿਲੀ ਸਿੱਖ ਸ਼ਸਤਰ ਕਲਾ ਵਿਚ ਵੀ ਨਿਪੁੰਨ ਹੋਣਾ ਬੇਹੱਦ ਜ਼ਰੂਰੀ ਹੈ। ਉਨਾਂ ਸਿੱਖ ਜਥੇਬੰਦੀਆਂ ਤੇ ਸੰਗਤ ਨੂੰ ਹਦਾਇਤ ਕੀਤੀ ਕਿ ਸਿੱਖ ਨੌਜਵਾਨਾਂ ਲਈ ਗਤਕਾ ਅਖਾੜਿਆਂ ਤੇ ਅਕੈਡਮੀਆਂ ਅਤੇ ਆਧੁਨਿਕ ਹਥਿਆਰਾਂ ਦੇ ਅਭਿਆਸ ਲਈ ਸ਼ੂਟਿੰਗ ਰੇਂਜਾਂ ਸਥਾਪਤ ਕੀਤੀਆਂ ਜਾਣ। ਉਨਾਂ ਕਿਹਾ ਕੁਝ ਦੂਜੇ ਲੋਕ ਲੁਕ-ਛਿਪ ਕੇ ਆਪਣੇ ਲੋਕਾਂ ਨੂੰ ਹਥਿਆਰਾਂ ਦੀ ਸਿਖਲਾਈ ਦੇ ਰਹੇ ਹਨ, ਪਰ ਅਸੀਂ ਆਪਣੇ ਨੌਜਵਾਨਾਂ ਨੂੰ ਸ਼ਰੇਆਮ ਸ਼ਸਤਰ ਸਿਖਲਾਈ ਦੇਵਾਂਗੇ। ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਸਿੱਖੀ ਪ੍ਰਚਾਰ ਦੀ ਲੋੜ 'ਤੇ ਜ਼ੋਰ ਦਿੱਤਾ।



ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦ ਪਰਿਵਾਰਾਂ ਨੂੰ ਸਿਰੋਪਾਓ ਭੇਟ ਕਰ ਕੇ ਸਨਮਾਨਿਤ ਕਰਦੇ ਹੋਏ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ।

ਘੱਲੂਘਾਰਾ ਹਫ਼ਤੇ ਦੌਰਾਨ ਸਰਕਾਰ ਵਲੋਂ ਸੁਰੱਖਿਆ ਫੋਰਸਾਂ ਦੀ ਭਾਰੀ ਤਾਇਨਾਤੀ 'ਤੇ ਸਵਾਲ ਉਠਾਉਂਦਿਆਂ ਉਨਾਂ ਆਖਿਆ ਕਿ ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਸਿੱਖ ਕੌਮ ਕਿਸੇ ਨੂੰ ਡਰਾਉਣ ਵਾਲੀ ਕੌਮ ਨਹੀਂ, ਸਗੋਂ ਇਹ ਤਾਂ ਮਜ਼ਲੂਮਾਂ ਦੀ ਰੱਖਿਆ ਕਰਦੀ ਆਈ ਹੈ। ਸ਼ਹੀਦੀ ਸਮਾਗਮ ਦੌਰਾਨ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਜੂਨ '84 ਦੇ ਘੱਲੂਘਾਰੇ ਦੇ ਦੁਖਾਂਤ ਨੂੰ ਸਿੱਖ ਕੌਮ ਕਦੇ ਵੀ ਨਹੀਂ ਭੁੱਲ ਸਕਦੀ, ਸਗੋਂ ਹਰ ਸਾਲ ਇਸ ਦੇ ਜ਼ਖ਼ਮ ਹੋਰ ਤਾਜ਼ਾ ਹੁੰਦੇ ਹਨ।

### ਸ਼ਹੀਦ ਪਰਿਵਾਰਾਂ ਦਾ ਸਨਮਾਨ

ਸਮਾਗਮ ਮੌਕੇ ਘੱਲੂਘਾਰਾ ਦੌਰਾਨ ਸ਼ਹੀਦ ਹੋਏ ਸੰਤ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼ਹੀਦ ਭਾਈ ਅਮਰੀਕ ਸਿੰਘ ਦੀ ਧਰਮ ਪਤਨੀ ਬੀਬੀ ਹਰਮੀਤ ਕੌਰ, ਸਪੁੱਤਰੀ ਬੀਬੀ ਸਤਵੰਤ ਕੌਰ ਤੇ ਭਰਾਤਾ ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ਼ਹੀਦ ਜਨਰਲ ਸੁਬੇਗ ਸਿੰਘ ਦੇ ਭਰਾਤਾ ਬੇਅੰਤ ਸਿੰਘ, ਸ਼ਹੀਦ ਭਾਈ ਨਛੱਤਰ ਸਿੰਘ ਭਲਵਾਨ ਦੇ ਸਪੁੱਤਰ ਭੁਪਿੰਦਰ ਸਿੰਘ ਭਲਵਾਨ ਸਮੇਤ ਹੋਰ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਜਥੇਦਾਰ ਰਘਬੀਰ ਸਿੰਘ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਫ਼ੌਜੀ ਹਮਲੇ ਮੌਕੇ ਸ਼ਹੀਦ ਹੋਏ ਸਿੰਘ, ਸਿੰਘਣੀਆਂ ਤੇ ਬੱਚਿਆਂ ਨੂੰ ਯਾਦ ਕਰਦਿਆਂ ਕਿਹਾ ਕਿ ਇਸ ਘੱਲੂਘਾਰੇ ਦੌਰਾਨ ਸਿੱਖ ਕੌਮ ਦੇ ਯੋਧਿਆਂ ਨੇ ਪੁਰਾਤਨ ਸਿੱਖ ਰਵਾਇਤਾਂ ਦੀ ਪਹਿਰੇਦਾਰੀ ਕੀਤੀ ਤੇ ਸ਼ਹਾਦਤਾਂ ਦੀ ਲੜੀ ਨੂੰ ਅੱਗੇ ਤੋਰਿਆ। ਉਨਾਂ ਕਿਹਾ ਕਿ ਸਿੱਖ ਕੌਮ ਕਦੇ ਵੀ ਆਪਣੇ ਗੁਰਧਾਮਾਂ ਦੀ ਬੇਅਦਬੀ ਬਰਦਾਸ਼ਤ ਨਹੀਂ ਕਰ ਸਕਦੀ। ਸਮਾਗਮ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ ਅਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇ: ਬਾਬਾ ਬਲਬੀਰ ਸਿੰਘ 95 ਕਰੋੜੀ ਨਜ਼ਰ ਨਹੀਂ ਆਏ। ਹਾਲਾਂਕਿ ਟਕਸਾਲ ਵਲੋਂ ਚੌਕ ਮਹਿਤਾ ਵਿਖੇ ਆਪਣੇ ਹੈੱਡਕੁਆਟਰ ਵਿਖੇ ਵੱਖਰੇ ਤੌਰ 'ਤੇ ਸ਼ਹੀਦੀ ਸਮਾਗਮ ਕਰਵਾਇਆ ਗਿਆ ਸੀ।

ਸਮਾਗਮ ਵਿਚ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਮੁਤਵਾਜ਼ੀ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਅਕਾਲੀ ਆਗੂ ਸਿਮਰਨਜੀਤ ਸਿੰਘ ਮਾਨ, ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ, ਅਕਾਲੀ ਦਲ ਸੰਯੁਕਤ ਦੇ ਆਗੂ ਐਡਵੋਕੇਟ ਜਸਬੀਰ ਸਿੰਘ ਘੁੰਮਣ ਤੇ ਮਨਜੀਤ ਸਿੰਘ ਭੋਮਾ, ਫੈਡਰੇਸ਼ਨ ਆਗੂ ਅਮਰਬੀਰ ਸਿੰਘ ਢੋਟ ਤੇ ਭਾਈ ਪਰਮਜੀਤ ਸਿੰਘ ਖ਼ਾਲਸਾ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਹਵਾਰਾ ਕਮੇਟੀ ਤੋਂ ਪ੍ਰੋ. ਬਲਜਿੰਦਰ ਸਿੰਘ, ਨਰਾਇਣ ਸਿੰਘ ਚੌੜਾ, ਭਾਈ ਮੋਹਕਮ ਸਿੰਘ, ਆਦਿ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤਾਂ ਮੌਜੂਦ ਸਨ।

### ਮਾਨ ਨੇ ਕੀਤਾ ਸੰਬੋਧਨ

ਗੁਰਦੁਆਰਾ ਥੜਾ ਸਾਹਿਬ ਨੇੜੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਬਾਦਲ ਵਲੋਂ ਮਿਲ ਕੇ ਸ਼੍ਰੋਮਣੀ ਕਮੇਟੀ ਦੀ ਚੋਣ ਨਾ ਕਰਵਾ ਕੇ ਸਾਨੂੰ ਜਮਹੂਰੀ ਹੱਕਾਂ ਤੋਂ ਵਾਂਝਿਆਂ ਰੱਖਿਆ ਜਾ ਰਿਹਾ ਹੈ। ਸ: ਮਾਨ ਨੇ ਸਿੱਧੂ ਮੂਸੇਵਾਲਾ ਨੂੰ ਯਾਦ ਕਰਦੇ ਹੋਏ ਉਸ ਦੀ ਹੱਤਿਆ ਦੀ ਪੜਤਾਲ ਕੌਮਾਂਤਰੀ ਤੌਰ 'ਤੇ ਕਰਵਾਉਣ ਦੀ ਮੰਗ ਕੀਤੀ।

### ਭਾਈ ਧਿਆਨ ਸਿੰਘ ਮੰਡ ਨੇ ਪੜਿਆ ਸੰਦੇਸ਼

ਮੁਤਵਾਜ਼ੀ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸ਼ਹੀਦੀ ਯਾਦਗਾਰ ਦੀਆਂ ਪੌੜੀਆਂ ਵਿਚ ਖੜੇ ਹੋ ਕੇ ਕੌਮ ਦੇ ਨਾਂ ਸੰਦੇਸ਼ ਪੜਦਿਆਂ ਕਿਹਾ ਕਿ ਅੱਜ ਦਾ ਦਿਨ ਭਾਰਤ ਦੇ ਲੋਕਤੰਤਰ ਦੇ ਇਤਿਹਾਸ ਵਿਚ ਇਕ ਕਾਲੇ ਦਿਨ ਵਜੋਂ ਦਰਜ ਹੈ, ਜਦੋਂ ਆਪਣੇ ਹੀ ਮੁਲਕ ਦੀ ਫ਼ੌਜ ਨੇ ਸਰਬ ਸਾਂਝੀਵਾਲਤਾ ਦੇ ਸੋਮੇ ਸ੍ਰੀ ਦਰਬਾਰ ਸਾਹਿਬ ਉੱਤੇ ਤੋਪਾਂ ਟੈਂਕਾਂ ਨਾਲ ਹਮਲਾ ਕਰਕੇ ਹਜ਼ਾਰਾਂ ਬੇਗੁਨਾਹ ਬੀਬੀਆਂ, ਬੱਚਿਆਂ ਅਤੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਸੀ। ਉਨਾਂ ਕਿਹਾ ਕਿ ਅੱਜ ਸਿੱਖ ਪੰਥ ਅਤੇ ਪੰਜਾਬ 'ਤੇ ਚਹੁੰ-ਪਾਸੜ ਹਮਲਾ ਹੋ ਰਿਹਾ ਹੈ, ਸਿੱਖ ਹਿਜਰਤ ਕਰਕੇ ਵਿਦੇਸ਼ੀ ਧਰਤੀਆਂ 'ਤੇ ਵਸਦੇ ਜਾ ਰਹੇ ਹਨ, ਪੰਜਾਬ ਖ਼ਾਲੀ ਹੋ ਰਿਹਾ ਹੈ। ਸਿੱਖ ਬੱਚੇ ਨਸ਼ਿਆਂ ਦੀ ਅਲਾਮਤ ਨੇ ਘੇਰ ਲਏ ਹਨ। ਜਿਨਾਂ ਨੌਜਵਾਨਾਂ 'ਚ ਜਜ਼ਬਾ ਤੇ ਜਮੀਰ ਜਿਊਂਦੀ ਹੈ, ਉਨਾਂ ਨੂੰ ਸਾਡੇ ਸਿਸਟਮ ਨੇ ਗੈਂਗਸਟਰ ਬਣਾ ਦਿੱਤਾ, ਸਿੱਧੂ ਮੂਸੇ ਵਾਲਾ ਵਰਗੇ ਨੌਜਵਾਨ ਖ਼ਾਨਾ-ਜੰਗੀ ਦੀ ਭੇਟ ਚੜਦੇ ਨਜ਼ਰ ਆ ਰਹੇ ਹਨ। ਕੁਝ ਨੌਜਵਾਨ ਗੈਂਗਸਟਰਾਂ ਦੇ ਲੇਬਲ ਕਰ ਕੇ ਸਰਕਾਰਾਂ ਵਲੋਂ ਖ਼ਤਮ ਕਰ ਦਿੱਤੇ ਜਾਣਗੇ, ਕੁੱਲ ਮਿਲਾ ਕੇ ਨੁਕਸਾਨ ਸਿੱਖ ਪੰਥ ਦਾ ਹੀ ਹੋ ਰਿਹਾ ਹੈ। ਉਨਾਂ ਕਿਹਾ ਕਿ ਸਿੱਖ ਆਗੂ ਕੌਮ ਦੇ ਮਸਲਿਆਂ ਤੋਂ ਮੂੰਹ ਮੋੜ ਚੁੱਕੇ ਹਨ ਅਤੇ ਕੁਰਸੀਆਂ ਦੀ ਦੌੜ ਵਿਚ ਰੁੱਝੇ ਹੋਏ ਹਨ। ਅਜਿਹੀ ਔਖੀ ਘੜੀ ਵਿਚ ਹਰ ਸਿੱਖ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਾ ਚਾਹੀਦਾ ਹੈ।

### ਦਮਦਮੀ ਟਕਸਾਲ ਵਲੋਂ ਸ਼ਹੀਦੀ ਸਮਾਗਮ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ

ਚੌਕ ਮਹਿਤਾ-ਦਮਦਮੀ ਟਕਸਾਲ ਦੇ 14ਵੇਂ ਮੁਖੀ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਜੂਨ '84 ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਪਾਵਨ ਯਾਦ ਨੂੰ ਸਮਰਪਿਤ 38ਵਾਂ ਮਹਾਨ ਸ਼ਹੀਦੀ ਸਮਾਗਮ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁਰਦੁਆਰਾ ਗੁਰ ਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸ਼ਰਧਾ ਤੇ ਚੜਦੀ ਕਲਾ ਨਾਲ ਮਨਾਇਆ ਗਿਆ। ਸ਼ਹੀਦੀ ਸਮਾਗਮ ਵਿਚ ਧਾਰਮਿਕ ਤੇ ਸਿਆਸੀ ਸ਼ਖ਼ਸੀਅਤਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤ ਨੇ ਸ਼ਮੂਲੀਅਤ ਕਰਦਿਆਂ ਬਾਕੀ ਸਫ਼ਾ 30 'ਤੇ

## ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 72ਵੀਂ ਬਰਸੀ ਸਮੇਂ ਹੋਣਗੇ ਵਿਸ਼ੇਸ਼ ਸਮਾਗਮ

**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆ/ ਨੀਟਾ ਮਾਛੀਕੇ):** ਗੁਰਦੁਆਰਾ 'ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਫਰਿਜ਼ਨੋ, ਕੈਲੇਫੋਰਨੀਆਂ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 72ਵੀਂ ਬਰਸੀ ਸਮੇਂ ਵਿਸ਼ੇਸ਼ ਸਮਾਗਮ ਹੋਣਗੇ। ਜਿਸ ਸੰਬੰਧੀ ਪ੍ਰਬੰਧਕਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 10 ਜੂਨ 2022, ਦਿਨ ਸ਼ੁੱਕਰਵਾਰ ਨੂੰ ਅਖੰਡ-ਪਾਠ ਅਰੰਭ ਹੋਣਗੇ ਅਤੇ ਜਿਨਾਂ ਦੇ ਭੋਗ 12 ਜੂਨ 2022, ਦਿਨ ਐਤਵਾਰ ਨੂੰ ਪਾਏ ਜਾਣਗੇ। ਜਿਸ ਉਪਰੰਤ ਗੁਰਬਾਣੀ ਕੀਰਤਨ ਦਰਬਾਰ ਅਤੇ ਢਾਡੀ ਦਰਬਾਰ ਸਜਣਗੇ। ਇਸ ਸਮੇਂ ਗੁਰਮਤਿ ਵਿਚਾਰਾਂ ਵੀ ਹੋਣਗੀਆਂ। ਇਸ ਸਮੇਂ ਜਿੱਥੇ ਬੱਚਿਆਂ ਨੂੰ ਗੁਰ-ਇਤਿਹਾਸ ਅਤੇ ਗੁਰਬਾਣੀ ਨਾਲ ਹਮੇਸ਼ਾ ਵਾਂਗ ਜੋੜਿਆ ਜਾਵੇਗਾ। ਉੱਥੇ ਬੱਚਿਆਂ ਦੇ ਮੰਨੋਰੰਜਨ ਲਈ ਵੱਖ-ਵੱਖ ਤਰਾਂ ਦੀਆਂ ਖੇਡਾਂ ਦਾ ਵੀ ਪ੍ਰਬੰਧ ਕੀਤਾ ਜਾਵੇਗਾ। ਜਿਸ ਦੌਰਾਨ ਬੱਚਿਆਂ ਲਈ ਝੂਲੇ ਅਤੇ ਪੰਘੂੜੇ ਆਦਿਕ ਰਾਈਡਾਂ ਵੀ ਲਾਈਆਂ ਜਾਣਗੀਆਂ। ਸਮਾਗਮ ਦੌਰਾਨ ਗੁਰੂ ਦੇ ਲੰਗਰਾਂ ਦੇ ਸਟਾਲ ਲੱਗਣਗੇ। ਪ੍ਰਬੰਧਕਾਂ ਵਿੱਚੋਂ ਸ. ਸੁਹਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਬਰਸੀ ਦੇ ਇਸ ਵਿਸ਼ੇਸ਼ ਸਮਾਗਮ ਵਿੱਚ ਸਮੂਹ ਸੰਗਤਾਂ ਨੂੰ ਪਹੁੰਚਣ ਲਈ ਨਿਮਰਤਾ ਸਹਿੱਤ ਬੇਨਤੀ ਕੀਤੀ ਜਾਂਦੀ ਹੈ। ਇਹ ਸਮਾਗਮ ਵਿੱਚ ਪਹੁੰਚਣ ਲਈ ਗੁਰੂਘਰ ਦਾ ਪਤਾ: **2630 N Locan Ave Fresno** 31 93737 ਹੈ। ਹੋਰ ਵਧੇਰੇ ਜਾਣਕਾਰੀ ਲਈ ਪ੍ਰਬੰਧਕਾਂ ਨਾਲ ਫ਼ੋਨ ਨੰਬਰ: (559) 417-2275 ਰਾਹੀਂ ਸੰਪਰਕ ਕਰ ਸਕਦੇ ਹੋ।



ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ

## ਰੈਫਰੈਂਡਮ ਜ਼ਿੰਦਾਬਾਦ ਦੇ ਨਾਅਰੇ ਲਾਉਣ ਦੇ ਦੋਸ਼ ਹੇਠ ਦੋ ਸਿੱਖ ਗੱਭਰੂ ਫੜੇ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਘੱਲੂਘਾਰਾ ਦਿਵਸ 'ਤੇ ਸ੍ਰੀ ਅਕਾਲ ਤਖਤ ਨੇੜੇ ਰੈਫਰੈਂਡਮ ਜ਼ਿੰਦਾਬਾਦ ਅਤੇ ਖਾਲਿਸਤਾਨ ਜ਼ਿੰਦਾਬਾਦ ਤੇ ਭੜਕਾਊ ਬਿਆਨਬਾਜ਼ੀ ਨਾਲ ਤਣਾਅ ਪੈਦਾ ਕਰਨ ਦਾ ਯਤਨ ਦੇ ਦੋਸ਼ ਹੇਠ ਪੁਲਿਸ ਨੇ ਦੋ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਪਛਾਣ ਮਨਜੀਤ ਸਿੰਘ ਬਾਬਾ ਵਾਸੀ ਪਿੰਡ ਜੌੜ, ਗੁਰਦਾਸਪੁਰ ਅਤੇ ਸੌਦਾਗਰ ਸਿੰਘ ਵਾਸੀ ਪਿੰਡ ਵਿਰਕ, ਲੁਧਿਆਣਾ ਵਜੋਂ ਹੋਈ ਹੈ। ਇਨਾਂ ਖ਼ਿਲਾਫ਼ ਥਾਣਾ ਈ ਡਵੀਜ਼ਨ ਵਿੱਚ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਗਲਿਆਰਾ ਚੌਂਕੀ ਦੇ ਸਬ ਇੰਸਪੈਕਟਰ ਪਰਮਜੀਤ ਸਿੰਘ ਦੀ ਸ਼ਿਕਾਇਤ 'ਤੇ ਦਰਜ ਹੋਇਆ ਹੈ। ਇਨਾਂ ਵਿਅਕਤੀਆਂ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ, ਜਿਸ ਨੂੰ ਦੇਖਣ ਤੋਂ ਬਾਅਦ ਪੁਲਿਸ ਵੱਲੋਂ ਇਨਾਂ ਦੋਵਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਵੀਡੀਓ ਵਿਚ ਇਹ ਦੋਵੇਂ ਸ੍ਰੀ ਅਕਾਲ ਤਖ਼ਤ ਦੇ ਨੇੜੇ ਮੀਰੀ ਪੀਰੀ ਦੇ ਨਿਸ਼ਾਨ ਸਾਹਿਬ ਕੋਲ ਖੜੇ ਭਾਸ਼ਣ ਦਿੰਦੇ ਦਿਖਾਈ ਦਿੰਦੇ ਹਨ। ਇਨਾਂ ਵਿੱਚੋਂ ਇਕ ਆਪਣੇ ਭਾਸ਼ਣ ਦੌਰਾਨ ਰੈਡਰੈਂਡਮ ਜ਼ਿੰਦਾਬਾਦ, ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾ ਰਿਹਾ ਹੈ। ਉਹ ਮੌਜੂਦਾ ਪ੍ਰਬੰਧਕਾਂ 'ਤੇ ਵੀ ਅਸਫ਼ਲ ਰਹਿਣ ਦਾ ਦੋਸ਼ ਲਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸਿੱਖਸ ਫਾਰ ਜਸਟਿਸ ਜਥੇਬੰਦੀ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਨੇ ਇਕ ਵੀਡੀਓ ਵਾਇਰਲ ਕਰਕੇ ਦਾਅਵਾ ਕੀਤਾ ਸੀ ਕਿ ਘੱਲੂਘਾਰਾ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਤੋਂ 'ਰੈਫਰੈਂਡਮ' ਦੀ ਮਿਤੀ ਦਾ ਐਲਾਨ ਕੀਤਾ ਜਾਵੇਗਾ। ਵੀਡੀਓ ਵਿੱਚ ਭਾਵੇਂ ਉਨਾਂ ਰੈਫਰੈਂਡਮ ਦੀ ਮਿਤੀ ਬਾਰੇ ਕੋਈ ਗੱਲ ਨਹੀਂ ਕੀਤੀ ਹੈ ਪਰ ਰੈਫਰੈਂਡਮ ਜ਼ਿੰਦਾਬਾਦ ਦਾ ਨਾਅਰਾ ਲਾਇਆ।

## ਵੜਿੰਗ ਤੇ ਰੰਧਾਵਾ ਨੇ ਜਥੇਦਾਰ ਦੇ ਬਿਆਨ ਤੋਂ ਔਖੇ

**ਚੰਡੀਗੜ** : ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਗੁਰੂ ਘਰਾਂ ਵਿੱਚ ਆਧੁਨਿਕ ਹਥਿਆਰਾਂ ਦੀ ਸਿਖਲਾਈ ਦਿੱਤੇ ਜਾਣ ਦੇ ਸੱਦੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਜਥੇਦਾਰ ਦੁਨੀਆ ਅਤੇ ਖਾਸ ਕਰਕੇ ਖਾਸ ਕਰਕੇ ਸਿੱਖ ਕੌਮ ਨੂੰ ਕੀ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ।

ਰਾਜਾ ਵੜਿੰਗ ਨੇ ਜਥੇਦਾਰ ਨੂੰ ਸੁਆਲ ਕੀਤਾ, 'ਕੀ ਤੁਸੀਂ ਸਾਰਿਆਂ ਜਾਂ ਸਿਰਫ ਸਿੱਖਾਂ ਲਈ ਹਥਿਆਰਾਂ ਦੀ ਸਿਖਲਾਈ ਦੀ ਵਕਾਲਤ ਕਰ ਰਹੇ ਹੋ ਅਤੇ ਕੀ ਇਸ ਨਾਲ ਦੂਜਿਆਂ ਵਿੱਚ ਅਸੁਰੱਖਿਆ ਅਤੇ ਅਵਿਸ਼ਵਾਸ ਦੀ ਭਾਵਨਾ ਪੈਦਾ ਨਹੀਂ ਹੋਵੇਗੀ।' ਉਨਾਂ ਅਪੀਲ ਕੀਤੀ ਕਿ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਦੀ ਥਾਂ ਜਥੇਦਾਰ ਸ਼ਾਂਤੀ ਦਾ ਸੰਦੇਸ਼ ਫੈਲਾਉਣ।

ਇਸੇ ਤਰਾਂ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਨੌਜਵਾਨਾਂ ਨੂੰ ਹਥਿਆਰਾਂ ਦੀ ਥਾਂ ਸਿੱਖੀ ਸਿਧਾਤਾਂ ਬਾਰੇ ਦੱਸਿਆ ਜਾਵੇ ਕਿਉਂਕਿ ਸੰਗਤ ਪ੍ਰਚਾਰ ਅਤੇ ਅਧਿਆਤਮਕਤਾ ਤੋਂ ਵਾਂਝੀ ਹੈ। ਰੰਧਾਵਾ ਨੇ ਕਿਹਾ ਕਿ ਜਥੇਦਾਰ ਦਾ ਕੰਮ ਗੁਰੂ ਦਾ ਸਿੱਖ ਬਣਾਉਣਾ ਹੈ। ਗੁਰੂ ਦਾ ਸਿੱਖ ਆਪਣੀ ਰੱਖਿਆ ਖ਼ੁਦ ਕਰ ਸਕਦਾ ਹੈ। ਰੰਧਾਵਾ ਨੇ ਇਹ ਸੁਆਲ ਵੀ ਉਠਾਏ, 'ਜਦੋਂ ਤੋਂ ਤੁਸੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਬਣੇ ਹੋ, ਉਦੋਂ ਤੋਂ ਲੈ ਕੇ ਹੁਣ ਤੱਕ ਕਿੰਨੀਆਂ ਧਰਮ ਪ੍ਰਚਾਰ ਕਮੇਟੀਆਂ ਬਣਾਈਆਂ ਗਈਆਂ, ਜੋ ਕਿ ਸਾਡੇ ਧਰਮ ਦਾ ਪ੍ਰਚਾਰ ਕਰ ਸਕਣ। ਕਿੰਨਿਆਂ ਨੂੰ ਗੁਰੂ ਘਰ ਨਾਲ ਜੋੜਿਆ।'

# ਕੈਲੇਫੋਰਨੀਆਂ ਦੇ ਸਿੱਖਾਂ ਵੱਲੋਂ ਜੂਨ 1984 ਦੀ ਯਾਦ ਵਿੱਚ ਸੈਨ ਫਰਾਂਸਿਸਕੋ ਵਿੱਚ ਜ਼ਬਰਦਸਤ ਰੋਸ ਮੁਜ਼ਾਹਰਾ

**ਫਰੀਮਾਂਟ/ਕੈਲੇਫੋਰਨੀਆ/ਏ.ਟੀ.ਨਿਊਜ਼** :-ਕੈਲੀਫੋਰਨੀਆ ਦੇ ਗੁਰਦੁਆਰੇ ਅਤੇ ਸਿੱਖ ਸੰਸਥਾਵਾਂ ਹਰ ਸਾਲ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ 1984 ਦੇ ਦਰਬਾਰ ਸਾਹਿਬ ’ਤੇ ਹੋਏ ਹਮਲੇ ਨੂੰ ਲੈ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਅਜ਼ਾਦੀ ਮਾਰਚ ਕੱਢਦੇ ਹਨ। 4 ਜੂਨ ਨੂੰ ਸੈਨਫਰਾਂਸਿਸਕੋ ਵਿੱਚ 8000 ਤੋਂ ਉੱਪਰ ਸਿੱਖਾਂ ਨੇ ਸ਼ਮੂਲੀਅਤ ਕਰਕੇ ਮਾਰਕਿਟ ਸਟ੍ਰੀਟ ਤੋਂ ਸਿਵਕ ਸੈਂਟਰ ਤੱਕ ਰੋਸ ਪਦਰਸ਼ਨ ਕੀਤਾ। ਇਸ ਨਗਰ ਕੀਰਤਨ ਵਿੱਚ ਖਾਲਿਸਤਾਨੀ ਪੱਖ ਭਾਰੂ ਰਿਹਾ ਅਤੇ ਇਸ ਨੂੰ ਫਰੀਡਮ ਰੈਲੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਹਰ ਸਾਲ ਇੱਥੇ ਵਿਦੇਸ਼ਾਂ ਤੋਂ ਵਿਸ਼ੇਸ਼ ਬੁਲਾਰੇ ਬੁਲਾਏ ਜਾਂਦੇ ਹਨ। ਇਸ ਸਾਲ ਪੰਜਾਬ ਤੋਂ ਭਾਈ ਅਜਮੇਰ ਸਿੰਘ, ਯੂ ਐਨ ਓ ਦੀ ਸਟੀਅਰਿੰਗ ਕਮੇਟੀ ਦੇ ਡਾਕਟਰ ਇਕਤਿਦਾਰ ਚੀਮਾ ਅਤੇ ਇੰਗਲੈਂਡ ਤੋਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਭਰਾ ਭਾਈ ਅਮਰਜੀਤ ਸਿੰਘ ਖਾਲੜਾ ਨੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਡਾਕਟਰ ਅਮਰਜੀਤ ਸਿੰਘ ਵੀ ਇਸ ਸਾਲ ਪ੍ਰਮੁੱਖ ਬੁਲਾਰੇ ਸਨ। ਇਸ ਰੈਲੀ ਦੇ ਪ੍ਰਬੰਧ ਵਿੱਚ ਮੁੱਖ ਭੂਮਿਕਾ ਗੁਰਦੁਆਰਾ ਸਾਹਿਬ ਫਰੀਮਾਂਟ ਹੀ ਨਿਭਾਉਂਦਾ ਹੈ। ਸਿੱਖ ਪੰਚਾਇਤ ਨੇ ਇਸ ਨਗਰ ਕੀਰਤਨ/ਫਰੀਡਮ ਰੈਲੀ ਦੀ ਸ਼ੁਰੂਆਤ 2014 ਵਿੱਚ ਕੀਤੀ ਸੀ। ਜੂਨ 1984 ਨਾਲ ਸਬੰਧਤ ਅਮਰੀਕਾ ਵਿੱਚ ਇਹ ਪਹਿਲਾ ਨਗਰ ਕੀਰਤਨ ਸਮਝਿਆ ਜਾਂਦਾ ਹੈ। ਇਸ ਸਮਾਗਮ ਵਿੱਚ ਮੁੱਖ ਤੌਰ ’ਤੇ ਸਾਰੇ ਬੁਲਾਰਿਆਂ ਨੇ ਇਤਿਹਾਸਕ ਹਵਾਲੇ ਦਿੰਦੇ ਹੋਏ ਕਿਹਾ ਕਿ ਭਾਰਤ ਵਿੱਚ ਘੱਟਗਿਣਤੀਆਂ ਸੁਰੱਖਿਅਤ ਨਹੀਂ ਹਨ ਤੇ ਇਸ ’ਤੇ ਚਿੰਤਾ ਪ੍ਰਗਟਾਉਂਦੇ ਹੋਏ ਉਨਾਂ ਖਾਲਸਾ ਰਾਜ ਦੀ ਮੰਗ ’ਤੇ ਜ਼ੋਰ ਦਿੱਤਾ।



















# ਭਾਈ ਦਲਜੀਤ ਸਿੰਘ ਦੀ ਕਿਤਾਬ ‘ਖਾੜਕੂ ਸੰਘਰਸ਼ ਦੀ ਸਾਖੀ’ 9 ਜੂਨ ਨੂੰ ਹੋਵੇਗੀ ਰਿਲੀਜ਼

## ਖਾੜਕੂ ਸੰਘਰਸ਼ ਦੇ ਅਣਜਾਣੇ, ਅਣਗੌਲੇ ਸਿਦਕੀਆਂ ਤੇ ਯੋਧਿਆਂ ਦੀ ਦਾਸਤਾਨ ਬਿਆਨ ਕਰਦੀ ਲਿਖਤ

**ਚੰਡੀਗੜ/ਏ.ਟੀ.ਨਿਊਜ਼** :- ਖਾੜਕੂ ਸੰਘਰਸ਼ ਦੌਰਾਨ ਮੂਹਰਲੀਆਂ ਸਫਾਂ ਵਿਚ ਰਹੇ ਭਾਈ ਦਲਜੀਤ ਸਿੰਘ ਵਲੋਂ ਲਿਖੀ ਇਹ ਕਿਤਾਬ 9 ਜੂਨ ਨੂੰ ਲੁਧਿਆਣੇ ਨੇੜਲੇ ਪਿੰਡ ਇਆਲੀ ਕਲਾਂ ਸਥਿਤ ਗੁਰਦੁਆਰਾ ਥੜਾ ਸਾਹਿਬ, ਪਾਤਿਸ਼ਾਹੀ 6ਵੀਂ ਵਿਖੇ ਜਾਰੀ ਕੀਤੀ ਜਾਵੇਗੀ। ‘ਖਾੜਕੂ ਸੰਘਰਸ਼ ਦੀ ਸਾਖੀ : ਅਣਜਾਣੇ, ਅਣਗੌਲੇ ਸਿਦਕੀ ਅਤੇ ਯੋਧੇ’ ਸਿਰਲੇਖ ਵਾਲੀ ਇਹ ਕਿਤਾਬ ਬਿਬੇਕਗੜ ਪ੍ਰਕਾਸ਼ਨ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ।

ਭਾਈ ਦਲਜੀਤ ਸਿੰਘ ਜਿਨਾਂ ਨੇ ਸਿੱਖ ਕੌਮ ਦੀ ਸੰਘਰਸ਼ ਵਿੱਚ ਬਹੁਮੁੱਲਾ ਯੋਗਦਾਨ ਪਾਇਆ ਹੈ। ਖਾੜਕੂ ਸੰਘਰਸ਼ ਨੂੰ ਉਨਾਂ ਨੇ ਆਪਣੇ ਜੀਵਨ ਵਿੱਚ ਹੰਢਾਇਆ ਹੈ। ਉਸ ਸਮੇਂ ਦੀ ਹਕੂਮਤ ਦੇ ਤਸ਼ੱਦਦ ਨੂੰ ਆਪਣੀ ਭਰ ਜਵਾਨੀ ਵਿੱਚ ਮਹਿਸੂਸ ਕੀਤਾ ਹੈ। ਕਿਸੇ ਸੰਘਰਸ਼ੀ ਜੁਝਾਰੂ ਵੱਲੋਂ ਲਿਖੀ ਗਈ ਇਹ ਪਹਿਲੀ ਕਿਤਾਬ ਹੈ ਜਿਸ ਵਿਚ ਬਹਾਦਰੀ ਜਾਂ ਸਿਦਕ ਦੇ ਕਿੱਸੇ ਦਰਸਾਏ ਗਏ ਹਨ। ਇਸ ਕਿਤਾਬ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਸ ਕਿਤਾਬ ਵਿਚ ਅਣਜਾਣੇ ਅਤੇ ਅਣਗੌਲੇ ਸਿੰਘ ਸਿੰਘਣੀਆਂ ਦੇ ਕਿੱਸੇ ਦਰਸਾਏ ਗਏ ਹਨ ਜੋ ਸਿੱਖ ਕੌਮ ਦੇ ਅੱਖੋਂ ਓਹਲੇ ਸਨ।

ਇਹ ਅਨਾਮ ਸਿਦਕੀਆਂ ਦਾ ਸਦਾ ਹੀ ਸਿੱਖ ਸੰਘਰਸ਼ਾਂ ਅਤੇ ਜੰਗਾਂ ਵਿਚ ਵਡੇਰਾ ਯੋਗਦਾਨ ਰਿਹਾ ਹੈ। ਪਰ ਇਤਿਹਾਸ ਇਨਾਂ ਨੂੰ ਅਨਾਮ ਹੀ ਯਾਦ ਕਰਦਾ ਹੈ। ਸੋ ਇਸ ਕਿਤਾਬ ‘ਖਾੜਕੂ ਸੰਘਰਸ਼ ਦੀ ਸਾਖੀ : ਅਣਜਾਣੇ, ਅਣਗੌਲੇ ਸਿਦਕੀ ਅਤੇ ਯੋਧੇ’ ਵਿਚ ਇਨਾਂ ਅਨਾਮ ਸਿਦਕੀ ਅਤੇ ਯੋਧਿਆਂ ਦੀ ਬਾਤ ਹੈ ਪਰ ਇਹ ਅਨਾਮ ਰੂਪ ਹੀ ਹਨ। ਇਤਿਹਾਸ ਦੇ ਇਸ ਵਰਤਾਰੇ ਬਾਰੇ ਭਾਈ ਦਲਜੀਤ ਸਿੰਘ ਲਿਖਦੇ ਹਨ ਕਿ ‘ਇਤਿਹਾਸ ਵਿਚ ਸਦਾ ਹੀ ਕੁਝ ਬੰਦਿਆਂ ਅਤੇ ਘਟਨਾਵਾਂ ਨੂੰ ਜਿਆਦਾ ਥਾਂ ਮਿਲ ਜਾਂਦੀ ਹੈ ਅਤੇ ਇਤਿਹਾਸਕਾਰੀ ਮੁੜ ਉਨਾਂ ਦੁਆਲੇ ਹੀ ਘੁੰਮਦੀ ਰਹਿੰਦੀ ਹੈ। ਆਮ ਬੰਦਿਆਂ ਨੂੰ ਇਤਿਹਾਸ ਅਹਿਮੀਅਤ ਨਹੀਂ ਦਿੰਦਾ ਹਾਲਾਂਕਿ ਆਮ ਬੰਦਿਆਂ ਵਲੋਂ ਕਿਸੇ ਖਾਸ ਹਾਲਾਤ ਵਿਚ ਵਿਖਾਏ ਅਸਧਾਰਨ ਅਤੇ ਸਿਫਤੀ ਕਿਰਦਾਰ ਕਿਸੇ ਵੀ ਵੱਡੇ ਨਾਇਕ ਨਾਲੋਂ ਘੱਟ ਨਹੀਂ ਹੁੰਦੇ। ਜਿਵੇਂ




ਸਮੁੱਚੀ ਸਿੱਖ ਸੰਗਤ ਦੀ ਖਾਮੋਸ਼ ਅਰਦਾਸ ਜੰਗਾਂ ਵਿਚ ਫਤਹਿ ਅਤੇ ਸ਼ਹਾਦਤਾਂ ਸਿਰਜਦੀ ਹੈ ਉਸੇ ਤਰਾਂ ਆਮ ਬੰਦਿਆਂ ਦੇ ਉਚੇ ਕਿਰਦਾਰ ਅਤੇ ਅਮਲ ਵੱਡੇ ਨਾਇਕਾਂ ਨੂੰ ਸਿਰਜਦੇ ਹਨ ਅਤੇ ਉਨਾਂ ਲਈ ਜਮੀਨ ਤਿਆਰ ਕਰਦੇ ਹਨ।’ ਸੋ। ਖਾੜਕੂ ਸੰਘਰਸ਼ ਦੀ ਸਾਖੀ ਪੁਸਤਕ ਉਨਾਂ ਅਨਾਮ ਸਿਦਕੀਆਂ ਅਤੇ ਯੋਧਿਆਂ ਨੂੰ ਸਮਰਪਿਤ ਹੈ ਜਿਨਾਂ ਨੇ ਅੱਡ-ਅੱਡ ਰੂਪ ਵਿਚ ਜਿਵੇਂ ਸਿੰਘਾਂ ਲਈ ਠਾਹਰਾ ਦਾ ਪ੍ਰਬੰਧ ਕਰਕੇ, ਸੰਘਰਸ਼ ਦੀ ਚੜਦੀਕਲਾ ਦੀ ਪ੍ਰਥਾਏ ਅਰਦਾਸਾ ਕਰਕੇ, ਦਸਵੰਧ ਭੇਟ ਕਰਕੇ, ਕੀਮਤੀ ਜਾਣਕਾਰੀ ਦੇ ਬਦਲੇ ਤਸ਼ੱਦਦ ਝੱਲਦਿਆਂ ਆਪਣੀ ਜਾਨ ਦਾ ਮੁੱਲ ਤਾਰਕੇ ਆਦਿ ਆਪਣੇ ਉੱਚੇ ਕਿਰਦਾਰਾਂ ਦੇ ਦਰਸ਼ਨ ਕਰਵਾਏ।

ਇਸ ਪੁਸਤਕ ਵਿਚ ਮੁੱਖ ਰੂਪ ਵਿਚ ਛੇ ਪਾਠ ਹਨ ਜਿਨਾਂ ਦੇ ਨਾਮ ਇਸ ਵਰਗੀਕਰਨ ਵਿਚ ਹਨ 1. ਅਣਜਾਣੇ ਸਿਦਕੀ ਅਤੇ ਯੋਧੇ, 2. ਅਣਗੌਲੇ ਸਿਦਕੀ ਅਤੇ ਯੋਧੇ, 3. ਠਾਹਰਾ ਵਾਲੇ ਪਰਿਵਾਰ, 4. ਟੁੱਟਦੇ ਤਾਰਿਆਂ ਦੀ ਚਮਕ,5. ਜੰਗ ਦੀ ਲਪੇਟ ਵਿੱਚ ਆਮ ਲੋਕ ਅਤੇ ਜੰਗ ਅਤੇ 6. ਬੰਦਿਆਂ ਦੇ ਕਿਰਦਾਰ। ਇਹ ਪੁਸਤਕ ਇਕ ਲੜੀ ਰੂਪ ਵਿਚ ਹੈ ਆਉਣ ਵਾਲੇ ਸਮੇਂ ਵਿੱਚ ਇਸ ਪੁਸਤਕ ਦੇ ਅਗਲੇ ਭਾਗ ਵੀ ਆਉਣਗੇ।ਸੋ ਭਾਈ ਦਲਜੀਤ ਸਿੰਘ ਦਾ ਇਹ ਬਹੁ-ਮੁੱਲਾ ਕਾਰਜ ਫਰਜ ਦੇ ਨਾਲ-ਨਾਲ ਇਕ ਡੂੰਘੇ ਫਿਕਰ ਵਿੱਚੋਂ ਪੈਦਾ ਹੋਇਆ ਹੈ ਜਿਵੇਂ ਕਿ ਇਸ ਬਾਰੇ ਉਹ ਆਖਦੇ ਹਨ ‘ਸਿੱਖ ਸੰਘਰਸ਼ ਨੇ ਅਜਿਹੇ ਅਨੇਕਾਂ ਨਾਇਕ ਸਿਰਜੇ ਹਨ ਜੋ ਹਰ ਇਲਾਕੇ ਵਿਚ ਹਾਲੇ ਵੀ ਟਾਂਵੇ ਟਾਂਵੇ ਲੋਕਾਂ ਦੀ ਯਾਦ ਵਿਚ ਵਸੇ ਹੋਏ ਹਨ। ਇਨਾਂ ਨੂੰ ਸਾਂਭੇ ਜਾਣ ਨਾਲ ਇਤਿਹਾਸ ਦਾ ਅਮੁਕ ਵਹਿਣ ਸਮੇਂ ਦੇ ਇਸ ਗੰਧਲੇ ਮੋੜ ਉਤੇ ਨਿਰਮਲ ਅਤੇ ਭਰਪੂਰ ਦਰਿਆ ਵਾਂਗ ਵਗਦਾ ਰਹਿ ਸਕਦਾ ਹੈ ਜੋ ਸਾਡੀ ਪੀੜੀ ਦੀ ਜਿੰਮੇਵਾਰੀ ਹੈ।’

ਇਸ ਕਾਰਜ ਪ੍ਰਤੀ ਭਾਈ ਸਾਹਿਬ ਆਪਣੇ ਫਰਜ ਦੀ ਦੱਸ ਪਾਉਂਦਿਆਂ ਲਿਖਦੇ ਹਨ ‘ਮੇਰੀ ਕੋਸ਼ਿਸ਼ ਹੋਵੇਗੀ ਕਿ ਘਟਨਾਵਾਂ, ਵਰਤਾਰਿਆਂ ਅਤੇ ਸ਼ਖਸੀਅਤਾਂ ਦੇ ਥੱਲੇ ਜੋ ਕੁਝ ਅਣਦਿਸਦਾ ਅਤੇ ਅਣਗੌਲਿਆ ਵਾਪਰ ਰਿਹਾ ਸੀ ਉਸਨੂੰ ਵੀ ਲਿਖਿਆ ਅਤੇ ਦੱਸਿਆ ਜਾਵੇ।

# ਜੂਨ 84 ਦੇ ਖ਼ੂਨੀ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਸਮਾਗਮ ਕਰਵਾਇਆ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਦੇ ਪ੍ਰਬੰਧਕ ਸੇਵਾਦਾਰਾਂ ਨੇ ਸੰਗਤਾਂ ਦੇ ਸਹਿਯੋਗ ਨਾਲ ਜੂਨ 84 ਦੇ ਤੀਜੇ ਖ਼ੂਨੀ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ। ਸਜੇ ਹੋਏ ਦੀਵਾਨ ਵਿੱਚ ਨੌਜਵਾਨ, ਬੱਚਿਆਂ ਤੇ ਭਾਈ ਤੇਜਵੀਰ ਸਿੰਘ ਦੇ ਜਥੇ ਨੇ ਇਲਾਹੀ ਗੁਰਬਾਣੀ ਦਾ ਕੀਰਤਨ ਤੇ ਭਾਈ ਚਮਕੌਰ ਸਿੰਘ ਸਭਰਾ ਤੇ ਭਾਈ ਕੁਲਵਿੰਦਰ ਸਿੰਘ ਦੇ ਜਥੇ ਨੇ ਕਵੀਸ਼ਰੀ ਵਾਰਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਣ ਕੀਤੇ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗੁਰਾਇਆ, ਸਿੱਖ ਫੈਡਰੇਸ਼ਨ ਜਰਮਨੀ ਦੇ ਆਗੂ ਭਾਈ ਗੁਰਦਿਆਲ ਸਿੰਘ ਲਾਲੀ, ਭਾਈ ਦਵਿੰਦਰ ਸਿੰਘ ਘਲੋਟੀ, ਭਾਈ ਹੀਰਾ ਸਿੰਘ ਮੱਤੇਵਾਲ, ਪ੍ਰਧਾਨ ਭਾਈ ਬਲਕਾਰ ਸਿੰਘ ਭਾਈ ਕਮਲਜੀਤ ਸਿੰਘ ਰਾਏ ਭਾਈ ਨਰਿੰਦਰ ਸਿੰਘ ਘੋਤੜਾ ਨੇ ਵਿਚਾਰਾਂ ਦੀ ਸਾਂਝ ਪਾਈ ਤੇ ਸਮੂਹ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਣ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਭਾਰਤੀ ਫੌਜਾਂ ਨੇ ਜੂਨ 84 ਵਿੱਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੁ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸ਼ਰਧਾ ਨਾਲ ਮਨਾਉਣ ਲਈ ਸ੍ਰੀ ਦਰਬਾਰ ਸਾਹਿਬ ਤੇ ਹੋਰ ਇਤਿਹਾਸਿਕ ਗੁਰਦੁਆਰਿਆਂ ਵਿੱਚ ਇਕੱਤਰ ਹੋਈਆਂ ਸੰਗਤਾਂ ਅਤੇ ਪੂਰੇ ਪੰਜਾਬ ਵਿੱਚ ਕਰਫਿਊ ਲਗਾ ਕੇ ਰੂਹਾਨੀਅਤ ਦੇ ਪ੍ਰਤੀਕ ਸ੍ਰੀ ਦਰਬਾਰ ਸਾਹਿਬ ਤੇ ਹੋਰ 38 ਗੁਰਧਾਮਾਂ ਤੇ ਟੈਂਕਾਂ ਤੋਪਾਂ ਨਾਲ ਹਮਲਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਢਹਿ ਢੇਰੀ ਤੇ ਸ੍ਰੀ ਦਰਬਾਰ ਸਾਹਿਬ ਨੂੰ ਗੋਲੀਆਂ ਨਾਲ ਛਲਣੀ ਛਲਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ 2500 ਤੋਂ ਵੱਧ ਬੀੜਾਂ ਨੂੰ ਅੱਗਨ ਭੇਟ,






ਹਜ਼ਾਰਾਂ ਸਿੰਘਾਂ ਸਿੰਘਣੀਆਂ ਭੁਝੰਗੀਆਂ, ਇੱਥੋਂ ਤੱਕ ਦੁੱਧ ਚੁੰਘਦੇ ਬੱਚਿਆਂ ਨੂੰ ਵੀ ਨਿਰਦਈਪੁਣੇ ਦੀਆਂ ਸਭ ਹੱਦਾਂ ਉਲੰਘ ਕੇ ਸਿੱਖ ਕੌਮ ਨੂੰ ਬੇਗਾਨਗੀ ਦਾ ਅਹਿਸਾਸ ਹੀ ਨਹੀਂ ਕਰਾਇਆ ਸਗੋਂ ਹਿੰਦੋਸਤਾਨ ਦੀ ਹਕੂਮਤ ਨੇ ਜੂਨ 84 ਦਾ ਖ਼ੂਨੀ ਘੱਲੂਘਾਰਾ ਵਰਤਾਕੇ ਸਿੱਖ ਕੌਮ ਦੇ ਹਿਰਦਿਆਂ 'ਤੇ ਨਾ ਮਿਟਣ ਵਾਲੇ ਜੋ ਜ਼ਖਮ ਉੱਕਰ ਦਿੱਤੇ। ਇਹ 38 ਸਾਲ ਬੀਤ ਜਾਣ ਤੋਂ ਬਾਅਦ ਵੀ ਜੂਨ ਦੇ ਪਹਿਲੇ ਹਫ਼ਤੇ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਹਰ ਗੁਰਸਿੱਖ ਮਾਈ-ਭਾਈ ਨੂੰ ਟੈਂਕ ਹਰਿਮੰਦਰ ਸਾਹਿਬ ਦੀਆਂ ਪ੍ਰੀਕਰਮਾ ਅੰਦਰ ਨਹੀਂ ਬਲਕਿ ਆਪਣੀ ਛਾਤੀ 'ਤੇ ਚੜੇ ਮਹਿਸੂਸ ਹੁੰਦੇ ਹਨ। ਤੋਪਾਂ ਦੇ ਗੋਲੇ ਅਕਾਲ ਤਖਤ ਸਾਹਿਬ 'ਤੇ ਨਹੀਂ, ਸਗੋਂ ਆਪਣੇ ਸਾਰੇ ਵਜੂਦ 'ਤੇ ਡਿੱਗਦੇ ਮਹਿਸੂਸ ਹੁੰਦੇ ਹਨ, ਖਾਲਸਾ ਪੰਥ ਦੀ ਆਨ-ਸ਼ਾਨ ਲਈ ਆਵਾਜ਼ ਬੁਲੰਦ ਕਰਨ ਵਾਲੇ, 20ਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਸਿਪਾਹੀ ਬਾਬਾ ਜਰਨੈਲ ਸਿੰਘ ਦਾ ਸੁਨੇਹਾ ਕੌਮ ਨੂੰ ਬੜੀ ਚੰਗੀ ਤਰਾਂ ਯਾਦ ਹੈ - 'ਜਿਸ ਦਿਨ ਹਰਿਮੰਦਰ ਸਾਹਿਬ ਦੀ ਪਰਕਰਮਾ ਵਿੱਚ ਭਾਰਤੀ ਫੌਜ ਨੇ ਪੈਰ ਪਾਇਆ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।' ਸੰਤ ਜੀ ਦੀ ਸਿੰਘ-ਗਰਜਣਾ ਅੱਜ ਵੀ ਕੌਮੀ ਅਜ਼ਾਦੀ ਦੇ ਪ੍ਰਵਾਨਿਆਂ ਨੂੰ ਖਾਲਸਾ ਰਾਜ ਦੀ ਸ਼ਮਾ 'ਤੇ ਕੁਰਬਾਨ ਹੋਣ ਲਈ ਪ੍ਰੇਰਿਤ ਕਰ ਰਹੀ ਹੈ। ਅਕਾਲ ਤਖਤ ਦੀ ਰਾਖੀ ਕਰਦਿਆਂ ਸ਼ਹੀਦੀ ਪਾਉਣ ਵਾਲੇ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਜਰਨਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਭਾਈ ਮਹਿੰਗਾ ਸਿੰਘ ਬੱਬਰ ਤੇ ਉਨਾਂ ਦੇ ਸੈਂਕੜੇ ਸਾਥੀਆਂ ਦੀ ਯਾਦ ਅੱਜ ਵੀ ਖਾਲਸਾ ਰਾਜ ਦੇ ਸਿਪਾਹ ਸਿਲਾਰਾ ਦੇ ਰਾਹ ਨੂੰ ਰੁਸ਼ਨਾ ਰਹੀ ਹੈ। ਦੂਜੇ ਪਾਸੇ ਹਿੰਦੋਸਤਾਨ ਦੀ ਹਕੂਮਤ ਦਾ ਸਿੱਖਾਂ ਦੀ ਨਸਲਕੁਸ਼ੀ ਕਰਨ ਤੋਂ ਬਾਅਦ ਵੀ ਸਿੱਖ ਕੌਮ ਦੀਆਂ ਭਾਵਨਾਂ ਤੇ ਜ਼ਖਮਾਂ ਦੀ ਭਰਭਾਈ ਕਰਨ ਦੀ ਬਜਾਏ ਆਪਣੀ ਚਾਣਕਿਆ ਸਾਮ, ਭੇਦ, ਦਾਮ, ਦੰਡ ਦੀ ਨੀਤੀ ਵਰਤ ਕੇ ਇਸ ਸਾਰੇ ਕੁਝ ਨੂੰ ਭੁਲ ਜਾਣ ਤੇ ਭਲਾਉਣ ਦੀਆਂ ਸਲਾਹਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਵਿੱਚ ਸਿੱਖ ਕੌਮ ਦੇ ਮਰੀ ਹੋਈ ਜ਼ਮੀਰ ਵਾਲੇ ਆਗੂ ਵੀ ਆਪਣੇ ਨਿੱਜੀ ਸਵਾਰਥਾਂ ਦੀ ਖਾਤਰ ਕੌਮ ਨਾਲ ਹੋਏ ਇਸ ਕਹਿਰ ਨੂੰ ਭੁੱਲ ਗਏ ਹਨ ਤੇ ਕੌਮ ਨੂੰ ਭੁਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਪਰ ਜਗਦੀ ਜ਼ਮੀਰ, ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਰਧਾ ਰੱਖਣ ਵਾਲੇ ਸਿੱਖ ਹਿੰਦੋਸਤਾਨ ਦੀ ਹਕੂਮਤ ਦੇ ਜ਼ੁਲਮਾਂ ਨੂੰ ਕਦੇ ਵੀ ਨਹੀਂ ਭੁਲਾਉਣਗੇ। ਸੋ ਇਹ ਦਰਸਾਉਣ ਲਈ ਕਿ ਜੋ ਅੱਜ ਤੋਂ 38 ਸਾਲ ਪਹਿਲਾਂ ਸਿੱਖ ਕੌਮ ਦੇ ਹਿਰਦਿਆਂ 'ਤੇ ਜ਼ਖਮ ਉੱਕਰੇ ਸਨ ਉਹ ਅੱਜ ਵੀ ਉਸੇ ਤਰਾਂ ਅੱਲੇ ਹਨ। ਕੌਮਾਂ ਘੱਲੂਘਾਰਿਆਂ ਨਾਲ ਨਹੀਂ ਮਰਦੀਆਂ ਪਰ ਕੌਮਾਂ ਘੱਲੂਘਾਰਿਆਂ ਨੂੰ ਭੁੱਲ ਜਾਣ ਕਰਕੇ ਮਰ ਜਾਂਦੀਆਂ ਹਨ। ਗੁਰਦੁਅਰਾ ਸਾਹਿਬ ਵਿੱਚ ਖਾਲਿਸਤਾਨ ਦੀ ਅਜ਼ਾਦੀ ਲਈ ਸ਼ਹੀਦ ਸਿੰਘਾਂ ਤੇ ਸਰਕਾਰੀ ਜ਼ੁਲਮ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਗਈ। ਸਹਿਯੋਗ ਲਈ ਸਮੂਹ ਸੰਗਤਾਂ ਤੇ ਪ੍ਰੋਗਰਾਮ ਨੂੰ ਕਵਰ ਕਰਨ ਵਾਲੇ ਮੀਡੀਏ ਦਾ ਧੰਨਵਾਦ ਕੀਤਾ ਗਿਆ।

# ਸਪਰਿੰਗਫੀਲਡ ਓਹਾਇਓ ਦੀ 'ਮੈਮੋਰੀਅਲ ਡੇਅ ਪਰੇਡ' 'ਚ ਸ਼ਹੀਦ ਹੋਏ ਅਮਰੀਕੀ ਅਤੇ ਸਿੱਖ ਫੌਜੀਆਂ ਨੂੰ ਦਿੱਤੀ ਗਈ ਸ਼ਰਧਾਂਜਲੀ

**ਡੇਟਨ (ਅਮਰੀਕਾ)/ਸਮੀਪ ਸਿੰਘ ਗੁਮਟਾਲਾ:** ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਪਰਿੰਗਫੀਲਡ ਵਿੱਖੇ ਸ਼ਹੀਦ ਫ਼ੌਜੀਆਂ ਨੂੰ ਯਾਦ ਕਰਨ ਲਈ ਹਰ ਸਾਲ ਮਨਾਏ ਜਾਂਦੇ 'ਮੈਮੋਰੀਅਲ ਡੇਅ' ਮੌਕੇ ਇੱਥੋਂ ਦੀ ਬਹੁਤ ਹੀ ਪ੍ਰਸਿੱਧ ਸਲਾਨਾ ਪਰੇਡ ਦਾ ਆਯੋਜਨ ਕੀਤਾ ਗਿਆ। ਵੱਖ-ਵੱਖ ਵਿਭਾਗਾਂ, ਜਥੇਬੰਦੀਆਂ, ਵਿਦਿਅਕ ਤੇ ਧਾਰਮਿਕ ਅਦਾਰਿਆਂ ਦੀਆਂ ਝਲਕੀਆਂ, ਇਸ ਪਰੇਡ ਦੀ ਵਿਸ਼ੇਸ਼ ਖਿੱਚ ਸਨ। ਫੌਜ ਦੀਆਂ ਜੀਪਾਂ, ਫਾਇਰ ਟਰੱਕ, ਮੋਟਰਸਾਈਕਲ, ਅਣਗਿਣਤ ਵਾਹਨ ਇਸ ਪਰੇਡ ਦਾ ਹਿੱਸਾ ਸਨ। ਪਰੇਡ ਵਿਚ ਬਹੁਤ ਸਾਰੇ ਵਾਹਨਾਂ ਉੱਪਰ ਇੱਥੋਂ ਦੇ ਸ਼ਹੀਦਾਂ ਦੀਆਂ ਤਸਵੀਰਾਂ-ਪੋਸਟਰਾਂ 'ਤੇ ਲਾ ਕੇ ਉਨਾਂ ਨੂੰ ਯਾਦ ਕੀਤਾ ਗਿਆ। ਸੜਕਾਂ ਕੰਢੇ ਹਜ਼ਾਰਾਂ ਲੋਕ ਪ੍ਰਵਾਰ ਸਮੇਤ ਅਮਰੀਕਾ ਦੇ ਝੰਡੇ ਦੇ ਰੰਗ ਨਾਲ ਮੇਚ ਕਰਦੇ ਲਾਲ, ਚਿੱਟੇ ਅਤੇ ਨੀਲੇ ਕੱਪੜੇ ਪਾ ਕੇ ਇਨਾਂ ਦੇ ਸੁਆਗਤ ਲਈ ਬੈਠੇ ਸਨ।

ਪਿਛਲੇ 24 ਸਾਲਾਂ ਤੋਂ ਇੱਥੋਂ ਦੇ ਵਸਨੀਕ ਅਵਤਾਰ ਸਿੰਘ, ਉਨਾਂ ਦੀ ਪਤਨੀ ਸਰਬਜੀਤ ਕੌਰ ਤੇ ਬੱਚੇ ਲਗਾਤਾਰ ਇਸ ਪਰੇਡ ਦਾ ਹਿੱਸਾ ਬਣਦੇ ਆ ਰਹੇ ਹਨ। ਉਨਾਂ ਵਲੋਂ ਕਈ ਵਰਿਆਂ ਪਹਿਲਾਂ ਕੀਤੇ ਗਏ ਇਸ ਉਧਮ ਤੋਂ ਬਾਅਦ ਹੁਣ ਸਪਰਿੰਗਫੀਲਡ ਦੇ ਨਾਲ ਲਗਦੇ ਸ਼ਹਿਰ ਡੇਟਨ, ਸਿਨਸਿਨਾਟੀ, ਕੋਲੰਬਸ ਅਤੇ ਇੰਡੀਆਨਾ ਸੂਬੇ ਤੋਂ ਵੀ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਇਸ ਵਿੱਚ ਭਾਗ ਲੈਂਦਾ ਹੈ।

ਅਮਰੀਕਨ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈਆਂ ਸਿਖ ਝਾਕੀਆਂ ਉੱਪਰ ਵਿਸ਼ਵ ਯੁੱਧਾਂ ਦੌਰਾਨ ਸ਼ਹੀਦ ਹੋਏ ਸਿੱਖ ਫੌਜੀਆਂ ਬਾਰੇ ਜਾਣਕਾਰੀ ਦਿੱਤੀ ਗਈ, ਤਸਵੀਰਾਂ ਦਾ ਪ੍ਰਦਰਸ਼ਨ ਤੇ ਸ਼ੁਭ-ਕਾਮਨਾਵਾਂ ਭੇਟ ਕੀਤੀਆਂ ਗਈਆਂ। ਕਰੀਬ ਤਿੰਨ ਮੀਲ ਲੰਮੀ ਇਹ ਪਰੇਡ ਜਦ ਬਜਾਰਾਂ ਵਿੱਚੋਂ ਲੰਘੀ, ਤਾਂ ਹਮੇਸ਼ਾ ਦੀ ਤਰਾਂ ਸਿੱਖ ਝਾਕੀ ਦਾ ਸੜਕ ਕੰਢੇ ਖੜੇ ਅਤੇ ਬੈਠੇ ਹਜ਼ਾਰਾਂ ਸ਼ਹਿਰੀਆਂ ਨੇ ਹੱਥਾਂ ਵਿੱਚ ਅਮਰੀਕੀ ਝੰਡੇ ਲੈ ਕੇ ਹੱਥ ਹਿਲਾ ਕੇ ਨਿੱਘਾ ਸਵਾਗਤ ਕੀਤਾ ਅਤੇ ਉਹ 'ਮਿਸਟਰ ਸਿੰਘ, ਹੈਪੀ ਮੈਮੋਰੀਅਲ ਡੇਅ' ਵੀ ਕਹਿ ਰਹੇ ਸਨ।

ਇਹ ਪਰੇਡ ਅਮਰੀਕਾ ਦੀਆਂ ਸਭ ਤੋਂ ਵੱਡੀਆਂ ਪਰੇਡਾਂ ਵਿਚੋਂ ਇਕ ਮੰਨੀ ਜਾਂਦੀ ਹੈ ਜਿਸ ਵਿੱਚ ਸ਼ਹਿਰ ਦੇ ਬਜਾਰਾਂ, ਘਰਾਂ ਦੇ ਬਾਹਰ ਅਤੇ ਪਾਰਕਾਂ ਵਿਚ ਲਗਭਗ 35 ਹਜਾਰ ਲੋਕ ਆਨੰਦ ਮਾਣਦੇ ਹਨ ਅਤੇ ਤਕਰੀਬਨ 2500 ਲੋਕ, 300 ਗੱਡੀਆਂ ਤੇ 120 ਸਥਾਨਕ ਸੰਸਥਾਵਾਂ ਭਾਗ ਲੈਂਦੀਆਂ ਹਨ।

ਸਰਬਜੀਤ ਕੌਰ ਅਤੇ ਅਵਤਾਰ ਸਿੰਘ ਨੇ ਦੱਸਿਆ ਕਿ ਉਹ ਪਹਿਲੀ ਵਾਰ 1999 ਵਿਚ ਪਰਿਵਾਰ ਸਮੇਤ ਇਸ ਪਰੇਡ ਵਿੱਚ ਸ਼ਾਮਲ ਹੋਏ ਸਨ ਤੇ ਉਨਾਂ ਨੂੰ ਇਸ ਕਮਿਉਨਟੀ ਦਾ ਹਿੱਸਾ ਹੋਣ 'ਤੇ ਮਾਣ ਹੈ। ਪਰੇਡ ਵਿੱਚ ਸ਼ਮੂਲੀਅਤ ਸਾਨੂੰ ਵਿਸ਼ਵ ਯੁਧਾਂ ਵਿਚ ਸ਼ਹੀਦ ਹੋਏ ਸਿੱਖ ਅਤੇ ਅਮਰੀਕੀ ਫੋਜੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਤੇ ਅਮਰੀਕੀ ਲੋਕਾਂ ਨੂੰ ਸਿੱਖਾਂ ਵਲੋਂ ਵਿਸ਼ਵ ਅਤੇ ਹੋਰਨਾਂ ਯੁਧਾਂ ਵਿਚ ਦਿੱਤੀਆਂ ਗਈਆਂ ਕੁਰਬਾਨੀਆਂ ਬਾਰੇ ਜਾਣਕਾਰੀ ਦੇਣ ਦਾ ਮੌਕਾ ਦਿੰਦੀ ਹੈ। ਉਨਾਂ ਕਿਹਾ ਕਿ ਅਮਰੀਕਾ ਵਿਚ ਸਤੰਬਰ 2001 ਦੇ ਹਮਲੇ ਤੋਂ ਬਾਅਦ ਸਿੱਖਾਂ ਨੂੰ ਬਹੁਤ ਸਾਰੇ ਨਸਲੀ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ ਸੀ। ਇਸ ਲਈ ਇਹ ਹੋਰ ਵੀ ਜਰੂਰੀ ਹੋ ਗਿਆ ਹੈ ਕਿ ਅਸੀਂ ਇਨਾਂ ਪ੍ਰੋਗਰਾਮਾਂ ਵਿਚ ਭਾਗ ਲਈਏ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਮਿਲ ਸਕੇ। ਉਨਾਂ ਨੂੰ ਇਹ ਦੇਖ ਕੇ ਅਹਿਸਾਸ ਹੋਵੇ ਕਿ ਸਿੱਖ ਵੀ ਸਾਡੇ ਕਮਿਊਨਿਟੀ ਦਾ ਹਿੱਸਾ ਹਨ। ਲੋਕਾਂ ਨੂੰ ਸਿੱਖਾਂ ਦੀ ਨਿਵੇਕਲੀ ਪਛਾਣ ਤੋਂ ਜਾਣੂ













ਕਰਵਾਉਣ ਲਈ ਕਿਤਾਬਚੇ ਵੀ ਵੰਡੇ ਗਏ। ਪਰੇਡ ਦੀਆਂ ਅਨਮੋਲ ਯਾਦਾਂ ਨੂੰ ਕੈਮਰਾਬੰਦ ਕਰਨ ਦੀ ਸੇਵਾ ਡੇਟਨ ਤੋਂ ਏ.ਐਂਡ.ਏ. ਫੋਟੋਗ੍ਰਾਫੀ ਦੇ ਸੁਨੀਲ ਮੱਲੀ ਵਲੋਂ ਕੀਤੀ ਗਈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਲੰਡਨ ਰੋਸ ਮੁਜ਼ਾਹਰੇ ਦੀਆਂ ਤਿਆਰੀਆਂ ਪੂਰੇ ਜ਼ੋਰਾਂ ’ਤੇ : ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ.

## ‘19 ਜੂਨ 2022 ਦਾ ਦਿਨ ਹਰ ਤਰਾਂ ਦੇ ਰੁਝੇਵਿਆਂ ਤੋਂ ਮੁਕਤ ਰੱਖਿਆ ਜਾਵੇ’

**ਲੰਡਨ/ਏ.ਟੀ.ਨਿਊਜ਼ :-** ਸਿੱਖ ਤਵਾਰੀਖ ਵਿੱਚ ਵਾਪਰੇ ਤੀਸਰੇ ਖ਼ੂਨੀ ਘੱਲੂਘਾਰੇ ਨੂੰ 38 ਸਾਲ ਹੋ ਚੁੱਕੇ ਹਨ। ਭਾਰਤ ਸਰਕਾਰ ਵਲੋਂ ਟੈਂਕਾਂ ਅਤੇ ਤੋਪਾਂ ਨਾਲ ਭਾਰਤੀ ਫੌਜ ਦੁਆਰਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ ਕੀਤੇ ਗਏ ਖ਼ੂਨੀ ਘੱਲੂਘਾਰੇ ਨੂੰ ਸਿੱਖ ਕੌਮ ਕਦੇ ਵੀ ਭੁੱਲ ਨਹੀਂ ਸਕਦੀ ਬਲਕਿ ਇਸ ਨਾਲ ਸਿਰਜੇ ਗਏ ਅਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਪ੍ਰਤੀ ਯਤਨਸ਼ੀਲ ਰਹੇਗੀ। ਦੁਨੀਆਂ ਭਰ ਵਿੱਚ ਵਸਦੇ ਹਰ ਸਿੱਖ ਦਾ ਫਰਜ਼ ਹੈ ਕਿ ਉਹ ਇਸ ਖ਼ੂਨੀ ਘੱਲੂਘਾਰੇ ਦੀ ਯਾਦ ਨੂੰ ਇੱਕ ਜ਼ਖਮ ਦੀ ਨਿਆਂਈ ਸਮਝਦਾ ਹੋਇਆ ਇਸ ਦੇ ਸਦੀਵੀ ਇਲਾਜ ਰੂਪੀ ਕੌਮੀ ਅਜ਼ਾਦੀ ਪ੍ਰਤੀ ਵਚਨਬੱਧ ਹੋਵੇ। ਬਰਤਾਨੀਆ ਵਿੱਚ ਅਜ਼ਾਦ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਲੰਡਨ ਵਿੱਚ ਭਾਰੀ ਰੋਸ ਮੁਜਾਹਰਾ 19 ਜੂਨ ਐਤਵਾਰ ਨੂੰ ਕੀਤਾ ਜਾ ਰਿਹਾ ਹੈ।

ਗੁਰਦੁਆਰਾ ਗੁਰੂ ਤੇਗ ਬਹਾਦਰ ਲੈਸਟਰ ਵਿਖੇ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੀ ਇਸ ਸਬੰਧੀ ਵਿਸ਼ੇਸ਼ ਇਕੱਚਰਤਾ ਹੋਈ। ਜਿਸ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਮੁਖਤਿਆਰ ਸਿੰਘ ਸਮੇਤ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਭਾਈ ਅਮਰੀਕ ਸਿੰਘ ਗਿੱਲ, ਭਾਈ ਜੋਗਾ ਸਿੰਘ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਤਰਸੇਮ ਸਿੰਘ ਦਿਓਲ, ਭਾਈ ਦਵਿੰਦਰਜੀਤ ਸਿੰਘ, ਭਾਈ ਨਰਿੰਦਰਜੀਤ ਸਿੰਘ, ਰਜਿੰਦਰ ਸਿੰਘ ਚਿੱਟੀ, ਭਾਈ ਚਰਨ ਸਿੰਘ ਟਿਵੀਡੇਲ, ਭਾਈ ਗੁਰਮੇਲ ਸਿੰਘ, ਭਾਈ ਅਜਮੇਰ ਸਿੰਘ ਬਸਰਾ, ਭਾਈ ਜਸਪਾਲ ਸਿੰਘ ਕੰਗ ਆਦਿ ਨੇ ਸ਼ਮੂਲੀਅਤ ਕੀਤੀ। ਰੋਸ ਮੁਜਾਹਰੇ ਲਈ ਸਿੱਖ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੈ। ਵੱਖ ਵੱਖ ਗੁਰਦੁਆਰਿਆਂ ਵਲੋਂ ਕੋਚਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਸਿੱਖ ਜਗਤ ਨੂੰ ਸੱਦਾ ਗਿਆ ਕਿ ਉਹ ਆਪੋ ਆਪਣੇ ਦੇਸ਼ਾਂ, ਸ਼ਹਿਰਾਂ, ਪਿੰਡਾਂ ਅਤੇ ਕਸਬਿਆਂ ਵਿੱਚ ਸਿੱਖ ਤਵਾਰੀਖ ਵਿੱਚ ਵਾਪਰੇ ਇਸ ਤੀਸਰੇ ਖ਼ੂਨੀ ਘੱਲੂਘਾਰੇ ਦੀ ਯਾਦ ਅੰਦਰ ਰੋਸ ਅਤੇ ਰੋਹ ਦਾ ਪ੍ਰਗਟਾਵਾ ਕਰਦੇ ਹੋਏ ਅਜ਼ਾਦ ਸਿੱਖ ਰਾਜ ਖਾਲਿਸਤਾਨ ਪ੍ਰਤੀ ਵਚਨਬੱਧ ਜਰੂਰ ਹੋਣ। ਲੰਡਨ ਵਿਖੇ ਹੋ ਰਹੇ ਮੁਜਾਹਰੇ ਵਾਸਤੇ 19 ਜੂਨ ਐਤਵਾਰ ਵਾਲੇ ਦਿਨ ਬਾਰਾਂ ਵਜੇ ਸਿੱਖ ਸੰਗਤਾਂ ਵੱਖ ਸ਼ਹਿਰਾਂ ਤੋਂ ਹਾਈਡ ਪਾਰਕ ਲੰਡਨ ਵਿਖੇ ਕਾਰਾਂ ਅਤੇ ਕੋਚਾਂ ਦੇ ਕਾਫਲਿਆਂ ਰਾਹੀਂ ਪੁੱਜਣਗੀਆਂ। ਉਪਰੰਤ ਯੋਗ ਅਤੇ ਰੋਹ ਭਰਪੂਰ ਵਿਸ਼ਾਲ ਮਾਰਚ ਲੰਡਨ ਦੀਆਂ ਸੜਕਾਂ ਤੇ ਚਾਲੇ ਪਾਵੇਗਾ। ਜ਼ਿਕਰਯੋਗ ਹੈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਜਥੇਬੰਦੀਆਂ ਵਲੋ ਹਰ ਸਾਲ ਰੋਸ ਮੁਜ਼ਾਹਰਾ ਕੀਤਾ ਜਾਂਦਾ ਹੈ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਵਲੋਂ ਸ਼ਮੂਲੀਅਤ ਕੀਤੀ ਜਾਂਦੀ ਹੈ। ਸਿੱਖ ਨੌਜਵਾਨਾਂ ਵਿੱਚ ਇਸ ਰੋਸ ਮੁਜ਼ਾਹਰੇ ਪ੍ਰਤੀ ਹਰ ਸਾਲ ਉਤਸ਼ਾਹ ਵਧ ਰਿਹਾ ਹੈ। ਵੀਹਵੀਂ ਸਦੀ ਦੇ ਮਹਾਨ ਸਿੱਖ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਜੀ ਪ੍ਰਧਾਨ ਆਲ ਇੰਡੀਆ ਸਿੱਖ



ਸਟੂਡੈਂਟਸ ਫੈਡਰੇਸ਼ਨ ਅਤੇ ਜਨਰਲ ਸ਼ੁਬੇਗ ਸਿੰਘ ਜੀ ਨੇ ਆਪਣੇ ਸਾਥੀਆਂ ਨਾਲ ਟੈਂਕਾਂ ਅਤੇ ਤੋਪਾਂ ਨਾਲ ਲੈਸ ਹੋ ਕੇ ਹਮਲਾ ਕਰਨ ਆਈ ਭਾਰਤੀ ਫੌਜ ਦਾ ਆਖਰੀ ਦਮ ਤੱਕ ਮੁਕਾਬਲਾ ਕੀਤਾ ਅਤੇ ਇੱਕ ਅਸਾਵੀਂ ਜੰਗ ਦਾ ਸ਼ਾਨਾਮੱਤਾ ਇਤਿਹਾਸ ਦੁਨਿਆ ਸਾਹਮਣੇ ਸਿਰਜ ਕੇ ਰੱਖ ਦਿੱਤਾ ਹੈ, ਜਿਸ ਤੋਂ ਸਿੱਖ ਕੌਮ ਦੀਆਂ ਅਗਲੇਰੀਆਂ ਪੀੜੀਆਂ ਹਮੇਸ਼ਾ ਸੇਧ ਲੈਂਦੀਆਂ ਰਹਿਣਗੀਆਂ। ਦੂਜੇ ਪਾਸੇ ਮੁਗਲੀਆ ਅਤੇ ਹਿਟਲਰੀ ਜ਼ੁਲਮਾਂ ਨੂੰ ਮਾਤ ਪਾਉਂਦਿਆਂ ਭਾਰਤੀ ਫੌਜ ਵਲੋਂ ਨਿਰਦੋਸ਼ ਸਿੱਖ ਬਜ਼ੁਰਗਾਂ, ਸਿੱਖ ਬੀਬੀਆਂ ਅਤੇ ਦੁੱਧ ਚੁੰਘਦੇ ਬੱਚਿਆਂ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਗਿਆ। ਸਿੱਖ ਕੌਮ ਦੇ ਸਰਵਉੱਚ ਅਸਥਾਨ ਰਾਜਸੀ ਸ਼ਕਤੀ ਦੇ ਸੋਮੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ ਗਿਆ, ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਗੋਲੀਆਂ ਨਾਲ ਛਲਣੀ ਕਰਦਿਆਂ ਜੁੱਗੋ ਜੁੱਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਵਿੱਤਰ ਸਰੂਪਾਂ ਸਮੇਤ ਸਿੱਖ ਇਤਿਹਾਸ, ਗੁਰਇਤਿਹਾਸ ਦੇ ਸਰੋਤ, ਗੁਰੂ ਸਾਹਿਬ ਦੇ ਹੱਥ ਲਿਖਤ ਹੁਕਮਨਾਮੇ ਅਗਨ ਭੇਂਟ ਕਰ ਦਿੱਤੇ ਗਏ। ਇਸ ਖ਼ੂਨੀ ਅਤੇ ਅੱਤ ਵਹਿਸ਼ੀ ਹਮਲੇ ਨੂੰ ਸਿੱਖ ਕੌਮ ਸਦਾ ਯਾਦ ਰੱਖੇਗੀ। ਬਲਕਿ ਇਸ ਖ਼ੂਨੀ ਘੱਲੂਘਾਰੇ ਨਾਲ ਸਿਰਜੇ ਗਏ ਅਜ਼ਾਦ ਸਿੱਖ ਰਾਜ ਖਾਲਿਸਤਾਨ ਨਿਸ਼ਾਨੇ ਪ੍ਰਤੀ ਸੰਘਰਸ਼ਸ਼ੀਲ ਰਹੇਗੀ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਸਿੱਖ ਕੌਮ ਨੂੰ ਸਿੱਖ ਵਿਰੋਧੀ ਲਾਬੀ ਦੀਆਂ ਕੁਚਾਲਾਂ ਤੋਂ ਸੁਚੇਤ ਹੋਣ ਅਤੇ ਕੌਮੀ ਸ਼ਹੀਦਾਂ ਦੇ ਪਾਏ ਹੋਏ ਪੂਰਨਿਆਂ ਤੇ ਚੱਲਦਿਆਂ ਉਹਨਾਂ ਵਲੋਂ ਅਰੰਭੇ ਹੋਏ ਕਾਰਜ ਨੂੰ ਅੱਗੇ ਤੋਰਨ ਲਈ ਹਰ ਸੰਭਵ ਯਤਨ ਕਰਦਿਆਂ ਉਸਾਰੂ ਅਤੇ ਸਾਰਥਕ ਯੋਗਦਾਨ ਪਾਉਣ ਦੀ ਸਿੱਖ ਕੌਮ ਨੂੰ ਸਨਿਮਰ ਅਪੀਲ ਕੀਤੀ ਗਈ ਹੈ। ਕਿਉਂਕਿ ਅਜ਼ਾਦ ਸਿੱਖ ਰਾਜ ਖਾਲਿਸਤਾਨ ਹੀ ਸਮੂਹ ਸਿੱਖ ਸਮੱਸਿਆਵਾਂ ਦਾ ਸਥਾਈ ਹੱਲ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ.ਕੇ. ਵਲੋਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਕੋਚਾਂ ਦਾ ਪ੍ਰਬੰਧ ਕਰਨ ਅਤੇ ਸਿੱਖ ਸੰਗਤਾਂ ਨੂੰ ਕਿ 19 ਜੂਨ ਵਾਲੇ ਦਿਨ ਕੋਈ ਵੀ ਪਰਿਵਾਰਕ ਸਮਾਗਮ ਨਾ ਉਲੀਕਣ ਦੀ ਸਨਿਮਰ ਅਪੀਲ ਕੀਤੀ ਗਈ ਹੈ।

# ਜਥੇਦਾਰ ਨੇ ਜ਼ੈੱਡ ਸੁਰੱਖਿਆ ਪ੍ਰਵਾਨ ਕੀਤੀ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀ ਸੁਰੱਖਿਆ ਨੂੰ ਲੈ ਕੇ ਕੇਂਦਰ ਸਰਕਾਰ ਵੱਲੋਂ ਜ਼ੈੱਡ ਸੁਰੱਖਿਆ ਮੁਹੱਈਆ ਕਰਵਾ ਦਿੱਤੀ ਗਈ ਹੈ। ਕੇਂਦਰ ਵੱਲੋਂ ਜ਼ੈੱਡ ਸੁਰੱਖਿਆ ਵਿਚ ਸਿੱਖ ਕਮਾਂਡੋ ਤਾਇਨਾਤ ਕੀਤੇ ਗਏ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਪੰਜਾਬ ਸਰਕਾਰ ਦੇ ਸੁਰੱਖਿਆ ਮੁਲਾਜ਼ਮ ਵੀ ਜਥੇਦਾਰ ਦੀ ਸੁਰੱਖਿਆ ਲਈ ਤਾਇਨਾਤ ਹੋ ਗਏ ਹਨ। ਜਥੇਦਾਰ ਹੁਣ ਪੂਰੀ ਤਰਾਂ ਸਰਕਾਰੀ ਸੁਰੱਖਿਆ ਦੇ ਘੇਰੇ ਵਿਚ ਹਨ ਜਿਥੇ ਪੰਜਾਬ ਪੁਲਿਸ ਵੱਲੋਂ ਜਥੇਦਾਰ ਦੀ ਲਗਾਤਾਰ ਸੁਰੱਖਿਆ ਕੀਤੀ ਜਾ ਰਹੀ ਸੀ, ਉਥੇ ਹੀ ਪੰਜਾਬ ਸਰਕਾਰ ਵੱਲੋਂ ਸੁਰੱਖਿਆ ਘਟਾਉਣ ਤੋਂ ਬਾਅਦ ਜਥੇਦਾਰ ਨੇ ਬਾਕੀ ਸੁਰੱਖਿਆ ਵੀ ਵਾਪਸ ਭੇਜ ਦਿੱਤੀ ਸੀ ਜਿਸ ਤੋਂ ਬਾਅਦ ਹੀ ਕੇਂਦਰ ਸਰਕਾਰ ਨੇ ਜਥੇਦਾਰ ਨੂੰ ਜ਼ੈੱਡ



ਸੁਰੱਖਿਆ ਮੁਹੱਈਆ ਕਰਵਾਈ ਅਤੇ ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਵੀ ਜਥੇਦਾਰ ਨੂੰ ਪੰਜਾਬ ਪੁਲਿਸ ਦੀ ਸੁਰੱਖਿਆ ਮੁੜ ਬਹਾਲ ਕਰ ਦਿੱਤੀ ਸੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਸੁਰੱਖਿਆ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਮੇਟੀ ਦੇ 12 ਮੁਲਾਜ਼ਮ ਜਥੇਦਾਰ ਦੀ ਸੁਰੱਖਿਆ ਲਈ ਮੁਹੱਈਆ ਕਰਵਾਏ ਅਤੇ ਪ੍ਰਧਾਨ ਧਾਮੀ ਨੇ ਇਹ ਕਿਹਾ ਸੀ ਕਿ ਕਮੇਟੀ ਦੇ ਮਰਜੀਵੜੇ ਜਥੇਦਾਰ ਦੀ ਸੁਰੱਖਿਆ ਕਰਨਗੇ। ਜਥੇਦਾਰ ਨੂੰ ਕਿਸੇ ਵੀ ਕਿਸਮ ਦੀ ਸਰਕਾਰੀ ਸੁਰੱਖਿਆ ਦੀ ਜ਼ਰੂਰਤ ਨਹੀਂ ਹੈ। ਪਰ ਹੁਣ ਜਥੇਦਾਰ ਸਰਕਾਰੀ ਸੁਰੱਖਿਆ ਲੈਣ ਲਈ ਮੰਨ ਗਏ। ਹੁਣ ਜਥੇਦਾਰ ਦੇ ਨਾਲ ਜਿੱਥੇ ਕੇਂਦਰ ਦੀ ਜ਼ੈੱਡ ਸੁਰੱਖਿਆ ਹੈ, ਉਥੇ ਹੀ ਪੰਜਾਬ ਦੇ 6 ਪੁਲਿਸ ਮੁਲਾਜ਼ਮ ਵੀ ਸੁਰੱਖਿਆ ਦਾ ਘੇਰਾ ਬਣਾਈ ਬੈਠੇ ਹਨ। ਸਰਕਾਰੀ ਸੁਰੱਖਿਆ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਮਰਜੀਵੜੇ ਵਿਹਲੇ ਬੈਠ ਗਏ ਹਨ।

# ‘ਨਕਲੀ ਸੂਰਜ’ ਨਾਲ ਰੌਸ਼ਨ ਹੋਵੇਗਾ ਸੰਸਾਰ, ਮਿਲੇਗਾ ਊਰਜਾ ਦਾ ਵਿਸ਼ਾਲ ਭੰਡਾਰ

**ਲੰਡਨ/ਏ.ਟੀ.ਨਿਊਜ਼ :-** ਕੁਝ ਸਾਲ ਪਹਿਲਾਂ ਜੇਕਰ ਕੋਈ ਆਸਮਾਨ ’ਤੇ ਦੋ ਸੂਰਜ ਚਮਕਣ ਦੀ ਗੱਲ ਕਰਦਾ ਤਾਂ ਇਸ ਨੂੰ ਸਿਰਫ ਉਸ ਦੀ ਕਲਪਨਾ ਕਿਹਾ ਜਾਣਾ ਸੀ। ਹੁਣ ਅਜਿਹਾ ਨਹੀਂ ਹੈ। ਭਾਰਤ ਸਮੇਤ 35 ਦੇਸ਼ਾਂ ਦੇ ਵਿਗਿਆਨੀ ਨਕਲੀ ਸੂਰਜ ’ਤੇ ਕੰਮ ਕਰ ਰਹੇ ਹਨ। ਇਸ ਖੋਜ ਲਈ ਫਰਾਂਸ ਦੇ ਸੇਂਟ ਪਾਲ ਲੇਜ਼ ਡਿਊਰੈਂਸ ਇਲਾਕੇ ਵਿੱਚ ਇੱਕ ਵਿਸ਼ਾਲ ਪ੍ਰਯੋਗਸ਼ਾਲਾ ਸਥਾਪਿਤ ਕੀਤੀ ਗਈ ਹੈ। ਜੇਕਰ ਪ੍ਰਯੋਗ ਸਫਲ ਹੁੰਦਾ ਹੈ ਤਾਂ ਮਨੁੱਖ ਨੂੰ ਊਰਜਾ ਦਾ ਇੱਕ ਨਵਿਆਉਣਯੋਗ ਸਰੋਤ ਮਿਲੇਗਾ, ਜਿਸ ਦੇ ਖ਼ਤਮ ਹੋਣ ਦਾ ਕੋਈ ਡਰ ਨਹੀਂ ਹੋਵੇਗਾ। ਇਹ ਸੂਰਜ ਆਸਮਾਨ ਵਿੱਚ ਨਹੀਂ ਚਮਕੇਗਾ ਪਰ ਇਸ ਦੀ ਊਰਜਾ ਨਾਲ ਪੂਰਾ ਸੰਸਾਰ ਜ਼ਰੂਰ ਪ੍ਰਕਾਸ਼ਮਾਨ ਹੋਵੇਗਾ। ਸੂਰਜ ਆਪਣੀ ਤਾਕਤ ਨਿਊਕਲਰ ਫਿਊਜ਼ਨ ਤੋਂ ਪ੍ਰਾਪਤ ਕਰਦਾ ਹੈ

ਸੂਰਜ ਦੀ ਊਰਜਾ ਦਾ ਸਰੋਤ ਪ੍ਰਮਾਣੂ ਫਿਊਜ਼ਨ ਦੀ ਪ੍ਰਕਿਰਿਆ ਹੈ। ਨਿਊਕਲੀਅਰ ਫਿਊਜ਼ਨ ਦੀ ਪ੍ਰਕਿਰਿਆ ਵਿੱਚ, ਦੋ ਛੋਟੇ ਅਣੂ ਇਕੱਠੇ ਹੋ ਕੇ ਇੱਕ ਵੱਡਾ ਅਣੂ ਬਣਾਉਂਦੇ ਹਨ। ਹਾਈਡ੍ਰੋਜਨ ਦੇ ਦੋ ਅਣੂਆਂ ਦੇ ਮਿਲਾਪ ਦੁਆਰਾ ਹੀ ਹੀਲੀਅਮ ਬਣਨ ਦੀ ਪ੍ਰਕਿਰਿਆ ਵਿਚ ਮੁਕਤ ਹੋਣ ਵਾਲੀ ਅਥਾਹ ਊਰਜਾ ਹੀ ਸੂਰਜ ਅਤੇ ਬ੍ਰਹਿਮੰਡ ਵਿਚ ਹੋਰ ਬਹੁਤ ਸਾਰੇ



ਤਾਰਿਆਂ ਦੀ ਨਿਰੰਤਰ ਊਰਜਾ ਦਾ ਸਰੋਤ ਹੈ।ਵਿਗਿਆਨੀਆਂ ਦਾ ਕਹਿਣਾ ਹੈ ਕਿ ਜਦੋਂ ਧਰਤੀ ਦੀ ਆਬਾਦੀ ਇੱਕ ਅਰਬ ਸੀ, ਉਦੋਂ ਇੱਥੇ ਨਵਿਆਉਣਯੋਗ ਊਰਜਾ ਦੇ ਕਾਫ਼ੀ ਸਰੋਤ ਸਨ ਪਰ ਅੱਜ ਦੀ ਅੱਠ ਅਰਬ ਅਬਾਦੀ ਦੀਆਂ ਊਰਜਾ ਲੋੜਾਂ ਨੂੰ ਪੂਰਾ ਕਰਨਾ ਜਾਰੀ ਰੱਖਣ ਲਈ ਸਾਨੂੰ ਅਜਿਹੇ ਸਰੋਤ ਵੱਲ ਜਾਣ ਦੀ ਲੋੜ ਹੈ ਜੋ ਅਸਲ ਵਿੱਚ ਨਵਿਆਉਣਯੋਗ ਹੈ। ਉਹ ਸਰੋਤ ਜਿਸਦੀ ਵਰਤੋਂ ਕੁਦਰਤ ਆਦਿ ਕਾਲ ਤੋਂ ਕਰਦੀ ਆ ਰਹੀ ਹੈ। ਊਰਜਾ ਦਾ ਉਹ ਸਰੋਤ ਪ੍ਰਮਾਣੂ ਫਿਊਜ਼ਨ ਹੈ।

ਕਿਹਾ ਜਾਂਦਾ ਹੈ ਕਿ ਜਦੋਂ ਵੀ ਕੋਈ ਪੁੱਛਦਾ ਸੀ ਕਿ ਨਿਊਕਲੀਅਰ ਫਿਊਜ਼ਨ ਕਦੋਂ ਸਫਲ ਹੋਵੇਗਾ ਤਾਂ ਜਵਾਬ ਹਮੇਸ਼ਾ ਇਹੀ ਹੁੰਦਾ ਸੀ ਕਿ ਅਜਿਹਾ ਘੱਟੋ-ਘੱਟ 30 ਸਾਲ ਬਾਅਦ ਹੋਵੇਗਾ। ਯਾਨੀ ਇਸ ਨੂੰ ਲਗਭਗ ਅਸੰਭਵ ਮੰਨਿਆ ਗਿਆ ਹੈ। ਹੁਣ ਪਹਿਲੀ ਵਾਰ ਪੰਜ ਸਕਿੰਟਾਂ ਲਈ ਲਗਾਤਾਰ ਨਿਊਕਲੀਅਰ ਫਿਊਜ਼ਨ ਊਰਜਾ ਪੈਦਾ ਕਰਨ ਵਿੱਚ ਸਫਲਤਾ ਮਿਲੀ ਹੈ। ਇਸ ਨੇ 59 ਮੈਗਾਜੂਲ ਊਰਜਾ ਪੈਦਾ ਕੀਤੀ। ਪੰਜ ਸਕਿੰਟ ਭਾਵੇਂ ਘੱਟ ਹਨ ਪਰ ਅਥਾਹ ਊਰਜਾ ਨੂੰ ਦੇਖਦੇ ਹੋਏ, ਇਸ ਪ੍ਰਕਿਰਿਆ ਨੂੰ ਲੰਬੇ ਸਮੇਂ ਤੱਕ ਸੰਭਾਲਣਾ ਇੱਕ ਵੱਡੀ ਪ੍ਰਾਪਤੀ ਹੈ। ਇਹ ਪਹਿਲੀ ਵਾਰ ਸਾਬਤ ਹੋਇਆ ਹੈ ਕਿ ਫਿਊਜ਼ਨ ਦੀ ਪ੍ਰਕਿਰਿਆ ਪ੍ਰਯੋਗਸ਼ਾਲਾ ਦੀਆਂ ਸਥਿਤੀਆਂ ਵਿੱਚ ਸੰਭਵ ਹੈ।ਇੰਝ ਕੀਤਾ ਜਾ ਰਿਹਾ ਪ੍ਰਯੋਗ

ਟੋਕਾਮੈਕ ਨਾਮਕ ਮਸ਼ੀਨ ਵਿੱਚ ਭਾਰੀ ਹਾਈਡ੍ਰੋਜਨ (ਡਿਊਟੇਰੀਅਮ ਅਤੇ ਟ੍ਰਿਟੀਅਮ) ਦੇ ਅਣੂ ਪਾਏ ਜਾਂਦੇ ਹਨ ਅਤੇ ਮਸ਼ੀਨ ਦੇ ਆਲੇ ਦੁਆਲੇ ਸੁਪਰ ਮੈਗਨੇਟ ਸਰਗਰਮ ਕਰ ਦਿੱਤੇ ਜਾਂਦੇ ਹਨ। ਇਸ ਨਾਲ ਅੰਦਰ ਪਲਾਜ਼ਮਾ ਬਣ ਜਾਂਦਾ ਹੈ।

**ਬਾਕੀ ਸਫ਼ਾ 31 ’ਤੇ**

# ਜੂਨ ਚੌਰਾਸੀ ਘੱਲੂਘਾਰਾ ਦੀ ਬਰਸੀ ’ਤੇ ਜਲੰਧਰ ਵਿਚ ਹਿੰਦੂ ਨੇਤਾ ਨਜ਼ਰਬੰਦ

## ਕਈਆਂ ਨੂੰ ਹਿਮਾਚਲ ਪ੍ਰਦੇਸ਼ ਲੈ ਗਈ ਪੁਲਿਸ

**ਜਲੰਧਰ/ਏ.ਟੀ.ਨਿਊਜ਼ :-** ਬੀਤੇ ਸੋਮਵਾਰ ਨੂੰ ਸਾਕਾ ਨੀਲਾ ਤਾਰਾ ਦੀ ਬਰਸੀ ਨੂੰ ਲੈ ਕੇ ਪੁਲਿਸ ਚੌਕਸ ਰਹੀ। ਪੁਲਿਸ ਨੇ ਜ਼ਿਲੇ ਦੇ ਹਿੰਦੂ ਸੰਗਠਨਾਂ ਦੇ ਨੁਮਾਇੰਦਿਆਂ ਨੂੰ ਤੜਕੇ ਹੀ ਨਜ਼ਰਬੰਦ ਕਰ ਦਿੱਤਾ। ਇਨਾਂ ਵਿਚ ਸ਼ਿਵ ਸੈਨਾ ਸਮਾਜਵਾਦੀ ਦੇ ਸੂਬਾ ਪ੍ਰਧਾਨ ਨਰਿੰਦਰ ਥਾਪਰ ਅਤੇ ਸ਼ਿਵ ਸੈਨਾ ਪੰਜਾਬ ਦੇ ਕੌਮੀ ਇੰਚਾਰਜ ਦੀਪਕ ਕੰਬੋਜ ਸ਼ਾਮਲ ਹਨ। ਕੁਝ ਹਿੰਦੂ ਸੰਗਠਨਾਂ ਦੇ ਨੁਮਾਇੰਦਿਆਂ ਨੂੰ ਘਰਾਂ ਦੇ ਅੰਦਰ ਤੇ ਕੁਝ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਪੁਲਿਸ ਹਿਮਾਚਲ ਪ੍ਰਦੇਸ਼ ਲੈ ਗਈ। ਹਿੰਦੂ ਸੰਗਠਨਾਂ ਦੇ ਨੁਮਾਇੰਦਿਆਂ ਨੇ ਇਸ ਪੂਰੀ ਘਟਨਾ ਦਾ ਵਿਰੋਧ ਜਤਾਇਆ।

ਦਰਅਸਲ 6 ਜੂਨ ਨੂੰ ਸਾਕਾ ਨੀਲਾ ਤਾਰਾ ਦੀ ਬਰਸੀ ਨੂੰ ਲੈ ਕੇ ਇਕ ਪਾਸੇ ਹਿੰਦੂ ਜਥੇਬੰਦੀਆਂ ਵੱਲੋਂ ਸਿੱਖ ਵਿਰੋਧੀ ਸਰਗਰਮੀਆਂ ਦਾ ਐਲਾਨ ਕੀਤਾ ਗਿਆ ਸੀ, ਉੱਥੇ ਹੀ ਦੂਜੇ ਪਾਸੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਪਹਿਲਾਂ ਹੀ ਵੱਖ-ਵੱਖ ਮਾਧਿਅਮਾਂ ਨਾਲ ਬਰਸੀ ਮਨਾਉਣ ਦਾ ਐਲਾਨ ਕੀਤਾ ਸੀ। ਇਸ ਦੌਰਾਨ ਪੁਲਿਸ ਨੇ ਸ਼ਹਿਰ ਵਿਚ ਸ਼ਾਂਤਮਈ ਮਾਹੌਲ ਬਣਾਈ ਰੱਖਣ ਲਈ ਸੋਮਵਾਰ ਤੜਕੇ ਹਿੰਦੂ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਘਰਾਂ ਵਿਚ ਨਜ਼ਰਬੰਦ ਕਰ ਦਿੱਤਾ ਸੀ।

# ਡਿਪਟੀ ਕਮਿਸ਼ਨਰ ਤੇ ਪੁਲਿਸ ਮੁਖੀਆਂ ਦੇ ਦਫ਼ਤਰ ’ਤੇ ਖ਼ਾਲਿਸਤਾਨ ਦਾ ਝੰਡਾ ਲਹਿਰਾਉਣ ਦਾ ਮਾਮਲਾ

## ਪੰਨੂੰ ਖ਼ਿਲਾਫ਼ ਸਾਈਬਰ ਸੈੱਲ ਵਿਚ ਮਾਮਲਾ ਦਰਜ



**ਐੱਸ. ਏ. ਐੱਸ. ਨਗਰ/ਏ.ਟੀ.ਨਿਊਜ਼ :-** ਪੰਜਾਬ ਸਟੇਟ ਸਾਈਬਰ ਸੈੱਲ ਫੇਜ਼-4 ਮੁਹਾਲੀ ਵਿਖੇ ਸਿੱਖ ਫਾਰ ਜਸਟਿਸ ਨੂੰ ਚਲਾਉਣ ਵਾਲੇ ਗੁਰਪਤਵੰਤ ਸਿੰਘ ਪੰਨੂੰ ਖ਼ਿਲਾਫ਼ ਸੋਸ਼ਲ ਮੀਡੀਆ ’ਤੇ ਵੀਡੀਓ ਵਾਇਰਲ ਕਰਕੇ ਖ਼ਾਲਿਸਤਾਨ ਦੇ ਸਮਰਥਨ ਵਿਚ ਨੌਜਵਾਨਾਂ ਨੂੰ ਭੜਕਾਊ ਭਾਸ਼ਣ ਦੇਣ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਗਿਆ ਹੈ। ਪੰਨੂੰ ਖ਼ਿਲਾਫ਼ ਇਹ ਮਾਮਲਾ ਸਟੇਟ ਸਾਈਬਰ ਸੈੱਲ ਦੇ ਇੰਸਪੈਕਟਰ ਵਿਕਾਸ ਭਾਟੀਆ ਦੇ ਬਿਆਨਾਂ ’ਤੇ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਪੰਨੂੰ ਖ਼ਿਲਾਫ਼ 29 ਅਪ੍ਰੈਲ ਨੂੰ ਗੁਰੂਗ੍ਰਾਮ ਤੋਂ ਲੈ ਕੇ ਅੰਬਾਲਾ ਤੱਕ ਡਿਪਟੀ ਕਮਿਸ਼ਨਰ ਅਤੇ ਜ਼ਿਲਾ ਪੁਲਿਸ ਮੁਖੀਆਂ ਦੇ ਦਫ਼ਤਰ ’ਤੇ ਖ਼ਾਲਿਸਤਾਨ ਦਾ ਝੰਡਾ ਲਹਿਰਾਉਣ ਨੂੰ ਲੈ ਕੇ ਐਲਾਨ ਕਰਨ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਗਿਆ ਸੀ।

# ਗੈਂਗਲੈਂਡ ਬਣਿਆ ਪੰਜਾਬ 45 ਗੈਂਗਸਟਰ ਸਰਗਰਮ

## ✪ ਗਾਇਕਾਂ ਤੇ ਅਭਿਨੇਤਾਵਾਂ ਤੋਂ ਲੈ ਵੀ ਚੁੱਕੇ ਨੇ 10-10 ਲੱਖ ਦੀ ਰੰਗਦਾਰੀ ✪ ਵਿਦੇਸ਼ ਵਿਚ ਬੈਠੇ ਗੈਂਗਸਟਰ ਕਾਂਟ੍ਰੈਕਟ ਕਿਲਿੰਗ ਲਈ ਨੌਜਵਾਨਾਂ ਨੂੰ ਕੰਮ 'ਤੇ ਰੱਖ ਰਹੇ ਨੇ ✪ ਜੇਲਾਂ ਦੀ ਕਮਾਨ ਹਰਪ੍ਰੀਤ ਸਿੱਧੂ ਦੇ ਹੱਥ ✪ ਬੁਲੇਟ ਪਰੂਫ ਗੱਡੀਆਂ ਬਣਵਾਉਣ ਲੱਗੇ ਕਲਾਕਾਰ

**ਜਲੰਧਰ/ਏ.ਟੀ.ਨਿਊਜ਼ :-** ਪੰਜਾਬ ਪੁਲਸ ਅਨੁਸਾਰ ਸੂਬੇ ਵਿਚ ਘੱਟੋ-ਘੱਟ 45 ਗੈਂਗਸਟਰ ਸਰਗਰਮ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਭਾਰਤ ਅਤੇ ਵਿਦੇਸ਼ ਵਿਚ ਬੈਠੇ ਗੈਂਗਸਟਰ ਕਾਂਟ੍ਰੈਕਟ ਕੀਲਿੰਗ ਲਈ ਨੌਜਵਾਨਾਂ ਨੂੰ ਕੰਮ 'ਤੇ ਰੱਖ ਰਹੇ ਹਨ। ਇਸ ਤੋਂ ਇਲਾਵਾ ਗੈਂਗਸਟਰਾਂ ਦੇ ਅੰਤਰਰਾਜੀ ਸਬੰਧ ਪੁਲਿਸ ਲਈ ਸਿਰ ਦਰਦ ਸਾਬਤ ਹੋ ਰਹੇ ਹਨ। ਪੰਜਾਬ ਸਰਕਾਰ ਗੈਂਗਸਟਰਾਂ ਖਿਲਾਫ਼ ਸਖਤ ਹੋਈ ਹੈ। ਸਰਕਾਰ ਨੇ ਪੰਜਾਬ ਪੁਲਿਸ ਦੇ ਅਧਿਕਾਰੀ ਹਰਪ੍ਰੀਤ ਸਿੱਧੂ ਦੇ ਹੱਥ ਜੇਲਾਂ ਦੀ ਕਮਾਨ ਵੀ ਸੌਂਪ ਦਿੱਤੀ ਹੈ।

ਪੁਲਸ ਸੂਤਰਾਂ ਦਾ ਕਹਿਣਾ ਹੈ ਕਿ ਘੱਟੋ-ਘੱਟ 6 ਪੰਜਾਬੀ ਗਾਇਕਾਂ ਅਤੇ ਅਭਿਨੇਤਾਵਾਂ ਨੇ ਇਨਾਂ ਗੈਂਗਸਟਰਾਂ ਨੂੰ 2 ਮਹੀਨਿਆਂ 'ਚ 10-10 ਲੱਖ ਰੁਪਏ ਦੀ ਸੁਰੱਖਿਆ ਰਾਸ਼ੀ (ਰੰਗਦਾਰੀ) ਦਾ ਭੁਗਤਾਨ ਕੀਤਾ ਹੈ। ਇਸ ਤਰਾਂ ਦੀਆਂ ਖ਼ਬਰਾਂ ਤੋਂ ਹੱਕੀ-ਬੱਕੀ ਸੂਬਾ ਪੁਲਿਸ ਨੇ ਐਂਟੀ-ਗੈਂਗਸਟਰ ਟਾਸਕ ਫੋਰਸ ਦਾ ਗਠਨ ਕੀਤਾ ਹੈ, ਜੋ ਇਨਾਂ ਗੈਂਗਸਟਰਾਂ ਦੀਆਂ ਸਰਗਰਮੀਆਂ ਬਾਰੇ ਨਵੇਂ ਸਿਰਿਓਂ ਜਾਂਚ ਕਰੇਗੀ।

**ਜੇਲਾਂ ਵਿਚ ਬੰਦ ਹਨ 250 ਗੈਂਗਸਟਰ**

ਇਕ ਮੀਡੀਆ ਰਿਪੋਰਟ ਵਿਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਪੁਲਿਸ ਨੇ ਕੁਝ ਸਾਲ ਪਹਿਲਾਂ ਸੂਬੇ 'ਚ 545 ਗੈਂਗਸਟਰਾਂ ਨੂੰ ਸੂਚੀਬੱਧ ਕੀਤਾ ਸੀ। ਵਿੱਕੀ ਗੌਂਡਰ, ਪ੍ਰੇਮਾ ਲਾਹੌਰੀਆ ਅਤੇ ਜੈਪਾਲ ਵਰਗੇ ਵੱਡੇ ਅਪਰਾਧੀਆਂ ਦਾ ਸਫ਼ਾਇਆ ਕਰਦੇ ਹੋਏ ਪੁਲਿਸ ਨੇ ਉਨਾਂ ਵਿਚੋਂ 500 ਖ਼ਿਲਾਫ਼ ਕਾਰਵਾਈ ਕੀਤੀ ਸੀ। ਉਨਾਂ ਵਿਚੋਂ ਘੱਟੋ-ਘੱਟ 250 ਸੂਬੇ ਦੀਆਂ ਵੱਖ-ਵੱਖ ਜੇਲਾਂ ਵਿਚ ਬੰਦ ਹਨ, ਜਦੋਂਕਿ ਹੋਰ ਪੰਜਾਬ ਤੋਂ ਭੱਜ ਗਏ ਹਨ। 4 ਸਾਲਾਂ ਵਿਚ 6 ਵੱਖ-ਵੱਖ ਗਿਰੋਹ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਦਿੱਲੀ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਸਾਹਮਣੇ ਆਏ ਹਨ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਇਨਾਂ ਗਿਰੋਹਾਂ ਬਾਰੇ ਮੁੜ ਮੁਲਾਂਕਣ ਕੀਤਾ ਜਾਵੇਗਾ।

ਪੁਲਸ ਸੂਤਰਾਂ ਦਾ ਕਹਿਣਾ ਹੈ ਕਿ ਇਨਾਂ ਗਿਰੋਹਾਂ ਨੇ ਪੰਜਾਬ ਦੇ ਵਧਦੇ-ਫੁਲਦੇ ਸੰਗੀਤ ਅਤੇ ਫਿਲਮ ਇੰਡਸਟਰੀ ਵਿਚ ਨਿਵੇਸ਼ ਕੀਤਾ ਹੈ। ਉਨਾਂ ਦੇ ਵਿੱਤੀ ਦਾਅ ਉੱਚੇ ਹਨ, ਇਸ ਲਈ ਉਹ ਗਾਇਕਾਂ ਅਤੇ ਅਭਿਨੇਤਾਵਾਂ ਨੂੰ ਡਿਸਟ੍ਰੀਬਿਊਸ਼ਨ ਦੇ ਅਧਿਕਾਰ ਹਾਸਲ ਕਰਨ ਲਈ ਧਮਕਾਉਂਦੇ ਹਨ। ਗੈਂਗਸਟਰਾਂ ਨੇ ਸੂਬੇ ਦੇ ਛੋਟੇ ਸ਼ਹਿਰਾਂ ਵਿਚ ਵੱਖ-ਵੱਖ ਲੀਗਾਂ ਦੇ ਕਬੱਡੀ ਖਿਡਾਰੀਆਂ 'ਤੇ ਹਮਲਾ ਕਰਕੇ ਉਨਾਂ ਦਾ ਕਤਲ ਵੀ ਕਰ ਦਿੱਤਾ ਹੈ। ਪੁਲਿਸ ਨੂੰ ਕੁਝ ਅਪਰਾਧੀਆਂ ਦੀਆਂ ਜੇਲਾਂ ਵਿਚ ਚੱਲ ਰਹੀਆਂ ਕਾਰਵਾਈਆਂ ਬਾਰੇ ਪਤਾ ਹੈ। ਲਾਰੈਂਸ ਬਿਸ਼ਨੋਈ ਅਤੇ ਬੰਬੀਹਾ ਗਰੁੱਪ ਦੀ ਅਗਵਾਈ ਵਿਚ ਗਿਰੋਹ ਦੇ ਮੈਂਬਰ ਇਕ-ਦੂਜੇ ਦਾ ਵਿਰੋਧ ਕਰਦੇ ਹਨ ਅਤੇ ਵਿਰੋਧੀ ਮੈਂਬਰਾਂ ਅਤੇ ਉਨਾਂ ਨਾਲ ਸਬੰਧਤ ਲੋਕਾਂ ਨੂੰ ਮਾਰਨ ਦਾ ਕੋਈ ਮੌਕਾ ਨਹੀਂ ਛੱਡਦੇ। ਪੁਲਿਸ ਸੂਤਰਾਂ ਨੇ ਦੱਸਿਆ ਕਿ ਹੋਰ ਸੂਬਿਆਂ ਦੇ ਗਿਰੋਹ ਪੰਜਾਬ ਵਿਚਲੇ ਗਿਰੋਹਾਂ ਨਾਲ ਜੁੜ ਰਹੇ ਹਨ। ਹਰੇਕ ਗਿਰੋਹ ਆਪਣਾ ਦਬਦਬਾ ਸਾਬਤ ਕਰਨਾ ਚਾਹੁੰਦਾ ਹੈ। ਹਾਲਾਂਕਿ ਇਸ ਤੋਂ ਵੀ ਵੱਡੀ ਚਿੰਤਾ ਇਹ ਹੈ ਕਿ ਇਹ ਗਿਰੋਹ ਗੈਂਗਸਟਰ ਅਤੇ ਖਾੜਕੂ ਸੰਗਠਨਾਂ ਦੇ ਸੰਪਰਕ ਵਿਚ ਹਨ, ਜੋ ਉਨਾਂ ਨੂੰ ਸਰਹੱਦ ਪਾਰ ਤੋਂ ਹਥਿਆਰ ਸਪਲਾਈ ਕਰਦੇ ਹਨ। ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਗੈਂਗਸਟਰਾਂ ਵੱਲੋਂ ਦਿਨ-ਦਿਹਾੜੇ ਕੀਤੀ ਗਈ ਹੱਤਿਆ ਮਗਰੋਂ ਪੈਦਾ ਹੋਈ ਦਹਿਸ਼ਤ ਕਾਰਨ ਬਹੁਤ ਸਾਰੇ ਪੰਜਾਬੀ ਕਲਾਕਾਰਾਂ ਅਤੇ ਰਾਜਸੀ ਆਗੂਆਂ ਨੇ ਬੁਲੇਟ ਪਰੂਫ ਗੱਡੀਆਂ ਬਣਵਾਉਣ ਦੇ ਆਰਡਰ ਦਿੱਤੇ ਹਨ। ਜਲੰਧਰ ਵਿੱਚ ਬੁਲੇਟ ਪਰੂਫ ਗੱਡੀਆਂ ਬਣਾਉਣ ਵਾਲੀ ਕੰਪਨੀ ਕੋਲ ਪਿਛਲੇ ਚਾਰ ਦਿਨਾਂ ਵਿੱਚ 150 ਤੋਂ ਵੱਧ ਕਲਾਕਾਰਾਂ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਆਪਣੀ ਗੱਡੀਆਂ ਨੂੰ ਬੁਲੇਟ ਪਰੂਫ ਕਰਾਉਣ ਲਈ ਸਲਾਹ ਮਸ਼ਵਰਾ ਕੀਤਾ ਹੈ।

ਜਾਣਕਾਰੀ ਅਨੁਸਾਰ ਬੁਲੇਟ ਪਰੂਫ ਗੱਡੀਆਂ ਬਣਵਾਉਣ ਲਈ ਸੰਪਰਕ ਕਰਨ ਵਾਲਿਆਂ ਵਿੱਚ ਪੰਜਾਬ, ਦਿੱਲੀ, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਸਮੇਤ ਹੋਰ



ਸੂਬਿਆਂ ਦੇ ਕਲਾਕਾਰ, ਰਾਜਸੀ ਆਗੂ ਅਤੇ ਉਦਯੋਗਪਤੀ ਸ਼ਾਮਲ ਹਨ। ਕੰਪਨੀ ਨਾਲ ਸੰਪਰਕ ਕਰਨ ਵਾਲਿਆਂ ਵਿੱਚ ਸਭ ਤੋਂ ਵੱਧ ਰਾਜਸਥਾਨ ਦੇ ਲੋਕ ਸ਼ਾਮਲ ਹਨ, ਜਿਨਾਂ ਦੀ ਗਿਣਤੀ 37 ਦੱਸੀ ਜਾ ਰਹੀ ਹੈ, ਜਦਕਿ ਹਰਿਆਣੇ ਦੇ 30 ਜਣਿਆਂ ਨੇ ਸੰਪਰਕ ਕੀਤਾ ਹੈ। ਉੱਤਰ ਪ੍ਰਦੇਸ਼ ਦੇ 19 ਜਣਿਆਂ ਨੇ ਬੁਲੇਟ ਪਰੂਫ ਗੱਡੀਆਂ ਬਣਾਉਣ ਲਈ ਸੰਪਰਕ ਕੀਤਾ ਹੈ। ਪੂਨੇ ਤੇ ਮੁੰਬਈ ਤੋਂ 13, ਦਿੱਲੀ ਤੋਂ 24 ਜਣੇ ਅਤੇ ਬਾਕੀ ਸ਼ਖ਼ਸੀਅਤਾਂ ਤੇ ਕਲਾਕਾਰ ਪੰਜਾਬ ਨਾਲ ਸਬੰਧਤ ਦੱਸੇ ਜਾ ਰਹੇ ਹਨ।

ਜਾਣਕਾਰੀ ਅਨੁਸਾਰ ਦੇਸ਼ ਭਰ ਵਿੱਚ ਪੰਜਾਬ ਅਤੇ ਮੁੰਬਈ ਵਿਚ ਸਿਰਫ ਚਾਰ ਕੰਪਨੀਆਂ ਹੀ ਬੁਲੇਟ ਪਰੂਫ ਗੱਡੀਆਂ ਤਿਆਰ ਕਰਦੀਆਂ ਹਨ। ਪੰਜਾਬ ਵਿੱਚ ਜਲੰਧਰ ਅਤੇ ਮੁਹਾਲੀ ਵਿੱਚ ਬੁਲੇਟ ਪਰੂਫ ਗੱਡੀਆਂ ਤਿਆਰ ਕਰਨ ਦੀ ਇੰਡਸਟਰੀ ਹੈ। ਉੱਤਰੀ ਭਾਰਤ ਵਿੱਚ ਸਭ ਤੋਂ ਪਹਿਲਾਂ 1989 ਵਿੱਚ ਲਗਰ ਇੰਡਸਟਰੀ ਨੇ ਬੁਲੇਟ ਪਰੂਫ ਗੱਡੀਆਂ ਤਿਆਰ ਕਰਨ ਦੀ ਸ਼ੁਰੂਆਤ ਕੀਤੀ ਸੀ। ਉਸ ਤੋਂ ਬਾਅਦ 2006 ਵਿੱਚ ਟਾਟਾ ਮੋਟਰਜ਼ ਮੁਹਾਲੀ ਅਤੇ ਮੁੰਬਈ ਵਿੱਚ ਬੁਲੇਟ ਪਰੂਫ ਗੱਡੀਆਂ ਤਿਆਰ ਕਰਨ ਲੱਗੀ। ਇਹ ਗੱਡੀਆਂ ਤਿਆਰ ਕਰਨ ਤੋਂ ਪਹਿਲਾਂ ਸਬੰਧਤ ਜ਼ਿਲੇ ਦੇ ਡਿਪਟੀ ਕਮਿਸ਼ਨਰ ਜਾਂ ਸਬ ਡਵੀਜ਼ਨਲ ਮੈਜਿਸਟ੍ਰੇਟ ਕੋਲੋਂ ਪ੍ਰਵਾਨਗੀ ਲੈਣੀ ਪੈਂਦੀ ਹੈ। ਬੁਲੇਟ ਪਰੂਫ ਗੱਡੀ ਬਣਾਉਣ ਦੇ ਬੇਨਤੀ ਪੱਤਰ ਨੂੰ ਪੁਲਿਸ ਕਮਿਸ਼ਨਰ ਜਾਂ ਜ਼ਿਲਾ ਪੁਲੀਸ ਮੁਖੀ ਵੱਲੋਂ ਘੋਖਿਆ-ਪਰਖਿਆ ਜਾਂਦਾ ਹੈ ਤੇ ਮੁੜ ਇਸ ਦੀ ਪ੍ਰਵਾਨਗੀ ਗ੍ਰਹਿ ਵਿਭਾਗ ਦਿੰਦਾ ਹੈ।

ਸ਼ੀਸ਼ੇ ਅਤੇ ਦਰਵਾਜ਼ੇ ਬੁਲੇਟ ਪਰੂਫ ਕਰਵਾਉਣ ਨਾਲ ਗੱਡੀ ਦਾ ਤਿੰਨ ਕੁਇੰਟਲ ਭਾਰ ਵਧ ਜਾਂਦਾ ਹੈ। ਪੂਰੀ ਗੱਡੀ ਬੁਲੇਟ ਪਰੂਫ ਕਰਵਾਉਣ ਨਾਲ 10 ਕੁਇੰਟਲ ਭਾਰ ਵਧ ਜਾਂਦਾ ਹੈ ਅਤੇ ਐਵਰੇਜ ਵੀ ਅੱਧੀ ਰਹਿ ਜਾਂਦੀ ਹੈ। ਗੱਡੀ ਦਾ ਅਗਲਾ ਤੇ ਪਿਛਲਾ ਸ਼ੀਸ਼ਾ ਬੁਲੇਟ ਪਰੂਫ ਕਰਵਾਉਣ 'ਤੇ 8 ਤੋਂ 12 ਲੱਖ ਰੁਪਏ ਖਰਚ ਆਉਂਦਾ ਹੈ। ਸਾਰੇ ਸ਼ੀਸ਼ੇ ਤੇ ਸਾਰੇ ਦਰਵਾਜ਼ੇ ਬੁਲੇਟ ਪਰੂਫ ਕਰਾਉਣ ਲਈ 18 ਤੋਂ 22 ਲੱਖ ਰੁਪਏ ਖਰਚ ਆਉਂਦਾ ਹੈ। ਸਾਰੀ ਗੱਡੀ ਬੁਲੇਟ ਪਰੂਫ ਕਰਾਉਣ ਲਈ 40 ਤੋਂ 45 ਲੱਖ ਰੁਪਏ ਦਾ ਖਰਚ ਆਉਂਦਾ ਹੈ।

ਕੁਝ ਗੈਂਗਸਟਰਾਂ ਵੱਲੋਂ ਵੀ ਬੁਲੇਟ ਪਰੂਫ ਗੱਡੀਆਂ ਵਰਤਣ ਦੇ ਮਾਮਲੇ ਸਾਹਮਣੇ ਆਏ ਸਨ। ਇਹ ਖੁਲਾਸਾ 2003-2004 ਵਿੱਚ ਹੋਇਆ ਸੀ, ਜਦੋਂ ਉੱਤਰ ਪ੍ਰਦੇਸ਼ ਦੇ ਜੋਨਪੁਰ ਦੇ ਗੈਂਗਸਟਰ ਮੁੰਨਾ ਬਜਰੰਗੀ ਨੂੰ ਕਿਸੇ ਨੇ ਬੁਲੇਟ ਪਰੂਫ ਕਾਰ ਉਪਲੱਬਧ ਕਰਵਾਈ ਸੀ ਤਾਂ ਸੁਰੱਖਿਆ ਏਜੰਸੀਆਂ ਨੇ ਇਸ ਦੀ ਜਾਂਚ ਕੀਤੀ ਸੀ।

**ਗੈਂਗਵਾਰ ਦਾ ਸੇਕ ਐੱਨ. ਸੀ. ਆਰ. ਤਕ ਪਹੁੰਚਿਆ**

ਮੂਸੇਵਾਲਾ ਹੱਤਿਆ ਕਾਂਡ ਤੋਂ ਬਾਅਦ ਪੰਜਾਬ ਦੇ ਜਿਨਾਂ 2 ਗੈਂਗਸਟਰਾਂ ਦਰਮਿਆਨ ਦਬਦਬੇ ਨੂੰ ਲੈ ਕੇ ਸ਼ੁਰੂ ਹੋਈ ਜੰਗ ਦਾ ਖ਼ੁਲਾਸਾ ਹੋਇਆ ਹੈ, ਉਸ ਦਾ ਸੇਕ ਹੁਣ ਐੱਨ. ਸੀ. ਆਰ. ਤੱਕ ਪਹੁੰਚ ਗਿਆ ਹੈ। ਦੋਵਾਂ ਪਾਸਿਆਂ ਦੇ ਇਨਾਂ ਦੇ ਮਦਦਗਾਰ ਮੰਨੇ ਜਾਣ ਵਾਲੇ ਐੱਨ. ਸੀ. ਆਰ. ਦੇ ਗੈਂਗਸਟਰਾਂ ਦਰਮਿਆਨ ਹੁਣ ਗੈਂਗਵਾਰ ਦਾ ਡਰ ਵਧ ਗਿਆ ਹੈ। ਇਸ ਗੱਲ ਨੂੰ ਧਿਆਨ 'ਚ ਰੱਖਦੇ ਹੋਏ ਦਿੱਲੀ ਪੁਲਿਸ ਅਲਰਟ ਮੋਡ 'ਤੇ ਹੈ।

ਖ਼ਾਸ ਗੱਲ ਇਹ ਹੈ ਕਿ ਪੰਜਾਬ ਦੇ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਦਵਿੰਦਰ ਬੰਬੀਹਾ ਗੈਂਗ ਦਰਮਿਆਨ ਪੰਜਾਬੀ ਮਿਊਜ਼ਿਕ ਇੰਡਸਟਰੀ ਵਿਚ ਆਪਣਾ-ਆਪਣਾ ਸਿੱਕਾ ਜਮਾਉਣ ਲਈ ਚੱਲ ਰਹੀ ਵਜੂਦ ਦੀ ਲੜਾਈ ਵਿਚ ਦੋਵਾਂ ਧੜਿਆਂ ਨੂੰ ਐੱਨ. ਸੀ. ਆਰ. ਦੇ ਟਾਪ ਟੈੱਨ ਗੈਂਗਸਟਰਾਂ ਦਾ ਧੜਾ ਸੁਪੋਰਟ ਕਰ ਰਿਹਾ ਹੈ।

ਬਾਕੀ ਸਫ਼ਾ 30 'ਤੇ

# ਸਿੱਧੂ ਮੂਸੇਵਾਲਾ ਦੀ ਲਾਹੌਰ ਨਾਲ ਜੁੜੀ ਦਿਲੀ ਖ਼ਵਾਇਸ਼ ਰਹਿ ਗਈ ਅਧੂਰੀ

## ਪੰਜਾਬੀ ਪ੍ਰਚਾਰ ਦੇ ਯੂਥ ਵਿੰਗ ਦੇ ਪ੍ਰਧਾਨ ਅੰਜੁਮ ਗਿੱਲ ਮੁਤਾਬਕ ਪਾਕਿਸਤਾਨ ਵਿੱਚ ਸਿੱਧੂ ਨੂੰ ਪਿਆਰ ਕਰਨ ਵਾਲੇ ਬਹੁਤ ਨੇ

**ਲਾਹੌਰ/ਏ.ਟੀ.ਨਿਊਜ਼ :-** ਪਾਕਿਸਤਾਨ ਵਿੱਚ ਰਹਿੰਦੇ ਅੰਜੁਮ ਗਿੱਲ ਨੇ ਕਿਹਾ ਕਿ ਜਦੋਂ ਉਨਾਂ ਨੂੰ ਪਤਾ ਲੱਗਾ ਕਿ ਸਿੱਧੂ ਮੂਸੇਵਾਲਾ ਨਹੀਂ ਰਹੇ ਤਾਂ ਉਨਾਂ ਦੇ ਪੈਰਾਂ ਹੇਠੋਂ ਜਿਵੇਂ ਜ਼ਮੀਨ ਹੀ ਖਿਸਕ ਗਈ ਹੋਈ।ਪਾਕਿਸਤਾਨ ਵਿੱਚ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੰਮ ਕਰ ਰਹੀ ਸੰਸਥਾ ਪੰਜਾਬੀ ਪ੍ਰਚਾਰ ਦੇ ਯੂਥ ਵਿੰਗ ਦੇ ਪ੍ਰਧਾਨ ਅੰਜੁਮ ਗਿੱਲ ਮੁਤਾਬਕ ਪਾਕਿਸਤਾਨ ਵਿੱਚ ਸਿੱਧੂ ਨੂੰ ਪਿਆਰ ਕਰਨ ਵਾਲੇ ਬਹੁਤ ਹਨ।ਅੰਜੁਮ ਸਿੱਧੂ ਮੂਸੇਵਾਲੇ ਨਾਲ ਰਾਬਤੇ ਵਿੱਚ ਹੀ ਰਹੇ ਹਨ ਅਤੇ ਉਨਾਂ ਵੀਡੀਓ ਕਾਲ ਰਾਹੀਂ ਅਕਸਰ ਗੱਲਬਾਤ ਹੁੰਦੀ ਰਹਿੰਦੀ ਸੀ।ਅੰਜੁਮ ਮੁਤਾਬਕ ਸਿੱਧੂ ਮੂਸੇਵਾਲਾ ਨੂੰ ਪਾਕਿਸਤਾਨ ਆਉਣ ਦੀ ਕਾਫੀ ਤਾਂਘ ਸੀ ਅਤੇ ਉਹ ਉੱਥੇ ਆ ਕੇ ਕਿੱਥੇ-ਕਿੱਥੇ ਜਾਣਾ ਤੇ ਕੀ-ਕੀ ਵੇਖਣਾ ਇਸ ਬਾਰੇ ਦੱਸਿਆ ਕਰਦੇ ਸਨ।ਯਾਦ ਰਹੇ ਕਿ ਸਿੱਧੂ ਮੂਸੇਵਾਲਾ ਪੰਜਾਬੀ ਦਾ ਕੌਮਾਂਤਰੀ ਪੱਧਰ ਦਾ ਪੌਪ ਸਟਾਰ ਸੀ। ਉਨਾਂ ਦਾ 29 ਮਈ ਨੂੰ ਘੇਰ ਕੇ ਦਿਨ-ਦਿਹਾੜੇ ਅਤਿ ਆਧੁਨਿਕ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ ਸੀ। ਸਿੱਧੂ ਮੂਸੇਵਾਲਾ ਦੇ ਕਤਲ ਨੂੰ ਪੰਜਾਬ ਪੁਲਿਸ ਨੇ ਜਿਵੇਂ ਗੈਂਗਵਾਰ ਨਾਲ ਜੋੜਿਆ ਹੈ, ਉਸ ਨੇ ਪਿਛਲੇ ਕੁਝ ਸਮੇਂ ਤੋਂ ਹੋ ਰਹੀਆਂ ਹਿੰਸਕ ਵਾਰਦਾਤਾਂ ਪ੍ਰਤੀ ਲੋਕਾਂ ਦੀ ਚਿੰਤਾ ਨੂੰ ਸਿਖ਼ਰਾਂ ਉੱਤੇ ਪਹੁੰਚਾ ਦਿੱਤਾ ਹੈ। ਅੰਜੁਮ ਨੇ ਕਿਹਾ ਕਿ ਮੈਨੂੰ ਮੇਰੇ ਦੋਸਤ ਦਾ ਕਾਲ ਕੀਤੀ ਕਿ ਸੁਣਿਆ ਕਿ ਸਿੱਧੂ ਮੂਸੇਵਾਲਾ ਦੁਨੀਆਂ ਵਿਚ ਨਹੀਂ ਰਹੇ। ਮੈਂ ਉਨਾਂ ਨੂੰ ਪੁੱਛਿਆ ਕਿ ਤੁਹਾਨੂੰ ਕਿਵੇਂ ਪਤਾ ਲੱਗਾ, ਉਨਾਂ ਨੇ ਕਿਹਾ ਨਿਊਜ਼ ਚੱਲ ਰਹੀਆਂ। ਪਹਿਲਾਂ ਤਾਂ ਮੈਨੂੰ ਯਕੀਨ ਨਹੀਂ ਆਇਆ, ਮੈਂ ਫਿਰ ਭਾਰਤ ਦੇ ਪੰਜਾਬ ਵਿੱਚ ਰਹਿੰਦੇ ਇੱਕ ਹੋਰ ਗਾਇਕ ਨੂੰ ਕਾਲ ਕੀਤੀ। ਜੋ ਪਿਛਲੇ ਦਿਨੀਂ ਸਾਡੇ ਕੋਲ (ਪਾਕਿਸਤਾਨ) ਆਏ ਸਨ ਤੇ ਉਹ ਬਾਈ ਸਿੱਧੂ ਦੇ ਵੀ ਚੰਗੇ ਦੋਸਤ ਸਨ ਤੇ ਸਾਡੇ ਵੀ ਸਨ ਪਰ ਉਨਾਂ ਕਾਲ ਨਹੀਂ



ਚੁੱਕੀ।ਉਸ ਤੋਂ ਬਾਅਦ ਮੈਂ ਇੱਕ ਹੋਰ (ਭਾਰਤੀ ਪੰਜਾਬ ਵਿੱਚ ਰਹਿੰਦੇ) ਪੱਤਰਕਾਰ ਦੋਸਤ ਨੂੰ ਫੋਨ ਲਗਾਇਆ ਤਾਂ ਉਹ ਅੱਗੋਂ ਰੋ ਰਹੇ ਸਨ। ਉਨਾਂ ਨੇ ਦੱਸਿਆ, 'ਹਾਂ, ਵਾਕਈ ਨਹੀਂ ਰਹੇ।' ਸਿੱਧੂ ਮੂਸੇਵਾਲਾ ਨਾਲ ਜਦੋਂ ਪਹਿਲੀ ਵਾਰ ਗੱਲ ਹੋਈ। ਮੇਰੀ ਪਹਿਲੀ ਵਾਰ ਉਨਾਂ ਨਾਲ ਗੱਲ ਉਨਾਂ ਦੇ ਬਚਪਨ ਦੋਸਤ ਨੇ ਕਰਵਾਈ। ਇਸ ਤੋਂ ਬਾਅਦ ਫਿਲਮ ਇੰਡਸਟਰੀ ਦੇ ਲੋਕ, ਹੋਰ ਜੋ ਪੰਜਾਬੀ ਨਾਲ ਪਿਆਰ ਕਰਦੇ ਸਨ, ਜਦੋਂ ਉਹ ਉਨਾਂ ਕੋਲ ਜਾਂਦੇ ਸਨ ਤਾਂ ਉਹ ਸਾਡਾ ਅਕਸਰ ਉਨਾਂ ਨਾਲ ਜ਼ਿਕਰ ਕਰ ਦਿੰਦੇ ਸਨ ਕਿ ਉਧਰ (ਪਾਕਿਸਤਾਨ) ਵਿਚ ਆਪਣੇ ਭਰਾ ਹਨ। ਇਹ ਤਿੰਨ ਕੁ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਸਾਡੀ ਪਹਿਲੀ ਵਾਰ ਗੱਲਬਾਤ ਹੋਈ ਸੀ। ਉਸ ਤੋਂ ਬਾਅਦ ਫਿਰ ਸਾਡੀ ਗੱਲਬਾਤ ਅਕਸਰ ਹੁੰਦੀ ਰਹਿੰਦੀ ਸੀ ਤੇ ਆਖ਼ਰੀ ਵਾਰ ਥੋੜੇ ਦਿਨ ਪਹਿਲਾਂ ਹੀ ਗੱਲ ਹੋਈ ਸੀ। ਦਰਅਸਲ, ਮੈਂ ਉਨਾਂ ਨੂੰ ਇਧਰੋਂ ਪਿਸ਼ੋਰੀ ਚੱਪਲਾਂ ਭੇਜੀਆਂ ਸਨ ਤਾਂ ਮੈਂ ਫੋਨ ਕਰ ਕੇ ਪੁੱਛਿਆ ਕਿ ਬਾਈ ਪੂਰੀ ਆ ਗਈ ਜੁੱਤੀ। ਉਨਾਂ ਨੇ ਅੱਗੋਂ ਕਿਹਾ, 'ਬਾਈ ਮੇਰੇ ਪੈਰ ਵੱਡੇ ਹਨ ਤੇ ਤੁਸੀਂ ਥੋੜੀਆਂ ਛੋਟੀਆਂ ਜੁੱਤੀਆਂ ਭੇਜ ਦਿੱਤੀਆਂ ਹਨ। ਪਰ ਮੇਰੇ ਪਿਤਾ ਜੀ ਨੂੰ ਪੂਰੀ ਆ ਗਈ ਹੈ, ਉਨਾਂ ਨੇ ਪਾ ਲਈ ਹੈ।'

ਮੈਂ ਕਿਹਾ ਕਿ ਖ਼ੁਸ਼ੀ ਦੀ ਗੱਲ ਜੇ ਉਨਾਂ ਪੂਰੀ ਆ ਗਈ, ਮੈਂ ਤੁਹਾਨੂੰ ਵੱਡਾ ਨੰਬਰ ਭੇਜ ਦਿਆਂਗਾ। ਬੱਸ, ਇਹੀ ਆਖ਼ਰੀ ਗੱਲਬਾਤ ਸੀ, ਜੋ ਉਨਾਂ ਨਾਲ ਹੋਈ ਸੀ।ਪਾਕਿਸਤਾਨ ਆਉਣ ਬਾਰੇ ਜਦੋਂ ਵੀ ਗੱਲ ਹੁੰਦੀ ਉਦੋਂ ਹੀ ਆਖਦੇ ਹੁੰਦੇ ਸੀ ਕਿ ਮੈਂ ਜ਼ਰੂਰ ਆਵਾਂਗਾ ਤੇ ਜਲਦੀ ਆਵਾਂਗਾ। ਉਹ ਕਹਿੰਦੇ ਹੁੰਦੇ ਸਨ, 'ਜੇ ਮੇਰੀ ਕਿਤੇ ਸਭ ਤੋਂ ਜ਼ਿਆਦਾ ਜਾਣ ਦੀ ਦਿਲੀ ਰੀਝ ਹੈ ਤਾਂ ਉਹ ਹੈ ਪਾਕਿਸਤਾਨ ਜਾਣ ਦੀ ਹੈ। ਮੇਰੇ ਭਰਾ ਛੇਤੀ ਮਿਲਾਂਗੇ।' ਸਾਡੀ ਤਾਂ ਦਿਲੀਂ ਤਾਂਘ ਸੀ ਕਿ ਅਸੀਂ ਆਪਸ ਵਿੱਚ ਮਿਲੀਏ। ਸਾਡਾ ਵੀ ਦਿਲ ਕਰਦਾ ਸੀ ਕਿ ਉਨਾਂ ਨਾਲ ਮੁਲਾਕਾਤ ਹੋਵੇ ਤੇ ਉਨਾਂ ਦਾ ਦਿਲ ਵੀ ਸੀ ਪਾਕਿਸਤਾਨ ਦੇਖਾਂ। ਉਹ ਅਕਸਰ ਗੱਲ ਕਰਦੇ ਹੁੰਦੇ ਸਨ ਕਿ ਇੱਥੇ (ਪਾਕਿਸਤਾਨ) ਆ ਕੇ ਰਹਾਂ, ਮੈਂ (ਸਿੱਧੂ) ਕਿੰਨਾ ਲੋਕਾਂ ਕੋਲ ਜਾਵਾਂਗਾ, ਕਿੱਥੇ ਰਹਾਂਗਾ। ਫਿਰ ਇਧਰੋਂ ਜਦੋਂ ਲੋਕ ਸਾਨੂੰ ਮਿਲ ਕੇ ਜਾਂਦੇ ਸੀ ਤਾਂ ਉਨਾਂ ਨੂੰ ਦੱਸਦੇ ਹੁੰਦੇ ਸੀ ਕਿ ਉਹ ਸਾਡੇ ਕੋਲ ਰਹੇ ਸਨ। ਫਿਰ ਉਹ ਵੀ ਕਹਿਣ ਲੱਗੇ ਕਿ ਮੈਂ (ਸਿੱਧੂ) ਵੀ ਤੁਹਾਡੇ ਕੋਲ ਹੀ ਆ ਕੇ ਹੀ ਰਹਾਂਗਾ।

ਮੈਨੂੰ ਯਾਦ ਹੈ ਕਿ ਇੱਕ ਵਾਰ ਮੈਂ ਉਨਾਂ ਨੂੰ ਕਾਲ ਕੀਤੀ ਤੇ ਮੈਂ ਕਿਹਾ, 'ਲਵ ਯੂ ਆ ਬਾਈ ਟਰੱਕ ਭਰੇ' ਤਾਂ ਅੱਗੋਂ ਹੱਸ ਕੇ ਕਹਿੰਦੇ 'ਟਰੱਕ ਭਰ ਕੇ ਲਵ ਯੂ ਹੀ ਭੇਜਣਾ, ਹੋਰ ਨਾ ਕੁਝ ਭੇਜਣਾ।' ਇਹ ਗੱਲ ਮੈਨੂੰ ਹਮੇਸ਼ਾ ਉਨਾਂ ਦੀ ਯਾਦ ਰਹੇਗੀ ਤੇ ਉਨਾਂ ਦਾ ਉਹ ਹੱਸਦਾ ਚਿਹਰਾ ਮੈਂ ਕਦੇ ਨਹੀਂ ਭੁੱਲ ਸਕਦਾ।

ਇੱਕ ਵਾਰ ਚੜਦੇ ਪੰਜਾਬੋਂ ਆਇਆ ਪੱਤਰਕਾਰ ਮਿੱਤਰ ਤੇ ਮੈਂ ਲਾਹੌਰ ਘੁੰਮ ਰਹੇ ਸੀ,

ਬਾਕੀ ਸਫ਼ਾ 30'ਤੇ

# ਗੈਂਗਸਟਰ ਬਰਾੜ ਦੇ ਗਰੁੱਪ ਵਲੋਂ ਰੀਡਰ ਸਮੇਤ ਵਪਾਰੀਆਂ ਨੂੰ ਧਮਕੀ

## ਫਿਰੌਤੀ ਨਾ ਦਿਤੀ ਤਾਂ ਗੋਲ਼ੀਆਂ ਨਾਲ ਭੁੰਨ ਦਿਆਂਗੇ

**ਜਗਰਾਓਂ/ਏ.ਟੀ.ਨਿਊਜ਼ :-** ਗੈਂਗਸਟਰ ਬਰਾੜ ਦੇ ਗਰੁੱਪ ਵੱਲੋਂ ਜਗਰਾਓਂ ਦੇ ਪ੍ਰਸ਼ਾਸਨਿਕ ਅਧਿਕਾਰੀ ਦੇ ਰੀਡਰ ਸਮੇਤ ਵਪਾਰੀਆਂ ਨੂੰ ਫਿਰੌਤੀ ਮੰਗਣ ਤੇ ਨਾ ਦੇਣ 'ਤੇ ਗੋਲ਼ੀਆਂ ਨਾਲ ਭੁੰਨ ਦੇਣ ਦੀ ਧਮਕੀ ਦਿੱਤੀ ਗਈ ਹੈ। ਚਾਹੇ ਜਗਰਾਓਂ ਪੁਲਿਸ ਵੱਲੋਂ ਧਮਕੀ ਦੇਣ ਵਾਲਿਆਂ ਨੂੰ ਸ਼ਰਾਰਤੀ ਅਨਸਰ ਦੱਸਿਆ ਗਿਆ ਹੈ ਪਰ ਵਿਭਾਗੀ ਤੌਰ 'ਤੇ ਪੁਲਿਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਵਿਦੇਸ਼ੀ ਵਟਸਐਪ ਨੰਬਰ ਤੋਂ ਜਗਰਾਓਂ ਦੇ ਪਲਾਈ ਵਪਾਰੀ ਨੂੰ ਫੋਨ ਕਰਨ ਵਾਲੇ ਨੇ ਧਮਕੀ ਦਿੰਦਿਆਂ ਗੋਲੀਆਂ ਨਾਲ ਭੁੰਨ ਦੇਣ ਦੀ ਚਿਤਾਵਨੀ ਦਿੱਤੀ। ਹਾਲਾਂਕਿ ਉਨਾਂ ਵਪਾਰੀ ਤੋਂ ਕਿਸੇ ਤਰਾਂ ਦੀ ਕੋਈ ਫਿਰੌਤੀ ਨਹੀਂ ਮੰਗੀ ਪਰ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੰਦਿਆਂ ਪਰੇਸ਼ਾਨ ਕਰ ਦਿੱਤਾ ਹੈ।

ਪਲਾਈ ਵਪਾਰੀ ਤੇ ਉਸ ਦਾ ਪਰਿਵਾਰ ਇਸ ਧਮਕੀ ਤੋਂ ਬਾਅਦ ਸਹਿਮਿਆ ਪਿਆ ਹੈ। ਉਨਾਂ ਵੱਲੋਂ ਪੁਲਿਸ ਨੂੰ ਇਸ ਮਾਮਲੇ ਦੀ ਸ਼ਿਕਾਇਤ ਕੀਤੀ ਤਾਂ ਪੁਲਿਸ ਨੇ ਉਨਾਂ ਦੀ ਸ਼ਿਕਾਇਤ ਸੁਣਦਿਆਂ ਭਰੋਸਾ ਦਿੱਤਾ ਕਿ ਪੁਲਿਸ ਉਨਾਂ ਨਾਲ ਹੈ। ਇਸ ਤੋਂ ਬਾਅਦ ਜਗਰਾਓਂ ਦੇ ਇਕ ਪ੍ਰਸ਼ਾਸਨਿਕ ਅਧਿਕਾਰੀ ਦੇ ਰੀਡਰ ਦੇ ਘਰ ਵਾਲ਼ੇ ਫੋਨ 'ਤੇ ਉਸ ਦੀ ਬਾਹਰਲੇ ਵਟਸਐਪ ਨੰਬਰ ਤੋਂ ਕਰਾਸ ਕੀਤੀ ਤਸਵੀਰ ਭੇਜੀ ਗਈ ਤੇ ਫਿਰ ਫੋਨ ਕਰਕੇ ਦੋ ਲੱਖ ਰੁਪਏ ਫਿਰੌਤੀ ਦੀ ਮੰਗ ਕੀਤੀ। ਉਕਤ ਧਮਕੀ ਦੇਣ ਵਾਲੇ ਵੱਲੋਂ ਵੀ ਖ਼ੁਦ ਨੂੰ ਬਰਾੜ ਗਰੁੱਪ ਦਾ ਸਾਥੀ ਦੱਸਦਿਆਂ ਖਾਤਾ ਨੰਬਰ ਵੀ ਭੇਜਿਆ ਗਿਆ।

ਅਧਿਕਾਰੀ ਦੇ ਰੀਡਰ ਵੱਲੋਂ ਇਸ ਮਾਮਲੇ ਦੀ ਪੁਲਿਸ ਨੂੰ ਸ਼ਿਕਾਇਤ ਕੀਤੀ ਗਈ ਤਾਂ ਪੁਲਿਸ ਵੱਲੋਂ ਉਕਤ ਖਾਤਾ ਨੰਬਰ ਚੈੱਕ ਕਰਾਇਆ ਤਾਂ ਉਹ ਮੱਧ ਪ੍ਰਦੇਸ਼ ਦਾ ਪਾਇਆ ਗਿਆ। ਇਨਾਂ ਦੋਵਾਂ ਮਾਮਲਿਆਂ ਦੀ ਥਾਣਾ ਸਿਟੀ ਦੇ ਮੁਖੀ ਇੰਸਪੈਕਟਰ ਹਰਜਿੰਦਰ ਸਿੰਘ ਨੇ ਕਿਹਾ ਇਹ ਕਿਸੇ ਸ਼ਰਾਰਤੀ ਦੀ ਸ਼ਰਾਰਤ ਲੱਗਦੀ ਹੈ। ਇਸ ਦੇ ਬਾਵਜੂਦ ਪੁਲਿਸ ਇਸ ਮਾਮਲੇ ਵਿਚ ਬਣਦੀ ਕਾਰਵਾਈ ਕਰ ਰਹੀ ਹੈ।

# ਜ਼ਿਮਨੀ ਚੋਣ ਲੋਕ ਸਭਾ ਹਲਕਾ ਸੰਗਰੂਰ ਬਾਦਲ ਦਲ ਲਈ ਚੁਣੌਤੀ

## ✪ ਬੰਦੀ ਸਿੰਘਾਂ ਦੇ ਮੁੱਦੇ ’ਤੇ ਸਿਮਰਨਜੀਤ ਮਾਨ ਨੇ ਬਾਦਲ ਦਲ ਨੂੰ ਘੇਰਿਆ ✪ ਕਮਲਦੀਪ ਦੇ ਹੱਕ ਵਿਚ ਆਪਣਾ ਨਾਂ ਵਾਪਸ ਲੈਣ ਸਿਮਰਨਜੀਤ ਮਾਨ : ਸੁਖਬੀਰ

10 ਮਾਰਚ 2022 ਨੂੰ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ ਪੰਜਾਬੀਆਂ ਲਈ ਪਹਿਲੀ ਵਾਰ ਹੈਰਾਨੀਜਨਕ ਸਨ। ਪਹਿਲੀ ਵਾਰ ਆਪ ਪਾਰਟੀ ਦੀ ਸਰਕਾਰ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬੀਆਂ ਨੂੰ ਮਿਲੀ। ਮਾਨ ਦੇ ਮੁੱਖ ਮੰਤਰੀ ਬਣ ਜਾਣ ਨਾਲ ਲੋਕ ਸਭਾ ਹਲਕਾ ਸੰਗਰੂਰ ਦੀ ਸੀਟ ਖ਼ਾਲੀ ਹੋ ਗਈ ਜਿਸ ਕਰਕੇ ਸਿਆਸੀ ਹਲਕਿਆਂ ਵਿਚ ਇਸ ਚੋਣ ਨੂੰ ਲੈ ਕੇ ਖੁੰਢ-ਚਰਚਾ ਸ਼ੁਰੂ ਹੋ ਗਈ ਸੀ। ਅਕਾਲੀ ਦਲ ਅੰਮ੍ਰਿਤਸਰ ਨੇ ਆਪਣੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਸੰਗਰੂਰ ਤੋਂ ਉਮੀਦਵਾਰ ਐਲਾਨ ਕੇ ਪਹਿਲਕਦਮੀ ਵੀ ਸ਼ੁਰੂ ਕਰ ਦਿੱਤੀ ਹੈ। ਯਾਦ ਰਹੇ ਕਿ ਉਹ ਪਹਿਲਾਂ ਵੀ ਸੰਗਰੂਰ ਤੋਂ ਐੱਮਪੀ ਰਹਿ ਚੁੱਕੇ ਹਨ। ਉਨਾਂ ਨੇ ਸੁਰਜੀਤ ਸਿੰਘ ਬਰਨਾਲਾ ਦਾ ਮਜਬੂਤ ਕਿਲਾ ਤੋੜ ਕੇ ਆਪਣੀ ਹੋਂਦ ਦਰਜ ਕਰਵਾਈ ਸੀ। ਸੰਗਰੂਰ ਲੋਕ ਸਭਾ ਹਲਕਾ ਅਕਾਲੀ ਦਲ ਦੇ ਗੜ ਵਜੋਂ ਹੀ ਜਾਣਿਆ ਜਾਂਦਾ ਰਿਹਾ ਹੈ। ਪਿਛਲੇ ਵੀਹ ਕੁ ਸਾਲਾਂ ਤੋਂ ਅਕਾਲੀ ਦਲ ਵਿਚ ਧੜੇਬਾਜ਼ੀ ਕਾਰਨ ਸਿਮਰਨਜੀਤ ਸਿੰਘ ਮਾਨ, ਗੁਰਚਰਨ ਸਿੰਘ ਦੱਦਾਹੂਰ ਤੇ ਸੁਖਦੇਵ ਸਿੰਘ ਢੀਂਡਸਾ ਅਤੇ ਕਾਂਗਰਸ ਪਾਰਟੀ ਦੇ ਵਿਜੈਇੰਦਰ ਸਿੰਗਲਾ ਨੂੰ ਸੰਗਰੂਰ ਤੋਂ ਨੁਮਾਇੰਦਗੀ ਕਰਨ ਦਾ ਮੌਕਾ ਮਿਲਦਾ ਰਿਹਾ। ਸੰਨ 2014 ਤੋਂ ਪੰਜਾਬ ਵਿਚ ਆਪ ਪਾਰਟੀ ਦੀ ਆਮਦ ਤੋਂ ਬਾਅਦ ਇੱਥੋਂ ਭਗਵੰਤ ਮਾਨ ਲਗਾਤਾਰ ਦੋ ਵਾਰ ਸ਼ਾਨਦਾਰ ਜਿੱਤ ਦਰਜ ਕਰ ਚੁੱਕੇ ਹਨ। ਸੰਨ 2017 ਵਿਚ ਆਪ ਪਾਰਟੀ ਦੇ ਪੰਜ ਵਿਧਾਇਕ ਸੰਗਰੂਰ ਲੋਕ ਸਭਾ ਹਲਕੇ ਵਿਚੋਂ ਹੀ ਜਿੱਤੇ ਸਨ ਜਿਸ ਕਰਕੇ ਰਵਾਇਤੀ ਪਾਰਟੀਆਂ ਵਿਚ ਖਲਬਲੀ ਮਚਦੀ ਰਹੀ ਹੈ। ਸੰਨ 2019 ਦੀਆਂ ਲੋਕ ਸਭਾ ਚੋਣਾਂ ਵਿਚ ਪੂਰੇ ਪੰਜਾਬ ਵਿਚੋਂ ਸਿਰਫ਼ ਸੰਗਰੂਰ ਲੋਕ ਸਭਾ ਹਲਕੇ ਤੋਂ ਹੀ ਪਾਰਟੀ ਨੇ ਦੂਜੀ ਵਾਰ ਇਕ ਲੱਖ ਵੋਟਾਂ ਦੇ ਫ਼ਰਕ ਨਾਲ ਕਾਂਗਰਸ ਦੇ ਕੇਵਲ ਸਿੰਘ ਢਿੱਲੋਂ ਤੇ ਅਕਾਲੀ ਦਲ ਦੇ ਪਰਮਿੰਦਰ ਸਿੰਘ ਢੀਂਡਸਾ ਨੂੰ ਹਰਾਇਆ ਸੀ। ਸੰਗਰੂਰ ਲੋਕ ਸਭਾ ਹਲਕੇ ਅੰਦਰ ਅਕਾਲੀ ਦਲ ਦੇ ਸਮੇਂ ਬਰਨਾਲਾ ਤੇ ਢੀਂਡਸਾ ਗਰੁੱਪ ਦੀ ਗੁੱਟਬੰਦੀ ਜੱਗ ਜ਼ਾਹਰ ਰਹੀ ਹੈ। ਅੱਜ-ਕੱਲ ਸੰਗਰੂਰ ਲੋਕ ਸਭਾ ਹਲਕੇ ਵਿਚ ਕਾਂਗਰਸ ਦਾ ਇਕ ਵੀ ਵਿਧਾਇਕ ਨਹੀਂ। ਇਹੋ ਹਾਲ ਬਾਦਲ ਅਕਾਲੀ ਦਲ ਦਾ ਹੈ। ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਪੰਥਕ ਨਾਰਾਜ਼ਗੀ ਕਰਕੇ ਪਤਲੀ ਹਾਲਤ ਵਿਚ ਹੈ।

**ਦਰਪਣ ਝੂਠ ਨਹੀਂ ਬੋਲਦਾ**

ਬਾਦਲ ਦਲ ਇਸ ਸਮੇਂ ਭਰੋਸੇਯੋਗਤਾ ਬਹਾਲ ਕਰਨ ਦੀ ਚੁਣੌਤੀ ਨਾਲ ਜੂਝ ਰਹੀ ਹੈ। ਲਗਾਤਾਰ ਦੋ ਵਿਧਾਨ ਸਭਾ ਚੋਣਾਂ ਹਾਰਨ ਅਤੇ ਤਿੰਨ ਵਿਧਾਇਕਾਂ ਤੱਕ ਸੀਮਤ ਰਹਿ ਜਾਣ ਦੇ ਕਾਰਨਾਂ ਦੀ ਤਲਾਸ਼ ਕਰਨ ਲਈ ਅਕਾਲੀ ਦਲ ਨੇ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਿਚ ਤੇਰਾਂ ਮੈਂਬਰਾਂ ਦੀ ਕਮੇਟੀ ਬਣਾਈ ਸੀ। ਕਮੇਟੀ ਨੇ ਸੌ ਤੋਂ ਵੱਧ ਹਲਕਿਆਂ ਵਿਚ ਜਾ ਕੇ ਹੇਠਲੇ ਪੱਧਰ ਦੇ ਕਾਰਕੁਨਾਂ ਦੀ ਰਾਇ ਲੈਣ ਦੀ ਕੋਸ਼ਿਸ਼ ਕੀਤੀ ਅਤੇ ਇਸ ਤੋਂ ਬਾਅਦ ਰਿਪੋਰਟ ਤਿਆਰ ਕੀਤੀ ਹੈ। ਸੰਭਾਵਨਾ ਇਹ ਹੈ ਕਿ ਇਸ ਰਿਪੋਰਟ ਉੱਤੇ ਵਿਚਾਰ-ਵਟਾਂਦਰਾ ਸੰਗਰੂਰ ਹਲਕੇ ਦੀ ਲੋਕ ਸਭਾ ਦੀ ਜ਼ਿਮਨੀ ਚੋਣ ਤੋਂ ਬਾਅਦ ਹੋਵੇਗਾ। ਹੇਠਲੇ ਪੱਧਰ ਦੇ ਕਾਰਕੁਨਾਂ ਨੇ ਬੇਅਦਬੀ ਦੇ ਕੇਸਾਂ ਵਿਚ ਪਾਰਟੀ ਦੀ ਸਰਕਾਰ ਦੀ ਨਾਕਾਮਯਾਬੀ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ, ਬੁਚੜ ਪੁਲਿਸ ਅਧਿਕਾਰੀ ਨੂੰ ਡੀਜੀਪੀ ਲਗਾਉਣ ਸਮੇਤ ਅਨੇਕਾਂ ਗੱਲਾਂ ਖੁੱਲ ਕੇ ਕੀਤੀਆਂ ਹਨ।

ਪਰਿਵਾਰਵਾਦ ਦਾ ਮੁੱਦਾ ਅਕਾਲੀ ਦਲ ਦੀ ਬੁਨਿਆਦੀ ਸਮਝ ਅਤੇ ਇਸ ਨਾਲ ਜੁੜੀਆਂ ਪੰਥਕ ਜਥੇਬੰਦੀਆਂ ਦੀ ਆਜ਼ਾਦਾਨਾ ਹਸਤੀ ਦੇ ਰਾਹ ਦੇ ਰੋੜੇ ਵਜੋਂ ਦੇਖਿਆ ਜਾਂਦਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਧਾਰਮਿਕ, ਸਮਾਜਿਕ ਅਤੇ ਸਿਆਸੀ ਖੇਤਰਾਂ ਵਿਚ ਕਈ ਲੜਾਈਆਂ ਲੜੀਆਂ ਹਨ। ਪਾਰਟੀ ਦਾ ਵੋਟ ਬੈਂਕ ਪੰਥ ਅਤੇ ਕਿਸਾਨੀ ’ਤੇ ਆਧਾਰਿਤ ਹੈ। ਅਕਾਲੀ ਦਲ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਪਾਰਟੀ ਇਨਾਂ ਦੋਹਾਂ ਧੁਰਿਆਂ ਤੋਂ ਦੂਰ ਹੋ ਚੁਕੀ ਹੈ।

ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਸੀਟਾਂ ਜਿੱਤਣ ਦੇ ਟੀਚੇ ਤੋਂ ਬੇਹੱਦ ਪਿਛੜ ਗਿਆ ਅਤੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਸਮੇਤ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਚੋਣ ਹਾਰ ਗਏ ਸਨ।ਹੁਣ ਸ਼੍ਰੋਮਣੀ ਅਕਾਲੀ ਦਲ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦਿਆਂ ਦੁਆਲੇ ਪੰਥਕ ਧਿਰਾਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ਾਂ ਕੀਤੀਆਂ ਹਨ। ਗਿਆਰਾਂ ਮੈਂਬਰੀ ਕਮੇਟੀ ਵੀ ਬਣਾਈ ਪਰ ਬਾਦਲ ਦਲ ਵਲੋਂ ਸੰਗਰੂਰ ਸੀਟ



ਦੀ ਲਾਲਸਾ ਕਾਰਨ ਇਹ ਪੰਥਕ ਕਾਰਜ ਠੁਸ ਹੋ ਗਿਆ। ਬਾਦਲ ਦਲ ਦੀ ਕੋਰ ਕਮੇਟੀ ਨੇ ਸੰਗਰੂਰ ਤੋਂ ਸਾਂਝਾ ਪੰਥਕ ਉਮੀਦਵਾਰ ਕਮਲਦੀਪ ਕੌਰ ਜੋ ਕਿ ਬਲਵੰਤ ਸਿੰਘ ਰਾਜੋਆਣਾ ਬੰਦੀ ਸਿੰਘ ਦੀ ਭੈਣ ਹੈ, ਨੂੰ ਖੜਾ ਕਰਨ ਦੀ ਰਣਨੀਤੀ ਬਣਾਈ ਪਰ ਉਹ ਸਿਮਰਨਜੀਤ ਸਿੰਘ ਮਾਨ ਨਾਲ ਸਹਿਮਤ ਨਹੀਂ ਹੋ ਸਕੇ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਦੋ ਹੋਰ ਸੀਨੀਅਰ ਆਗੂਆਂ ਨੇ ਮਾਨ ਦੇ ਘਰ ਜਾ ਕੇ ਉਮੀਦਵਾਰੀ ਵਾਪਸ ਲੈਣ ਦੀ ਅਪੀਲ ਕੀਤੀ ਸੀ। ਮਾਨ ਨੇ ਅਗਲੇ ਦਿਨ ਬਾਦਲ ਦਲ ਵਿਰੁਧ ਹਮਲਾਵਰ ਬਿਆਨ ਦੇ ਕੇ ਚੁਣੌਤੀ ਖੜੀ ਕਰ ਦਿੱਤੀ। ਉਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ, ਹਰਜਿੰਦਰ ਸਿੰਘ ਧਾਮੀ, ਪ੍ਰੇਮ ਸਿੰਘ ਚੰਦੂਮਾਜਰਾ, ਬਲਵਿੰਦਰ ਸਿੰਘ ਭੂੰਦੜ ਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਉਨਾਂ ਨੂੰ ਮਿਲਣ ਲਈ ਆਏ ਸਨ। ਉਨਾਂ ਇਨਾਂ ਆਗੂਆਂ ਨੂੰ ਕਿਹਾ ਕਿ ਜੇ ਉਹ ਇਸ ਮਾਮਲੇ ਵਿਚ ਸੁਹਿਰਦ ਹਨ ਤਾਂ ਪਹਿਲਾਂ ਆਪਣੇ ਅਹੁਦੇ ਛੱਡਣ। ਉਨਾਂ ਕਿਹਾ ਕਿ ਇਸ ਕੰਮ ਦੀ ਸ਼ੁਰੂਆਤ ਘਰ ਤੋਂ ਕਰਨੀ ਚਾਹੀਦੀ ਹੈ। ਇਸ ਲਈ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਨਾਮਜ਼ਦ ਕੀਤਾ ਜਾਵੇ, ਦਮਦਮੀ ਟਕਸਾਲ ਦਾ ਮੁਖੀ ਭਾਈ ਦਯਾ ਸਿੰਘ ਲਾਹੌਰੀਆ ਨੂੰ ਨਾਮਜ਼ਦ ਕੀਤਾ ਜਾਵੇ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਜੋਂ ਭਾਈ ਜਗਤਾਰ ਸਿੰਘ ਹਵਾਰਾ ਨੂੰ ਨਾਮਜ਼ਦ ਕੀਤਾ ਜਾਵੇ। ਉਨਾਂ ਸੁਖਬੀਰ ਸਿੰਘ ਬਾਦਲ ਨੂੰ ਵੀ ਕਿਹਾ ਕਿ ਉਹ ਵੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਅਹੁਦਾ ਛੱਡੇ ਅਤੇ ਇਸ ਅਹੁਦੇ ’ਤੇ ਵੀ ਕਿਸੇ ਬੰਦੀ ਸਿੱਖ ਨੂੰ ਨਾਮਜ਼ਦ ਕੀਤਾ ਜਾਵੇ। ਉਨਾਂ ਦੋਸ਼ ਲਾਇਆ ਕਿ ਬਾਦਲਕਿਆਂ ਅਤੇ ਹਿੰਦੂਤਵੀਆਂ ਨੇ ਜਮਹੂਰੀਅਤ ਦਾ ਘਾਣ ਕੀਤਾ ਹੈ। ਪਿਛਲੇ 11 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਹੀਂ ਕਰਵਾਈਆਂ ਜਾ ਰਹੀਆਂ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਅਪੀਲ ਕੀਤੀ ਹੈ ਕਿ ਉਹ ਸੰਗਰੂਰ ਜ਼ਿਮਨੀ ਚੋਣ ਵਿੱਚ ਪੰਥਕ ਜਥੇਬੰਦੀਆਂ, ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੀ ਸਾਂਝੀ ਉਮੀਦਵਾਰ ਕਮਲਦੀਪ ਕੌਰ ਰਾਜੋਆਣਾ ਦੇ ਹੱਕ ਵਿੱਚ ਖੜਦੇ ਹੋਏ ਆਪਣਾ ਨਾਮ ਵਾਪਸ ਲੈਣ ਤਾਂ ਜੋ ਪੰਥਕ ਏਕਤਾ ਬਣੀ ਰਹੇ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਸਾਰੇ ਬੰਦੀ ਸਿੰਘਾਂ ਦੀ ਰਿਹਾਈ ਯਕੀਨੀ ਬਣਾਈ ਜਾ ਸਕੇ। ਉਨਾਂ ਮਾਨ ਨਾਲ ਵਾਅਦਾ ਵੀ ਕੀਤਾ ਸੀ ਕਿ ਇਹ ਚੋਣ ਸਿਰਫ਼ ਡੇਢ ਸਾਲ ਲਈ ਹੈ ਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਉਨਾਂ ਦੀ ਡਟ ਕੇ ਹਮਾਇਤ ਕਰੇਗਾ, ਪਰ ਉਨਾਂ ਆਪਣੀ ਜ਼ਿੱਦ ਨਹੀਂ ਛੱਡੀ।

ਪੰਜਾਬ ਦੀ ਸੌ ਸਾਲ ਤੋਂ ਪੁਰਾਣੀ ਕੁਰਬਾਨੀਆਂ ਨਾਲ ਲੈਸ ਪਾਰਟੀ ਇਸ ਸਮੇਂ ਸਿਆਸੀ ਨਾਲੋਂ ਵੀ ਵੱਧ ਇਖਲਾਕੀ ਸੰਕਟ ਵਿਚੋਂ ਗੁਜ਼ਰ ਰਹੀ ਹੈ। ਇਸ ਵਿਚੋਂ ਨਿਕਲਣ ਦੀ ਸੰਭਾਵਨਾ ਦਿਖਾਈ ਨਹੀਂ ਦੇ ਰਹੀ।ਇਸ ਦਾ ਬਾਦਲ ਦਲ ਨੂੰ ਵਡਾ ਸਿਆਸੀ ਨੁਕਸਾਨ ਹੋ ਸਕਦਾ ਹੈ। ਜੇ ਬਾਦਲ ਦਲ ਮਾਨ ਲਈ ਸੰਗਰੂਰ ਸੀਟ ਖਾਲੀ ਛੱਡ ਦਿੰਦਾ ਤਾਂ ਅਕਾਲੀ ਦਲ ਦੇ ਰੋਸ਼ਨ ਹੋਣ ਦੀ ਸੰਭਾਵਨਾ ਵਧ ਸਕਦੀ ਸੀ। ਹੁਣ ਤਕ ਲੋਕ ਸਭਾ ਹਲਕਾ ਸੰਗਰੂਰ ਦੀ ਉਪ ਚੋਣ ਲਈ ਭਾਜਪਾ ਵਲੋਂ ਕਾਂਗਰਸ ਵਿਚੋਂ ਕਢੇ ਕੇਵਲ ਸਿੰਘ ਢਿੱਲੋਂ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਕਾਂਗਰਸ ਵਲੋਂ ਵੀ ਦਲਬੀਰ ਸਿੰਘ ਗੋਲਡੀ ਤੇ ‘ਆਪ’ ਵੱਲੋਂ ਗੁਰਮੇਲ ਸਿੰਘ ਘਰਾਚੋਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ।

ਕਾਂਗਰਸ ਦਾ ਕਾਟੋ-ਕਲੇਸ਼ ਅਜੇ ਵੀ ਰੁਕਿਆ ਨਹੀਂ। ਪਾਰਟੀ ਸੰਗਰੂਰ ਲੋਕ ਸਭਾ ਹਲਕੇ ਵਿਚ ਪੈਂਦੀਆਂ ਵਿਧਾਨ ਸਭਾ ਸੀਟਾਂ ’ਤੇ ਕਈ ਥਾਵਾਂ ’ਤੇ ਤੀਜੇ ਨੰਬਰ ’ਤੇ ਰਹੀ ਹੈ। ਮੌਜੂਦਾ ਸਮੇਂ ਭਾਵੇਂ ‘ਆਪ’ ਨੇ ਰਿਕਾਰਡ ਵੋਟਾਂ ਲੈ ਕੇ ਪੰਜਾਬ ’ਵਿਚ ਸਰਕਾਰ ਬਣਾ ਲਈ ਹੈ ਪਰ ਉਹ ਦੇ ਲਈ ਹਾਲਾਤ ਭਾਂਵੇਂ ਸਾਜ਼ਗਾਰ ਨਹੀਂ ਹਨ ਪਰ ਵਿਰੋਧੀ ਧਿਰਾਂ ਦੀ ਕਾਰਗੁਜ਼ਾਰੀ ਠੁਸ ਹੈ। ਸਿਧੂ ਮੂਸੇਵਾਲਾ ਦਾ ਕਤਲ ਤੇ ਪੰਜਾਬ ਵਿਚ ਗੈਂਗਸਟਰ ਹਿੰਸਾ ਆਪ ਸਰਕਾਰ ਲਈ ਚੈਲਿੰਜ ਹੈ।ਗਾਇਕ ਸਿੱਧੂ ਮੂਸੇਵਾਲੇ ਦੇ ਕਤਲ ਮਗਰੋਂ ਵਿਗੜੀ ਕਾਨੂੰਨ ਵਿਵਸਥਾ ਅਤੇ ਮੌਜੂਦਾ ਹਾਲਾਤਾਂ ਨੂੰ ਲੈ ਕੇ ਸੂਬੇ ਦੀ ਭਗਵੰਤ ਮਾਨ ਸਰਕਾਰ ਨੂੰ ਘੇਰਨ ਦੀ ਤਿਆਰੀ ਕਰ ਰਿਹਾ ਵਿਰੋਧੀ ਧਿਰ ਫ਼ਿਲਹਾਲ ਖਿੰਡਿਆ ਨਜ਼ਰ ਆ ਰਿਹਾ ਹੈ। ਸੱਤਾਧਾਰੀ ਪਾਰਟੀ ਦੇ ਵਿਰੋਧ ਵਿਚ ਇਕੱਠੀਆਂ ਹੋਈਆਂ ਪਾਰਟੀਆਂ ਕਾਂਗਰਸ, ਬਾਦਲ ਦਲ, ਭਾਜਪਾ, ਸੀ.ਪੀ.ਆਈ, ਸੀ.ਪੀ.ਆਈ (ਐਮ), ਬਸਪਾ ਅਤੇ ਹੋਰਨਾਂ ਪਾਰਟੀਆਂ ਦੀ ਸਾਂਝੀ ਮੀਟਿੰਗ ਜੋ ਪੰਜਾਬ ਭਵਨ ਵਿਖੇ ਸੱਦੀ ਗਈ ਸੀ, ਉਹ ਬਾਦਲ ਦਲ ਅਤੇ ਭਾਜਪਾ ਕਾਰਨ ਮੁਲਤਵੀ ਕਰ ਦਿੱਤੀ ਗਈ ਸੀ। ਇੰਜ ਜਾਪਦਾ ਹੈ ਕਿ ਵਿਰੋਧੀ ਧਿਰਾਂ ਦੀ ਫੁਟ ਕਾਰਨ ਆਪ ਨੂੰ ਲਾਭ ਮਿਲਣ ਦੀ ਸੰਭਾਵਨਾ ਹੈ।

## ਰਾਜਾ ਵੜਿੰਗ ਦੀ ਅਗਵਾਈ ਵੀ ਕਾਂਗਰਸ ਦੀ ਫੂਕ ਨਿਕਲੀ



ਵਿਧਾਨ ਸਭਾ ਚੋਣਾਂ ਵਿਚ ਮਿਲੀ ਕਰਾਰੀ ਹਾਰ ਤੋਂ ਬਾਅਦ ਕਾਂਗਰਸ ਹਾਈਕਮਾਨ ਲਈ ਸੂਬੇ ਅੰਦਰ ਪਾਰਟੀ ਨੂੰ ਇਕਜੁੱਟ ਰੱਖਣਾ ਵੱਡੀ ਚੁਣੌਤੀ ਬਣਿਆ ਹੋਇਆ ਹੈ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਵਲੋਂ ਭਾਜਪਾ ਵਿਚ ਸ਼ਾਮਿਲ ਹੋਣ ਤੋਂ ਬਾਅਦ ਲੰਘੇ ਸਨਿਚਰਵਾਰ ਨੂੰ ਕਈ ਸਾਬਕਾ ਮੰਤਰੀਆਂ ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ, ਡਾ. ਰਾਜ ਕੁਮਾਰ ਵੇਰਕਾ, ਸੁੰਦਰ ਸ਼ਾਮ ਅਰੋੜਾ ਅਤੇ ਹੋਰ ਕਾਂਗਰਸੀ ਆਗੂਆਂ ਨੇ ਅਮਿਤ ਸ਼ਾਹ ਦੀ ਚੰਡੀਗੜ ਫੇਰੀ ਦੌਰਾਨ ਭਾਜਪਾ ਵਿਚ ਸ਼ਾਮਲ ਹੋ ਗਏ। ਇਸ ਕਾਰਨ ਪੰਜਾਬ ਕਾਂਗਰਸ ਦੇ ਮੌਜੂਦਾ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਦੀ ਕਾਰਜਸ਼ੈਲੀ ’ਤੇ ਵੀ ਸਵਾਲ ਉੱਠਣ ਲੱਗੇ ਹਨ। ਉਨਾਂ ਦੀ ਅਗਵਾਈ ਵੀ ਕਾਂਗਰਸ ਨੂੰ ਇਕਜੁੱਟ ਰੱਖਣ ਵਿਚ ਸਫਲ ਹੁੰਦੀ ਦਿਖਾਈ ਨਹੀਂ ਦੇ ਰਹੀ ਤੇ ਇਸ ਸਮੇਂ ਉਨਾਂ ਸਾਹਮਣੇ ਪਾਰਟੀ ਨੂੰ ਲਗਾਤਾਰ ਲੱਗ ਰਹੇ ਖੋਰੇ ਤੋਂ ਬਚਾਉਣਾ ਵੱਡੀ ਚੁਣੌਤੀ ਹੈ। ਕਾਂਗਰਸ ਹਾਈਕਮਾਨ ਵਲੋਂ ਪੰਜਾਬ ਦੀ ਕਮਾਨ ਜਦੋਂ ਦੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸੌਂਪੀ ਗਈ ਹੈ, ਉਸ ਸਮੇਂ ਤੋਂ ਲੈ ਕੇ ਕਾਂਗਰਸ ਨੂੰ ਲਗਾਤਾਰ ਝਟਕੇ ਲੱਗ ਰਹੇ ਹਨ। ਪਹਿਲਾਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਿਲ ਹੋ ਗਏ ਸਨ ਅਤੇ ਹੁਣੇ ਜਿਹੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ ’ਚ ਕਾਂਗਰਸ ਦੇ 5 ਸੀਨੀਅਰ ਆਗੂਆਂ ਤੇ ਸਾਬਕਾ ਮੰਤਰੀਆਂ ਵਲੋਂ ਭਾਜਪਾ ਦੇ ਰੱਥ ਵਿਚ ਸਵਾਰ ਹੋ ਜਾਣ ਨਾਲ ਕਾਂਗਰਸ ਦੀ ਹਾਲਤ ਕਾਫ਼ੀ ਪਤਲੀ ਹੋ ਗਈ ਹੈ। ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਿਲ ਹੋਏ ਸਾਬਕਾ ਕੈਬਨਿਟ ਮੰਤਰੀ ਡਾ. ਰਾਜ ਕੁਮਾਰ ਵੇਰਕਾ ਦੁਆਬੇ ਤੇ ਮਾਝੇ ਸਮੇਤ ਰਾਜ ਦੇ ਸਮੁੱਚੇ ਦਲਿਤ ਵਰਗ ਵਿਚ ਵੱਡਾ ਪ੍ਰਭਾਵ ਰੱਖਦੇ ਹਨ, ਜਦਕਿ ਸਾਬਕਾ ਕੈਬਨਿਟ ਮੰਤਰੀ ਸ਼ਾਮ ਸੁੰਦਰ ਅਰੋੜਾ, ਬਲਬੀਰ ਸਿੰਘ ਸਿੱਧੂ, ਕੇਵਲ ਸਿੰਘ ਢਿੱਲੋਂ ਤੇ ਗੁਰਪ੍ਰੀਤ ਸਿੰਘ ਕਾਂਗੜ ਦਾ ਵੀ ਆਪੋ-ਆਪਣੇ ਹਲਕਿਆਂ ’ਚ ਚੰਗਾ ਪ੍ਰਭਾਵ ਹੈ। ਹਾਲਾਂਕਿ ਕਾਂਗਰਸ ਨੂੰ ਲੱਗਣ ਵਾਲੇ ਖੋਰੇ ਦੇ ਕਿਆਸ ਉਸ ਸਮੇਂ ਹੀ ਲਗਾਏ ਜਾਣ ਲੱਗੇ ਸਨ, ਜਦੋਂ ਸੁਨੀਲ ਜਾਖੜ ਵਲੋਂ ਭਾਜਪਾ ਦਾ ਪੱਲਾ ਫੜ ਲਿਆ ਗਿਆ ਸੀ। ਕਾਂਗਰਸ ਲਈ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਅੱਜ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਿਲ ਹੋਣ ਵਾਲੇ ਆਗੂ ਕੋਈ ਆਮ ਵਰਕਰ ਨਹੀਂ ਬਲਕਿ ਪਿਛਲੀ ਕਾਂਗਰਸ ਸਰਕਾਰ ’ਚ ਕੈਬਨਿਟ ਮੰਤਰੀ ਦੇ ਅਹੁਦਿਆਂ ’ਤੇ ਰਹੇ ਹਨ ਤੇ ਹਾਈਕਮਾਨ ਵਲੋਂ ਵੀ ਉਨਾਂ ਨੂੰ ਪਾਰਟੀ ਵਿਚ ਵੱਡਾ ਮਾਣ ਸਤਿਕਾਰ ਦਿੱਤਾ ਜਾਂਦਾ ਰਿਹਾ ਹੈ ਪਰ ਇਸ ਦੇ ਬਾਵਜੂਦ ਉਨਾਂ ਵਲੋਂ ਕਾਂਗਰਸ ਤੋਂ ਕਿਨਾਰਾ ਕਰਨਾ ਕਈ ਤਰਾਂ ਦੇ ਸਵਾਲ ਖੜੇ ਕਰਦਾ ਹੈ। ਇਨਾਂ ਆਗੂਆਂ ਵਲੋਂ ਪਾਰਟੀ ਛੱਡਣ ਪਿੱਛੇ ਵੱਡਾ ਕਾਰਨ ਕਾਂਗਰਸ ਹਾਈਕਮਾਨ ਵਲੋਂ ਸੂਬਾ ਸੰਗਠਨ ਨੂੰ ਗੰਭੀਰਤਾ ਨਾਲ ਨਾ ਲਿਆ ਜਾਣਾ ਵੀ ਦੱਸਿਆ ਜਾ ਰਿਹਾ ਹੈ ਤੇ ਦੂਸਰਾ ਪੰਜਾਬ ਕਾਂਗਰਸ ਦੇ ਮੌਜੂਦਾ ਪ੍ਰਧਾਨ ਰਾਜਾ ਵੜਿੰਗ ਵੀ ਪਾਰਟੀ ਆਗੂਆਂ ਅੰਦਰ ਆਪਣੀ ਪੈਂਠ ਬਣਾਉਣ ਵਿਚ ਕੋਈ ਬਹੁਤਾ ਸਫਲ ਨਹੀਂ ਹੋ ਸਕੇ। ਇਹ ਵੀ ਪਤਾ ਲੱਗਾ ਹੈ ਕਿ ਉਨਾਂ ਵਲੋਂ ਸੂਬੇ ਦੇ ਸਿਆਸੀ ਹਾਲਾਤ ਅਤੇ ਪਾਰਟੀ ਦੇ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਲਈ ਨਾ ਤਾਂ ਕੋਈ ਮੀਟਿੰਗ ਹੀ ਬੁਲਾਈ ਗਈ ਹੈ ਤੇ ਨਾ ਹੀ ਇਸ ਸੰਬੰਧੀ ਕਦੇ ਕੋਈ ਮੰਥਨ ਕੀਤਾ ਗਿਆ। ਇੱਥੇ ਹੀ ਬੱਸ ਨਹੀਂ ਮਹਿੰਗਾਈ, ਬੇਰੁਜ਼ਗਾਰੀ ਅਤੇ ਸੂਬੇ ਦੀ ਅਮਨ ਕਾਨੂੰਨ ਵਿਵਸਥਾ ਸਮੇਤ ਹੋਰਨਾਂ ਲੋਕ ਮੁੱਦਿਆਂ ’ਤੇ ਵੀ ਉਹ ਪਾਰਟੀ ਪੱਧਰ ’ਤੇ ਕੋਈ ਠੋਸ ਪ੍ਰੋਗਰਾਮ ਨਹੀਂ ਦੇ ਸਕੇ ਤੇ ਨਾ ਹੀ ਪਾਰਟੀ ਵਰਕਰਾਂ ਨੂੰ ਸਰਗਰਮ ਕਰਨ ਵਿਚ ਸਫਲ ਹੋ ਸਕੇ ਹਨ। ਹੁਣ ਜਦੋਂ ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਸਿਰ ’ਤੇ ਹੈ ਅਤੇ ਆਉਣ ਵਾਲੇ ਸਮੇਂ ਵਿਚ ਨਗਰ ਨਿਗਮ ਅਤੇ ਲੋਕ ਸਭਾ ਦੀਆਂ ਚੋਣਾਂ ਵੀ ਹੋਣ ਵਾਲੀਆਂ ਹਨ ਤਾਂ ਅਜਿਹੇ ਸਮੇਂ ਪਾਰਟੀ ਨੂੰ ਸੰਕਟ ਵਿਚੋਂ ਕੱਢ ਕੇ ਇਕ ਮਜ਼ਬੂਤ ਵਿਰੋਧੀ ਧਿਰ ਦੇ ਫ਼ਰਜ਼ ਨਿਭਾਉਣ ਲਈ ਤਿਆਰ ਕਰਨਾ ਰਾਜਾ ਵੜਿੰਗ ਲਈ ਵੱਡੀ ਚੁਣੌਤੀ ਸਮਝੀ ਜਾ ਰਹੀ ਹੈ। ਇਸ ਦੌਰਾਨ ਪਤਾ ਲੱਗਾ ਹੈ ਕਿ ਆਉਣ ਵਾਲੇ ਦਿਨਾਂ ’ਚ ਕਾਂਗਰਸ ਦੇ ਕਈ ਹੋਰ ਵੱਡੇ ਆਗੂ ਵੀ ਪਾਰਟੀ ਛੱਡਣ ਦੀ ਤਿਆਰੀ ਵਿਚ ਹਨ ਤੇ ਹੁਣ ਦੇਖਣਾ ਹੋਵੇਗਾ ਕਿ ਕੀ ਰਾਜਾ ਵੜਿੰਗ ਇਨਾਂ ਆਗੂਆਂ ਨੂੰ ਪਾਰਟੀ ਨਾਲ ਜੋੜੇ ਰੱਖਣ ਵਿਚ ਕਾਮਯਾਬ ਹੁੰਦੇ ਹਨ ਜਾਂ ਨਹੀਂ।

ਪਰ ਪੰਜਾਬੀ ਪਹਿਲਾਂ ਹੀ ਸਿਆਸੀ ਜਮਾਤਾਂ ਪ੍ਰਤੀ ਕਾਫ਼ੀ ਉਦਾਸੀਨ ਹੋ ਚੁੱਕੇ ਹਨ। ਉਨਾਂ ਫਰਵਰੀ ਵਿਚ ‘ਆਪ’ ਨੂੰ ਇਸ ਲਈ ਵੋਟਾਂ ਪਾਈਆਂ, ਕਿਉਂਕਿ ਉਨਾਂ ਦਾ ਰਵਾਇਤੀ ਪਾਰਟੀਆਂ ਵਿਚੋਂ ਵਿਸ਼ਵਾਸ ਖ਼ਤਮ ਹੋ ਚੁੱਕਾ ਹੈ। ਕਾਂਗਰਸੀ ਤੇ ਅਕਾਲੀ ਆਗੂਆਂ ਦਾ ਭਾਜਪਾ ਵਿਚ ਸ਼ਾਮਲ ਹੋਣਾ ਬਚੇ-ਖੁਚੇ ਵਿਸ਼ਵਾਸ ਨੂੰ ਵੀ ਖ਼ੋਰਾ ਲਾ ਰਿਹਾ ਹੈ। ਜਿੱਥੇ ਦਲ-ਬਦਲੂ ਸਿਆਸੀ ਆਗੂਆਂ ਦੀ ਨੈਤਿਕਤਾ ਤੇ ਦਿਆਨਤਦਾਰੀ ਦੇ ਪ੍ਰਸ਼ਨ ਉਠਾਏ ਜਾ ਰਹੇ ਹਨ, ਉੱਥੇ ਪਾਰਟੀਆਂ ਦੀ ਸਾਖ਼ ਵੀ ਦਾਅ ’ਤੇ ਹੈ। ਪਿਛਲੇ ਪੰਦਰਾਂ ਸਾਲਾਂ ’ਚ ਅਕਾਲੀ ਦਲ ਦੇ ਦਸ ਸਾਲ ਅਤੇ ਕਾਂਗਰਸ ਦੇ ਪੰਜ ਸਾਲ ਦੇ ਰਾਜ ਦੌਰਾਨ ਸੂਬੇ ਨੇ ਅਜਿਹਾ ਸਿਆਸੀ ਤੇ ਨੈਤਿਕ ਨਿਘਾਰ ਦੇਖਿਆ ਹੈ ਜਿਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਆਗੂਆਂ ਦੀ ਲੋਕਾਂ ਪ੍ਰਤੀ ਕੋਈ ਪ੍ਰਤੀਬੱਧਤਾ ਨਹੀਂ, ਉਨਾਂ ਦੀ ਪ੍ਰਤੀਬੱਧਤਾ ਸਿਰਫ਼ ਸੱਤਾ ਤੇ ਧਨ ਪ੍ਰਤੀ ਹੈ। ਉਹ ਧਨ ਦੇ ਸਹਾਰੇ ਸੱਤਾ ਪ੍ਰਾਪਤ ਕਰਦੇ ਹਨ ਅਤੇ ਸੱਤਾ ਦੀ ਵਰਤੋਂ ਕਰ ਕੇ ਹੋਰ ਧਨਵਾਨ ਬਣਦੇ ਹਨ।

# ਗੈਂਗਸਟਰ ਦੀ ਦੁਨੀਆਂ ਵਿਚ ਜਾ ਰਹੇ ਪੰਜਾਬੀ ਪੁੱਤਾਂ ਦੇ ਨਾਂ ਖੁੱਲ੍ਹਾ ਖ਼ਤ

**ਪਰਮਜੀਤ ਕੌਰ ਸਰਹਿੰਦ**
**ਮੋਬਾਈਲ : 98728-98599**

ਪਿਆਰਿਓ ਦੁਲਾਰਿਓ ਕੁਝ ਅੰਬਰੋਂ ਟੁੱਟੇ ਤਾਰਿਓ, ਪੰਜਾਬ ਦੀਆਂ ਮਾਵਾਂ ਦੀ ਕਿੱਡੀ ਤ੍ਰਾਸਦੀ ਹੈ ਕਿ ਆਪਣੇ ਹੀ ਪੁੱਤਾਂ ਨਾਲ ਗੱਲ ਕਰਨ ਲਈ ਕੋਈ ਸ਼ਬਦ ਨਹੀਂ ਅਹੁੜ ਰਹੇ। ਪੰਜਾਬ ਦੇ ਹਿੱਤੂ ਕਹਿ ਰਹੇ ਹਨ ਕਿ ਪੰਜਾਬ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ ਤੇ ਇਸ ਤੋਂ ਮਿਰਚਾਂ ਵਾਰੋ। ਜ਼ਰਾ ਸੋਚੋ, ਉਹ ਮਿਰਚਾਂ ਅਸੀਂ ਕਿੱਥੋਂ ਲਿਆਈਏ ਜਿਹੜੀਆਂ ਆਪੇ ਲਾਈ ਨਜ਼ਰ ਨੂੰ ਲਾਹ ਸੁੱਟਣ ?

ਗੁਰੂਆਂ-ਪੀਰਾਂ ਦੀ ਧਰਤੀ 'ਤੇ ਜਦੋਂ ਅਣਹੋਣੀਆਂ ਵਾਪਰਨ ਲੱਗ ਪੈਣ, ਉਹ ਰੱਬੀ ਕਹਿਰ ਹੁੰਦਾ ਹੈ, ਕੋਈ ਨਜ਼ਰ ਨਹੀਂ ਹੁੰਦੀ। ਪੁੱਤਰੋ ! ਤੁਸੀਂ ਉਨਾਂ ਗੁਰੂਆਂ, ਬਾਦਸ਼ਾਹ ਦਰਵੇਸ਼ਾਂ ਦੀ ਵਰੋਸਾਈ ਧਰਤੀ ਦੇ ਜੰਮੇ-ਜਾਏ ਹੋ ਜਿਨਾਂ ਨੇ ਦੂਜੇ ਧਰਮਾਂ ਦੂਜੇ ਲੋਕਾਂ ਦੇ ਭਲੇ ਲਈ ਸੀਸ ਦਿੱਤੇ, ਸਰਬੰਸ ਵਾਰੇ। ਤੁਹਾਡੀ ਮੱਤ ਨੂੰ ਕੀ ਮਾਰ ਵਗ ਗਈ ਹੈ ਕਿ ਤੁਸੀਂ ਆਪਣੇ ਹੀ ਭਰਾਵਾਂ ਦਾ ਕਤਲੇਆਮ ਕਰ ਰਹੇ ਹੋ ? ਆਪਣੀਆਂ ਹੀ ਮਾਵਾਂ ਨੂੰ ਖ਼ੂਨ ਦੇ ਹੰਝੂ ਰੁਆ ਰਹੇ ਹੋ ਤੇ ਆਪਣੇ ਬੁੱਢੇ ਬਾਪੂਆਂ ਦੇ ਲੱਕ-ਮੋਢੇ ਤੋੜ ਰਹੇ ਹੋ।

ਉਨਾਂ ਨੂੰ ਗੱਭਰੂ ਪੁੱਤਾਂ ਦੀਆਂ ਅਰਥੀਆਂ ਚੁੱਕਣ ਤੇ ਚਿਖਾ ਨੂੰ ਅਗਨੀ ਦਿਖਾਉਣ ਦੀ ਦਿਲ ਕੰਬਾਊ ਸਜ਼ਾ ਦੇ ਰਹੇ ਹੋ। ਮਾਵਾਂ ਦੇ 'ਸੁਰਮੇ ਪੁੱਤਰੋ' ! ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਸੀਂ ਬੜੇ ਸਿਆਣੇ ਹੋ। ਸਿਆਣਪ ਦੇ ਜ਼ੋਰ 'ਤੇ ਹੀ ਤੁਸੀਂ ਆਪਣੇ ਭਰਾਵਾਂ ਨੂੰ, ਇਕ-ਦੂਜੇ ਨੂੰ ਮਾਰ-ਮੁਕਾਉਣ ਦੀਆਂ ਕੋਸ਼ਿਸ਼ਾਂ ਸਾਜ਼ਿਸ਼ਾਂ ਘੜਦੇ ਹੋ। ਕਦੇ ਕਿਸੇ ਕਾਰ ਵਿਚ ਜਾਂਦੇ ਨੂੰ ਪੰਛੀ-ਪੰਖੇਰੂਆਂ ਵਾਂਗ ਫੁੰਡ ਲੈਂਦੇ ਹੋ, ਕਦੇ ਐਕਸੀਡੈਂਟ ਦਾ ਡਰਾਮਾ ਰਚ ਲੈਂਦੇ ਹੋ, ਕਦੇ ਮਾਵਾਂ ਦੇ ਦੁੱਧ-ਮੱਖਣਾਂ ਨਾਲ ਪਾਲੇ ਗੁੰਦਵੇਂ ਸਰੀਰ ਵਾਲੇ ਜਵਾਨ ਪੁੱਤ ਨੂੰ ਕਬੱਡੀ ਖੇਡਦਿਆਂ ਢੇਰੀ ਕਰ ਦਿੰਦੇ ਹੋ ਤੇ ਕਦੇ ਕਿਸੇ ਮਾਮੇ-ਮਾਸੀ ਨੂੰ ਮਿਲਣ ਚੱਲੇ ਕਿਸੇ ਮਾਂ ਦੇ ਕੜੀ ਵਰਗੇ ਸ਼ੇਰ ਪੁੱਤ ਗੱਭਰੂ ਦੀ ਚੌੜੀ ਛਾਤੀ ਨੂੰ ਗੋਲੀਆਂ ਨਾਲ ਛਲਣੀ ਕਰ ਦਿੰਦੇ ਹੋ। ਇਹ ਗੋਲੀਆਂ ਸਿਰਫ਼ ਉਸ ਦਾ ਸੀਨਾ ਛਲਣੀ ਨਹੀਂ ਕਰਦੀਆਂ ਬਲਕਿ ਉਸ ਦੇ ਮਾਪਿਆਂ, ਮਿੱਤਰ-ਪਿਆਰਿਆਂ ਤੇ ਅਨੇਕਾਂ ਚਾਹੁਣ ਵਾਲਿਆਂ ਦੇ ਕਲੇਜੇ ਵੀ ਪੁਣ ਕੇ ਰੱਖ ਦਿੰਦੀਆਂ ਹਨ। ਕਮਲਿਓ..! ਕਿਹੜੀ ਗੱਲੋਂ ਇਹ ਕਮ-ਅਕਲੀਆਂ ਕਰਦੇ ਹੋ ? ਕਿਉਂ ਲੋਕਾਂ ਦੀਆਂ ਬਦਦੁਆਵਾਂ ਲੈਂਦੇ ਹੋ ? ਕਿਹੜਾ ਤੁਹਾਡਾ ਜ਼ਰ-ਜ਼ੋਰੂ ਜਾਂ ਜ਼ਮੀਨ ਦਾ ਝਗੜਾ ਹੈ ? ਮਾਵਾਂ ਦੇ ਜਿਗਰ ਦੇ ਟੁਕੜਿਓ ! ਬਚਪਨ ਵਿਚ ਵੀ ਤਾਂ ਤੁਸੀਂ ਦੋਸਤ-ਮਿੱਤਰ ਆਪਸ ਵਿਚ ਲੜਦੇ ਸੀ। ਸਕੂਲੋਂ ਆਉਂਦੇ-ਜਾਂਦੇ ਆਪਸ ਵਿਚ ਖਹਿੰਦੇ ਸੀ। ਘਰ ਆ ਕੇ ਫਿਰ ਗੀਟੇ, ਬੰਟੇ-ਗੋਲੀਆਂ, ਗੁੱਲੀ ਡੰਡਾ ਤੇ ਬਾਂਦਰ ਕੀਲਾ ਖੇਡਦੇ ਤੁਸੀਂ ਵੀਹ ਵਾਰੀ ਲੜਦੇ ਸੀ ਪਰ ਮਨਾਂ ਵਿਚ ਵੈਰ ਨਹੀਂ ਸੀ ਰੱਖਦੇ। ਸਵੇਰੇ ਲੜੇ, ਦੁਪਹਿਰੇ ਇਕੱਠੇ ਤੇ ਦੁਪਹਿਰੇ ਲੜੇ ਸ਼ਾਮੀਂ ਇਕ-ਮਿਕ।

ਕੀ ਤੁਸੀਂ ਪੰਜ ਦਰਿਆਵਾਂ ਦੇ ਦਰਿਆ-ਦਿਲ ਓਹੀ ਪੰਜਾਬੀ ਪੁੱਤ ਨਹੀਂ ਹੋ ? ਜਾਂ ਫਿਰ ਤੁਹਾਡੇ 'ਤੇ ਹੁਣ ਕੋਈ ਅਨੋਖੀ ਅਵੈੜੀ ਜਵਾਨੀ ਚੜ੍ਹੀ ਹੈ ਜਿਹੜੀ ਤੁਹਾਨੂੰ ਆਪਣੇ-ਪਰਾਏ, ਚੰਗੇ-ਮਾੜੇ ਤੇ ਮਨੁੱਖੀ ਫ਼ਰਜ਼ਾਂ ਤੋਂ ਹੀ ਬੇਮੁੱਖ ਕਰ ਰਹੀ ਹੈ। ਜਿਹੜੀ ਸੂਝ ਦੇ ਘੋੜੇ ਦੌੜਾ ਕੇ ਤੁਸੀਂ ਕਤਲਾਂ ਦੇ ਰਾਹ ਤੁਰ ਪਏ ਹੋ ਜੇ ਉਸ ਨੂੰ ਲਗਾਮ ਪਾ ਕੇ ਦੋਸਤੀਆਂ ਦਾ, ਜ਼ਿੰਦਗੀ ਦਾ ਸੱਚ ਪਛਾਣੋ ਤਾਂ ਪੰਜਾਬ ਦੇ ਵਿਹੜਿਆਂ ਵਿਚ ਨਿੱਤ ਸੱਥਰ ਨਾ ਵਿਛਣ। ਤੁਸੀਂ ਆਪਾ ਤੇ ਅਪਣੱਤ ਦੋਵੇਂ ਭੁੱਲਾ ਬੈਠੇ ਹੋ।

ਭੁੱਲੜੋ ! ਕੁਰਾਹੀਓ !! ਕਦੇ ਵੈਰ ਛੱਡ ਕੇ ਰਲ-ਬੈਠ ਕੇ ਮਸਲੇ ਵਿਚਾਰਨ ਵੱਲ ਵੀ ਧਿਆਨ ਦਿਉ। ਅਭਾਗੀਆਂ ਮਾਵਾਂ ਦੇ ਕਲੇਜੇ ਦੇ ਟੁਕੜਿਓ ! ਜਿਨਾਂ ਹੱਥਾਂ ਵਿਚ ਹਥਿਆਰ ਚੁੱਕੀ ਫਿਰਦੇ ਹੋ, ਉਨਾਂ ਹੱਥਾਂ ਨਾਲ ਕਦੇ ਦੂਜੇ ਦਾ ਹੱਥ ਫੜ ਕੇ ਮੋਹ-ਮੁਹੱਬਤ ਦਾ ਨਿੱਘ ਮਹਿਸੂਸ ਕਰੋ। ਜਿਨਾਂ ਬਾਹਵਾਂ ਤੇ ਛਾਤੀਆਂ ਦੇ ਤਾਣ ਤੁਸੀਂ ਆਪਣੇ ਹੀ ਭਰਾਵਾਂ ਨੂੰ ਮਾਰ ਰਹੇ ਹੋ, ਕਦੇ ਉਹੀ ਬਾਹਵਾਂ ਦੀ ਗਲਵੱਕੜੀ ਉਨਾਂ ਦੇ ਗਲ ਪਾ ਕੇ ਉਨਾਂ ਨੂੰ ਛਾਤੀ ਨਾਲ ਲਾ ਕੇ ਤਾਂ ਦੇਖੋ। ਤੁਹਾਡੀਆਂ ਰਗਾਂ ਵਿਚ ਇੱਕੋ ਜਿਹਾ ਖ਼ੂਨ ਹੈ। ਫਿਰ ਕਿਉਂ ਉਸ ਨੂੰ ਸੜਕਾਂ 'ਤੇ ਡੋਲਦੇ ਹੋ ? ਠੀਕ ਹੈ ਕਿਤੇ ਵਿਚਾਰਾਂ ਦਾ ਟਕਰਾਅ ਹੋ ਜਾਂਦਾ ਹੈ, ਕਦੇ ਕਿਸੇ ਤੋਂ ਕੋਈ ਭੁੱਲ-ਚੁੱਕ ਹੋ ਜਾਂਦੀ ਹੈ ਪਰ ਕੀ ਨਤੀਜੇ ਐਨੇ ਭਿਆਨਕ ਹੋਣੇ ਚਾਹੀਦੇ ਨੇ ? ਆਪਣੀਆਂ ਜੰਮਣ ਵਾਲੀਆਂ ਨੂੰ, ਆਪਣੇ ਮਿਹਨਤਾਂ ਕਰ ਕੇ ਮਿੱਟੀ ਨਾਲ ਮਿੱਟੀ ਹੋ ਕੇ ਪਾਲਣਹਾਰਿਆਂ ਨੂੰ ਪੁੱਛ ਕੇ ਦੇਖੋ ਕਿ ਔਲਾਦ ਦੇ ਜਵਾਨੀਓਂ ਟੁੱਟਣ ਦਾ ਸੱਲ ਕਿੰਨਾ ਕਹਿਰਵਾਨ, ਕਿੰਨਾ ਅਸਹਿ ਹੁੰਦਾ ਹੈ।

ਇਕ ਜੋਬਨ ਰੁੱਤੇ ਰਾਖ ਹੋ ਜਾਂਦੇ ਨੇ, ਦੂਜਿਆਂ ਦੀ ਜਵਾਨੀ ਜੇਲਾਂ ਵਿਚ ਰੁਲਦੀ ਹੈ। ਜੇ ਤੁਰ ਗਿਆਂ ਦੇ ਮਾਪਿਆਂ ਦੇ ਕਾਲਜੇ ਰੁੱਗ ਭਰ ਕੇ ਕੱਢੇ ਜਾਂਦੇ ਹਨ ਤਾਂ ਜੇਲਾਂ ਵਿਚ ਬੈਠਿਆਂ ਦੇ ਮਾਪੇ ਵੀ ਸੁੱਖ ਦੀ ਨੀਂਦ ਨਹੀਂ ਸੌਂਦੇ। ਉਹ ਵੀ ਹਰ ਸਾਹ ਨਾਲ ਹਉਕੇ ਭਰਦੇ ਹਨ। ਜੇ ਅਣਹੋਣੀ ਦਾ ਸ਼ਿਕਾਰ ਹੋਏ ਪੁੱਤ ਦੇ ਮਾਪਿਆਂ ਦੀਆਂ ਆਸਾਂ ਤੇ ਸੱਧਰਾਂ ਉਸ ਦੀ ਚਿਖਾ 'ਚ ਸੜ ਕੇ ਸੁਆਹ ਹੋ ਜਾਂਦੀਆਂ ਹਨ ਤਾਂ ਮਾਰਨ ਵਾਲਿਆਂ ਦੇ ਮਾਪੇ ਵੀ ਪੱਟ ਦੇ ਪੰਘੂੜੇ ਨਹੀਂ ਝੂਟਦੇ, ਉਹ ਅਭਾਗੇ ਵੀ ਸੰਤਾਪ ਹੰਢਾਉਂਦੇ ਹਨ।

ਇਹ ਵੀ ਚੇਤੇ ਰੱਖੋ ਕਿ ਜੇ ਕਿਸੇ ਚੋਬਰ ਦਾ ਜਨਾਜ਼ਾ ਉਸ



ਦੇ ਹੀ ਕਹਿਣ ਅਨੁਸਾਰ ਜਵਾਨੀ ਵਿਚ ਉੱਠਦਾ ਹੈ ਤੇ ਉਸ ਦੇ ਦਿਲ ਦੀ ਮਲਕਾ ਚੁੰਨੀਆਂ ਨੂੰ ਗੋਟੇ-ਕਿਨਾਰੀਆਂ ਲਾਉਂਦੀ ਤੇ ਆਪਣੇ ਮਹਿਬੂਬ ਦੇ ਵਿਹੜੇ 'ਚ ਛਣਕਾਉਣ ਲਈ ਝਾਂਜਰਾਂ ਘੜਾਉਂਦੀ ਅਰਸ਼ੋਂ-ਫਰਸ਼ 'ਤੇ ਆ ਡਿੱਗਦੀ ਹੈ ਤਾਂ ਸਲਾਖਾਂ ਪਿੱਛੇ ਬੈਠਿਆਂ ਦੇ ਦਿਲਾਂ ਦੀਆਂ ਰਾਣੀਆਂ ਵੀ ਪਲ-ਪਲ ਬਿਰਹੋਂ ਦੀ ਅੱਗ ਵਿਚ ਸੜਦੀਆਂ ਹਨ। ਵਿੱਛੜ ਜਾਣ ਵਾਲੇ ਜਾਂ ਜਬਰੀ ਵਿਛੋੜ ਦਿੱਤੇ ਜਾਣ ਵਾਲੇ ਦੇ ਮਾਪੇ, ਮਿੱਤਰ-ਪਿਆਰੇ, ਉਸ ਦੇ ਲੜ ਲੱਗੀ ਜਾਂ ਲੱਗਣ ਦੇ ਸੁਪਨੇ ਲੈਂਦੀ ਹਰ ਘੜੀ ਉਹਦੇ ਕਦਮਾਂ ਦੀ ਆਹਟ ਦੇ ਭੁਲੇਖੇ ਖਾਂਦੀ ਹੈ ਤਾਂ ਤੁਹਾਡੇ ਪਿਆਰੇ ਵੀ ਇਹ ਪੀੜ ਹੰਢਾਉਂਦੇ ਹਨ। ਦੋਵਾਂ ਧਿਰਾਂ ਦੇ ਹਾਲਾਤ ਵਿਚ ਇਕ ਅਹਿਮ ਤੇ ਸੁਖਾਵਾਂ ਅੰਤਰ ਹੈ ਕਿ ਜਿਉਂਦੇ ਜੀਆਂ ਦੇ ਮਿਲਣ ਦੀ ਆਸ ਸਬੰਧਤਾਂ ਨੂੰ ਇਕ ਸਹਾਰਾ, ਇਕ ਲਾਰਾ ਲਾ ਕੇ ਵਰਚਾਈ ਰੱਖਦੀ ਹੈ ਜਦੋਂ ਕਿ ਦੂਜੀ ਧਿਰ ਕੋਲ ਅਜਿਹਾ ਕੋਈ ਠੁੰਮਣਾ ਨਹੀਂ ਹੁੰਦਾ।

ਇਹ ਵੀ ਨਾ ਭੁੱਲੋ ਕਿ ਜੇਕਰ ਤੁਸੀਂ ਕਿਸੇ ਦੇ ਸੁਪਨਿਆਂ ਦੇ ਮਹਿਲ ਨੂੰ ਵਸਣ ਤੋਂ ਪਹਿਲਾਂ ਹੀ ਉਜਾੜ ਦਿੰਦੇ ਹੋ ਤਾਂ ਤੁਹਾਡੇ ਮਹਿਲੀਂ ਵੀ ਰੌਣਕ ਨਹੀਂ, ਖ਼ੌਫ਼ ਹੈ, ਚਿੰਤਾ ਦਾ ਵਾਸਾ ਹੈ। ਕੀ ਖੱਟਦੇ ਹੋ ਇਸ ਸਾਰੇ ਆਲ-ਜੰਜਾਲ ਵਿੱਚੋਂ ? ਪੰਜਾਬ ਦਾ ਮਾਣ ਬਣਨਾ ਸੀ ਤੁਸੀਂ ਪਰ ਤੁਸੀਂ ਨੇਕਨਾਮੀਆਂ ਦੀ ਥਾਂ ਖੁਨਾਮੀਆਂ ਖੱਟ ਲਈਆਂ।

ਤੁਹਾਡੀਆਂ ਨਾਦਾਨੀਆਂ ਨੇ ਆਪਣੀਆਂ ਜਵਾਨੀਆਂ ਦਾ ਹੀ ਘਾਣ ਤੇ ਅਪਮਾਨ ਕਰ ਸੁੱਟਿਆ। ਨਾਦਾਨ ਪੁੱਤਰੋ ! ਸੰਭਲ ਜਾਓ, ਅਜੇ ਵੀ ਵਕਤ ਹੈ। ਪੰਜਾਬ ਦੀ ਧਰਤੀ ਦੀ ਹਿੱਕ ਤਾਂ ਸੰਤਾਲੀ ਤੇ ਚੁਰਾਸੀ ਤੋਂ ਚੁਰੰਨਵੇਂ ਤਕ ਦੇ ਦਹਾਕੇ ਦੇ ਮਚਦੇ ਸਿਵਿਆਂ ਦੇ ਸੇਕ ਨੇ ਹੀ ਬਥੇਰੀ ਲੂਹੀ ਸੀ। ਮੁੜ ਨਸ਼ਿਆਂ, ਕਰਜ਼ਿਆਂ ਤੇ ਬੇਰੁਜ਼ਗਾਰੀ ਦੇ ਮਾਰਿਆਂ ਦੀਆਂ ਮੜੀਆਂ 'ਚ ਨਿੱਤ ਲਟ-ਲਟ ਬਲਦੀਆਂ ਦੇਹਾਂ ਨੇ ਧਰਤੀ ਦੀ ਰੂਹ ਤਕ ਲੂਹ ਛੱਡੀ। ਮਨ ਵਿਚ ਵਾਰ-ਵਾਰ ਇਕ ਲਾਟ ਉੱਠਦੀ ਹੈ, ਇਕ ਚੀਸ ਪੈਂਦੀ ਹੈ ਕਿ ਜਿਸ ਮਨੁੱਖਾ ਜਨਮ ਨੂੰ ਵੇਦ-ਕਤੇਬ ਚੁਰਾਸੀ ਲੱਖ ਜੂਨਾਂ ਤੋਂ ਬਾਅਦ ਮਿਲਿਆ ਦੱਸਦੇ ਹਨ, ਤੁਸੀਂ ਉਸ ਨੂੰ ਕਾਣੀ ਕੌਡੀ ਕਰ ਕੇ ਰੱਖ ਦਿੱਤਾ ਹੈ। ਖ਼ੁਦ ਜੀਓ ਤੇ ਦੂਜਿਆਂ ਨੂੰ ਜੀਣ ਦਿਉ। ਮੇਰੇ ਬੱਚਿਓ ! ਮੈਂ ਚਾਹੁੰਦੀ ਹਾਂ ਕਿ ਜੇਕਰ ਕੋਈ ਹੋਰ ਜਨਮ ਹੁੰਦਾ ਹੈ ਤਾਂ ਤੁਸੀਂ ਉਸ ਵਿਚ ਔਰਤ ਬਣੋ, ਮਾਂ ਬਣੋ। ਤਾਂ ਹੀ ਤੁਹਾਨੂੰ ਅਹਿਸਾਸ ਹੋਵੇਗਾ ਕਿ ਜਿਨਾਂ ਮਾਵਾਂ ਦੀਆਂ ਆਂਦਰਾਂ ਕੱਚੀਆਂ-ਵੱਢੀਆਂ ਜਾਂਦੀਆਂ ਹਨ ਤੇ ਜਿਨਾਂ ਦੇ ਗ਼ਲਤ ਰਾਹ ਪਏ ਪੁੱਤਰ ਲੁਕ-ਛਿਪ ਕੇ ਦਿਨ ਕੱਟਦੇ ਜਾਂ ਜੇਲੀਂ ਬੰਦ ਨੇ ਉਹ ਕਿਵੇਂ ਜਿਉਂਦੀਆਂ ਨੇ ? ਕਿਵੇਂ ਦਿਨ-ਰਾਤ ਗਿੱਲੀ ਲੱਕੜ ਵਾਂਗ ਧੁਖਦੀਆਂ ਨੇ। ਜ਼ਰਾ ਸੋਚੋ ਬੱਚਿਓ ! ਇਹ ਗੈਂਗਸਟਰ ਨਾਂ ਦੀ ਬਲਾ ਕਿੱਥੋਂ ਸਾਡੇ ਗਲ ਆ ਪਈ ਹੈ ?

ਇਸ ਨੇ ਆਪਣਾ ਜੀਣਾ ਹਰਾਮ ਕਰ ਦਿੱਤਾ ਹੈ। ਤੁਸੀਂ ਸਿਰਫ਼ ਜੋਸ਼ ਅਤੇ ਕ੍ਰੋਧ ਵਿਚ ਗ਼ਲਤ ਫ਼ੈਸਲੇ ਲੈਂਦੇ ਹੋ। ਹਕੂਮਤ ਤੇ ਪੰਜਾਬ ਵਿਰੋਧੀ ਤਾਕਤਾਂ ਨੇ ਤੁਹਾਨੂੰ ਆਪਣੇ ਮੱਕੜਜਾਲ ਵਿਚ ਫਸਾ ਲਿਆ ਹੈ। ਤੁਹਾਨੂੰ ਨਸ਼ਿਆਂ ਦੀ ਦਲਦਲ ਵਿਚ ਧੱਕਿਆ ਗਿਆ, ਬਣਵਾਸ ਦਿੱਤਾ ਗਿਆ ਜਿਸ ਨੂੰ ਇਹ ਪਰਵਾਸ ਕਹਿੰਦੇ ਹਨ ਤੇ ਅਖ਼ੀਰ ਨੂੰ ਆਪਸ ਵਿਚ ਲੜਾ ਕੇ ਮਾਰਨ ਦੀ ਚਾਲ ਖੇਡੀ ਜਾ ਰਹੀ ਹੈ।

ਤੁਹਾਡੇ ਘਰ, ਤੁਹਾਡਾ ਪੰਜਾਬ ਉੱਜੜ ਰਿਹਾ ਹੈ ਤੇ ਉਜਾੜਨ ਵਾਲੇ ਰੰਗੀਂ ਵਸਦੇ ਤੁਹਾਡੇ ਉਜਾੜੇ ਦੇ ਜਸ਼ਨ ਮਨਾਉਂਦੇ ਹਨ। ਪਿਆਰਿਓ-ਦੁਲਾਰਿਓ, ਕੁਝ ਅੰਬਰੋਂ ਟੁੱਟੇ ਤਾਰਿਓ ! ਨਾ ਅੰਬਰੋਂ ਟੁੱਟੇ ਤਾਰੇ ਮੁੜ ਅੰਬਰ ਦੇ ਸੀਨੇ ਨਾਲ ਜੜੇ ਜਾਂ ਸਕਦੇ ਹਨ ਤੇ ਨਾ ਮੋਏ ਪੁੱਤ ਮੁੜ ਮਾਪਿਆਂ ਦੀ ਹਿੱਕ ਨਾਲ ਲੱਗਦੇ ਹਨ। ਕਦੋਂ ਤੱਕ ਮਾਵਾਂ ਸਦੀਵੀ ਨੀਂਦ ਸੁੱਤੇ ਪਏ ਪੁੱਤਰ ਦੇ ਕੇਸ ਗੁੰਦਣ ਦੇ, ਸਿਹਰੇ ਬੰਨਣ ਦੇ ਮਾਤਮ ਭਰੇ ਸ਼ਗਨ ਕਰਨ ਦਾ ਜਿਗਰਾ ਕਰਨਗੀਆਂ ?

ਸੁੱਟ ਦਿਉ ਤੁਸੀਂ ਹੱਥੋਂ ਇਹ ਹਥਿਆਰ। ਨਾ ਕਰੋ ਗੀਤਾਂ ਜਾਂ ਗੱਲਾਂ ਵਿਚ ਇਨਾਂ ਦਾ ਜ਼ਿਕਰ ਜਿਹੜੇ ਭਰਾ ਤੋਂ ਭਰਾ ਨੂੰ ਮਰਵਾਉਂਦੇ ਨੇ ਤੇ ਕਦੇ ਔਖੇ ਵੇਲੇ ਜਾਨ ਬਚਾਉਣ ਦੇ ਕੰਮ ਵੀ ਨਹੀਂ ਆਉਂਦੇ। ਇਹ ਮੇਰੀ ਇਕੱਲੀ ਦੀ ਨਹੀਂ, ਸਾਰੀਆਂ ਤੜਫਦੀਆਂ ਹੋਈਆਂ ਬੇਵੱਸ ਮਾਵਾਂ ਦੀ ਤੁਹਾਨੂੰ ਡੂੰਘੇ ਵੈਣਾਂ ਵਰਗੀ ਇਕ ਹੂਕ ਵਰਗੀ ਧੁਰ ਅੰਦਰੋਂ ਨਿਕਲੀ ਬਹੁੜੀ ਹੈ। ਭਟਕੇ ਤੇ ਵਿਛੜੇ ਸਾਰੇ ਪੁੱਤਰਾਂ ਦੀ ਅਭਾਗੀ ਤੇ ਫਰਿਆਦੀ ਮਾਂ।

# ਸਿੱਧੂ ਮੂਸੇਵਾਲਾ ਕਤਲ ਕਾਂਡ ਦਾ ਕੇਸ ਉਲਝਾ ਰਹੀ ਹੈ ਸਰਕਾਰ

**ਰਜਿੰਦਰ ਸਿੰਘ ਪੁਰੇਵਾਲ**

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਨੂੰ ਸਰਕਾਰ ਉਲਝਾ ਰਹੀ ਹੈ। ਸਰਕਾਰ ਕਦੇ ਇਸ ਨੂੰ ਪੰਜਾਬ ਦੇ ਗੈਂਗਸਟਰਾਂ ਨਾਲ ਜੋੜ ਰਹੀ ਹੈ ਕਦੇ ਮੁੰਬਈ ਅੰਡਰਵਰਲਡ ਨਾਲ। ਹੁਣੇ ਜਿਹੇ ਪੁਲਿਸ ਨੇ ਇਸ ਹਾਈ ਪ੍ਰੋਫਾਈਲ ਕਤਲ ਕਾਂਡ ਦੇ ਤਾਰ ਹੁਣ ਮੁੰਬਈ ਗੈਂਗਸਟਰਾਂ ਨਾਲ ਜੋੜ ਦਿੱਤੇ ਹਨ। ਪੰਜਾਬ ਪੁਲਿਸ ਦਾ ਮੰਨਣਾ ਹੈ ਕਿ ਜਿਨਾਂ 8 ਸ਼ੂਟਰਾਂ ਦੀ ਪਹਿਚਾਣ ਕੀਤੀ ਹੈ, ਉਨਾਂ ਵਿਚ ਸੰਤੋਸ਼ ਜਾਧਵ ਅੰਡਰਵਰਲਡ ਦੇ ਖ਼ਤਰਨਾਕ ਬਦਮਾਸ਼ ਗਵਲੀ ਗੈਂਗ ਦਾ ਗੁਰਗਾ ਹੈ। ਉਹ ਪੂਨੇ ਦਾ ਰਹਿਣ ਵਾਲਾ ਹੈ। 29 ਮਈ ਨੂੰ ਮੂਸੇਵਾਲਾ ਨੂੰ ਗੋਲੀਆਂ ਮਾਰਨ ਵਿਚ ਉਹ ਵੀ ਸ਼ਾਮਲ ਸੀ। ਗੈਂਗਸਟਰ ਗਵਲੀ ਨੂੰ ਇਕ ਕਤਲ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਹ ਇਸ ਸਮੇਂ ਨਾਗਪੁਰ ਜੇਲ ਵਿਚ ਬੰਦ ਹੈ। ਸ਼ਾਰਪ ਸ਼ੂਟਰ ਸੰਤੋਸ਼ ਜਾਧਵ ਗਵਲੀ ਦਾ ਹੀ ਗੁਰਗਾ ਹੈ। ਸਿੱਧੂ ਦੇ ਕਤਲ ਵਿਚ ਸ਼ਾਮਲ 8 ਸ਼ੂਟਰਾਂ ਵਿਚੋਂ ਤਿੰਨ ਪੰਜਾਬ, ਦੋ-ਦੋ ਹਰਿਆਣਾ ਅਤੇ ਮਹਾਰਾਸ਼ਟਰ ਦੇ ਹਨ ਜਦਕਿ ਇਕ ਰਾਜਸਥਾਨ ਤੋਂ ਹੈ। ਜਗਰੂਪ ਸਿੰਘ ਰੂਪਾ ਵਾਸੀ ਜੋੜਾ (ਤਰਨ ਤਾਰਨ), ਮਨਪ੍ਰੀਤ ਸਿੰਘ ਮੰਨਾ ਤੇ ਹਰਕਮਲ ਰਾਣੂ ਬਠਿੰਡਾ ਤੋਂ ਇਲਾਵਾ ਮਨਜੀਤ ਭੋਲੂ ਤੇ ਪ੍ਰਿਅਵਰਤ ਫ਼ੌਜੀ ਵਾਸੀ ਸਿਸਾਨਾ (ਹਰਿਆਣਾ), ਸੰਤੋਸ਼ ਜਾਧਵ ਪੁਣੇ ਤੇ ਸੌਰਵ ਵਾਸੀ ਮਹਾਂਕਾਲ (ਮਹਾਰਾਸ਼ਟਰ), ਸੁਭਾਸ਼ ਬਾਨੂੜਾ ਵਾਸੀ ਸੀਕਰ (ਰਾਜਸਥਾਨ) ਨਾਲ ਸੰਬੰਧਿਤ ਹਨ। ਇਨਾਂ 'ਚੋਂ ਮਨਪ੍ਰੀਤ ਸਿੰਘ ਮੰਨਾ ਪਹਿਲਾਂ ਹੀ ਮਾਨਸਾ ਪੁਲਿਸ ਕੋਲ ਪ੍ਰੋਡਕਸ਼ਨ ਵਾਰੰਟ 'ਤੇ ਹੈ। ਪੁਲਿਸ ਦੀ ਕਹਾਣੀ ਅਨੁਸਾਰ ਇਸ ਹੱਤਿਆ ਕਾਂਡ ਦਾ ਮੁੱਖ ਸਾਜ਼ਿਸ਼ਘਾੜਾ ਸਚਿਨ ਬਿਸ਼ਨੋਈ ਹੈ, ਜੋ ਲਾਰੈਂਸ ਬਿਸ਼ਨੋਈ ਦਾ ਭਾਣਜਾ ਦੱਸਿਆ ਜਾਂਦਾ ਹੈ। ਇਸ ਗੈਂਗਸਟਰ ਨੇ ਹੱਤਿਆ ਤੋਂ ਬਾਅਦ ਇਕ ਟੀ.ਵੀ. ਚੈਨਲ ਨੂੰ ਫ਼ੋਨ ਕਰ ਕੇ ਆਪਣੇ ਹੱਥੀਂ ਗਾਇਕ ਨੂੰ ਮਾਰਨ ਦੀ ਗੱਲ ਕਹੀ ਸੀ। ਪੁਲਿਸ ਦੀਆਂ ਵੱਖ-ਵੱਖ ਟੀਮਾਂ ਵਲੋਂ ਦੋਸ਼ੀਆਂ ਨੂੰ ਫੜਨ ਲਈ ਪੰਜਾਬ, ਹਰਿਆਣਾ, ਰਾਜਸਥਾਨ ਤੇ ਮਹਾਰਾਸ਼ਟਰ 'ਚ ਲਗਾਤਾਰ ਛਾਪੇਮਾਰੀ ਜਾਰੀ ਹੈ। ਕੁਝ ਸ਼ੂਟਰਾਂ ਦੇ ਨੇਪਾਲ ਭੱਜਣ ਦੇ ਵੀ ਚਰਚੇ ਹਨ, ਉਨਾਂ ਦੀ ਪੈੜ ਨੱਪਣ ਲਈ ਪੁਲਿਸ ਟੀਮਾਂ ਨੇਪਾਲ ਵੱਲ ਵੀ ਗਈਆਂ ਹਨ। ਇਕ ਅਜਿਹੀ ਸੀ.ਸੀ.ਟੀ.ਵੀ. ਫੁਟੇਜ ਸਾਹਮਣੇ ਆਈ ਹੈ, ਜਿਸ ਵਿਚ ਕੁਝ ਨੌਜਵਾਨ ਗਾਇਕ ਦੇ ਘਰ ਮੂਸਾ ਵਿਖੇ ਸਿੱਧੂ ਨਾਲ ਥਾਰ ਜੀਪ ਕੋਲ ਸੈਲਫ਼ੀਆਂ ਲੈਂਦੇ ਵਿਖਾਈ ਦੇ ਰਹੇ ਹਨ। ਇਹ ਫੁਟੇਜ 29 ਮਈ ਨੂੰ ਸ਼ਾਮ 5:15 ਮਿੰਟ ਦੀ ਹੈ ਜਦਕਿ 5:29 ਮਿੰਟ 'ਤੇ ਪਿੰਡ ਜਵਾਹਰਕੇ ਕੋਲ 14 ਮਿੰਟ ਬਾਅਦ ਸਿੱਧੂ 'ਤੇ ਹਮਲਾ ਹੋ ਜਾਂਦਾ ਹੈ। ਉਪਰੋਕਤ ਫੁਟੇਜ ਦੇ ਆਧਾਰ 'ਤੇ ਪੁਲਿਸ ਵਲੋਂ ਸੰਦੀਪ ਕੇਕੜਾ ਵਾਸੀ ਕਾਲਿਆਂਵਾਲੀ (ਹਰਿਆਣਾ) ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ੱਕ ਕੀਤਾ ਜਾਂਦਾ ਹੈ ਕਿ ਇਸ ਨੌਜਵਾਨ ਨੇ ਹੀ ਇਕ ਹੋਰ ਸਾਥੀ ਨਾਲ ਮੋਟਰਸਾਈਕਲ 'ਤੇ ਸਿੱਧੂ ਦੀ ਰੇਕੀ ਕੀਤੀ ਸੀ। ਸੂਤਰਾਂ ਅਨੁਸਾਰ ਮੂਸੇਵਾਲਾ ਦੀ ਰੇਕੀ ਕਈ ਮਹੀਨਿਆਂ ਤੋਂ ਕੀਤੀ ਜਾ ਰਹੀ ਸੀ। ਪਰਿਵਾਰ ਨੂੰ ਧਮਕੀ ਭਰੀਆਂ ਵੱਟਸਐਪ ਕਾਲਾਂ ਵੀ ਆ ਰਹੀਆਂ ਸਨ। ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਮੌਕੇ ਸਿੱਧੂ ਜਦੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਜੋਂ ਮਾਨਸਾ ਹਲਕੇ ਦੇ ਪਿੰਡਾਂ ਵਿਚ ਵਿਚਰਦਾ ਸੀ, ਉਸ ਮੌਕੇ ਸਿੱਧੂ ਨੂੰ ਮਾਰ ਮੁਕਾਉਣ ਦੀ ਯੋਜਨਾ ਸੀ ਪਰ ਉਸ ਵੇਲੇ ਸੁਰੱਖਿਆ ਕਰਮੀ ਵੱਡੀ ਗਿਣਤੀ ਵਿਚ ਨਾਲ ਹੋਣ ਕਰਕੇ ਹਮਲਾਵਰਾਂ ਦੀ ਜੁਰੱਅਤ ਨਹੀਂ ਪਈ। ਪੁਲਿਸ ਦਾ ਦਾਅਵਾ ਹੈ ਕਿ ਗਾਇਕ ਮੂਸੇਵਾਲਾ ਦੀ ਹੱਤਿਆ ਦੀ ਜਾਂਚ ਨੂੰ ਪ੍ਰਭਾਵਿਤ ਕਰਨ ਤੇ ਪੁਲਿਸ ਅਧਿਕਾਰੀਆਂ ਦਾ ਮਨੋਬਲ ਡੇਗਣ ਲਈ ਵਿਦੇਸ਼ ਦੇ ਨੰਬਰਾਂ ਤੋਂ ਧਮਕੀਆਂ ਮਿਲ ਰਹੀਆਂ ਹਨ। ਇਕ ਪੁਲਿਸ ਅਧਿਕਾਰੀ ਨੂੰ ਛਾਪੇਮਾਰੀ ਨਾ ਕਰਨ ਤੇ ਜਾਂਚ ਠੱਪ ਕਰਨ ਦੀ ਗੱਲ ਆਖਦਿਆਂ ਕਿਹਾ ਗਿਆ ਕਿ ਜੇਕਰ ਉਨਾਂ ਨੇ ਆਪਣੀਆਂ ਸਰਗਰਮੀਆਂ ਬੰਦ ਨਾ ਕੀਤੀਆਂ ਤਾਂ ਸਿੱਟੇ ਭੁਗਤਣੇ ਪੈ ਸਕਦੇ ਹਨ। ਸਿੱਧੂ ਦੀ ਹੱਤਿਆ ਤੋਂ ਬਾਅਦ ਪਰਿਵਾਰ ਦੇ ਨੇੜਲਿਆਂ ਨੂੰ ਵੀ ਧਮਕੀ ਭਰੇ ਫ਼ੋਨ ਆਏ ਸਨ ਅਤੇ ਫ਼ੋਨ ਕਰਨ ਵਾਲਾ ਵਿਅਕਤੀ ਖ਼ੁਦ ਨੂੰ ਗੋਲਡੀ ਬਰਾੜ ਦੱਸ ਰਿਹਾ ਸੀ। ਜਿਹੜੇ ਨੰਬਰਾਂ ਤੋਂ ਧਮਕੀ ਭਰੇ ਫ਼ੋਨ ਆਉਂਦੇ ਹਨ, ਉਹ ਵਨ-ਟਾਈਮ ਕਾਲ ਵਾਲੇ ਨੰਬਰ (ਸਿਸਟਮ ਜਨਰੇਟਡ ਨੰਬਰ) ਤੋਂ ਆਉਂਦੇ ਹਨ ਅਤੇ ਅਜਿਹੇ ਨੰਬਰ ਸਿਰਫ਼ 1 ਵਾਰ ਕਾਲ ਕਰਨ ਲਈ ਵਰਤੇ ਜਾਂਦੇ ਹਨ।

ਪੰਜਾਬ ਪੁਲਿਸ ਨੇ ਗਾਇਕ ਸਿੱਧੂ ਮੂਸੇਵਾਲਾ ਹੱਤਿਆਕਾਂਡ ਦੇ ਸੰਬੰਧ ਵਿਚ ਹਰਿਆਣਾ ਦੇ ਫ਼ਤਿਹਾਬਾਦ ਤੋਂ ਤੀਸਰੀ ਗ੍ਰਿਫ਼ਤਾਰੀ ਕੀਤੀ ਹੈ। ਦਵਿੰਦਰ ਕਾਲਾ ਨੂੰ ਹਰਿਆਣਾ ਦੇ ਫ਼ਤਿਹਾਬਾਦ ਤੋਂ ਬੀਤੇ ਐਤਵਾਰ ਸ਼ਾਮ ਨੂੰ ਕਾਬੂ ਕੀਤਾ ਗਿਆ ਸੀ। ਪੁਲਿਸ ਸੂਤਰਾਂ ਮੁਤਾਬਿਕ ਹੱਤਿਆਕਾਂਡ ਵਿਚ ਸ਼ਾਮਿਲ ਦੋ ਸ਼ੱਕੀ ਕਥਿਤ ਤੌਰ 'ਤੇ ਉਸ ਦੇ ਨਾਲ ਰਹੇ ਸਨ। ਦੋਸ਼ ਹੈ ਕਿ ਦਵਿੰਦਰ ਕਾਲਾ ਨੇ ਪੰਜਾਬ ਦੇ ਦੋ ਵਿਅਕਤੀਆਂ ਕੇਸ਼ਵ ਤੇ ਚਰਨਜੀਤ ਸਿੰਘ ਨੂੰ 16 ਅਤੇ 17 ਮਈ ਨੂੰ ਆਪਣੇ ਘਰ ਠਹਿਰਾਇਆ ਸੀ। ਇਹ ਦੋਵੇਂ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ ਵਿਚ ਸ਼ਾਮਿਲ ਦੱਸੇ ਜਾ ਰਹੇ ਹਨ। 3 ਜੂਨ ਨੂੰ ਵੀ ਪੰਜਾਬ ਪੁਲਿਸ ਨੇ ਫ਼ਤਿਹਾਬਾਦ ਤੋਂ 2 ਸ਼ੱਕੀਆਂ ਨੂੰ ਕਾਬੂ ਕੀਤਾ ਸੀ ਅਤੇ ਮੂਸੇਵਾਲਾ ਦੀ ਹੱਤਿਆ ਵਿਚ ਉਨਾਂ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ।

ਸਿੱਧੂ ਮੂਸੇਵਾਲਾ ਹੱਤਿਆਕਾਂਡ ਵਿਚ ਇਕ ਸ਼ੱਕੀ ਸੰਤੋਸ਼ ਜਾਧਵ, ਜੋ ਪੁਣੇ ਦਾ ਰਹਿਣ ਵਾਲਾ ਹੈ 2021 ਦੇ ਇਕ ਕਤਲ ਕੇਸ ਵਿਚ ਵੀ ਲੋੜੀਂਦਾ ਮੁਲਜ਼ਮ ਹੈ। ਇਕ ਸੀਨੀਅਰ ਅਧਿਕਾਰੀ ਅਨੁਸਾਰ ਸੰਤੋਸ਼ ਜਾਧਵ ਖ਼ਿਲਾਫ਼ ਮਨਚਾਰ ਪੁਲਿਸ ਥਾਣੇ ਵਿਚ ਚਾਰ ਕੇਸ ਦਰਜ ਹਨ, ਜਿਨਾਂ ਵਿਚ ਕਤਲ ਦਾ ਕੇਸ ਵੀ ਸ਼ਾਮਿਲ ਹੈ। ਪੁਣੇ ਜ਼ਿਲੇ ਦੇ ਐਸ. ਪੀ. ਅਭਿਨਵ ਦੇਸ਼ਮੁਖ ਨੇ ਕਿਹਾ ਕਿ ਉਨਾਂ ਨੂੰ ਮੀਡੀਆ ਰਿਪੋਰਟਾਂ ਤੋਂ ਸੰਤੋਸ਼ ਜਾਧਵ ਦੀ ਮੂਸੇਵਾਲਾ ਦੀ ਹੱਤਿਆ ਵਿਚ ਕਥਿਤ ਸ਼ਮੂਲੀਅਤ ਬਾਰੇ ਪਤਾ ਲੱਗਾ ਹੈ। ਉਨਾਂ ਕਿਹਾ ਕਿ ਜਾਧਵ ਬਾਰੇ ਸਾਨੂੰ ਪੰਜਾਬ ਪੁਲਿਸ ਤੋਂ ਕੋਈ ਰਸਮੀ ਸੂਚਨਾ ਨਹੀਂ ਮਿਲੀ। ਉਨਾਂ ਦੱਸਿਆ ਕਿ ਜਾਧਵ ਖ਼ਿਲਾਫ਼ ਚਾਰ ਕੇਸਾਂ ਵਿਚੋਂ ਇਕ ਕੇਸ ਵਿਚ ਉਸ 'ਤੇ ਮਕੋਕਾ ਵੀ ਲਗਾਇਆ ਗਿਆ ਹੈ। 2021 ਵਿਚ ਜਾਧਵ ਖ਼ਿਲਾਫ਼ ਕਤਲ ਦਾ ਕੇਸ ਦਰਜ ਹੋਣ ਤੋਂ ਬਾਅਦ ਉਹ ਫਰਾਰ ਹੋ ਗਿਆ ਅਤੇ ਰਾਜਸਥਾਨ-ਪੰਜਾਬ ਵੱਲ ਦੇ ਪਾਸੇ ਚਲਾ ਗਿਆ, ਜਿਥੇ ਉਹ ਸਰਗਰਮ ਸੀ। ਰਾਜਸਥਾਨ ਦੇ ਗੰਗਾਨਗਰ ਵਿਚ ਵੀ ਉਸ ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਦਾ ਮਾਮਲਾ ਦਰਜ ਹੈ।

ਜਾਂਚ ਵਿਚ ਸਾਹਮਣੇ ਆਇਆ ਹੈ ਕਿ ਗਵਲੀ ਗੈਂਗ ਦੇ ਗੈਂਗਸਟਰ ਸੰਤੋਸ਼ ਜਾਧਵ ਨੂੰ ਖਾਸ ਤੌਰ 'ਤੇ ਸਿੱਧੂ ਮੂਸੇਵਾਲਾ ਦੇ ਕਤਲ ਲਈ ਮੁੰਬਈ ਤੋਂ ਪੰਜਾਬ ਬੁਲਾਇਆ ਗਿਆ ਸੀ। ਉਸ ਦੇ ਨਾਲ ਮਹਾਰਾਸ਼ਟਰ ਦਾ ਹੀ ਸੌਰਭ ਮਹਾਕਾਲ ਵੀ ਆਇਆ ਸੀ। ਇਸ ਨਵੇਂ ਖੁਲਾਸੇ ਤੋਂ ਬਾਅਦ ਪੰਜਾਬ ਪੁਲਿਸ ਨੇ ਮਹਾਰਾਸ਼ਟਰ ਪੁਲਿਸ ਨਾਲ ਇਨਪੁਟ ਸਾਂਝੀ ਕੀਤੀ ਹੈ ਅਤੇ ਮੁੰਬਈ ਪੁਲਿਸ ਦਾ ਸਹਿਯੋਗ ਵੀ ਮੰਗਿਆ ਹੈ।

ਮੁੰਬਈ ਦਾ ਅੰਡਰਵਰਲਡ ਡੌਨ ਅਰੁਣ ਗਵਲੀ ਅੰਡਰਵਰਲਡ ਵਿਚ 90 ਦੇ ਦਹਾਕੇ ਦਾ ਸੁਪਾਰੀ ਕਿੰਗ ਹੈ ਅਤੇ ਉਹ ਦਾਊਦ ਇਬਰਾਹਿਮ ਦਾ ਜਾਨੀ ਦੁਸ਼ਮਣ ਹੈ। ਮੁੰਬਈ ਦੀ ਦਗੜੀ ਚੌਲ ਤੋਂ ਗਵਲੀ ਦਾ ਗੈਂਗ ਚੱਲਦਾ ਸੀ। ਗਵਲੀ ਦੇ ਗੈਂਗ ਵਿਚ 800 ਦੇ ਕਰੀਬ ਖ਼ਤਰਨਾਕ ਬਦਮਾਸ਼ ਹਨ।

ਬਾਕੀ ਸਫ਼ਾ 31 'ਤੇ

# ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਆਮਦ : ਇਕ ਅਦੁੱਤੀ ਵਰਤਾਰਾ

(6 ਜੂਨ ਵਿਸ਼ੇਸ਼)

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਅਜਮੇਰ ਸਿੰਘ

ਇਕ ਮੂਲੋਂ ਹੀ ਛੋਟੇ ਘੱਟ ਗਿਣਤੀ ਵਰਗ, ਜਿਸ ਦੀ ਦੇਸ਼ ਦੇ ਅੰਦਰ ਹੈਸੀਅਤ 'ਆਟੇ ਵਿਚ ਲੂਣ' ਦੀ ਨਿਆਈਂ ਹੈ, ਦੇ ਕਿਸੇ ਆਗੂ ਵੱਲੋਂ ਭਾਰਤੀ ਰਾਜ ਵਰਗੀ ਬਲਕਾਰੀ, ਹੰਕਾਰੀ ਤੇ ਵਿਨਾਸ਼ਕਾਰੀ ਤਾਕਤ ਵਿਰੁੱਧ ਹਥਿਆਰਬੰਦ ਲੜਾਈ ਲੜਨਾ ਪਰਬਤ ਦੇ ਨਾਲ ਟੱਕਰ ਮਾਰਨ ਵਰਗੀ ਗੱਲ ਸੀ। ਪਰ ਸਰਦਾਰ ਜਗਜੀਤ ਸਿੰਘ ਦੇ ਸ਼ਬਦਾਂ ਵਿਚ, 'ਕਿਸੇ ਇਨਕਲਾਬੀ ਦੀ ਸ਼ਖ਼ਸੀਅਤ ਉਦੋਂ ਸੰਪੂਰਨ ਹੁੰਦੀ ਹੈ, ਜਦੋਂ ਉਹ ਆਪਣੇ ਮਿਸ਼ਨ ਦੀ ਪੂਰਤੀ ਲਈ ਪਰਬਤ ਨਾਲ ਮੱਥਾ ਮਾਰ ਸਕਣ ਦਾ ਭਰੋਸਾ ਰੱਖਦਾ ਹੋਵੇ।' ਇਸ ਪ੍ਰਤੱਖ ਨੂੰ ਕਿਸੇ ਪਰਮਾਣ ਦੀ ਲੋੜ ਨਹੀਂ ਕਿ ਸੰਤ ਜਰਨੈਲ ਸਿੰਘ ਅੰਦਰ ਅਜਿਹਾ ਭਰੋਸਾ ਵਾਧੂ ਸੀ।

ਤੀਜਾ ਹੋਰ ਮਹੱਤਵਪੂਰਣ ਵਖਰੇਵਾਂ ਇਹ ਸੀ ਕਿ ਦੇਸ਼ ਭਗਤ ਇਨਕਲਾਬੀ ਜੋ ਕਰਨਾ ਚਾਹੁੰਦੇ ਸਨ, ਜਾਂ ਜੋ ਕਰ ਰਹੇ ਸਨ, ਉਨਾਂ ਦੇ ਸਾਹਮਣੇ ਉਸ ਦੇ ਲਈ ਬਹੁਤ ਹੀ ਸਪੱਸ਼ਟ ਤੇ ਪ੍ਰਮਾਣਿਤ ਮਾਡਲ ਮੌਜੂਦ ਸਨ। ਉਹ ਭਾਰਤ ਨੂੰ ਇੱਕੋ-ਇਕਹਿਰੀ ਕੌਮ ਮੰਨ ਕੇ, ਇਸ ਨੂੰ ਬਸਤੀਵਾਦੀ ਗ਼ਲਬੇ ਤੋਂ ਮੁਕਤ ਕਰਾਉਣ ਦੀ ਲੜਾਈ ਲੜ ਰਹੇ ਸਨ। ਉਨਾਂ ਦੇ ਸਾਹਮਣੇ 'ਰਾਸ਼ਟਰ' ਅਤੇ 'ਆਜ਼ਾਦੀ' ਦੇ ਪੱਛਮੀ ਸੰਕਲਪ ਸਜੇ-ਸੰਵਰੇ ਪਏ ਸਨ। ਉਨਾਂ ਨੇ ਤਾਂ ਬੱਸ ਇਨਾਂ ਨੂੰ ਭਾਰਤ ਅੰਦਰ ਅਮਲ ਦੇ ਵਿਚ ਲਿਆਉਣਾ ਸੀ। ਇਸ ਮਾਮਲੇ ਵਿਚ ਵੀ ਉਨਾਂ ਦੇ ਸਾਹਮਣੇ ਸੰਸਾਰ ਦੀਆਂ ਹੋਰਨਾਂ ਕੌਮਾਂ ਤੇ ਲਹਿਰਾਂ ਦੇ ਪੂਰਵ ਤਜਰਬੇ ਭਰਪੂਰ ਮਾਤਰਾ ਵਿਚ ਮੌਜੂਦ ਸਨ। ਸੋ ਉਹ, ਇਕ ਤਰਾਂ ਨਾਲ, ਪੱਕੇ ਹੋਏ ਲੀਹੇ ਉੱਤੇ ਹੀ ਚੱਲ ਰਹੇ ਸਨ। ਉਨਾਂ ਦੇ ਸਾਹਮਣੇ ਕੋਈ ਨਵਾਂ ਲਾਂਘਾ ਭੰਨਣ ਜਾਂ ਕੋਈ ਅਸਲੋਂ ਹੀ ਨਵਾਂ ਸਿਆੜ ਕੱਢਣ ਦੀ ਜਟਿਲ ਸਮੱਸਿਆ ਪੇਸ਼ ਨਹੀਂ ਸੀ। ਉਹ ਸਿਰਫ਼ ਪੱਕੀ ਹੋਈ ਲੀਹ ਉੱਤੇ ਹੀ ਨਹੀਂ ਚੱਲ ਰਹੇ ਸਨ, ਨਾਲ ਹੀ ਉਹ ਸਮੇਂ ਦੀ ਧਾਰਾ ਦੇ ਨਾਲ ਚੱਲ ਰਹੇ ਸਨ। ਪੱਕੀ ਲੀਹ ਉੱਤੇ ਚੱਲਣਾ ਨਵਾਂ ਲੀਹਾ ਭੰਨਣ ਨਾਲੋਂ ਮੁਕਾਬਲਤਨ ਸੌਖਾ ਕੰਮ ਹੋਇਆ ਕਰਦਾ ਹੈ। ਸਮੇਂ ਦੀ ਧਾਰਾ ਦੇ ਨਾਲ ਚੱਲਣਾ, ਧਾਰਾ ਤੋਂ ਉਲਟ ਦ੍ਰਿਸ਼ਾ ਵਿਚ ਚੱਲਣ ਨਾਲੋਂ ਸੌ ਗੁਣਾ ਆਸਾਨ ਹੁੰਦਾ ਹੈ। ਇਸ ਦੇ ਵਾਸਤੇ ਕੋਈ ਵਿਸ਼ੇਸ਼ ਪ੍ਰਤਿਭਾ ਦੀ ਜ਼ਰੂਰਤ ਨਹੀਂ ਹੁੰਦੀ। ਇਸ ਵਾਸਤੇ ਔਸਤਨ ਬੁੱਧੀ ਕਾਫ਼ੀ ਹੁੰਦੀ ਹੈ। ਪਰ ਜਿਹੜੀ ਲੜਾਈ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਲੜ ਰਹੇ ਸਨ, ਉਹ ਬਹੁਤ ਹੀ ਵਿਲੱਖਣ ਤੇ ਅਲੌਕਿਕ ਸੀ। ਉਨਾਂ ਦੇ ਸਾਹਮਣੇ ਇਸ ਦੀ ਨਾ ਤਾਂ ਕੋਈ ਪੂਰਵ ਮਿਸਾਲ ਸੀ, ਤੇ ਨਾ ਹੀ ਇਸ ਦਾ ਕੋਈ ਪੂਰਵ ਮਾਡਲ ਮੌਜੂਦ ਸੀ। ਅਜੋਕੇ ਆਧੁਨਿਕਤਾ ਦੇ 'ਵਿਗਿਆਨਕ ਯੁਗ' ਅੰਦਰ ਕਿਸੇ ਛੋਟੇ ਜਿਹੇ ਧਾਰਮਿਕ ਘੱਟ ਗਿਣਤੀ ਵਰਗ ਵੱਲੋਂ, ਕਿਸੇ ਜ਼ੋਰਾਵਰ ਕੌਮਾਂਤਰੀ ਸ਼ਕਤੀ ਦੀ ਹਮਾਇਤ ਤੇ ਹੱਲਾਸ਼ੇਰੀ ਤੋਂ ਬਿਨਾਂ, ਬਹੁਗਿਣਤੀ ਵਰਗ ਦੇ ਆਧੁਨਿਕ ਸ਼ਕਤੀਸ਼ਾਲੀ ਰਾਜ ਵਿਰੁੱਧ ਹਥਿਆਰਬੰਦ ਸੰਘਰਸ਼ ਦੇ ਜ਼ਰੀਏ ਆਪਣੀ ਰਾਜਸੀ ਆਜ਼ਾਦੀ ਹਾਸਲ ਕਰ ਲੈਣ ਦੀ ਦੁਨੀਆਂ ਦੇ ਅੰਦਰ ਕੋਈ ਵੀ ਮਿਸਾਲ ਨਹੀਂ ਮਿਲਦੀ। ਜੇਕਰ ਕੋਈ ਇਹ ਸਮਝਦਾ ਹੈ ਕਿ ਸੰਤ ਜਰਨੈਲ ਸਿੰਘ ਨੇ ਈਰਾਨ ਜਾਂ ਅਫ਼ਗਾਨਿਸਤਾਨ ਅੰਦਰ ਪ੍ਰਗਟ ਹੋਏ ਇਸਲਾਮ ਦੇ ਉਭਾਰ ਤੋਂ ਉਤਸ਼ਾਹਤ ਹੋ ਕੇ ਸਿੱਖ ਕੌਮ ਨੂੰ ਹਥਿਆਰਬੰਦ ਬਗ਼ਾਵਤ ਲਈ ਲਾਮਬੰਦ ਕਰਨ ਦਾ ਬੀੜਾ ਚੁੱਕਿਆ, ਤਾਂ ਇਉਂ ਸੋਚਣਾ ਭਾਰੀ ਗ਼ਲਤੀ ਹੈ। ਮੁਮਕਿਨ ਹੈ ਕਿ ਸੰਤ ਜਰਨੈਲ ਸਿੰਘ ਨੂੰ ਈਰਾਨ ਤੇ ਅਫ਼ਗਾਨਿਸਤਾਨ ਅੰਦਰਲੇ ਰਾਜਸੀ ਘਟਨਾ-ਕ੍ਰਮ ਦਾ ਬਹੁਤਾ ਇਲਮ ਹੀ ਨਾ ਹੋਵੇ। ਨਾਲੇ ਈਰਾਨ ਤੇ ਅਫ਼ਗਾਨਿਸਤਾਨ ਦਾ ਮਾਮਲਾ ਬਿਲਕੁਲ ਅਲੱਗ ਹੈ। ਇਨਾਂ ਰਾਜਾਂ ਦੀ ਸਾਰੀ ਦੀ ਸਾਰੀ ਵੱਸੋਂ ਮੁਸਲਿਮ ਹੈ। ਸੋ ਉਨਾਂ ਰਾਜਾਂ ਦੀ ਮਿਸਾਲ ਸਿੱਖਾਂ ਵਰਗੇ ਘੱਟ ਗਿਣਤੀ ਭਾਈਚਾਰੇ ਉੱਤੇ ਕਿਸੇ ਵੀ ਹਿਸਾਬ ਨਾਲ ਨਹੀਂ ਢੁਕਾਈ ਜਾ ਸਕਦੀ। ਇਸ ਕਰਕੇ ਹਕੀਕਤ ਇਹ ਹੈ ਕਿ ਸੰਤ ਜਰਨੈਲ ਸਿੰਘ ਨੇ ਜੋ ਵੀ ਕੀਤਾ, ਉਹ ਕਿਸੇ ਹੋਰ ਦੇ ਤਜਰਬੇ ਤੋਂ ਪ੍ਰਭਾਵਿਤ ਜਾਂ ਉਤਸ਼ਾਹਤ ਹੋ ਕੇ, ਅਤੇ ਜਾਂ ਕਿਸੇ ਬਾਹਰੀ ਤਾਕਤ ਦੀ ਸ਼ਹਿ ਹੇਠਾਂ ਨਹੀਂ ਸੀ ਕੀਤਾ। ਇਹ ਕਿਸੇ ਹੋਰ ਦੀ ਰੀਸ ਜਾਂ ਨਕਲ ਨਹੀਂ ਸੀ। ਇਹ ਉਸ ਦੀ ਆਪਣੀ ਮੌਲਿਕ ਸੋਚ ਦਾ ਪ੍ਰਗਟਾਵਾ ਸੀ।



ਇਹ ਮਰੀਅਮ ਦੀ ਕੁਆਰੀ ਕੁੱਖ 'ਚੋਂ ਈਸਾ ਦੇ ਪ੍ਰਗਟ ਹੋਣ ਵਰਗੀ ਹੀ ਕੋਈ ਗੱਲ ਸੀ, ਜਿਸ ਨੂੰ ਕਿਸੇ ਤਰਕਸ਼ੀਲ ਵਿਸ਼ਲੇਸ਼ਣ ਵਿਧੀ ਨਾਲ ਸਮਝ ਸਕਣਾ ਉਕਾ ਹੀ ਸੰਭਵ ਨਹੀਂ।

ਸੰਤ ਜਰਨੈਲ ਸਿੰਘ ਜੀ ਆਧੁਨਿਕ ਅਰਥਾਂ ਵਿਚ ਕੋਈ 'ਵਿਦਵਾਨ' ਜਾਂ 'ਬੁੱਧੀਜੀਵੀ' ਨਹੀਂ ਸਨ। ਉਨਾਂ ਨੇ ਕਿਤਾਬੀ ਗਿਆਨ ਜਾਂ ਅਕਾਦਮਿਕ ਸਿਖਲਾਈ ਹਾਸਲ ਨਹੀਂ ਸੀ ਕੀਤੀ ਹੋਈ। ਉਹ ਇਕ ਸਾਦ ਮੁਰਾਦਾ ਸੰਤ ਮਹਾਂਪੁਰਖ ਸੀ, ਪ੍ਰੋ: ਪੂਰਨ ਸਿੰਘ ਦੇ ਮੁਹਾਵਰੇ ਵਿਚ, 'ਸੱਚ ਦੀ ਉਸ ਮਹਾਂ-ਮ੍ਰਿਤੂ ਵਿਚ ਅਭੇਦ ਹੋ ਕੇ ਜੋ ਗੁਰੂ ਦੀ ਜਗਾਈ ਨਾਮ ਰੂਪੀ ਜੋਤ ਵਿਚ ਰਤੜੇ ਨੈਣਾਂ ਵਾਲਾ ਬਣ ਗਿਆ ਸੀ' ਅਤੇ 'ਗੁਰੂ ਜੀ ਦੀ ਨਾਮ ਬਾਣੀ ਵਿਚ ਪੁਨਰ ਜੀਵਤ ਹੋ ਕੇ ਆਤਮਕ ਅਨੁਭਵ ਦੀ ਸੁਤੰਤਰਤਾ ਵਿਚ ਅਨੰਤ' ਹੋ ਗਿਆ ਸੀ। ਉਸ ਦੀ ਪ੍ਰਤਿਭਾ ਆਤਮਕ ਅਨੁਭਵ ਨਾਲ ਇਸ ਤਰਾਂ ਜਗਮਗਾ ਉੱਠੀ ਸੀ ਕਿ ਉਸ ਦੀ ਕਲਪਨਾ ਦੇ ਅੰਦਰ, ਖ਼ਾਲਸਾ ਪੰਥ ਨੂੰ ਦਰਪੇਸ਼ ਖ਼ਤਰਿਆਂ ਤੇ ਚੁਣੌਤੀਆਂ ਦੀ ਮੁਕੰਮਲ ਤੇ ਸਹੀ ਤਸਵੀਰ ਉਭਰ ਆਈ ਸੀ। ਸਿੱਖ ਧਰਮ, ਸਭਿਆਚਾਰ ਤੇ ਵਿਰਸੇ ਦੀ ਰੱਖਿਆ ਲਈ ਮੌਕੇ ਮੁਤਾਬਿਕ ਕਿਹੜਾ ਕਦਮ ਮੁਨਾਸਬ ਸੀ ਅਤੇ ਦੁਸ਼ਮਣ ਦੀਆਂ ਚਾਲਾਂ ਤੇ ਉਸ ਦੇ ਹਮਲਿਆਂ ਦਾ ਕਿਹੋ ਜਿਹਾ ਢੁਕਵਾਂ ਜੁਆਬ ਦੇਣਾ ਬਣਦਾ ਸੀ, ਇਨਾਂ ਅਤੇ ਇਹੋ ਜਿਹੇ ਹੀ ਹੋਰਨਾਂ ਸੁਆਲਾਂ ਦੇ ਜੁਆਬਾਂ ਦਾ ਫੁਰਨਾ ਉਸ ਨੂੰ ਅੰਦਰੋਂ ਫੁਰਦਾ ਸੀ। ਉਸ ਨੇ ਆਪਣੇ ਅਮਲਾਂ ਰਾਹੀਂ ਸਵਰਗਵਾਸੀ ਪ੍ਰੋ: ਪੂਰਨ ਸਿੰਘ ਦੇ ਇਸ ਕਥਨ ਨੂੰ ਪੂਰਨ ਸੱਚ ਕਰਕੇ ਦਿਖਾ ਦਿੱਤਾ ਸੀ ਕਿ 'ਬੌਧਿਕ ਵਿਸ਼ਲੇਸ਼ਣ ਕਦੇ ਵੀ ਠੀਕ ਨਹੀਂ ਹੁੰਦਾ। ਆਤਮਾ ਦਾ ਪ੍ਰਤੱਖਣ ਕਦੀ ਗ਼ਲਤ ਨਹੀਂ ਹੋ ਸਕਦਾ।' ਸੋ ਉਸ ਨੇ ਸਿੱਖ ਫ਼ਲਸਫ਼ੇ ਕੋਲੋਂ ਰੋਸ਼ਨੀ ਤੇ ਸਿੱਖ ਰਵਾਇਤਾਂ ਕੋਲੋਂ ਪ੍ਰੇਰਣਾ ਤੇ ਸ਼ਕਤੀ ਲੈਂਦੇ ਹੋਏ ਆਪਣਾ ਰਾਹ ਆਪ ਹੀ ਲੱਭਿਆ, ਆਪ ਹੀ ਇਸ ਦੇ ਨਕਸ਼ ਤਰਾਸ਼ੇ, ਅਤੇ ਫਿਰ ਖ਼ੁਦ ਆਪਣੇ ਤੇ ਆਪਣੇ ਅਤੀ ਪਿਆਰਿਆਂ ਦੇ ਸਿਰਾਂ ਦੀਆਂ ਬੁਰਜੀਆਂ ਨਾਲ ਇਸ ਦੀਆਂ ਪੱਕੀਆਂ ਨਿਸ਼ਾਨੀਆਂ ਸਥਾਪਤ ਕੀਤੀਆਂ। ਉਸ ਨੂੰ ਕਿਸੇ ਬਿਗ਼ਾਨੇ ਫ਼ਲਸਫ਼ੇ ਦੀਆਂ ਬਿਸਾਖੀਆਂ ਦੀ ਲੋੜ ਨਹੀਂ ਪਈ। ਮਨ ਦੇ ਅੰਦਰ ਕਿਸੇ ਦੀ ਨਕਲ ਜਾਂ ਰੀਸ ਕਰਨ ਦੀ ਉਤੇਜਨਾ ਪੈਦਾ ਨਹੀਂ ਹੋਈ। ਨਕਲਚੂ ਮਨੋਬਿਰਤੀ ਦਾ ਹੱਲਾ ਉਨਾਂ ਲੋਕਾਂ ਉੱਤੇ ਹੀ ਹੁੰਦਾ ਹੈ ਜੋ ਆਪਣੇ ਮੂਲ ਨਾਲੋਂ ਟੁੱਟ ਚੁੱਕੇ ਹੁੰਦੇ ਹਨ। ਬਾਬਾ ਦੀਪ ਸਿੰਘ ਤੇ ਭਾਈ ਤਾਰੂ ਸਿੰਘ ਵਰਗੇ ਪਰਤਾਪੀ ਸ਼ਹੀਦਾਂ ਨੂੰ ਛੱਡ ਕੇ, ਉਸ ਨੇ ਕਿਸੇ 'ਮੈਜ਼ਿਨੀ' ਜਾਂ 'ਗਿਰਬਾਲਡੀ' ਕੋਲੋਂ ਕੀ ਲੈਣਾ ਸੀ? ਉਸਦਾ ਆਪਣਾ 'ਘਰ' ਵਡਮੁੱਲੀਆਂ ਦਾਤਾਂ ਨਾਲ ਜੋ ਭਰਿਆ ਪਿਆ ਸੀ।

## ਅੰਤਰਗਾਮੀ ਸਥਿਤੀ

ਬਹੁਗਿਣਤੀ ਦੇ ਗ਼ਲਬੇ ਹੇਠਲੇ ਕਿਸੇ ਘੱਟ ਗਿਣਤੀ ਵਰਗ ਦੇ ਸਾਹਮਣੇ ਸਭ ਨਾਲੋਂ ਤਰਜੀਹੀ ਸੁਆਲ ਸਮਕਾਲੀ ਰਾਜ ਅੰਦਰ ਆਪਣੇ ਦਰਜੇ ਅਥਵਾ ਹੈਸੀਅਤ ਬਾਰੇ ਸਹੀ ਸਮਝ ਬਣਾਉਣਾ ਹੁੰਦਾ ਹੈ। ਇਸ ਗੱਲ ਤੋਂ ਹੀ ਉਸ ਦੇ ਕਾਰਜਾਂ ਦੀ ਰੂਪ-ਰੇਖਾ ਤੇ ਸੰਘਰਸ਼ ਦੀ ਰਣਨੀਤੀ ਤੈਅ ਹੁੰਦੀ ਹੈ। ਇਸ ਬੁਨਿਆਦੀ ਮੁੱਦੇ 'ਤੇ ਹੋਈ ਉਕਾਈ ਉਸ ਵਰਗ ਨੂੰ ਔਝੜੇ ਰਾਹਾਂ 'ਤੇ ਲੈ ਤੁਰਦੀ ਹੈ। 1949 ਤੋਂ ਲੈ ਕੇ 1947 ਤੱਕ ਸਿੱਖ ਪੰਥ ਅੰਦਰ ਬਰਤਾਨਵੀ ਰਾਜ ਹੇਠ ਆਪਣੇ ਦਰਜੇ ਨੂੰ ਲੈ ਕੇ ਕੋਈ ਰੋਲ ਘਚੋਲਾ ਜਾਂ ਬਖੇੜਾ ਨਹੀਂ ਸੀ। ਆਪਣੀ ਗ਼ੁਲਾਮੀ ਦੇ ਤੱਥ ਨੂੰ ਸਾਰੇ ਪ੍ਰਵਾਨ ਕਰਦੇ ਸਨ। ਜਿਹੜਾ ਬਖੇੜਾ ਸੀ ਉਹ ਬਰਤਾਨਵੀ ਹਾਕਮਾਂ ਪ੍ਰਤਿ ਅਪਣਾਈ ਜਾਣ ਵਾਲੀ ਪਹੁੰਚ ਬਾਰੇ ਸੀ। ਇਕ ਵਰਗ ਬਰਤਾਨਵੀ ਹਾਕਮਾਂ ਨਾਲ ਮਿਲਵਰਤਨ ਦੀ ਨੀਤੀ ਵਿੱਚੋਂ ਹੀ ਸਿੱਖ ਕੌਮ ਦਾ ਭਲਾ ਚਿਤਵਦਾ ਸੀ। ਦੂਜਾ ਵਰਗ ਸਮਝੌਤੇ ਤੇ ਮਿਲਵਰਤਨ ਦਾ ਰਾਹ ਛੱਡ ਕੇ ਲੜਾਈ ਦਾ ਰੁਖ਼ ਅਖ਼ਤਿਆਰ ਕਰਨ ਦੀ ਮੱਤ ਰੱਖਦਾ ਸੀ। 1947 ਵਿਚ ਜਦ ਭਾਰਤ ਇਕ ਆਜ਼ਾਦ ਮੁਲਕ ਬਣ ਗਿਆ ਤਾਂ ਸਿੱਖ ਪੰਥ ਦੇ ਕੁੱਝ ਵਰਗਾਂ ਅੰਦਰ ਭਾਰਤੀ ਗਣਰਾਜ ਹੇਠ ਸਿੱਖ ਭਾਈਚਾਰੇ ਦੇ ਸੰਵਿਧਾਨਕ ਅਧਿਕਾਰਾਂ ਨੂੰ ਲੈ ਕੇ ਕੁੱਝ ਰੋਸ ਤੇ ਨਰਾਜ਼ਗੀ ਜ਼ਰੂਰ ਪੈਦਾ ਹੋਈ, ਪਰ ਆਜ਼ਾਦੀ ਦੇ ਬੁਨਿਆਦੀ ਮੁੱਦੇ ਉੱਤੇ ਸਿੱਖ ਪੰਥ ਅੰਦਰ ਕੋਈ ਦੋਚਿਤੀ ਜਾਂ ਅਸਹਿਮਤੀ ਨਹੀਂ ਸੀ। ਸਿੱਖ ਪੰਥ ਦੇ ਰਾਜਸੀ ਆਗੂਆਂ ਤੋਂ ਲੈ ਕੇ ਨਾਮਵਰ ਵਿਦਵਾਨਾਂ ਤਕ, ਹਰ ਕਿਸੇ ਨੇ ਭਾਰਤ ਦੀ ਆਜ਼ਾਦੀ ਨੂੰ ਸਿੱਖਾਂ ਲਈ ਸ਼ੁਭ ਸ਼ਗਨ ਕਹਿ ਕੇ, ਇਸ ਦੀ ਉੱਚੀ ਸੁਰ ਵਿਚ ਜੈ ਜੈਕਾਰ ਕੀਤੀ ਸੀ। ਉਸ ਤੋਂ ਬਾਅਦ ਅੱਸੀਵਿਆਂ ਦੇ ਦਹਾਕੇ ਤਕ ਸਿੱਖਾਂ ਦੇ ਰਾਜਸੀ ਆਗੂਆਂ ਤੇ ਵਿਦਵਾਨਾਂ ਨੇ ਭਾਰਤ ਅੰਦਰ ਸਿੱਖਾਂ ਨਾਲ ਵਿਤਕਰੇ ਤੇ ਬੇਇਨਸਾਫ਼ੀਆਂ ਦੀ ਹਕੀਕਤ ਨੂੰ ਤਾਂ ਠੀਕ ਉਭਾਰਿਆ, ਅਤੇ ਠੋਸ ਮੁੱਦਿਆਂ ਨੂੰ ਲੈ ਕੇ ਅਨੇਕਾਂ ਸ਼ਾਨਦਾਰ ਜਨਤਕ ਸੰਘਰਸ਼ ਵੀ ਲੜੇ, ਪਰ ਕਿਸੇ ਸਿੱਖ ਵਿਦਵਾਨ ਜਾਂ ਆਗੂ ਨੇ, ਕਦੇ ਵੀ, ਭਾਰਤ ਅੰਦਰ ਸਿੱਖਾਂ ਦੀ ਆਜ਼ਾਦੀ ਦੇ ਬੁਨਿਆਦੀ ਮੁੱਦੇ ਬਾਰੇ ਕੋਈ ਸ਼ੱਕ ਸ਼ੁਬਾ ਪ੍ਰਗਟ ਨਹੀਂ ਸੀ ਕੀਤਾ। ਸੰਤ ਜਰਨੈਲ ਸਿੰਘ ਪਹਿਲਾ ਸਿੱਖ ਆਗੂ ਸੀ ਜਿਸ ਨੇ ਬਾਂਹ ਉਲਾਰ ਕੇ ਇਹ ਗੱਲ ਕਹੀ ਕਿ 'ਅਸੀਂ ਭਾਰਤ ਅੰਦਰ ਗ਼ੁਲਾਮ ਹਾਂ..ਅਸੀਂ ਗ਼ੁਲਾਮੀ ਗਲੋਂ ਲਾਹ ਕੇ ਜੀਉਣਾ ਹੈ।' ਇਹ ਗੱਲ ਉਸ ਨੇ ਕਿਸੇ ਵਕਤੀ ਤੈਸ਼ ਵਿਚ ਆ ਕੇ ਨਹੀਂ ਸੀ ਆਖੀ, ਨਾ ਹੀ ਵਕਤੀ ਉਤੇਜਨਾ ਪੈਦਾ ਕਰਨ ਦੇ ਮੰਤਵ ਨਾਲ ਕਹੀ ਸੀ। ਉਹ ਡੂੰਘੇ ਅਨੁਭਵ ਤੋਂ ਬਾਅਦ ਇਸ ਨਿਰਣੇ 'ਤੇ ਅੱਪੜਿਆ ਸੀ। ਇਸ ਕਰਕੇ ਉਹ ਅਖ਼ੀਰ ਤਕ ਆਪਣੀ ਇਸ ਪੋਜ਼ੀਸ਼ਨ ਉੱਤੇ ਗੱਡਵੇਂ ਪੈਰੀਂ ਖੜਾ ਰਿਹਾ ਅਤੇ ਇਸ ਦੀ ਪੁਸ਼ਟੀ ਲਈ ਸਿੱਖ ਸੰਗਤਾਂ ਸਾਹਮਣੇ ਲਗਾਤਾਰ ਠੋਸ ਤੱਥ ਤੇ ਉਦਾਹਰਣਾਂ ਪੇਸ਼ ਕਰਦਾ ਰਿਹਾ।

ਇਕ ਵਿਦਵਾਨ ਦੇ ਲਫ਼ਜ਼ਾਂ ਵਿਚ, 'ਮਸੀਹੇ ਦਾ ਕੰਮ ਸਿਰਫ਼ ਰੋਸ ਪ੍ਰਗਟ ਕਰਨ ਤਕ ਸੀਮਤ ਨਹੀਂ ਹੁੰਦਾ, ਉਹ ਨਾਲ ਬਦਲ ਵੀ ਪੇਸ਼ ਕਰਦਾ ਹੈ। ਉਹ ਉੱਚੀ ਆਵਾਜ਼ ਬੁਲੰਦ ਕਰਦਾ ਹੈ।' ਸੰਤ ਜਰਨੈਲ ਸਿੰਘ ਸਿਰਫ਼ ਇਹ ਸੱਚ ਬਿਆਨ ਕਰਕੇ ਚੁੱਪ ਨਹੀਂ ਸੀ ਹੋ ਗਿਆ ਕਿ 'ਅਸੀਂ ਗ਼ੁਲਾਮ ਹਾਂ।' ਉਸ ਨੇ ਬਰਾਬਰ ਓਨੇ ਹੀ, ਸਗੋਂ ਉਸ ਨਾਲੋਂ ਵੀ ਵਧਵੇਂ, ਜ਼ੋਰ ਨਾਲ ਇਹ ਸੰਕਲਪ ਵੀ ਦ੍ਰਿੜਾਇਆ ਕਿ 'ਅਸੀਂ ਗ਼ੁਲਾਮੀ ਗਲੋਂ ਲਾਹ ਕੇ ਜਿਉਣਾ ਹੈ।' ਉਸ ਦਾ ਇਹ ਸੰਕਲਪ ਬਹੁਤ ਗਹਿਰੇ ਭਾਵ ਰੱਖਦਾ ਸੀ। ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਭਾਰਤੀ ਰਾਸ਼ਟਰਵਾਦ ਦਾ ਜਜ਼ਬਾ ਇਕੱਲਾ ਸਭ ਨਾਲੋਂ ਵੱਧ ਬਲਵਾਨ ਵਿਚਾਰਧਾਰਕ ਤੱਥ ਹੈ ਜਿਸ ਨੇ ਪਹਿਲਾਂ, ਬਸਤੀਵਾਦ ਵਿਰੋਧੀ ਸੰਘਰਸ਼ ਦੇ ਦੌਰਾਨ ਸਿੱਖਾਂ ਨੂੰ ਘੇਰ ਕੇ ਹਿੰਦੂ ਵਰਗ ਦੇ ਵਿਚਾਰਧਾਰਕ ਗ਼ਲਬੇ ਹੇਠ ਲਿਆਂਦਾ, ਅਤੇ ਫਿਰ 1947 ਤੋਂ ਬਾਅਦ ਉਨਾਂ ਨੂੰ ਸਵੈ-ਇੱਛਾ ਨਾਲ ਹੀ, ਹਿੰਦੂ ਵਰਗ ਦਾ ਰਾਜਸੀ ਗ਼ਲਬਾ ਪ੍ਰਵਾਨ ਕਰਨ ਲਈ ਪ੍ਰੇਰਿਤ ਕੀਤਾ। 1947 ਤੋਂ ਪਹਿਲਾਂ, ਅਤੇ ਬਾਅਦ ਵਿਚ ਵੀ, ਦੇਸ਼ ਭਗਤੀ ਦੇ ਇਸ ਜਜ਼ਬੇ ਨੇ ਸਿੱਖਾਂ ਦੇ ਕਿੰਨੇ ਹੀ ਜਾਨਦਾਰ ਰਾਜਸੀ ਉਭਾਰ ਨਿਗਲ ਲਏ ਸਨ। ਲਗਭਗ ਪੂਰੀ ਇਕ ਸਦੀ ਤੋਂ ਹੀ ਇਸ ਦਾ ਸਿੱਖ ਸਮਾਜ ਅੰਦਰ, ਕਿੰਨੇ ਹੀ ਪਾਸਿਆ ਤੋਂ (ਹਿੰਦੂ ਰਾਸ਼ਟਰਵਾਦੀਆਂ ਤੋਂ ਲੈ ਕੇ ਗਾਂਧੀਵਾਦੀਆਂ, ਨੈਸ਼ਨਲਿਸਟ ਸਿੱਖਾਂ ਤੋਂ ਲੈ ਕੇ ਇਨਕਲਾਬੀ ਦੇਸ਼ ਭਗਤਾਂ, ਅਤੇ ਆਰੀਆ ਸਮਾਜੀਆਂ ਤੋਂ ਲੈ ਕੇ ਹਰ ਵੰਨਗੀ ਦੇ ਖੱਬੇ ਪੱਖੀਆਂ ਤਕ), ਅਤੇ ਕਿੰਨੇ ਹੀ ਰੂਪਾਂ ਵਿਚ (ਸਿਧਾਂਤਕ ਲਿਖਤਾਂ ਤੋਂ ਲੈ ਕੇ ਸਾਹਿਤਕ ਰਚਨਾਵਾਂ-ਨਾਵਲਾਂ, ਕਹਾਣੀਆਂ, ਨਾਟਕਾਂ ਤੇ ਗੀਤਾਂ ਆਦਿ-ਤਕ), ਜ਼ੋਰਦਾਰ ਸੰਚਾਰ ਹੁੰਦਾ ਆ ਰਿਹਾ ਸੀ। ਇਸ ਕਰਕੇ ਸਿੱਖ ਸਮਾਜ ਨੂੰ ਇਸ ਵਿਚਾਰਧਾਰਕ 'ਲਾਗ' ਤੋਂ ਸੁਰਖ਼ਰੂ ਕਰਨਾ, ਕਿਸੇ ਵੀ ਲਿਹਾਜ਼ ਨਾਲ, ਸੁਖਾਲਾ ਕਾਰਜ ਨਹੀਂ ਸੀ। ਸਿੱਖ ਚੇਤਨਾ ਉੱਤੇ ਚੀੜੀ ਤਰਾਂ ਨਾਲ ਜੰਮ ਚੁੱਕੀ ਹੋਈ ਇਸ ਵਿਚਾਰਧਾਰਕ ਮੈਲ ਨੂੰ ਕੂਚ ਕੂਚ ਕੇ ਲਾਹੁਣਾ ਪੈਣਾ ਸੀ, ਜਿਸ ਦੇ ਵਾਸਤੇ ਬਹੁਤ ਹੀ ਦੀਰਘ-ਕਾਲੀ ਤੇ ਸਿਰੜ ਭਰੇ ਯਤਨਾਂ ਦੀ ਜ਼ਰੂਰਤ ਸੀ। ਸੰਤ ਜਰਨੈਲ ਸਿੰਘ ਕੋਲ ਇਕ ਤਾਂ ਸਮਾਂ ਬਹੁਤ ਥੋੜਾ ਸੀ। ਦੂਜਾ, ਇਸ ਪੱਖੋਂ ਉਹ ਬਹੁਤ ਹੀ 'ਇਕੱਲਾ' ਸੀ। ਜਦ ਉਹ ਇਹ ਗੱਲ ਕਹਿੰਦਾ ਸੀ ਕਿ 'ਜੇ ਹੱਕ ਮਿਲਦੇ ਹਨ ਤਾਂ ਹੀ ਦੇਸ ਸਾਡਾ ਹੈ. ਦੋਵੇਂ ਪਾਸੇ ਸਿੱਖ ਮਰ ਰਹੇ ਹਨ। ਆਪਸ ਵਿਚ ਕਿਉਂ ਮਰੀਏ? ਹਿੰਦੂ ਪਾਸੇ ਬੈਠੈ,' ਤਾਂ ਉਸ ਦੇ ਇਨਾਂ ਸ਼ਬਦਾਂ ਦੇ ਅਰਥਾਂ ਨੂੰ ਸਮਝਣ ਵਾਲੇ ਮੂਲੋਂ ਹੀ ਥੋੜੇ ਸਨ। ਇਨਾਂ ਨੂੰ ਆਪਣੀ ਸੋਚ ਤੇ ਅਮਲ ਦਾ ਅੰਗ ਬਣਾਉਣ ਵਾਲੇ ਤਾਂ ਹੋਰ ਵੀ ਘੱਟ ਸਨ। ਇਸ ਕਰਕੇ ਜੇਕਰ ਕਿਸੇ ਦਾ ਉਸ ਪ੍ਰਤਿ ਇਹ ਉਲਾਂਭਾ ਹੈ ਕਿ ਉਸ ਨੇ ਸਿੱਖ ਕੌਮ ਅੱਗੇ ਆਜ਼ਾਦੀ ਦਾ ਕੋਈ ਠੋਸ ਤੇ ਨਿਖਰਵਾਂ ਪ੍ਰੋਗਰਾਮ ਪੇਸ਼ ਨਹੀਂ ਸੀ ਕੀਤਾ, ਤਾਂ ਅਜਿਹੀ ਗੱਲ ਕਹਿਣ ਵਾਲੇ 'ਬੁੱਧੀਮਾਨਾਂ' ਨੂੰ ਠੋਸ ਜ਼ਮੀਨੀ ਹਕੀਕਤਾਂ ਦਾ ਰਤੀ ਵੀ ਗਿਆਨ ਨਹੀਂ ਹੈ। ਸੰਤ ਜਰਨੈਲ ਸਿੰਘ ਦਾ ਵੱਧ ਜ਼ੋਰ ਤਾਂ ਅਜੇ ਕੌਮ ਅੰਦਰੋਂ ਗੁਲਾਮੀ ਦੇ ਚਿਰ-ਕਾਲੀ ਮਨੋਵਿਗਿਆਨਕ ਅਸਰਾਂ ਨੂੰ ਦੂਰ ਕਰਨ ਉੱਤੇ ਹੀ ਲੱਗਾ ਹੋਇਆ ਸੀ। ਉਹ ਤਾਂ ਅਜੇ ਕੌਮ ਨੂੰ ਉਂਗਲ ਫੜ ਕੇ ਆਜ਼ਾਦੀ ਦੇ ਸੰਘਰਸ਼ ਦੇ ਰਾਹ ਉਤੇ ਤੁਰਨ ਦੀ ਜਾਚ ਸਿਖਾ ਰਿਹਾ ਸੀ। ਦੌੜਨ ਵਾਸਤੇ 'ਬੂਟਾਂ' ਤੇ 'ਟਰੈਕ ਸੂਟਾਂ' ਦੀ ਲੋੜ ਤਾਂ ਬਹੁਤ ਅੱਗੇ ਜਾ ਕੇ ਪੈਣੀ ਸੀ। ਉਸ ਨੇ ਸਿੱਖ ਆਗੂਆਂ ਦੇ ਹੱਥੋਂ ਰਾਜਸੀ ਮਤਿਆਂ ਦਾ ਗਰਭਪਾਤ ਹੁੰਦਾ ਦੇਖਿਆ ਸੀ। ਇਸ ਕਰਕੇ ਉਸ ਨੇ ਆਪਣੇ ਵੱਲੋਂ ਹੋਰ ਕੋਈ ਨਵਾਂ ਪ੍ਰੋਗਰਾਮ ਦੇਣ ਦੀ ਬਜਾਏ, 'ਅਨੰਦਪੁਰ ਸਾਹਿਬ ਦੇ ਮਤੇ' ਦੀ ਆਤਮਾ ਦੀ ਰੱਖਿਆ ਕਰਨ ਦਾ ਜ਼ਿੰਮਾ ਓਟ ਲਿਆ ਹੋਇਆ ਸੀ। ਉਸ ਨੇ ਅਮਲ ਦੇ ਜ਼ਰੀਏ ਇਹ ਸਾਬਤ ਕਰ ਦਿਖਾਇਆ ਸੀ ਕਿ ਕਿਸੇ ਵੀ ਮਤੇ ਦੇ ਰਸਮੀ ਸ਼ਬਦਾਂ ਨਾਲੋਂ, ਇਸ ਨੂੰ ਲਾਗੂ ਕਰਨ ਵਾਲੀਆਂ ਰਾਜਨੀਤਕ ਸ਼ਕਤੀਆਂ ਦੀ ਨੀਤ ਅਤੇ ਭਾਵਨਾ ਵੱਧ ਅਹਿਮ ਹੁੰਦੀ ਹੈ। ਭਾਵਨਾ ਠੀਕ ਹੋਵੇ ਤਾਂ ਅਨੰਦਪੁਰ ਦਾ ਮਤਾ ਵੀ ਸਿੱਖ ਕੌਮ ਦੀ ਆਜ਼ਾਦੀ ਦੀ ਲੜਾਈ ਦਾ ਸਿਧਾਂਤਕ ਸਾਧਨ ਬਣ ਸਕਦਾ ਹੈ। ਭਾਵਨਾ ਠੀਕ ਨਾ ਹੋਵੇ ਤਾਂ ਖ਼ਾਲਿਸਤਾਨ ਦਾ ਨਾਹਰਾ ਵੀ ਕੋਰਾ ਦੰਭ ਬਣ ਕੇ ਰਹਿ ਜਾਂਦਾ ਹੈ।

ਭਾਵੇਂ ਕਿ ਇਹ ਗੱਲ ਪੂਰਨ ਸੱਚ ਹੈ ਕਿ ਜਦੋਂ ਭਾਰਤ ਦਾ ਵਿਧਾਨ ਤਿਆਰ ਕਰਨ ਵਾਲੀ ਵਿਧਾਨਸਾਜ਼ ਅਸੰਬਲੀ ਦੇ ਅੰਦਰ ਹਿੰਦੂ ਨੁਮਾਇੰਦਿਆਂ ਨੇ, ਆਪਣੀ ਕਰੂਰ ਬਹੁਗਿਣਤੀ ਦੇ ਜ਼ੋਰ ਨਾਲ, ਸਿੱਖ ਨੁਮਾਇੰਦਿਆਂ ਦੀਆਂ ਵਾਜਿਬ ਦਲੀਲਾਂ ਤੇ ਨਿਆਈਂ ਮੰਗਾਂ ਨੂੰ ਬੇਰੁਖ਼ੀ ਨਾਲ ਠੁਕਰਾ ਦਿਤਾ ਸੀ, ਤਾਂ ਸਿੱਖ ਨੁਮਾਇੰਦਿਆਂ ਨੇ ਭਾਰਤੀ ਸੰਵਿਧਾਨ ਨੂੰ ਆਪਣੀ ਰਸਮੀ ਪ੍ਰਵਾਨਗੀ ਦੇਣ ਤੋਂ ਇਹ ਕਹਿੰਦਿਆਂ ਹੋਇਆ ਸਾਫ਼ ਇਨਕਾਰ ਕਰ ਦਿੱਤਾ ਸੀ ਕਿ 'ਸਿੱਖਾਂ ਨੂੰ ਇਹ ਸੰਵਿਧਾਨ ਮਨਜ਼ੂਰ ਨਹੀਂ ਹੈ"। ਪਰ ਇਸ ਦੇ ਹੀ ਨਾਲ ਜੁੜਵਾਂ ਬੇਹੱਦ ਅਭਾਗਾ ਤੇ ਕੌੜਾ ਸੱਚ ਇਹ ਹੈ ਕਿ, ਭਾਰਤੀ ਸੰਵਿਧਾਨ ਨੂੰ ਠੁਕਰਾ ਦੇਣ ਵਾਲੀ ਇਸ ਗੱਲ ਨੂੰ, ਸਿੱਖਾਂ ਦੇ ਸਾਰੇ ਹੀ ਵਰਗਾਂ ਨੇ, ਸਮੇਤ ਇਹ ਗੱਲ ਕਰਨ ਵਾਲੇ ਸਿੱਖ ਨੁਮਾਇੰਦਿਆਂ ਦੇ, ਛੇਤੀ ਹੀ ਪੂਰਨ ਤੌਰ 'ਤੇ ਭੁਲਾ ਦਿੱਤਾ ਸੀ। 1947 ਦੇ ਵਿਚ ਸਿੱਖ ਕੌਮ ਦੇ ਵਿਦਵਾਨਾਂ ਤੇ ਆਗੂਆਂ ਨੇ ਭਾਰਤ ਦੀ ਆਜ਼ਾਦੀ ਬਾਰੇ ਜੋ ਪੋਜ਼ੀਸ਼ਨ ਲੈ ਲਈ ਸੀ, ਉਸ 'ਚੋਂ ਸੰਵਿਧਾਨ ਨੂੰ ਪ੍ਰਵਾਨਗੀ ਦੇਣ ਨਾਲੋਂ ਵੱਖਰੀ ਹੋਰ ਕੋਈ ਪੋਜ਼ੀਸ਼ਨ ਹੋ ਨਹੀਂ ਸੀ ਸਕਦੀ। ਉਸ ਤੋਂ ਬਾਅਦ ਸਿੱਖਾਂ ਨੇ ਭਾਰਤੀ ਸੰਵਿਧਾਨ ਦੇ ਜੂਲੇ ਨੂੰ ਪੂਰਨ ਸ਼ਰਧਾ ਤੇ ਅਧੀਨਗੀ ਨਾਲ ਗਲ ਵਿਚ ਪੁਆ ਲਿਆ ਸੀ। ਸੰਤ ਜਰਨੈਲ ਸਿੰਘ ਦੇ ਰਾਜਸੀ ਦ੍ਰਿਸ਼ ਉੱਤੇ ਪ੍ਰਗਟ ਹੋਣ ਤੋਂ ਪਹਿਲਾਂ ਸਿੱਖਾਂ ਦੇ ਕਿਸੇ ਵੀ ਵਰਗ ਅੰਦਰ ਇਸ ਸੰਵਿਧਾਨਕ ਛੱਪੇ ਤੋਂ ਸੁਰਖ਼ਰੂ ਹੋਣ ਦੀ ਰਾਜਸੀ ਚੇਤਨਾ ਤੇ ਹਿੰਮਤ ਪੈਦਾ ਨਹੀਂ ਸੀ ਹੋਈ। ਸੰਤ ਜਰਨੈਲ ਸਿੰਘ ਪਹਿਲਾ ਸਿੱਖ ਆਗੂ ਸੀ ਜਿਸ ਨੇ ਸਿੱਖਾਂ ਨੂੰ ਗ਼ੁਲਾਮੀ ਦੇ ਇਸ ਬੰਧਨ ਤੋਂ ਮੁਕਤ ਹੋਣ ਲਈ ਪ੍ਰੇਰਿਆ ਅਤੇ ਸੰਵਿਧਾਨ ਪ੍ਰਤਿ ਰਵੱਈਏ ਦੇ ਮਸਲੇ ਨੂੰ ਆਪਣੇ ਹੀ ਵਿਸ਼ੇਸ਼ ਢੰਗ ਨਾਲ ਨਜਿੱਠਿਆ। ਉਸ ਨੇ ਪੈਰ ਪੈਰ 'ਤੇ ਇਸ ਦਾ ਫ਼ਿਰਕੂ, ਪੱਖਪਾਤੀ ਤੇ ਦੰਭੀ ਖ਼ਾਸਾ ਉਜਾਗਰ ਕੀਤਾ, ਅਤੇ ਇਸ ਢੰਗ ਨਾਲ, ਇਸ ਦੀ ਸਾਰੀ ਨੈਤਿਕ ਪਰਮਾਣਿਕਤਾ (ਅਥਾਰਟੀ) ਨੂੰ ਰੋਲ ਕੇ ਰੱਖ ਦਿੱਤਾ। ਉਸ ਨੇ ਆਪਣੇ ਸੰਘਰਸ਼ ਦੇ ਪੈਂਤੜੇ ਤੈਅ ਕਰਨ ਲੱਗਿਆਂ ਇਸ ਸੰਵਿਧਾਨ ਦੀ ਧੇਲੇ ਦੀ ਪਰਵਾਹ ਨਹੀਂ ਸੀ ਕੀਤੀ।

(ਚਲਦਾ...)

# ਅਮਰ ਸ਼ਹੀਦ ਭਾਈ ਅਮਰੀਕ ਸਿੰਘ

**ਸ਼ਮਸ਼ੇਰ ਸਿੰਘ ਜੇਠੂਵਾਲ**

*'ਜਾਹ ਧੀਏ ਸਤਿਗੁਰੂ ਜੀ ਨੇ ਚਾਹਿਆ ਤਾਂ ਫੇਰ ਕਿਸੇ ਜਨਮ ਮਿਲਾਂਗੇ'*

ਸਮਾਂ 3 ਜੂਨ 1984 ਸਿੰਘੋ ਹੁਣ ਸ਼ਹਾਦਤਾਂ ਸਪੱਸ਼ਟ ਹਨ।

ਇਸ ਲਈ ਜ਼ਰੂਰੀ ਹੈ ਏਥੋਂ ਬਾਲ, ਬੱਚੇ, ਬੀਬੀਆਂ ਚਲੇ ਜਾਣ ਤੇ ਜਿਸ ਨੂੰ ਜ਼ਿੰਦਗੀ ਪਿਆਰੀ ਹੈ ਉਹ ਵੀ ਜਾ ਸਕਦਾ।

ਸਿੰਘਾਂ ਦੇ ਬਾਲ ਪਰਿਵਾਰਾਂ ਲਈ ਬੜਾ ਔਖਾ ਸਮਾਂ ਸੀ, ਉਹ ਉਮਰਾਂ ਦੇ ਵਿਛੋੜੇ ਦਰਸ਼ਨਾਂ ਦੀ ਅਖੀਰੀ ਘੜੀ ਕਿਸੇ ਬੰਦੇ ਨੇ ਦੋ ਵਰੇ ਵਿਦੇਸ਼ ਜਾਣਾ ਹੋਵੇ ਉਸ ਦੇ ਪਰਿਵਾਰ ਦਾ ਮੂੰਹ ਫਿੱਕਾ ਪਿਆ ਹੁੰਦਾ।

ਬੱਚੇ ਜਿੱਦ ਕਰ ਰਹੇ ਹੁੰਦੇ ਹਨ। ਪਾਪਾ ਨਾ ਜਾਓ-ਨਾ ਜਾਓ, ਖਾਸਕਰ ਧੀਆਂ ਦਾ ਤਾਂ ਪਿਤਾ ਨਾਲ ਅਜੀਬ ਮੋਹ ਹੋਇਆ ਕਰਦਾ ਹੈ।

ਸੰਸਾਰ ਪ੍ਰਸਿੱਧ ਲਿਖਾਰੀ ਡਾ. ਰਾਬਿੰਦਰ ਨਾਥ ਟੈਗੋਰ ਜਦੋਂ ਵਿਦੇਸ਼ ਪੜਨ ਚੱਲੇ ਨੌਕਰਾਂ ਚਾਕਰਾਂ ਨੇ ਜ਼ਿੰਮੇਵਾਰੀ ਨਾਲ ਸਾਰਾ ਸਮਾਨ ਟਾਂਗੇ 'ਤੇ ਲੱਦਿਆ। ਟੈਗੋਰ ਤੁਰਨ ਲੱਗੇ ਤਾਂ ਛੋਟੀ ਬਾਲੜੀ ਨੇ ਰਾਹ ਰੋਕ ਲਿਆ, ਕਹਿੰਦੀ ਮੈਂ ਨਹੀਂ ਜਾਣ ਦੇਣਾ। ਬਹੁਤ ਜਿੱਦ ਕੀਤੀ, ਅਖੀਰ ਕਹਿਣ ਲੱਗੇ, ਚੱਲ ਮੈਂ ਨਹੀਂ ਜਾਂਦਾ, ਸਾਰਾ ਸਮਾਨ ਟਾਂਗੇ ਤੋਂ ਲਾਹਿਆ ਗਿਆ, ਕੁਝ ਸਮੇਂ ਬਾਅਦ ਜਦੋਂ ਬੇਟੀ ਸ਼ਾਂਤ ਹੋਈ ਤਾਂ ਟੈਗੋਰ ਘਰ ਦੇ ਪਿਛਲੇ ਦਰਵਾਜ਼ੇ ਤੋਂ ਬਾਹਰ ਆਏ, ਦੁਬਾਰਾ ਸਮਾਨ ਲੱਦਿਆ ਗਿਆ ਤੇ ਫਿਰ ਵਿਦੇਸ਼ ਚਲੇ ਗਏ।

ਟੈਗੋਰ ਲਿਖਦੇ ਹਨ ਕਿ ਇਹ ਘਟਨਾ ਮੈਨੂੰ ਉਮਰ ਭਰ ਨਹੀਂ ਭੁੱਲੀ, ਇਨਾਂ ਧੀਆਂ ਦਾ ਵੀ ਪਿਤਾ ਨਾਲ ਕੈਸਾ ਮੋਹ ਹੁੰਦਾ ਹੈ, ਸਾਰਾ ਪਰਿਵਾਰ ਮੈਨੂੰ ਖੁਸ਼ੀ/ਖੁਸ਼ੀ ਤੋਰ ਰਿਹਾ ਹੈ, ਇਹ ਮੇਰੀ ਧੀ ਕਹਿ ਰਹੀ ਹੈ, ਮੈਂ ਨਹੀਂ ਜਾਣ ਦੇਣਾ।

ਛੇ ਮਹੀਨਿਆਂ ਦੀ ਬਾਲੜੀ ਧੀ ਨੂੰ ਘਰ ਛੱਡ ਸੰਤ ਭਿੰਡਰਾਂਵਾਲਿਆਂ ਦੀ ਰਿਹਾਈ ਲਈ ਜਹਾਜ਼ ਅਗਵਾ ਕਰਨ ਵਾਲੇ ਜਲਾਵਤਨ ਸਿੱਖ ਆਗੂ ਪ੍ਰਸਿੱਧ ਕਵੀ ਗਜਿੰਦਰ ਸਿੰਘ ਜੋ ਕਦੇ ਵਤਨ ਨਾ ਪਰਤੇ, ਉਨਾਂ ਪਾਕਿਸਤਾਨ ਦੀ ਕੋਟ ਲੱਖਪਤ ਜੇਲ ਦੀਆਂ ਕਾਲ ਕੋਠੜੀਆਂ ਵਿਚ ਬੈਠ ਧੀਆਂ ਬਾਰੇ ਬਾਕਮਾਲ ਲਿਖਿਆ ਹੈ ।

ਧੀਆਂ ਤੇ ਧ੍ਰੇਕਾਂ ਛੇਤੀ ਹੁੰਦੀਆਂ ਜਵਾਨ।

ਸੱਚ ਨਾਲੋਂ ਸੱਚਾ ਹੈ ਇਹ ਜੱਗ ਦਾ ਅਖਾਣ।

ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਪੁੱਤਰੀ ਸਤਵੰਤ ਕੌਰ ਦੱਸਦੇ ਹਨ ਕਿ 3 ਜੂਨ 1984 ਦੀ ਸਵੇਰ ਜਦੋਂ ਦਿਨ ਚੜਿਆ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਤ ਭਿੰਡਰਾਂਵਾਲੇ ਮਹਾਪੁਰਸ਼ ਕਹਿਣ ਲੱਗੇ, ਸਿੰਘੋ ਹੁਣ ਸ਼ਹਾਦਤਾਂ ਸਪੱਸ਼ਟ ਹਨ-ਏਥੋਂ ਬਾਲ ਬੱਚੇ ਬੀਬੀਆਂ ਚਲੇ ਜਾਣ। ਉਸ ਵਕਤ ਮੈਂ ਪਿਤਾ ਜੀ ਦੀ ਗੋਦੀ ਵਿਚ ਬੈਠੀ ਸੀ। ਪਿਤਾ ਜੀ ਮੇਰੇ ਸਿਰ 'ਤੇ ਹੱਥ ਰੱਖ ਲਾਡ ਕਰ ਰਹੇ ਸੀ। ਉਨਾਂ ਮੇਰਾ ਮੱਥਾ ਚੁੰਮਿਆਂ ਤੇ ਬਹੁਤ ਪਿਆਰ ਕੀਤਾ ਅਤੇ ਸੰਤਾਂ ਦੇ ਹੁਕਮ ਤੇ ਭੁੱਲ ਚੜਾਉਂਦਿਆਂ ਮੈਨੂੰ ਮਾਤਾ ਜੀ ਦੀ ਗੋਦੀ ਵਿਚ ਪਾ ਦਿੱਤਾ। ਉਨਾਂ ਅਖੀਰੀ ਵਾਰ ਕਿਹਾ 'ਜਾਹ ਧੀਏ ਜੇ ਅਕਾਲ ਪੁਰਖ ਨੇ ਚਾਹਿਆ ਤਾਂ ਕਿਸੇ ਜਨਮ ਚ ਫੇਰ ਮਿਲਾਂਗੇ'। ਮੈਨੂੰ ਉਹ ਸਮਾਂ ਕਦੇ ਨਹੀਂ ਭੁੱਲਦਾ। ਮੈਂ ਹਮੇਸ਼ਾ ਅਰਦਾਸ ਕਰਦੀ ਹਾਂ ਕਿ ਹੇ ਅਕਾਲ ਪੁਰਖ ਵਾਹਿਗੁਰੂ ਜੀ, ਮੈਂ ਜਦ ਵੀ ਇਸ ਧਰਤੀ 'ਤੇ ਜਨਮ ਲਵਾਂ ਮੇਰੇ ਪਾਪਾ ਸ਼ਹੀਦ ਭਾਈ ਅਮਰੀਕ ਸਿੰਘ ਜੀ ਹੋਣ ਤੇ ਉਹ ਉਸੇ ਤਰਾਂ ਮੇਰੇ ਨਾਲ ਲਾਡ/ਪਿਆਰ ਪਰ...! ਉਹ ਦਿਨ 3 ਜੂਨ 1984 ਦਾ ਨਾ ਹੋਵੇ।

ਭਾਈ ਅਮਰੀਕ ਸਿੰਘ ਜੀ ਧਰਮ ਯੁੱਧ ਮੋਰਚੇ ਦੌਰਾਨ ਅੰਮ੍ਰਿਤਸਰ ਜੇਲ ਵਿਚ ਬੰਦ ਸਨ। ਉਥੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤ ਨੇ ਰੋਜ਼ਾਨਾ ਪਹੁੰਚ ਜਾਣਾ, ਸਾਰਾ ਦਿਨ ਜੇਲ ਦੇ ਬੂਹੇ ਅੱਗੇ ਤਾਂਤਾ ਲੱਗਾ ਰਹਿੰਦਾ। ਜੇਲ ਅਤੇ ਅੰਮ੍ਰਿਤਸਰ ਪ੍ਰਸ਼ਾਸ਼ਨ ਨੇ ਤੰਗ ਆ ਕੇ



ਭਾਈ ਸਾਹਿਬ ਨੂੰ ਗੁਰਦਾਸਪੁਰ ਜੇਲ ਵਿਚ ਤਬਦੀਲ ਕਰ ਦਿੱਤਾ। ਗੁਰਦਾਸਪੁਰ ਜੇਲ ਵਿਚ ਭਾਈ ਸਾਹਿਬ ਜੀ ਨੇ ਗੁਰਦੁਆਰਾ ਸਾਹਿਬ ਵੇਖਿਆ ਤਾਂ ਹੈਰਾਨ ਪ੍ਰੇਸ਼ਾਨ ਰਹਿ ਗਏ। ਕਹਿਣ ਲੱਗੇ ਗੁਰੂ ਕੇ ਸਿੱਖੋ ਮਹਾਰਾਜ ਸਾਹਿਬ ਦਾ ਘਰ ਤਾਂ ਵਧੀਆ ਬਣਾਓ। ਕਾਰ ਸੇਵਾ ਸ਼ੁਰੂ ਕਰੋ, ਸੇਵਾ ਆਰੰਭ ਹੋਈ। ਦਿਨਾਂ ਵਿਚ ਹੀ ਸੁੰਦਰ ਗੁਰਦੁਆਰਾ ਸਾਹਿਬ ਤਿਆਰ ਕਰਕੇ ਸਿੰਘਾਂ ਨੇ ਮਹਾਰਾਜ ਸਾਹਿਬ ਦਾ ਸਰੂਪ ਪ੍ਰਕਾਸ਼ ਕਰਕੇ ਉਦਘਾਟਨੀ ਸਮਾਗਮ ਰਖਿਆ। ਜਿਸ ਵਿਚ ਹਿੰਦੂ ਕੈਦੀ ਵੀ ਮੱਥਾ ਟੇਕਣ ਆਏ। ਹਿੰਦੂ ਭਰਾਵਾਂ ਨੇ ਬੇਨਤੀ ਕੀਤੀ ਭਾਈ ਸਾਹਿਬ ਜੀ-ਤੁਸੀਂ ਤਾਂ ਧਰਮੀ ਪੁਰਸ਼ ਹੋ, ਵੇਖੋ ਸਾਡੇ ਮੰਦਿਰ ਦੀ ਹਾਲਤ ਬੜੀ ਖਸਤਾ ਹੈ। ਕ੍ਰਿਪਾ ਕਰਕੇ ਸਾਨੂੰ ਵੀ ਭਗਵਾਨ ਦਾ ਮੰਦਿਰ ਤਿਆਰ ਕਰਵਾ ਦਿਓ। ਭਾਈ ਸਾਹਿਬ ਜੀ ਨੇ ਉਸੇ ਵਕਤ ਹਾਂ ਕਹਿ ਦਿੱਤੀ। ਕਿਉਂਕਿ ਭਾਈ ਅਮਰੀਕ ਸਿੰਘ ਜੀ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੇ ਸਪੁੱਤਰ ਸਨ।

ਉਨਾਂ ਨੇ ਇਹ ਗੱਲ ਇਕ ਸੁਨੇਹਾ ਭੇਜ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਸਾਂਝੀ ਕੀਤੀ। ਸੰਤ ਜੀ ਸੁਣਕੇ ਬਹੁਤ ਖੁਸ਼ ਹੋਏ ਉਨਾਂ ਨੇ ਸੁਨੇਹਾ ਲੈ ਕੇ ਆਏ ਸਿੰਘਾਂ ਦੇ ਹੱਥ ਪੰਜ ਹਜ਼ਾਰ ਰੁਪਏ ਮੰਦਿਰ ਦੀ ਕਾਰ ਸੇਵਾ ਸ਼ੁਰੂ ਕਰਨ ਲਈ ਭੇਜ ਦਿੱਤੇ।

ਜਲਦ ਹੀ ਇਕ ਸੁੰਦਰ ਸ਼ਿਵਾਲਾ ਮੰਦਿਰ ਜੇਲ ਅੰਦਰ ਤਿਆਰ ਕਰਵਾ ਦਿੱਤਾ ਗਿਆ ਜੋ ਗੁਰਦਾਸਪੁਰ ਜੇਲ ਅੰਦਰ ਭਾਈਚਾਰਕ ਸਾਂਝ ਧਾਰਮਿਕ ਸ਼ਹਿਣਸ਼ੀਲਤਾ ਦਾ ਪ੍ਰਤੀਕ ਮੌਜੂਦ ਹੈ। ਇਹ ਮੰਦਿਰ ਸਿੱਖ ਨੌਜਵਾਨੀ ਨੂੰ ਕੁਰਾਹੇ ਪਾਉਣ ਵਾਲੇ ਜਾਗਰੂਕ ਅਪਗ੍ਰੇਡਾਂ ਤੇ ਉਨਾਂ ਫ੍ਰਿਕਾਪ੍ਰਸਤ ਰਾਜਸੀ ਗਰੁੱਪਾਂ ਦੇ ਮੂੰਹ ਚਪੇੜ ਹੈ।

ਭਾਈ ਸਾਹਿਬ ਜੀ ਨੇ ਮੁੱਢਲੀ ਵਿਦਿਆ ਉਪਰੰਤ ਅੰਮ੍ਰਿਤਸਰ ਵਿਖੇ ਬੀ.ਏ/ਐਮ.ਏ ਦੀ ਪੜਾਈ ਲਈ ਦਾਖਲਾ ਲਿਆ ਕੌਮੀ ਵਿਰਾਸਤ ਖਾਲਸਾ ਕਾਲਜ ਤੋਂ ਪਿੰਡ ਦੂਰ ਹੋਣ ਕਾਰਨ ਉਥੇ ਹੀ ਰਹਿਣ ਲੱਗੇ। ਹੋਸਟਲ ਦੀ ਜਗਾ ਭਾਈ ਸਾਹਿਬ ਜੀ ਖਾਲਸਾ ਕਾਲਜ 'ਚ ਬਣੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਰਿਹਾਇਸ਼ ਦੇ ਦੋ ਕਮਰਿਆਂ 'ਚੋਂ ਇਕ ਕਮਰੇ ਵਿਚ ਰਹਿੰਦੇ ਸਨ। ਸਿੱਖ ਸਟੂਡੈਂਟ ਫੈਡਰੇਸ਼ਨ ਦੇ ਮਹਾਨ ਆਗੂ ਸਰਦਾਰ ਅਮਰ ਸਿੰਘ ਅੰਬਾਲਵੀ ਤੋਂ ਬਾਅਦ ਭਾਈ ਅਮਰੀਕ ਸਿੰਘ ਸਿੱਖ ਸਟੂਡੈਂਟ ਫੈਡਰੇਸ਼ਨ ਮਹਾਨ ਆਗੂ ਬਣ ਉਭਰੇ ਜਿਨਾਂ ਦੀ ਇਕ ਆਵਾਜ਼ ਤੇ ਹਜ਼ਾਰਾਂ ਮਰਜੀਵੜੇ ਸਿੰਘ ਤਿਆਰ ਹੋ ਜਾਂਦੇ ਸਨ। ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਯਾਦ ਵਿਚ ਖਾਲਸਾ ਕਾਲਜ ਗਵਰਨਿੰਗ ਕੌਂਸਲ ਵਲੋਂ ਕਾਲਜ ਦੀ ਲਾਇਬ੍ਰੇਰੀ ਦਾ ਨਾਮ ਉਨਾਂ ਦੇ ਨਾਮ 'ਤੇ ਰਖਿਆ ਗਿਆ ਹੈ।

# ਜੱਗੀ ਜੌਹਲ ਦੀ ਰਿਹਾਈ ਲਈ ਪ੍ਰਧਾਨ ਮੰਤਰੀ ਤੁਰੰਤ ਦਖਲ ਦੇਵੇ : ਕੀਰ ਸਟਾਰਮਰ

## ਲੇਬਰ ਪਾਰਟੀ ਦੇ ਆਗੂ ਨੇ ਬੋਰਿਸ ਜੌਹਨਸਨ ਨੂੰ ਲਿਖਿਆ ਪੱਤਰ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ** :- ਲੇਬਰ ਪਾਰਟੀ ਦੇ ਆਗੂ ਕੀਰ ਸਟਾਰਮਰ ਨੇ ਬੋਰਿਸ ਜੌਹਨਸਨ ਨੂੰ ਜੱਗੀ ਜੌਹਲ ਦੀ ਰਿਹਾਈ ਦੇ ਮਾਮਲੇ ਵਿਚ ਤੁਰੰਤ ਦਖਲ ਦੇਣ ਲਈ ਕਿਹਾ ਹੈ ਅਤੇ ਬੇਨਤੀ ਕੀਤੀ ਹੈ ਕਿ ਸੰਯੁਕਤ ਰਾਸ਼ਟਰ ਦੇ ਇੱਕ ਕਾਰਜ ਸਮੂਹ ਦੁਆਰਾ ਉਸ ਦੀ ਪੰਜ ਸਾਲ ਦੀ ਨਜ਼ਰਬੰਦੀ ਨੂੰ ਮਨਮਾਨੇ ਅਤੇ ਬਿਨਾਂ ਕਿਸੇ ਕਾਨੂੰਨੀ ਅਧਾਰ ਦੇ ਐਲਾਨ ਕੀਤੇ ਜਾਣ ਤੋਂ ਬਾਅਦ ਹਿੰਦੁਸਤਾਨ ਸਰਕਾਰ ਇੱਕ ਬ੍ਰਿਟਿਸ਼ ਨਾਗਰਿਕ ਨੂੰ ਰਿਹਾਅ ਕਰੇ।

ਇੱਕ ਪੱਤਰ ਵਿੱਚ ਲੇਬਰ ਆਗੂ ਨੇ ਪੁੱਛਿਆ ਹੈ ਕਿ ਜੌਹਨਸਨ ਨੇ ਪਿਛਲੇ ਮਹੀਨੇ ਮਨਮਾਨੀ ਨਜ਼ਰਬੰਦੀ ਬਾਰੇ ਸੰਯੁਕਤ ਰਾਸ਼ਟਰ ਦੀ ਰਿਪੋਰਟ ਦੇ ਨਤੀਜਿਆਂ ਦੇ ਮੱਦੇਨਜ਼ਰ ਜਗਤਾਰ ਸਿੰਘ ਜੌਹਲ ਦੀ ਰਿਹਾਈ ਦੀ ਮੰਗ ਕਰਨ ਲਈ ਕਾਰਵਾਈ ਕਿਉਂ ਨਹੀਂ ਕੀਤੀ।

ਜੌਹਨਸਨ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਹਿੰਦੁਸਤਾਨ ਸਰਕਾਰ ਨਾਲ ਆਪਣੇ ਮਜ਼ਬੂਤਸਬੰਧਾਂ 'ਤੇ ਮਾਣ ਕਰਦਾ ਹੈ, ਪਰ ਉਸਨੇ ਰਿਹਾਈ ਲਈ ਜਨਤਕ ਕਾਲ ਕਰਨ ਲਈ ਆਪਣੇ ਪ੍ਰਭਾਵ ਦੀ ਵਰਤੋਂ ਨਹੀਂ ਕੀਤੀ।

ਸਟਾਰਮਰ ਨੇ ਲਿਖਿਆ ਕਿ 'ਜਗਤਾਰ ਨੂੰ 2017 ਵਿੱਚ ਉਸਦੇ ਵਿਆਹ ਲਈ ਹਿੰਦੁਸਤਾਨ ਦੀ ਯਾਤਰਾ ਕਰਨ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ ਜਿੱਥੇ ਉਸਨੂੰ ਮੌਤ ਦੀ ਸਜ਼ਾ ਵਾਲੇ ਦੋਸ਼ਾਂ ਲਈ ਇੱਕ ਅਖੌਤੀ 'ਇਕਬਾਲੀਆ' ਬਣਾਉਣ ਲਈ ਪੁਲਿਸ ਅਧਿਕਾਰੀਆਂ ਦੁਆਰਾ ਤਸੀਹੇ ਦਿੱਤੇ ਗਏ ਸਨ।'

ਆਪਹੁਦਰੀ ਨਜ਼ਰਬੰਦੀ ਦੇ ਸਿੱਟੇ 'ਤੇ ਸੰਯੁਕਤ ਰਾਸ਼ਟਰ ਦੇ ਕਾਰਜ ਸਮੂਹ ਦਾ ਹਵਾਲਾ ਦਿੰਦੇ ਹੋਏ ਕਿ ਜਗਤਾਰ ਨੂੰ 'ਸਿੱਖ ਅਭਿਆਸੀ ਅਤੇ ਸਮਰਥਕ ਵਜੋਂ ਉਸ ਦੀਆਂ ਗਤੀਵਿਧੀਆਂ ਅਤੇ ਉਸ ਦੀ ਸਰਗਰਮੀ ਕਾਰਨ ਨਿਸ਼ਾਨਾ ਬਣਾਇਆ ਗਿਆ ਸੀ', ਉਹ ਦੱਸਦਾ ਹੈ ਕਿ ਸੰਯੁਕਤ ਰਾਸ਼ਟਰ ਦਾ ਮੰਨਣਾ ਹੈ ਕਿ ਉਸ ਦੀ ਨਿਰੰਤਰ ਨਜ਼ਰਬੰਦੀ ਦਾ ਕੋਈ ਕਾਨੂੰਨੀ ਅਧਾਰ ਨਹੀਂ ਹੈ।

ਸੰਯੁਕਤ ਰਾਸ਼ਟਰ ਦੇ ਮਾਹਰ ਪੈਨਲ ਨੇ ਆਪਣੀ ਜਾਂਚ ਤੋਂ ਬਾਅਦ ਜੌਹਲ ਦੀ ਰਿਹਾਈ ਦੀ ਮੰਗ ਕੀਤੀ ਹੈ, ਉਨਾਂ ਜਾਂਚ ਵਿਚ ਇਹ ਪਾਇਆ ਕਿ ਜੌਹਲ ਦੀ ਲਗਾਤਾਰ ਨਜ਼ਰਬੰਦੀ



ਦਾ ਕੋਈ ਕਾਨੂੰਨੀ ਆਧਾਰ ਨਹੀਂ ਸੀ, ਅਤੇ ਉਸ ਨੂੰ ਤਸੀਹੇ ਦਿੱਤੇ ਗਏ ਸਨ ਅਤੇ ਨਿਰਪੱਖ ਮੁਕੱਦਮੇ ਦੇ ਅਧਿਕਾਰ ਤੋਂ ਇਨਕਾਰ ਕੀਤਾ ਗਿਆ ਸੀ।

ਸਟਾਰਮਰ ਨੇ ਜੌਹਲ ਦੇ ਪਰਿਵਾਰ ਦੀ ਤਰਫੋਂ ਆਪਣੀ ਚਿੱਠੀ ਵਿੱਚ ਪੁੱਛਿਆ ਹੈ ਕਿ ਸਰਕਾਰ ਨੇ ਇਹ ਬੇਨਤੀ ਕਿਉਂ ਨਹੀਂ ਕੀਤੀ ਅਤੇ ਇਹ ਕਦੋਂ ਕਰੇਗੀ।

ਸਟਾਰਮਰ, ਜਨਤਕ ਮੁਕੱਦਮੇ ਦਾ ਇੱਕ ਸਾਬਕਾ ਨਿਰਦੇਸ਼ਕ, ਇਸ ਕੇਸ ਨੂੰ ਚੁੱਕਣ ਲਈ ਸਭ ਤੋਂ ਉੱਚ-ਪ੍ਰੋਫਾਈਲ ਸਿਆਸਤਦਾਨ ਹੈ, ਅਤੇ ਉਸਦੀ ਦਖਲਅੰਦਾਜ਼ੀ ਤੋਂ ਪਤਾ ਚੱਲਦਾ ਹੈ ਕਿ ਯੂਕੇ ਇਸ ਮੁੱਦੇ ਨੂੰ ਅਣਮਿੱਥੇ ਸਮੇਂ ਲਈ ਪਰਦੇ ਦੇ ਪਿੱਛੇ ਦੀ ਕੂਟਨੀਤੀ ਤੱਕ ਸੀਮਤ ਰੱਖਣ ਦੇ ਯੋਗ ਨਹੀਂ ਹੋਵੇਗਾ। ਡੰਬਰਟਨ ਵਿੱਚ ਸਥਿਤ ਜੌਹਲ ਦੇ ਪਰਿਵਾਰ ਨੂੰ ਸਕਾਟਿਸ਼ ਫਸਟ ਮਨਿਸਟਰ, ਨਿਕੋਲਾ ਸਟਰਜਨ ਅਤੇ ਮੁਹਿੰਮ ਸੰਗਠਨ ਰੀਪ੍ਰੀਵ ਤੋਂ ਸਮਰਥਨ ਪ੍ਰਾਪਤ ਹੋਇਆ ਹੈ।

ਸਟਾਰਮਰ ਨੇ ਆਪਣੇ ਪੱਤਰ ਵਿੱਚ ਆਪਣੀ ਰਿਹਾਈ ਨੂੰ ਸੁਰੱਖਿਅਤ ਕਰਨ ਲਈ ਇੱਕ ਕਰੌਸ-ਪਾਰਟੀ ਪਹੁੰਚ ਦੀ ਮੰਗ ਕਰਦੇ ਹੋਏ ਕਿਹਾ : 'ਵਿਦੇਸ਼ ਵਿੱਚ ਨਜ਼ਰਬੰਦ ਕੀਤੇ ਗਏ ਬ੍ਰਿਟਿਸ਼ ਨਾਗਰਿਕਾਂ ਦੇ ਪਿਛਲੇ ਮਾਮਲਿਆਂ ਵਿੱਚ ਨਾ ਸਿਰਫ ਵੱਧ ਤੋਂ ਵੱਧ ਦਬਾਅ ਪਾਉਣ ਲਈ, ਬਲਕਿ ਇੱਕ ਤਾਲਮੇਲ ਵਾਲੀ ਪਹੁੰਚ ਨੂੰ ਯਕੀਨੀ ਬਣਾਉਣ ਲਈ, ਕ੍ਰਾਸ-ਪਾਰਟੀ ਨਾਲ ਕੰਮ ਕਰਨਾ ਮਹੱਤਵਪੂਰਨ ਰਿਹਾ ਹੈ। ਇਸ ਲਈ, ਇਸ ਭਾਵਨਾ ਵਿੱਚ, ਮੈਂ ਜਗਤਾਰ ਦੀ ਰਿਹਾਈ ਨੂੰ ਯਕੀਨੀ ਬਣਾਉਣ ਲਈ ਲੇਬਰ ਦੇ ਸਮਰਥਨ ਦੀ ਪੇਸ਼ਕਸ਼ ਕਰਨਾ ਚਾਹੁੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਤੁਸੀਂ ਉਨਾਂ ਸਵਾਲਾਂ ਨੂੰ ਹੱਲ ਕਰ ਸਕਦੇ ਹੋ ਜੋ ਜਗਤਾਰ ਦਾ ਪਰਿਵਾਰ ਬੇਸਬਰੀ ਨਾਲ ਜਵਾਬ ਦੇਣਾ ਚਾਹੁੰਦਾ ਹੈ।

ਹਿੰਦ ਸਰਕਾਰ ਨੇ ਕਿਹਾ ਹੈ ਕਿ ਜੌਹਲ ਦੀ ਨਜ਼ਰਬੰਦੀ 'ਕਾਫ਼ੀ ਮੁਕੱਦਮੇਯੋਗ ਸਬੂਤ' 'ਤੇ ਆਧਾਰਿਤ ਸੀ ਅਤੇ ਜੌਹਲ ਦੇ ਅਧਿਕਾਰਾਂ ਦਾ 'ਉਚਿਤ ਸਨਮਾਨ' ਕੀਤਾ ਗਿਆ ਹੈ।

ਉਸਨੂੰ ਪੰਜਾਬ ਪੁਲਿਸ ਨੇ 4 ਨਵੰਬਰ 2017 ਨੂੰ ਜਲੰਧਰ ਵਿੱਚ ਇੱਕ ਪਾਬੰਦੀਸ਼ੁਦਾ ਖਾੜਕੂ ਸੰਗਠਨ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇਐਲਐਫ) ਦੁਆਰਾ ਅਪ੍ਰੈਲ 2016 ਤੋਂ ਅਕਤੂਬਰ 2017 ਦਰਮਿਆਨ ਕੀਤੀਆਂ ਅੱਠ ਨਿਸ਼ਾਨਾ ਹੱਤਿਆਵਾਂ ਵਿੱਚ ਕਥਿਤ ਭੂਮਿਕਾ ਲਈ ਗ੍ਰਿਫਤਾਰ ਕੀਤਾ ਸੀ। ਉਸ ਉੱਤੇ ਅਜੇ ਤੱਕ ਕਿਸੇ ਵੀ ਕੇਸ ਵਿੱਚ ਮੁਕੱਦਮਾ ਚੱਲਣਾ ਬਾਕੀ ਹੈ, ਜਿਸ ਵਿੱਚ ਉਹ ਦੋਸ਼ੀ ਹੈ, ਅਤੇ ਉਸਨੂੰ ਦਿੱਲੀ ਦੀ ਤਿਹਾੜ ਜੇਲ ਵਿੱਚ ਰੱਖਿਆ ਗਿਆ ਹੈ। ਉਹ ਅਤੇ ਉਸ ਦਾ ਪਰਿਵਾਰ ਇਨਾਂ ਦੋਸ਼ਾਂ ਤੋਂ ਸਖ਼ਤੀ ਨਾਲ ਇਨਕਾਰ ਕਰਦਾ ਹੈ। ਉਸ ਦੀ ਜ਼ਮਾਨਤ 'ਤੇ ਰਿਹਾਈ ਦੇ ਯਤਨ ਨਾਕਾਮ ਰਹੇ ਹਨ।

ਸੰਯੁਕਤ ਰਾਸ਼ਟਰ ਸਮੂਹ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ : 'ਜੌਹਲ ਸਿੱਖ ਧਰਮ ਦਾ ਪੈਰੋਕਾਰ ਹੈ। ਉਹ ਇੱਕ ਔਨਲਾਈਨ ਕਾਰਕੁਨ ਹੈ ਅਤੇ ਹਿੰਦੁਸਤਾਨ ਵਿੱਚ ਸਿੱਖ ਧਾਰਮਿਕ ਘੱਟਗਿਣਤੀ ਦੇ ਅੱਤਿਆਚਾਰ ਨੂੰ ਦਸਤਾਵੇਜ਼ੀ ਬਣਾਉਣ ਵਾਲੀ ਇੱਕ ਮੈਗਜ਼ੀਨ ਅਤੇ ਵੈਬਸਾਈਟ ਵਿੱਚ ਯੋਗਦਾਨ ਪਾਇਆ ਸੀ । 4 ਨਵੰਬਰ 2017 ਨੂੰ, ਜਲੰਧਰ, ਪੰਜਾਬ ਵਿੱਚ ਉਸਦੇ ਵਿਆਹ ਤੋਂ ਬਾਅਦ, ਜੌਹਲ ਨੂੰ ਰਾਮਾ ਮੰਡੀ, ਜਲੰਧਰ ਵਿੱਚ 15 ਅਣਪਛਾਤੇ ਵਿਅਕਤੀਆਂ ਦੁਆਰਾ ਅਗਵਾ ਕਰ ਲਿਆ ਗਿਆ ਸੀ। ਆਦਮੀਆਂ ਨੇ ਆਪਣੀ ਪਛਾਣ ਕਾਨੂੰਨ ਲਾਗੂ ਕਰਨ ਵਾਲੇ ਅਫਸਰ ਵਜੋਂ ਨਹੀਂ ਦਿੱਤੀ। ਸੰਯੁਕਤ ਰਾਸ਼ਟਰ ਦਾ ਦਾਅਵਾ ਹੈ ਕਿ ਉਸ ਨੂੰ ਬਾਅਦ ਵਿਚ ਤਸੀਹੇ ਦਿੱਤੇ ਗਏ ਸਨ।

ਰਿਪ੍ਰੀਵ ਦੇ ਐਡਵੋਕੇਸੀ ਦੇ ਨਿਰਦੇਸ਼ਕ ਡੈਨ ਡੋਲਨ ਨੇ ਕਿਹਾ ਕਿ 'ਜਗਤਾਰ ਨੂੰ ਵਿਦੇਸ਼ ਦਫ਼ਤਰ ਵਿੱਚ ਬੋਰਿਸ ਜੌਹਨਸਨ ਦੀ ਨਿਗਰਾਨੀ ਵਿੱਚ ਅਗਵਾ ਕਰ ਲਿਆ ਗਿਆ ਸੀ। ਇਸ ਲਈ ਉਹ ਇਸ ਕੇਸ ਬਾਰੇ ਲਗਭਗ ਪੰਜ ਸਾਲਾਂ ਤੋਂ ਜਾਣਦਾ ਹੈ। ਜਗਤਾਰ ਨੂੰ ਅਸਫਲ ਕਰਨ ਵਾਲਾ ਉਹ ਇਕੱਲਾ ਬ੍ਰਿਟੇਨ ਦਾ ਵਿਦੇਸ਼ ਸਕੱਤਰ ਨਹੀਂ ਹੈ, ਪਰ ਪ੍ਰਧਾਨ ਮੰਤਰੀ ਵਜੋਂ ਉਹ ਉਸ ਨੂੰ ਘਰ ਲਿਆਉਣ ਵਾਲਾ ਹੋ ਸਕਦਾ ਹੈ।

ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਕਿਹਾ ਕਿ 'ਮੇਰਾ ਭਰਾ ਯੂ.ਕੇ. ਸਰਕਾਰ ਦੀ ਅਣਗਹਿਲੀ ਕਾਰਨ ਅਜੇ ਵੀ ਜੇਲ ਵਿੱਚ ਹੈ। ਸਾਨੂੰ ਇੱਥੇ ਡੰਬਰਟਨ ਵਿੱਚ ਉਸਦੇ ਪਰਿਵਾਰ ਨਾਲ ਵਾਪਸ ਉਸਦੀ ਲੋੜ ਹੈ। ਇਹ ਚਿੱਠੀ ਬੋਰਿਸ ਜੌਹਨਸਨ 'ਤੇ ਦਬਾਅ ਵਧਾਉਂਦੀ ਹੈ ਕਿ ਉਹ ਸਹੀ ਕੰਮ ਕਰੇ ਅਤੇ ਜਗਤਾਰ ਦੀ ਤੁਰੰਤ ਰਿਹਾਈ ਦੀ ਮੰਗ ਕਰੇ।

# ਯੂ.ਕੇ. ਵਿੱਚ ਗੁਰਬਾਣੀ ਕੀਰਤਨ ਸੰਗਤਾਂ ਨੂੰ ਨੰਗੇ ਸਿਰ, ਜੁੱਤੀਆਂ ਸਣੇ ਕੁਰਸੀਆਂ ’ਤੇ ਬਿਠਾ ਕੇ ਸੁਣਾਇਆ ਗਿਆ

## ‘ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਸਖਤ ਇਤਰਾਜ਼, ਕਾਰਵਾਈ ਦੀ ਅਪੀਲ’

**ਲੰਡਨ/ਏ.ਟੀ.ਨਿਊਜ਼ :-** ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿੱਚ ਗੁਰਬਾਣੀ ਕੀਰਤਨ ਦੀ ਰਹਿਤ ਮਰਿਯਾਦਾ ਦੇ ਨਾਲ ਇੱਕ ਵਿਅਕਤੀ ਵੱਲੋਂ ਜਾਣਬੁੱਝ ਕੇ ਕੀਤੇ ਗਏ ਖਿਲਵਾੜ ਦਾ ਮਾਮਲਾ ਯੂ.ਕੇ. ਦੀਆਂ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਗਿਆ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ ਅਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਬਕਾਇਦਾ ਸ਼ਿਕਾਇਤ ਪੱਤਰ ਭੇਜਿਆ ਗਿਆ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮੁਖਾਤਿਬ ਹੁੰਦਿਆਂ ਕਿਹਾ ਗਿਆ ਕਿ ਬਰਮਿੰਘਮ ਸ਼ਹਿਰ ਦੇ ਵਸਨੀਕ ਰਵਿੰਦਰਪਾਲ ਸਿੰਘ ਕੋਹਲੀ ਨੇ ਗਲੋਬਲ ਸਿੱਖ ਵੀਜ਼ਨ ਲੰਡਨ ਦੇ ਬੈਨਰ ਹੇਠ 27 ਤੋਂ 29 ਮਈ 2022 ਤੱਕ ਤਿੰਨ ਦਿਨਾਂ ਦਾ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਇੱਕ ਸਮਾਗਮ, **Teg Bahadur Rhapsody** ਰਚਿਆ ਸੀ ਜੋ ਕਿ ਬਰਮਿੰਘਮ ਦੇ ਵਾਲਸਾਲ ਵਿਚ ਪੈਂਦੇ ਬੈਸਕਾਟ ਫੁੱਟਬਾਲ ਸਟੇਡੀਅਮ ਵਿਖੇ ਰੱਖਿਆ ਗਿਆ ਸੀ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਜੋ ਕਿ ਸਿੱਖ ਜਥੇਬੰਦੀਆਂ ਦੀ ਸਾਂਝਾ ਸੰਗਠਨ ਹੈ, ਨੂੰ ਪਹਿਲਾਂ ਤੋਂ ਹੀ ਸ਼ੰਕਾ ਸੀ ਕਿ ਰਵਿੰਦਰਪਾਲ ਸਿੰਘ ਕੋਹਲੀ ਇਸ ਪ੍ਰੋਗਰਾਮ ਦੇ ਨਾਮ ਦੇ ਥੱਲੇ ਕੁਝ ਸਿੱਖ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇ ਕੇ ਭਾਰਤ ਸਰਕਾਰ ਦੀਆਂ ਨਜ਼ਰਾਂ ਵਿੱਚ ਚੰਗਾ ਬਣ ਕੇ ਭਾਰਤੀ ਹਾਈ ਕਮਿਸ਼ਨ ਰਾਹੀਂ ਬ੍ਰਿਟੇਨ ਦੀ ਸਰਕਾਰ ਵਿੱਚ ਆਪਣੀ ਬੱਲੇ ਬੱਲੇ ਕਰਵਾ ਕੇ ਨਿੱਜੀ ਫਾਇਦੇ ਪ੍ਰਾਪਤ ਕਰਨ ਦੀ ਤਾਕ ਵਿੱਚ ਹੋ ਸਕਦਾ ਹੈ। ਇਸ ਸਬੰਧੀ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਰਵਿੰਦਰਪਾਲ ਸਿੰਘ ਕੋਹਲੀ ਨੂੰ 25 ਮਈ ਨੂੰ ਗੁਰੂ ਨਾਨਕ ਗੁਰਦੁਆਰਾ ਸਾਹਿਬ ਵਿਲਨਹਾਲ ਬੁਲਾ ਕੇ ਮੀਟਿੰਗ ਕੀਤੀ ਅਤੇ ਸਿੱਖ ਸੰਗਤਾਂ ਦੇ ਸ਼ੰਕੇ ਸਾਂਝੇ ਕਰਦਿਆਂ ਪੁੱਛਿਆ ਗਿਆ ਕਿ ਤੁਸੀਂ ਸਮਾਗਮ ਦਾ ਨਾਮ ਤੇਗ ਬਹਾਦਰ ਰੈਪਸੋਡੀ ਰੱਖਿਆ ਹੈ ਅਤੇ ਗੁਰੂ ਲਫਜ਼ ਕੱਟ ਦਿੱਤਾ ਹੈ ਤਾਂ ਕੋਹਲੀ ਦਾ ਉੱਤਰ ਸੀ ਕਿ ਜੋ ਛਪ ਗਿਆ ਉਹ ਛਪ ਗਿਆ ਬਾਕੀ ਵਿੱਚ ਮੈਂ ਗੁਰੂ ਲਫਜ਼ ਲਿਖਵਾ ਦਿੰਦਾ ਹਾਂ। ਫੁੱਟਬਾਲ ਸਟੇਡੀਅਮ ਵਿੱਚ ਕੀਰਤਨ ਕਰਵਾਉਣ ਅਤੇ ਸੰਗਤਾਂ ਕੁਰਸੀਆਂ ਤੇ ਬੈਠ ਕੇ, ਜੁੱਤੀਆਂ ਪਾ ਕੇ ਨੰਗੇ ਸਿਰ ਕੀਰਤਨੀਆਂ ਤੋਂ ਉੱਚੀ ਥਾਂ ’ਤੇ ਬੈਠ ਕੇ ਕੀਰਤਨ ਸਰਵਣ ਕਰਨਗੀਆਂ ਜਿਸ ਨਾਲ ਗੁਰਬਾਣੀ ਦਾ ਨਿਰਾਦਰ ਹੋਵੇਗਾ ਅਤੇ ਮਰਿਯਾਦਾ ਭੰਗ ਹੋਵੇਗੀ, ਇਸ ਲਈ ਸਾਰੀਆਂ ਸਿੱਖ ਜਥੇਬੰਦੀਆਂ ਇਸ ਤਰੀਕੇ ਦਾ ਵਿਰੋਧ ਕਰਦੀਆਂ ਹਨ। ਇਸ ਸਬੰਧੀ ਪ੍ਰੋਗਰਾਮ ਵਿੱਚ ਤਬਦੀਲੀ ਕੀਤੀ ਜਾਵੇ। ਰਵਿੰਦਰਪਾਲ ਸਿੰਘ ਕੋਹਲੀ ਦਾ ਜਵਾਬ ਸੀ ਕਿ ਉਹ ਸੰਗਤਾਂ ਦੇ ਜੋੜੇ ਕੀਰਤਨ ਵਾਲੀ ਥਾਂ ਤੋਂ ਬਾਹਰ ਉਤਾਰਨ ਲਈ ਯੋਗ ਪ੍ਰਬੰਧ ਕਰੇਗਾ। ਨੰਗੇ ਸਿਰਾਂ ਨੂੰ ਢੱਕਣ ਲਈ ਰੁਮਾਲ ਮੁਹੱਈਆ ਕਰਵਾਏਗਾ ਅਤੇ





ਕੀਰਤਨ ਸਮੇਂ ਸੰਗਤਾਂ ਨੂੰ ਖੜੇ ਹੋ ਕੇ ਗੁਰਬਾਣੀ ਕੀਰਤਨ ਸਰਵਣ ਕਰਨ ਲਈ ਕਹੇਗਾ ਅਤੇ ਕੁਰਸੀਆਂ ਤੇ ਬੈਠ ਕੇ ਕੀਰਤਨ ਸਰਵਣ ਕਰਨ ਨਹੀਂ ਵਾਲੀ ਸਥਿਤੀ ਨੂੰ ਪੈਦਾ ਨਹੀਂ ਹੋਣ ਦੇਵੇਗਾ। ਨਾਮਧਾਰੀਆਂ ਨੂੰ ਕੀਰਤਨ ਕਰਨ ਲਈ ਬੁਲਾਉਣ ਦੇ ਸਖਤ ਇਤਰਾਜ ਤੇ ਰਵਿੰਦਰਪਾਲ ਸਿੰਘ ਕੋਹਲੀ ਨੇ ਕਿਹਾ ਕਿ ਮੈਂ ਹੁਣੇ ਹੀ ਨਾਮਧਾਰੀਆਂ ਦੇ ਨਾਮ ’ਤੇ ਕਾਂਟਾ ਮਾਰਦਾ ਹਾਂ ਅਤੇ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਉਹ ਇਸ ਸਟੇਜ ਤੇ ਕੀਰਤਨ ਨਹੀਂ ਕਰਨਗੇ। ਇਸਨੂੰ ਪੁਛਿਆ ਗਿਆ ਕਿ ਸਾਲ 2019 ਵਿੱਚ ਵੀ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਮੌਕੇ ਵੀ ਇੱਕ ਸਮਾਗਮ ਲਾਇਬ੍ਰੇਰੀ ਵਿੱਚ ਕਰਵਾਇਆ ਸੀ ਜਿਸ ਦਾ ਨਾਮ ਵੀ ਕੋਹਲੀ ਨੇ **Nanak Rhapsody** ਰੱਖਿਆ ਸੀ, ਭਾਵ ਕਿ ਗੁਰੂ ਲਫਜ਼ ਕੱਟ ਦਿੱਤਾ ਸੀ ਅਤੇ ਉਸ ਸਮੇਂ ਵੀ ਨਾਮਧਾਰੀਆਂ ਪਾਸੋਂ ਖਲੋ ਕੇ ਕੀਰਤਨ ਕਰਵਾਇਆ ਸੀ, ਉਸ ਸਮੇਂ ਵੀ ਲੋਕਾਂ ਨੇ ਨੰਗੇ ਸਿਰ ਜੁੱਤੀਆਂ ਪਾ ਕੇ ਸ਼ਮੂਲੀਅਤ ਕੀਤੀ ਸੀ। ਸਮਝਿਆ ਜਾਂਦਾ ਹੈ ਕਿ ਕਿਸੇ ਵਿਸ਼ੇਸ਼ ਵਿਅਕਤੀ, ਵਿਅਕਤੀਆਂ ਜਾਂ ਕਿਸੇ ਫਿਰਕੇ ਨੂੰ ਖੁਸ਼ ਕਰ ਕੇ ਉਨਾਂ ਦੀ ਸੋਚੀ ਸਮਝੀ ਚਾਲ ਦਾ ਹਿੱਸਾ ਬਣ ਕੇ ਸਿੱਖ ਰਹਿਤ ਮਰਿਯਾਦਾ ਨੂੰ ਤੋੜ ਕੇ ਜਿੱਥੇ ਪੰਥ ਵਿਰੋਧੀ ਤਾਕਤਾਂ ਦੇ ਹਿੱਤਾਂ ਦੀ ਪੂਰਤੀ ਕਰ ਰਹੇ ਹੋ ਉਥੇ ਉਨਾਂ ਤਾਕਤਾਂ ਤੋਂ ਆਪਣੇ ਨਿੱਜ ਸੁਆਰਥ ਦੀ ਪੂਰਤੀ ਕਰਨ ਵਿੱਚ ਲੱਗੇ ਹੋਏ ਹੋ। ਆਖਰ ਵਾਰ ਵਾਰ ਮਰਿਯਾਦਾ ਭੰਗ ਕਰ ਕੇ ਕਿਸ ਨੂੰ ਖੁਸ਼ ਕੀਤਾ ਜਾ ਰਿਹਾ ਹੈ। ਇਸ ਬਾਬਤ ਕੋਹਲੀ ਦਾ ਜਵਾਬ ਸੀ ਕਿ ਮੈਂ ਦੋ ਦਿਨਾਂ ਦੇ ਵਿੱਚ ਵਿੱਚ ਹੀ **Nanak Rhapsody** ਦੇ ਅੱਗੇ ਗੁਰੂ ਲਫਜ਼ ਲਿਖਵਾ ਕੇ ਨਵਾਂ ਸਰਟੀਫਿਕੇਟ ਬਣਵਾ ਕੇ ਗੁਰਦੁਆਰਾ ਸਾਹਿਬ ਹਾਜ਼ਰ ਹੋ ਕੇ ਪੇਸ਼ ਕਰਾਂਗਾ, ਪਿਛਲੇ ਗੁਨਾਹਾਂ ਦੀ ਮੁਆਫ਼ੀ ਮੰਗਾਂਗਾ ਅਤੇ ਆਉਣ ਵਾਲੇ ਸਮਾਗਮ ਦੌਰਾਨ ਕੋਈ ਵੀ ਕੁਤਾਹੀ ਨਹੀਂ ਵਰਤਾਂਗਾ। ਇਸ ਉਪਰੰਤ ਸਾਰੇ ਹਾਜ਼ਰੀਨ ਸਿੰਘਾਂ ਵਲੋਂ ਕਿਹਾ ਕਿ ਜੇ ਤੂੰ ਏਵੇਂ ਕਰੇਂਗਾ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਇਹ ਗੱਲ ਵੀ ਚਰਚਾ ਦਾ ਖਾਸ ਵਿਸ਼ਾ ਬਣੀ ਹੋਈ ਹੈ ਕਿ 26 ਮਈ ਨੂੰ ਕੋਹਲੀ ਨੇ ਬਰਮਿੰਘਮ ਪੁਲਿਸ ਕੋਲ ਸ਼ਿਕਾਇਤ ਕਰ ਦਿੱਤੀ ਕਿ ਉਸ ਨੂੰ ਧਮਕੀਆਂ ਮਿਲ ਰਹੀਆਂ ਹਨ। ਇਸ ਲਈ ਕੀਰਤਨ ਵਾਲੀ ਥਾਂ ਅੰਦਰ ਅਤੇ ਬਾਹਰ ਹਥਿਆਰਬੰਦ ਫੋਰਸ ਤਾਇਨਾਤ ਕੀਤੀ ਜਾਵੇ। 28 ਮਈ ਨੂੰ ਸਵੇਰੇ ਹੀ ਭਾਰੀ ਗਿਣਤੀ ਵਿੱਚ ਹਥਿਆਰਬੰਦ ਪੁਲਿਸ ਫੋਰਸ ਵਰਦੀਧਾਰੀ ਅਤੇ ਸਿਵਲ ਕੱਪੜਿਆਂ ਵਿੱਚ ਕੀਰਤਨ ਸਟੇਜ ਤੋਂ ਲੈ ਕੇ ਪੂਰੇ ਫੁੱਟਬਾਲ ਸਟੇਡੀਅਮ ਦੇ ਅੰਦਰ ਅਤੇ ਬਾਹਰ ਤਾਇਨਾਤ ਕਰ ਦਿੱਤੀ ਗਈ। ਕੀਰਤਨ ਤੋਂ ਪਹਿਲਾਂ ਪੁਲਿਸ ਕਮਿਸ਼ਨਰ ਅਤੇ ਮਹਾਰਾਣੀ ਦਾ ਲੈਫ਼ਟੀਨੈਂਟ ਆਏ। ਕੀਰਤਨ ਦੇ ਸ਼ੁਰੂ ਹੋਣ ਦਾ ਸਮਾਂ 11 ਵਜੇ ਦਾ ਨਿਸ਼ਚਿਤ ਸੀ। ਸਾਰੇ ਕੀਰਤਨੀਏ ਸਟੇਜ ’ਤੇ ਬੈਠ ਚੁੱਕੇ ਸਨ ਪ੍ਰੰਤੂ ਪੁਲਿਸ ਕਮਿਸ਼ਨਰ ਅਤੇ ਮਹਾਰਾਣੀ ਦੇ ਲੈਫ਼ਟੀਨੈਂਟ ਦੇ ਜਾਣ ਤੋਂ ਬਾਅਦ ਪੂਰੇ ਢਾਈ ਵਜੇ ਉਨਾਂ ਨੂੰ ਕੀਰਤਨ ਕਰਨ ਦੀ ਆਗਿਆ ਦਿੱਤੀ ਗਈ। ਕੀਰਤਨ ਦੌਰਾਨ ਸਟੇਡੀਅਮ ਵਿੱਚ ਬੈਠੇ ਹਰ ਪ੍ਰਾਣੀ ਨੇ ਜੁੱਤੀ ਪਾਈ ਹੋਈ ਸੀ। ਦਸਤਾਰ ਧਾਰੀ ਸਿੱਖਾਂ ਤੋਂ ਇਲਾਵਾ ਸਭ ਦੇ ਸਿਰ ਨੰਗੇ ਸਨ। ਸੱਭ ਕੁਰਸੀਆਂ ’ਤੇ ਬੈਠ ਕੇ ਕੀਰਤਨ ਸੁਣ ਰਹੇ ਸਨ। ਹਥਿਆਰਬੰਦ ਪੁਲਿਸ ਨੰਗੇ ਸਿਰ ਅੰਦਰ ਹਾਜ਼ਰ ਸੀ। ਕੀਰਤਨੀਆਂ ਵਿਚ ਅੱਸੀ ਤੋਂ ਨੱਬੇ ਫੀਸਦੀ ਨਾਮਧਾਰੀ ਸਨ। ਕੀਰਤਨ ਸਮਾਪਤ ਹੁੰਦੇ ਸਾਰ ਹੀ ਕੋਹਲੀ ਨੇ ਸਟੇਜ ਤੇ ਖਲੋ ਕੇ ਮਾਈਕ ਰਾਹੀਂ ਅਨਾਊਂਸਮੈਂਟ ਕੀਤੀ ਕਿ ਉਸ ਦੇ ਇਸ ਪ੍ਰੋਗਰਾਮ ਨੂੰ ਵਰਲਡ ਬੁੱਕ ਆਫ ਰਿਕਾਰਡ ਦੇ ਗੋਲਡਨ ਅਡੀਸ਼ਨ ਵਿੱਚ ਸ਼ਾਮਿਲ ਕਰ ਲਿਆ ਗਿਆ ਹੈ। ਜਦੋਂ ਕੋਹਲੀ ਸਟੇਜ ਤੋਂ ਅਨਾਊਂਸਮੈਂਟ ਕਰ ਰਿਹਾ ਸੀ ਉਸ ਨੇ ਵੀ ਜੁੱਤੀ ਪਾਈ ਹੋਈ ਸੀ ਅਤੇ ਸਟੇਜ ਤੋਂ ਥੱਲੇ ਆ ਕੇ ਕੋਹਲੀ ਕਹਿ ਰਿਹਾ ਸੀ ਕਿ ਮੈਂ ਕਿਸੇ ਗੁਰਦੁਆਰੇ ਨੂੰ ਨਹੀਂ ਮੰਨਦਾ, ਨਾ ਕਿਸੇ ਮਰਿਯਾਦਾ ਨੂੰ ਮੰਨਦਾ ਹਾਂ। ਮੈਂ ਆਪਣੇ ਮਿਸ਼ਨ ਵਿੱਚ ਕਾਮਯਾਬ ਹੋਇਆ ਹਾਂ। ਮੈਂ ਆਪਣੇ ਇਸ ਪ੍ਰੋਗਰਾਮ ਨੂੰ ਵਰਲਡ ਬੁੱਕ ਆਫ ਰਿਕਾਰਡ ਦੇ ਗੋਲਡਨ ਅਡੀਸ਼ਨ ਵਿੱਚ ਸ਼ਾਮਿਲ ਕਰਵਾਉਣਾ ਸੀ, ਉਹ ਮੈਂ ਕਰਵਾ ਲਿਆ ਹੈ, ਹੁਣ ਕੋਈ ਵੀ ਮੇਰਾ ਕੁਝ ਨਹੀਂ ਵਿਗਾੜ ਸਕਦਾ। ਇਸ ਉਪਰੰਤ ਕੋਹਲੀ ਵੱਲੋਂ ਸਮਾਗਮ ਦੀ ਇੱਕ ਵੀਡੀਓ ਵੀ ਜਾਰੀ ਕੀਤੀ ਗਈ ਜਿਸ ਵਿੱਚ ਮੁੜ ਤੋਂ ਸਮਾਗਮ ਦਾ ਨਾਮ **Teg Bahadur Rhapsody** ਲਿਖ ਕੇ ਸੰਗਤਾਂ ਨੂੰ ਭੇਜੀ ਗਈ। ਕੋਹਲੀ ਦੇ ਇਸ ਵਰਤਾਰੇ ਨਾਲ ਸਿੱਖਾਂ ਦੇ ਹਿਰਦਿਆਂ ਨੂੰ ਬਹੁਤ ਠੇਸ ਪਹੁੰਚੀ ਹੈ। ਰਵਿੰਦਰਪਾਲ ਸਿੰਘ ਕੋਹਲੀ ਨੇ ਗੁਰਦੁਆਰਾ ਸਾਹਿਬ ਵਿੱਚ ਜਥੇਬੰਦੀਆਂ ਵੱਲੋਂ ਸਮਾਗਮ ਤੋਂ ਪਹਿਲਾਂ ਮੀਟਿੰਗ ਵਿੱਚ ਉਠਾਏ ਇਤਰਾਜ਼ਾਂ ਨੂੰ ਚਲਾਕੀ ਵਰਤ ਕੇ ਮਰਿਯਾਦਾ ਅਨੁਸਾਰ ਕੰਮ ਦੇ ਦਿੱਤੇ ਭਰੋਸੇ ਨੂੰ ਵੀ ਤੋੜਿਆ ਹੈ। ਕੋਹਲੀ ਨੇ ਆਪਣੇ ਸੁਆਰਥ ਦੀ ਪੂਰਤੀ ਲਈ ਪੂਰੇ ਵਿਸ਼ਵ ਭਰ ਦੇ ਨਾਮਵਰ ਸਿੱਖ ਹਸਤੀਆਂ ਨੂੰ ਵੀ ਧੋਖਾ ਦੇ ਕੇ ਉਨਾਂ ਦੇ ਚਿਹਰਿਆਂ ਦਾ ਆਪਣੇ ਹਿੱਤ ਦੀ ਪੂਰਤੀ ਲਈ ਇਸਤੇਮਾਲ ਕੀਤਾ ਹੈ। ਗੁਰੂ ਸਾਹਿਬ ਦੇ ਸਮਾਗਮ ਦਾ ਸੱਦਾ ਦੇ ਕੇ ਬੁਲਾਏ ਗਏ ਪ੍ਰਸਿੱਧ ਸਿੱਖ ਵਿਦਵਾਨ ਸਰਦਾਰ ਗੁਰਚਰਨ ਸਿੰਘ ਲਾਂਬਾ ਯੂ ਐਸ ਏ ਵਾਲੇ, ਜਸਟਿਸ ਰਣਜੀਤ ਸਿੰਘ ਰੰਧਾਵਾ, ਕੀਰਤਨੀਏ ਭਾਈ ਅਮਰਜੀਤ ਸਿੰਘ ਪਟਿਆਲਾ ਵਾਲੇ ਆਪਣੇ ਮਿਥੇ ਸਮੇਂ ਤੋਂ ਪਹਿਲਾਂ ਹੀ ਕੋਹਲੀ ਨਾਲ ਨਾਰਾਜ਼ ਹੋ ਕੇ ਚਲੇ ਗਏ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ ਕੇ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇਸ ਸਬੰਧੀ ਤੁਰੰਤ ਨੋਟਿਸ ਲੈਣ ਅਤੇ ਢੁੱਕਵੀਂ ਕਾਰਵਾਈ ਦੀ ਅਪੀਲ ਕੀਤੀ ਗਈ ਹੈ।

# ਬਿਮਾਰ ਪਤਨੀ ਨੂੰ ਲੈਣ ਜਾ ਰਹੇ ਗਾਇਕ ਸੰਧੂ ਨੂੰ ਪੁਲਿਸ ਨੇ ਕੁੱਟਿਆ, ਲਾਏ ਗੰਭੀਰ ਦੋਸ਼

**ਤਰਨਤਾਰਨ/ਏ.ਟੀ.ਨਿਊਜ਼ :-** ਸਹੁਰੇ ਘਰੋਂ ਬਿਮਾਰ ਪਤਨੀ ਨੂੰ ਲੈਣ ਲਈ ਆ ਰਹੇ ਪੰਜਾਬੀ ਗਾਇਕ ਸੰਧੂ ਸੁਰਜੀਤ ਨੇ ਤਰਨਤਾਰਨ ਪੁਲਿਸ ਉੱਪਰ ਚੈਕਿੰਗ ਦੇ ਨਾਂ ’ਤੇ ਰੋਕ ਕੇ ਕੁੱਟਮਾਰ ਕਰਨ ਤੇ ਤਿੰਨ ਘੰਟੇ ਤੱਕ ਨਾਜਾਇਜ਼ ਹਿਰਾਸਤ ਵਿਚ ਰੱਖਣ ਦੇ ਕਥਿਤ ਤੌਰ ’ਤੇ ਦੋਸ਼ ਲਗਾਏ ਹਨ। ਜਦੋਂਕਿ ਪੁਲਿਸ ਨੇ ਇਨਾਂ ਦੋਸ਼ਾਂ ਨੂੰ ਨਕਾਰਿਆ ਹੈ। ਦੂਜੇ ਪਾਸੇ ਗਾਇਕ ਨਾਲ ਵਾਪਰੀ ਘਟਨਾ ਨੂੰ ਲੈ ਕੇ ਕਲਾਕਾਰਾਂ ਵਿਚ ਰੋਸ ਪਾਇਆ ਜਾ ਰਿਹਾ ਹੈ ਤੇ ਉਨਾਂ ਨੇ ਮੁੱਖ ਮੰਤਰੀ ਕੋਲੋਂ ਇਨਸਾਫ ਦੀ ਮੰਗ ਵੀ ਕੀਤੀ ਹੈ।

ਪੰਜਾਬੀ ਗਾਇਕ ਸੁਰਜੀਤ ਸੰਧੂ ਮੁਤਾਬਿਕ ਉਸਦਾ ਸਹੁਰਾ ਪਰਿਵਾਰ ਤਰਨਤਾਰਨ ਵਿਚ ਹੈ ਅਤੇ ਉਸਦੀ ਪਤਨੀ ਦੀ ਤਬੀਅਤ ਖਰਾਬ ਹੋਣ ਦਾ ਪਤਾ ਲੱਗਣ ਤੋਂ ਬਾਅਦ ਉਹ ਉਸ ਨੂੰ ਲੈਣ ਲਈ ਤਰਨਤਾਰਨ ਜਾ ਰਿਹਾ ਸੀ। ਰਾਤ ਨੂੰ ਉਹ ਹਰੀਕੇ ਪੁਲ ’ਤੇ ਪੁੱਜਾ ਤਾਂ ਨਾਕੇ ’ਤੇ ਪੁਲਿਸ ਨੇ ਉਸਦੀ ਗੱਡੀ ਰੋਕ ਲਈ। ਪੁਲਿਸ ਦੇ ਕਹਿਣ ’ਤੇ ਉਹ ਗੱਡੀ ਦੀ ਤਲਾਸ਼ੀ ਦੇ ਹੀ ਰਿਹਾ ਸੀ ਕਿ ਗੱਡੀ ਵਿਚ ਉਸਦੀ ਲਾਇਸੈਂਸੀ ਬੰਦੂਕ ਵੇਖ ਪੁਲਿਸ ਨੇ ਉਸ ਨਾਲ ਬਦਸਲੂਕੀ ਸ਼ੁਰੂ ਕਰ ਦਿੱਤੀ। ਹਾਲਾਂਕਿ ਇਸ ਦੌਰਾਨ ਉਸ ਨੇ ਆਪਣੇ ਆਪ ਨੂੰ ਕਲਾਕਾਰ ਹੋਣ ਤੋਂ ਇਲਾਵਾ ਸਾਬਕਾ ਸਰਪੰਚ ਬਾਰੇ ਜਾਣਕਾਰੀ ਦਿੱਤੀ ਅਤੇ ਨਾਲ ਹੀ ਖਤਰਾ ਹੋਣ ਕਰ ਕੇ ਹਥਿਆਰ ਰੱਖਣ ਬਾਰੇ ਵੀ ਕਿਹਾ।

## .ਗਲਤੀ ਮੰਨਣ ਤੋਂ ਬਾਅਦ ਗਾਇਕ ਸੁਰਜੀਤ ਭੁੱਲਰ ਦੇ ਕੀਤਾ ਸੀ ਹਵਾਲੇ : ਡੀਐੱਸਪੀ

ਇਸ ਸਬੰਧੀ ਡੀਐੱਸਪੀ ਪੱਟੀ ਮਨਿੰਦਰਪਾਲ ਸਿੰਘ ਨੇ ਕਿਹਾ ਕਿ ਹਰੀਕੇ ਪੁਲਿਸ ਵੱਲੋਂ ਰੁਟੀਨ ਨਾਕਾਬੰਦੀ ਕੀਤੀ ਹੋਈ ਸੀ। ਜਿੱਥੇ ਤਾਇਨਾਤ ਮੁਲਾਜ਼ਮ ਨੇ ਉਕਤ ਗਾਇਕ ਦੀ ਗੱਡੀ ਰੋਕੀ। ਉਨਾਂ ਦੱਸਿਆ ਕਿ ਗੱਡੀ ਵਿਚ ਪਿੱਛੇ ਦੋਨਾਲੀ ਬੰਦੂਕ ਤੇ ਕਿਰਪਾਨ ਪਈ ਹੋਈ ਸੀ। ਹਾਲਾਂਕਿ ਉਸ ਵੱਲੋਂ ਜਲਦੀ ਜਾਣ ਦੀ ਗੱਲ ਕਰਦਿਆਂ ਮੁਲਾਜ਼ਮਾਂ ਨਾਲ ਬਹਿਸ ਸ਼ੁਰੂ ਕਰ ਦਿੱਤੀ। ਜਦੋਂ ਥਾਣਾ ਹਰੀਕੇ ਦੇ ਮੁਖੀ ਹਰਜੀਤ ਸਿੰਘ ਉਥੇ ਪਹੁੰਚੇ ਤਾਂ ਉਸ ਨੇ ਉਨਾਂ ਨਾਲ ਵੀ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ। ਸੂਚਨਾ ਮਿਲਣ ਤੋਂ ਬਾਅਦ ਉਹ ਵੀ ਮੌਕੇ ’ਤੇ ਪਹੁੰਚੇ ਤੇ ਸੁਰਜੀਤ ਸਿੰਘ ਸੰਧੂ ਜਿਸਨੇ ਸ਼ਰਾਬ ਪੀਤੀ ਹੋਈ ਸੀ ਦਾ ਮੈਡੀਕਲ ਕਰਵਾਉਣ ਦੀ ਪ੍ਰਕਿਰਿਆ ਮੁਕੰਮਲ ਕੀਤੀ। ਉਨਾਂ ਨੇ ਕਿਹਾ ਕਿ ਅਗਲੀ ਕਾਰਵਾਈ ਲਈ ਥਾਣਾ ਮੁਖੀ ਸੁਰਜੀਤ ਸਿੰਘ ਸੰਧੂ ਨੂੰ ਥਾਣਾ ਹਰੀਕੇ ਲੈ ਗਏ ਸਨ। ਪਰ ਗਾਇਕ ਸੁਰਜੀਤ ਭੁੱਲਰ ਉਥੇ ਪਹੁੰਚੇ ਜਿਨਾਂ ਵੱਲੋਂ ਕਹੇ ’ਤੇ ਪੁਲਿਸ ਨੇ ਸੁਰਜੀਤ ਸਿੰਘ ਸੰਧੂ ਨੂੰ ਲਿਖਤੀ ਗਲਤੀ ਮੰਨਣ ਤੋਂ ਬਾਅਦ ਸੁਰਜੀਤ ਭੁੱਲਰ ਦੇ ਹਵਾਲੇ ਕਰ ਦਿੱਤਾ ਗਿਆ। ਉਨਾਂ ਨੇ ਕਿਹਾ ਕਿ ਹੁਣ ਸੁਰਜੀਤ ਸਿੰਘ ਸੰਧੂ ਵੱਲੋਂ ਨਿਰਅਧਾਰ ਦੋਸ਼ ਲਗਾਏ ਜਾ ਰਹੇ ਹਨ ਅਤੇ ਥਾਣਾ ਹਰੀਕੇ ਵਿਖੇ ਉਸਦੇ ਖਿਲਾਫ ਸਰਕਾਰੀ ਡਿਊਟੀ ’ਤੇ ਤਾਇਨਾਤ ਕਰਮਚਾਰੀਆਂ ਨਾਲ ਬਦਸਲੂਕੀ ਕਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।



ਇਸੇ ਦੌਰਾਨ ਹੀ ਪੁਲਿਸ ਨੇ ਉਸ ਨਾਲ ਕੁੱਟਮਾਰ ਸ਼ੁਰੂ ਕਰ ਦਿੱਤੀ। ਉਸ ਨੇ ਦੱਸਿਆ ਕਿ ਮੌਕੇ ’ਤੇ ਮੌਜੂਦ ਥਾਣਾ ਹਰੀਕੇ ਦੇ ਮੁਖੀ ਹਰਜੀਤ ਸਿੰਘ ਅਤੇ ਡੀਐੱਸਪੀ ਮਨਿੰਦਰਪਾਲ ਸਿੰਘ ਸਮੇਤ ਹੋਰ ਕਰਮਚਾਰੀਆਂ ਨੇ ਉਸ ਦੀਆਂ ਬਾਹਾਂ ਪਿੱਛੇ ਬੰਨ ਲਈਆਂ ਅਤੇ ਪਹਿਲਾਂ ਉਸ ਨੂੰ ਸਰਹਾਲੀ ਲਿਜਾਇਆ ਗਿਆ। ਜਦੋਂਕਿ ਬਾਅਦ ਵਿਚ ਤਰਨਤਾਰਨ ਤੇ ਫਿਰ ਪੱਟੀ ਲੈ ਗਏ। ਉਸ ਨੇ ਦੱਸਿਆ ਕਿ ਪੱਟੀ ਦੇ ਸਰਕਾਰੀ ਹਸਪਤਾਲ ਵਿਚ ਉਸਦਾ ਰਾਤ ਨੂੰ ਮੈਡੀਕਲ ਹੋ ਗਿਆ ਸੀ। ਪਰ ਉਸ ਨੂੰ ਰਾਤ 12 ਵਜੇ ਖਾਲੀ ਕਾਗਜ ਉੱਪਰ ਦਸਤਖਤ ਕਰਵਾ ਕੇ ਗਾਇਕ ਸੁਰਜੀਤ ਭੁੱਲਰ ਦੇ ਹਵਾਲੇ ਕੀਤਾ ਗਿਆ। ਉਨਾਂ ਦੱਸਿਆ ਕਿ ਉਸਦੀ ਗੱਡੀ ਅਤੇ ਫੋਨ ਖੋਹ ਲਏ ਗਏ ਅਤੇ ਤਿੰਨ ਘੰਟੇ ਉਸ ਨੇ ਭਾਰੀ ਦਹਿਸ਼ਤ ਹੇਠ ਬਿਤਾਏ। ਇਸ ਦੌਰਾਨ ਨਾ ਤਾਂ ਉਸ ਨੂੰ ਪਤਨੀ ਨਾਲ ਗੱਲ ਕਰਨ ਦਿੱਤੀ ਗਈ ਤੇ ਨਾ ਹੀ ਵਕੀਲ ਨਾਲ। ਉਸਨੇ ਪੁਲਿਸ ਉੱਪਰ ਧੱਕੇਸ਼ਾਹੀ ਦਾ ਦੋਸ਼ ਲਾਉਂਦਿਆਂ ਇਨਸਾਫ ਦੀ ਮੰਗ ਕੀਤੀ ਹੈ।

ਨਾਕੇ ’ਤੇ ਪੁਲਿਸ ਨਾਲ ਤਕਰਾਰ ਦੇ ਚਲਦਿਆਂ ਚਰਚਾ ਵਿਚ ਆਏ ਗਾਇਕ ਸੰਧੂ ਸੁਰਜੀਤ ਦੀ ਗੱਲ ਕਰੀਏ ਤਾਂ ਉਸ ਨੇ ਪਿੰਡ ਮਿਸ਼ਰੀਵਾਲਾ ਤੋਂ ਸਰਪੰਚੀ ਦੀ ਚੋਣ ਲੜੀ ਸੀ। ਇਹ ਚੋਣ ਉਨਾਂ ਨੇ ਉਸ ਵੇਲੇ ਦੇ ਸਿੰਚਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਦੇ ਖਾਸਮ-ਖਾਸ ਦੱਸੇ ਜਾਂਦੇ ਮਾ. ਗੁਰਨਾਮ ਸਿੰਘ ਨੂੰ ਹਰਾ ਕੇ ਜਿੱਤੀ ਸੀ। ਦੱਸਿਆ ਜਾ ਰਿਹਾ ਹੈ ਕਿ 38 ਵੋਟਾਂ ਨਾਲ ਹੋਈ ਗੈਰ ਸੱਤਾਧਾਰੀ ਦੀ ਜਿੱਤ ਤੋਂ ਬਾਅਦ ਵੋਟਾਂ ਦੀ ਗਿਣਤੀ ਮੁੜ ਕਰਵਾਈ ਗਈ ਪਰ ਬਾਅਦ ਵਿਚ ਜਿੱਤ ਦਾ ਅੰਤਰ 44 ਹੋ ਗਿਆ। ਜਦੋਂਕਿ ਉਸ ਵੱਲੋਂ ਗਾਇਆ ਗੀਤ ‘ਜਾਨ ਤਲੀ ’ਤੇ ਧਰ ਕੇ ਜੱਟ ਨੇ ਸਰਪੰਚੀ ਜਿੱਤੀ ਹੈ’ ਵੀ ਖੂਬ ਚਰਚਾ ਵਿਚ ਰਿਹਾ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

08 ਜੂਨ 2022 ਤੋਂ 14 ਜੂਨ 2022

# ਸਿੱਖ ਸੰਘਰਸ਼ ਦਾ ਵਰਤਾਰਾ

ਜਦੋਂ ਵੱਡੇ ਸੰਘਰਸ਼ ਲੜੇ ਜਾਂਦੇ ਹਨ ਤਾਂ ਉਹ ਆਪਣੇ ਪੂਰਨ ਜਲੌਅ ਦੇ ਸਮੇਂ ਕਈ ਛੋਟੀਆਂ ਸ਼ਖ਼ਸੀਅਤਾਂ, ਆਮ ਵਰਤਾਰਿਆਂ ਅਤੇ ਮਾਮੂਲੀ ਘਟਨਾਵਾਂ ਨੂੰ ਵੀ ਆਪਣੀ ਬੁੱਕਲ 'ਚ ਲੈ ਕੇ ਉਨਾਂ ਦੀ ਹਸਤੀ ਨੂੰ ਵੱਡਾ ਕਰ ਦਿੰਦੇ ਹਨ। ਇਹ ਉਨਾਂ ਸੰਘਰਸ਼ਾਂ ਦੇ ਉੱਚੇ ਆਦਰਸ਼, ਉਨਾਂ ਵਿੱਚ ਚੱਲ ਰਹੀ ਸੁੱਚੀ ਅਰਦਾਸ ਅਤੇ ਅਕਾਲ ਪੁਰਖ ਦੀ ਕ੍ਰਿਪਾ ਨਾਲ ਚਲ ਰਹੇ ਸਰੀਰਾਂ ਅਤੇ ਵਿਚਾਰਾਂ ਦੀ ਬਦੌਲਤ ਹੁੰਦਾ ਹੈ।

ਜਿੰਨਾ ਜਿੰਨਾ ਗੁਰੂ ਮਹਾਰਾਜ ਕ੍ਰਿਪਾ ਕਰਦੇ ਜਾਂਦੇ, ਉਨਾਂ ਹੀ ਪੰਥ ਦੇ ਨਿਮਾਣੇ ਸੇਵਕ ਸਿਦਕ ਅਤੇ ਸਿਰੜ ਦੇ ਵਿੱਚ ਭਿੱਜਦੇ ਜਾਂਦੇ ਹਨ ਅਤੇ ਉਨਾਂ ਹੀ ਉਹ ਗੁਰੂ ਖਾਲਸਾ ਪੰਥ ਦੇ ਨੇੜੇ ਹੁੰਦੇ ਜਾਂਦੇ ਹਨ। ਉਨਾਂ ਵਿਚੋਂ ਕਈ, ਜਿਨਾਂ ਦੀ ਸ਼ਹਾਦਤਾਂ ਦੀ ਅਰਦਾਸ ਦਰਗਾਹ ਵਿਚ ਕਬੂਲ ਹੁੰਦੀ, ਉਹ ਉੱਚੇ ਮਰਤਬੇ ਨੂੰ ਅਪੜ ਜਾਂਦੇ ਅਤੇ ਸੁਰਖ਼ਰੂ ਹੋ ਕੇ ਇਸ ਦੁਨੀਆ ਤੋਂ ਚੜਾਈ ਕਰ ਜਾਂਦੇ। ਜੋ ਸ਼ਹਾਦਤ ਦੇ ਮਰਤਬੇ ਤੋਂ ਵਾਂਝਾ ਰਹਿ ਜਾਂਦੇ ਹਨ, ਸਮੇਂ ਨਾਲ ਉਹ ਵੱਖ ਵੱਖ ਰਾਹ ਆਪਣਾ ਲੈਂਦੇ ਹਨ। ਜਿਸ ਨੂੰ ਜਿਸ ਤਰਾਂ ਦੀ ਸੰਗਤ ਗੁਰੂ ਬਖਸ਼ਦਾ, ਉਹ ਉਸ ਤਰਾਂ ਦੇ ਰਸਤੇ ਚਲਾ ਜਾਂਦਾ। ਕਈ ਸੰਘਰਸ਼ ਵਿੱਚ ਹੀ ਰਹਿੰਦੇ ਬਸ ਸਮੇਂ ਅਨੁਸਾਰ ਉਸਦਾ ਤਰੀਕਾ ਬਦਲ ਦਿੰਦੇ, ਕੁੱਝ ਨਵੇਂ ਰਾਹ ਅਖਤਿਆਰ ਕਰ ਲੈਂਦੇ। ਕੁੱਝ ਬੇਮੁਖ ਹੋ ਜਾਂਦੇ, ਕੁੱਝ ਖੁਆਰ ਹੋ ਜਾਂਦੇ। ਕੁਝ ਮੁੜ ਇੰਤਜ਼ਾਰ 'ਚ ਚਲੇ ਜਾਂਦੇ ਜਦੋਂ ਤਕ ਕਿ ਮੁੜ ਓਹੋ ਜਿਹਾ ਵੱਡਾ ਵਰਤਾਰਾ ਉਨਾਂ ਨੂੰ ਫੇਰ ਖਿੱਚ ਨਹੀਂ ਲੈਂਦਾ।

ਖਾਲਸਾ ਆਪਣੀ ਰਵਾਇਤ ਤੋਂ ਮੂੰਹ ਨਹੀਂ ਮੋੜ ਸਕਦਾ, ਪਰ ਇਹ ਵੀ ਧਿਆਨਯੋਗ ਹੈ ਕਿ ਰਵਾਇਤ ਦਾ ਮਤਲਬ ਅਮਲਾਂ ਨਾਲ ਉਸ ਪਵਿੱਤਰ ਸਦੀਵੀ ਸੱਚ ਨੂੰ ਜਿਊਣਾ ਹੁੰਦਾ ਹੈ ਜੋ ਗੁਰੂ ਵਲੋਂ ਆਇਦ ਕੀਤਾ ਗਿਆ ਹੈ। ਰਵਾਇਤ ਦਾ ਮਤਲਬ ਰੀਤੀ-ਰਿਵਾਜਾਂ ਅਤੇ ਦੁਨਿਆਵੀ ਪ੍ਰੋਗਰਾਮਾਂ ਦਾ ਭਾਵਨਾ-ਰਹਿਤ ਹੋਛਾ ਪ੍ਰਗਟਾਵਾ ਨਹੀਂ ਹੁੰਦਾ। ਸਿੱਖ ਯਾਦ ਦੱਸਦੀ ਹੈ ਕਿ ਗੁਰੂ ਸਾਹਿਬ ਨੇ ਆਪਣੇ ਵਲੋਂ ਬਣਾਏ ਮਸੰਦ ਮੁੜ ਆਪ ਹੀ ਖਤਮ ਕੀਤੇ। ਇਕ ਵਕਤ ਰਿਹਾ ਹੋਵੇਗਾ ਕਿ ਜਦੋਂ ਸਿੱਖ ਸਮਾਜ ਵਿੱਚ ਮਸੰਦ ਇਕ ਇੱਜਤਦਾਰ ਅਤੇ ਮੋਹਤਬਰ ਹਸਤੀ ਹੁੰਦੇ ਹੋਣਗੇ। ਪਰ ਅੱਜ ਮਸੰਦ ਇੱਕ ਨਾਂਹ-ਪੱਖੀ ਸ਼ਬਦ ਦੇ ਤੌਰ ਉੱਤੇ ਸਿੱਖਾਂ ਦੀ ਸਮੂਹਿਕ ਚੇਤਨਾ ਵਿਚ ਉਕਰਿਆ ਪਿਆ ਹੈ। ਇਸ ਇਤਿਹਾਸਿਕ ਮਿਸਾਲ ਦੇ ਹਵਾਲੇ ਨਾਲ ਵੀਹਵੀਂ ਸਦੀ ਉੱਤੇ ਝਾਤ ਮਾਰੀਏ ਤਾਂ ਵੇਖ ਸਕਦੇ ਹਾਂ ਕਿ ਅਕਾਲੀ ਦਲ ਦੇ ਸ਼ੁਰੂਆਤੀ ਸਮੇਂ 'ਚ ਅਕਾਲੀ ਦਲ ਨਾਲ ਸੰਬੰਧਿਤ ਹੋਣਾ ਇਕ ਇੱਜਤ ਵਾਲੀ ਗੱਲ ਸਮਝੀ ਜਾਂਦੀ ਸੀ ਪਰ ਅੱਜ ਅਕਾਲੀ ਦਲ ਦੇ ਨਾਮ ਉੱਤੇ ਚਲਦੀਆਂ ਰਾਜਨੀਤਕ ਧੜਿਆਂ ਨਾਲ ਰਿਸ਼ਤਾ ਰੱਖਣਾ ਬੇਇਜ਼ਤੀ ਅਤੇ ਚੋਰੀ ਠੱਗੀ ਦਾ ਸਬਬ ਬਣਿਆ ਹੋਇਆ ਹੈ। ਅਜਿਹਾ ਕਿਉਂ ਵਾਪਰਿਆ ਹੈ ਕਿ ਸਿੱਖ ਆਪਣੇ ਲਹੂ ਨਾਲ ਸਿੰਜ ਕੇ ਪਾਲੇ ਬੂਟੇ (ਅਕਾਲੀ ਦਲ) ਦੀ ਛਾਵੇਂ ਬਹਿਣ ਦੀ ਥਾਂ ਉਸ ਤੋਂ ਉਪਰਾਮ ਹੋ ਗਏ ? ਜਵਾਬ ਹੈ ਕਿ ਜਦੋਂ ਕੋਈ ਸੰਸਥਾ ਜਾਂ ਸ਼ਖਸੀਅਤ ਗੁਰੂ ਵਲੋਂ ਨਿਸ਼ਚਿਤ ਕੀਤੇ ਅਜ਼ੀਮ ਮਕਸਦ ਤੋਂ ਭਟਕ ਜਾਂਦੀ ਹੈ ਤਾਂ ਖਾਲਸਾ ਉਸ ਪ੍ਰਤੀ ਉਦਾਸੀਨ ਰਵੱਈਆ ਧਾਰਨ ਕਰ ਲੈਂਦਾ ਹੈ ਅਤੇ ਉਸਦੀ ਥਾਂ ਨਵੀਆਂ ਸੰਸਥਾਵਾਂ ਅਤੇ ਸ਼ਖਸੀਅਤਾਂ ਕੇਂਦਰ ਵਿਚ ਆ ਜਾਂਦੀਆਂ ਹਨ।

ਇਸ ਨਜ਼ਰੀਏ ਵਿਚੋਂ ਵੀਹਵੀਂ ਸਦੀ ਦੇ ਅਖੀਰ ਵਿੱਚ ਸੰਤ ਜਰਨੈਲ ਸਿੰਘ ਜੀ ਵੱਲੋਂ ਅਤੇ ਉਨਾਂ ਤੋਂ ਬਾਅਦ ਖਾਲਸਾ ਪੰਥ ਦੇ ਜੰਗਜੂਆਂ ਵੱਲੋਂ ਲੜਿਆ ਸੰਘਰਸ਼ ਵੇਖੀਏ ਤਾਂ ਉਸਦੀ ਵਾਜਬੀਅਤ, ਉਸਦੀ ਪਵਿੱਤਰਤਾ ਅਤੇ ਉਸਦੀ ਮਹਾਨਤਾ ਸਾਡੀ ਸਮਝ ਪਏਗੀ। ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਜਿਹੜੀ ਲਹਿਰ ਵਿਚ ਸਰਗਰਮ ਸਨ, ਉਸ ਲਹਿਰ ਦਾ ਦੁਨੀਆ ਵਿੱਚ ਐਲਾਨਿਆ ਨਿਸ਼ਾਨਾ ਅਨੰਦਪੁਰ ਦਾ ਮੱਤਾ ਲਾਗੂ ਕਰਵਾਉਣ ਦਾ ਸੀ। ਪਰ ਦਰਬਾਰ ਸਾਹਿਬ ਉਤੇ ਭਾਰਤੀ ਫੌਜ ਨਾਲ ਹੋਈ ਜੰਗ ਤੋਂ ਬਾਅਦ ਲਹਿਰ ਗੁਰੂ ਦੀ ਅਜ਼ਮਤ ਲਈ ਸ਼ਹੀਦ ਹੋਣ ਦੀ ਚੱਲੀ। ਇਸ ਵਜਦ ਵਿੱਚ ਲੜਨ ਵਾਲਿਆਂ ਨੇ ਇਸਨੂੰ ਇਕ ਵੱਖਰਾ ਅਤੇ ਸ਼ਾਹਕਾਰ ਰੰਗ ਦਿੱਤਾ। ਫੇਰ ਪੰਥ ਦੀ ਆਗਿਆ ਨਾਲ ਇਹ ਆਪਣੇ ਆਪ ਹੀ ਖਾਲਿਸਤਾਨ ਦੇ ਨਿਸ਼ਾਨੇ ਉੱਤੇ ਹਥਿਆਰਬੰਦ ਸੰਘਰਸ਼ ਦੇ ਰੂਪ ਵਿਚ ਤੇਜ਼ ਹੋ ਗਈ। ਇਹ ਕੋਈ ਨਿਵੇਕਲੀ ਗੱਲ ਨਹੀਂ ਸੀ ਸਗੋਂ ਗੁਰੂ ਖਾਲਸਾ ਪੰਥ ਉੱਤੇ ਆਇਦ ਪਵਿੱਤਰ ਫਰਜ਼ ਨੂੰ ਰੂਪਮਾਨ ਕਰਦਾ ਪਾਤਸ਼ਾਹੀ ਦਾਅਵੇ ਦਾ ਸਮਕਾਲੀਨ ਰੂਪਾਂਤਰ ਸੀ। ਖਾਲਸਾ ਆਪਣੇ ਪਾਤਸ਼ਾਹੀ ਦਾਅਵੇ ਨੂੰ ਸਮੇਂ, ਕਾਲ ਨੂੰ ਧਿਆਨ ਵਿਚ ਰੱਖਦਿਆਂ ਪੰਥ ਦੀ ਸਮੂਹਿਕ ਰਮਜ਼ ਦੇ ਅਨੁਸਾਰ ਵੱਖੋ-ਵੱਖ ਰਣਨੀਤੀਆਂ ਅਤੇ ਵਕਤੀ ਪੈਂਤੜਿਆਂ ਦੇ ਰੂਪ 'ਚ ਦਰਸਾਉਂਦਾ ਰਿਹਾ ਹੈ।

ਪਰ ਜਿਵੇਂ ਕਿ ਮਹਾਨ ਸੰਕਲਪਾਂ ਅਤੇ ਉੱਚੀਆਂ ਲਹਿਰਾਂ ਨਾਲ ਅਕਸਰ ਹੁੰਦਾ ਹੈ, ਇਨਾਂ ਨੂੰ ਪ੍ਰਣਾਉਣ ਵਾਲੇ ਆਪੋ ਆਪਣੀ ਸਮਰੱਥਾ, ਮਤ-ਬੁਧ ਅਨੁਸਾਰ ਉਨਾਂ ਮਹਾਨ ਸੰਕਲਪਾਂ ਦੀ ਵਿਆਖਿਆ ਕਰਕੇ ਦੁਨਿਆਵੀ ਧਰਾਤਲ ਉੱਤੇ ਸੰਘਰਸ਼ ਅਤੇ ਨਿਸ਼ਾਨੇ ਮਿਥ ਲੈਂਦੇ ਹਨ।

ਕੁਝ ਇਸ ਤਰਾਂ ਦਾ ਹੀ 20ਵੀ ਸਦੀ ਵਿੱਚ ਖਾਲਸਾ-ਪੰਥ ਵਲੋਂ ਪਾਤਸ਼ਾਹੀ ਦਾਅਵੇ ਦੀ ਜਲੌਅ ਦਰਸਾਉਂਦੀ ਇਸ ਲਹਿਰ ਨਾਲ ਵੀ ਹੋਇਆ।

ਕਈਆਂ ਨੇ ਇਸ ਦੇ ਮਾਅਨੇ ਚਲਦੇ ਨਿਜ਼ਾਮ ਵਿੱਚ ਵੱਧ ਸਿਆਸੀ ਅਧਿਕਾਰ ਲੈਣਾ ਮਿਥ ਲਿਆ, ਕਈਆਂ ਨੇ ਇਸਦੇ ਮਾਅਨੇ ਸੂਬੇਦਾਰੀ ਹਾਸਿਲ ਕਰਨਾ ਮਿਥਿਆ, ਕਈਆਂ ਨੇ ਇਸ ਦੇ ਮਾਅਨੇ ਜ਼ਮੀਨ ਦੀ ਮਲਕੀਅਤ ਮਿੱਥ ਲਈ। ਹੁਣ ਤਾਂ ਹਾਲਾਤ ਇਹ ਹਨ ਕਿ ਕਈਆਂ ਨੂੰ ਖਾਲਿਸਤਾਨ ਦੇ ਨਾਅਰੇ ਲਗਾਉਣਾ ਹੀ ਵੱਡੀਆਂ ਮੱਲਾਂ ਮਾਰਨ ਵਾਲੀ ਗੱਲ ਪ੍ਰਤੀਤ ਹੋ ਰਹੀ ਹੈ।

ਗੁਰੂ ਖਾਲਸਾ ਪੰਥ ਦੇ ਕਈ ਨਿਮਾਣੇ ਸੇਵਕ ਪਾਤਸ਼ਾਹੀ ਦਾਅਵੇ ਦੇ ਪਵਿੱਤਰ ਸੰਕਲਪ ਨੂੰ ਸਿੱਖਾਂ ਦੀ ਸਮੂਹਿਕ ਚੇਤਨਾ ਵਿੱਚ ਜਰਜਰਾ ਹੁੰਦੇ ਵੇਖ ਕੇ ਝੂਰਦੇ ਹਨ ਪਰ ਸ਼ਾਇਦ ਗੁਰੂ ਨੇ ਅਜੇ ਸਮਰਥਾ ਨਹੀਂ ਬਖਸ਼ੀ, ਸ਼ਾਇਦ ਅਜੇ ਅਰਦਾਸ ਦੇ ਸੋਮੇ ਮੁੜ ਹਰੇ ਨਹੀਂ ਹੋਏ, ਸ਼ਾਇਦ ਅਜੇ ਸਾਡੀ ਕੁਰਲਾਹਟ ਵਿੱਚ ਉਹ ਸੰਜੀਦਗੀ ਅਤੇ ਸਚਾਈ ਨਹੀਂ ਪੈਦਾ ਹੋਈ ਕਿ ਜਿਸ ਦੇ ਸਦਕਾ ਸਾਡੀ ਸੁਣਵਾਈ ਗੁਰੂ ਦੇ ਦਰਬਾਰ ਵਿਚ ਹੋ ਸਕੇ। ਪਾਤਸ਼ਾਹ ਦੀ ਮਿਹਰ ਦੀ ਇਕ ਨਜ਼ਰ ਨਾਲ ਹੀ ਪੰਥ ਦੇ ਸੇਵਕ ਪਾਤਸ਼ਾਹੀ ਦਾਅਵੇ ਦੇ ਪਵਿੱਤਰ ਨਕਸ਼ ਨੂੰ ਮੁੜ ਆਪਣੇ ਅਸਲ ਜਲੌਅ ਅਤੇ ਅਸਲ ਮਾਅਨਿਆਂ ਨਾਲ ਦੁਨੀਆ ਦੇ ਧਰਾਤਲ ਉੱਤੇ ਉਕਰਨ ਲਈ ਸਰਗਰਮ ਹੋ ਸਕਣਗੇ।

ਗੁਰੂ ਖਾਲਸਾ ਪੰਥ ਦਾ ਰੁਤਬਾ ਇੰਨਾ ਉੱਚਾ ਅਤੇ ਸੁੱਚਾ ਹੈ ਕਿ ਖਾਲਸੇ ਦੇ ਸਰਬੱਤ ਦੇ ਭਲੇ ਦੇ ਸੰਘਰਸ਼ ਵਿਚ 'ਨਿਮਾਣਾ ਸੇਵਕ' ਬਣ ਪਾਉਣ ਵਿੱਚ ਹੀ ਜ਼ਿੰਦਗੀਆਂ ਲੱਗ ਜਾਂਦੀਆਂ ਹਨ। ਪਰ ਖਾਲਸਾ ਜੀ ਦੇ ਬੋਲ-ਬਾਲੇ ਅਤੇ ਪਾਤਸ਼ਾਹੀ ਦਾਅਵੇ ਦੀ ਗੂੰਜ ਇਨਾਂ ਨਿਮਾਣੇ ਸੇਵਕਾਂ ਦੀਆਂ ਪੈੜਾਂ ਵਿੱਚ ਹੀ ਉਜਾਗਰ ਹੁੰਦੀ ਹੈ। ਇਸ ਕਰਕੇ ਸਿੱਖਾਂ ਦੇ ਲੀਡਰ ਜਾਂ ਰਾਜਾਂ ਦੇ ਸੂਬੇਦਾਰ ਜਾਂ ਦੇਸ਼ਾਂ ਦੇ ਰਾਜੇ ਬਣਨ ਦਾ ਸੁਪਨਾ ਲੈਣ ਕੋਲੋਂ ਬਿਹਤਰ ਹੋਵੇਗਾ ਕਿ ਪੰਥ ਦੇ ਸੇਵਕ ਬਣ ਸਕਣ ਦੀ ਅਰਦਾਸ ਗੁਰੂ ਪਾਤਸ਼ਾਹ ਅੱਗੇ ਕਰੀਏ। ਵਜ਼ੀਰੀਆਂ, ਸੂਬੇਦਾਰੀਆਂ ਅਤੇ ਦੁਨਿਆਵੀ ਤਖਤਾਂ ਦੀਆਂ ਬਾਦਸ਼ਾਹੀਆਂ ਕਿਸੇ ਦੁਨਿਆਵੀ ਪ੍ਰਤਿਭਾ ਦੇ ਅੱਗੇ ਨਹੀਂ ਸਗੋਂ ਇਨਾਂ ਨਿਮਾਣੇ ਪੰਥ-ਸੇਵਕਾਂ ਦੇ ਕਦਮਾਂ 'ਚ ਹੀ ਰੁਲਣੀਆਂ ਹਨ।

# ਪੰਜਾਬੀ ਗਾਇਕੀ, ਉੱਠਦੇ ਸਵਾਲ



ਗੁਰਮੀਤ ਸਿੰਘ ਪਲਾਹੀ
9815802070

ਪੰਜਾਬੀ ਦੇ ਗੀਤਕਾਰਾਂ, ਗਾਇਕਾਂ ਨੇ ਦੁਨੀਆ ਭਰ 'ਚ ਆਪਣੀ ਪੈਂਠ ਬਣਾਈ ਹੈ। ਚੰਗੇ ਗੀਤਕਾਰਾਂ ਨੇ ਮਾਨਸਿਕ ਸਕੂਨ ਦੇਣ ਵਾਲੇ ਗੀਤ ਲਿਖ ਕੇ ਪੰਜਾਬੀ ਸਭਿਆਚਾਰ, ਪੰਜਾਬੀ ਬੋਲੀ ਦੀ ਅਮੀਰੀ ਵਿਚ ਵਿਸ਼ਾਲ ਵਾਧਾ ਕੀਤਾ ਹੈ। ਗੀਤਕਾਰਾਂ, ਗਾਇਕਾਂ ਦੀ ਜੁਗਲਬੰਦੀ ਪਿਛਲੇ ਦਹਾਕਿਆਂ 'ਚ, ਸਮੇਂ ਦੀ ਤੋਰ ਨਾਲ ਤੁਰਦੀ, ਨਵੇਂ ਦਿਸਹੱਦੇ ਸਿਰਜਦੀ ਰਹੀ ਹੈ।

ਮਰਦ, ਔਰਤ ਗਾਇਕਾਂ ਜਿੱਥੇ ਪੰਜਾਬੀ ਦੇ ਲੋਕ ਗੀਤ ਗਾਏ, ਉੱਥੇ ਲੋਕ ਗੀਤਾਂ ਵਰਗੇ ਲਿਖੇ ਗੀਤਾਂ ਨੂੰ ਵੀ ਗਾਇਕਾਂ ਨੇ ਲੋਕ-ਕਚਹਿਰੀ ਵਿਚ ਪੇਸ਼ ਕੀਤਾ ਹੈ, ਸਿੱਟੇ ਵਜੋਂ ਗਾਇਕੀ 'ਚ ਸੂਫੀ ਰੰਗ ਵੇਖਣ ਨੂੰ ਮਿਲਿਆ। ਗਜ਼ਲ ਗਾਇਕੀ ਨੇ ਵੀ ਆਪਣਾ ਥਾਂ ਪੰਜਾਬੀ ਪਿਆਰਿਆਂ ਵਿਚ ਬਣਾਈ ਅਤੇ ਸਾਫ਼-ਸੁਥਰੀ ਗਾਇਕੀ ਨਾਲ ਦੇਸ਼-ਪ੍ਰਦੇਸ਼ 'ਚ ਚੰਗੀ ਭੱਲ ਖੱਟੀ। ਹੰਸ ਰਾਜ ਹੰਸ, ਗੁਰਦਾਸ ਮਾਨ, ਹਰਭਜਨ ਮਾਨ, ਕੰਵਰ ਗਰੇਵਾਲ, ਸਤਿੰਦਰ ਸਰਤਾਜ, ਮਲਕੀਤ ਸਿੰਘ, ਕੁਲਦੀਪ ਮਾਣਕ, ਸੁਰਿੰਦਰ ਕੌਰ, ਸੁਰਜੀਤ ਬਿੰਦਰੱਖੀਆ, ਜਮਲਾ ਜੱਟ, ਦਲੇਰ ਮਹਿੰਦੀ, ਸੁਰਿੰਦਰ ਸ਼ਿੰਦਾ, ਜਗਮੋਹਨ ਕੌਰ, ਸਤਵਿੰਦਰ ਬਿੱਟੀ, ਦਲਜੀਤ ਦੋਸਾਂਝ, ਡਾ.ਬਰਜਿੰਦਰ ਸਿੰਘ ਹਮਦਰਦ, ਐਮੀ ਵਿਰਕ, ਨੂਰਾਂ ਭੈਣਾਂ ਆਦਿ ਨੇ ਗਾਇਕੀ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ ਪਰ ਇਸਦੇ ਨਾਲ-ਨਾਲ ਕੁਝ ਗੀਤਕਾਰਾਂ-ਗਾਇਕਾਂ ਨੇ ਪੰਜਾਬ ਦੀ ਜੁਆਨੀ ਨੂੰ ਕੁਰਾਹੇ ਪਾਉਣ ਵਾਲੇ ਗੀਤ ਲਿਖੇ ਅਤੇ ਪੰਜਾਬੀ ਸੱਭਿਆਚਾਰ ਦੀ ਇੱਕ ਬੇਢੰਗੀ ਦਿੱਖ ਵਿਸ਼ਵ ਸਾਹਮਣੇ ਪੇਸ਼ ਕੀਤੀ।

ਲੱਚਰਤਾ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੇ ਗੀਤਾਂ ਨੇ ਪੰਜਾਬੀ ਨੌਜਵਾਨਾਂ ਚ ਇੱਕ ਵਿਸ਼ੇਸ਼ ਕਿਸਮ ਦਾ ਰੰਗ ਭਰਿਆ, ਜੋ ਬੇਰੰਗਾ ਹੋ ਨਿਬੜਿਆ। ਹਥਿਆਰ ਅਤੇ ਘਟੀਆ ਕਿਸਮ ਦੀ ਗਾਇਕੀ ਨੇ ਗੈਂਗਸਟਰਾਂ ਨੂੰ ਉਤਸ਼ਾਹਿਤ ਕੀਤਾ। ਪੰਜਾਬੀ ਵਿਰਸੇ ਅਤੇ ਸਭਿਆਚਾਰ ਦਾ ਘਾਣ ਕੀਤਾ। ਨਸ਼ਿਆਂ ਵੱਲ ਜਾਣ ਲਈ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ। ਕੁਝ ਹੱਥੀਂ ਨਾ ਕਰਕੇ ਮੁਫ਼ਤ ਦੀ ਕਮਾਈ ਲੁੱਟ-ਖਸੁੱਟ ਨੂੰ ਪ੍ਰਮੋਟ ਕੀਤਾ ਅਤੇ ਪੰਜਾਬੀ ਕਦਰਾਂ-ਕੀਮਤਾਂ ਉੱਤੇ ਡੂੰਘੀ ਸੱਟ ਮਾਰੀ। ਨਿੱਘਰੀ ਸੋਚ, ਇਸ ਕਿਸਮ ਦੀ ਗਾਇਕੀ, ਅਸੱਭਿਅਕ ਗੀਤਾਂ ਨੂੰ ਲਿਖਣ-ਗਾਉਣ ਵਿਚ ਮਾਣ ਮਹਿਸੂਸ ਕਰਦੀ ਹੈ, ਜਿਸ ਪ੍ਰਤੀ ਪੰਜਾਬੀ ਚਿੰਤਕ, ਪੰਜਾਬੀ ਨੂੰ ਪਿਆਰ ਕਰਨ ਵਾਲੇ ਲੋਕ ਡੂੰਘੀ ਚਿੰਤਾ 'ਚ ਹਨ।

ਘਟੀਆ ਕਿਸਮ ਦੀ ਇਸ ਗਾਇਕੀ ਨੇ ਚਾਰ ਪੈਸਿਆਂ ਦੀ ਖ਼ਾਤਰ ਪੰਜਾਬੀਆਂ ਦੇ ਮੱਥੇ ਉੱਤੇ ਉਹੋ ਜਿਹਾ ਕਲੰਕ ਲਗਾਇਆ ਹੋਇਆ ਹੈ,ਜਿਹੋ ਜਿਹਾ ਕਲੰਕ ਪੰਜਾਬੀਆਂ ਦੇ ਮੱਥੇ ਉਤੇ 'ਧੀਆਂ ਨੂੰ ਕੁੱਖਾਂ ਵਿਚ ਮਾਰਨ' ਕਾਰਨ ਲੱਗਿਆ ਅਤੇ ਫਿਰ ਨਸ਼ਿਆਂ ਅਤੇ ਚਿੱਟੇ ਦੀ ਵਰਤੋਂ ਕਾਰਨ ਪੰਜਾਬ ਦੇ ਮੱਥੇ ਉਤੇ ਕਲੰਕ ਲੱਗ ਗਿਆ ਜਾਂ ਲਗਾ ਦਿੱਤਾ ਗਿਆ। ਇਸ ਕਿਸਮ ਦੀ ਗਾਇਕੀ ਤੋਂ ਪੰਜਾਬ ਦੇ ਹਰ ਵਰਗ ਦੇ ਲੋਕ ਔਖੇ ਹਨ। ਸ਼ਰਮਿੰਦਗੀ ਮਹਿਸੂਸ ਕਰਦੇ ਹਨ। ਜਿਵੇਂ ਇੰਟਰਨੈਟ ਅਤੇ ਮੋਬਾਇਲ ਨੇ ਮਨੁੱਖ ਦਾ ਦਿਮਾਗ ਮੌਜੂਦਾ ਸਮੇਂ ਵਿਚ ਗ੍ਰਸਿਆ ਹੋਇਆ ਹੈ, ਪੰਜਾਬ ਦੇ ਬਹੁ ਗਿਣਤੀ ਨੌਜਵਾਨ ਹਿੰਸਾ ਗੀਤਾਂ, ਲੱਚਰ ਗੀਤਾਂ ਦੀ ਮਾਰ ਹੇਠ ਆਏ ਦਿਸਦੇ ਹਨ ਜੋ ਕਿ ਪੰਜਾਬ ਦੇ ਭਵਿੱਖ ਲਈ ਚੰਗਾ ਸ਼ਗਨ ਨਹੀਂ ਹੈ।

ਪੰਜਾਬ ਦੀ ਉਹ ਰੰਗਲੀ ਧਰਤੀ, ਜਿਥੇ ਧਾਰਮਿਕ ਗ੍ਰੰਥ ਲਿਖੇ ਗਏ, ਜਿਥੇ ਸੂਫ਼ੀ ਸਾਹਿਤ ਦਾ ਨਿਵੇਕਲਾ ਰੰਗ ਵਿਖਰਿਆ, ਜਿਥੇ ਪ੍ਰੋ. ਪੂਰਨ ਸਿੰਘ, ਭਾਈ ਵੀਰ ਸਿੰਘ, ਸ਼ਿਵ ਕੁਮਾਰ ਬਟਾਲਵੀ, ਪਾਸ਼, ਲਾਲ ਸਿੰਘ ਦਿਲ ਦੀ ਕਵਿਤਾ ਨੂੰ ਪੰਜਾਬੀਆਂ ਆਪਣੇ ਹਿਰਦੇ ਵਿਚ ਵਸਾਇਆ, ਉਥੇ ਨਸ਼ਿਆਂ, ਹਥਿਆਰਾਂ, ਰਿਸ਼ਤਿਆਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਨੂੰ ਕੀ ਜਾਇਜ਼ ਠਹਿਰਾਇਆ ਜਾ ਸਕਦਾ ਹੈ ? ਸਾਡੇ ਸਾਂਝੇ ਪਰਿਵਾਰ, ਸਾਡਾ ਸਾਫ਼- ਸੁਥਰਾ ਮਨਮੋਹਣਾ ਸਭਿਆਚਾਰ, ਸਾਡੀ ਮਾਖਿਉਂ ਮਿੱਠੀ ਬੋਲੀ ਪੰਜਾਬੀ, ਸਾਡਾ ਅਮੀਰ ਵਿਰਸਾ ਹੈ। ਇਸ 'ਚ ਗੰਦ-ਮੰਦ ਦੀ ਕੋਈ ਥਾਂ ਨਹੀਂ। ਇਥੇ ਹਿੰਸਕ ਕਾਰਵਾਈਆਂ ਤੇ ਲੱਚਰਪੁਣੇ ਨੂੰ ਕਿਸੇ ਹਾਲਾਤ ਵਿੱਚ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਪਰ ਅੱਜ ਜਦੋਂ ਸੋਸ਼ਲ ਮੀਡੀਆ ਦਾ ਯੁੱਗ ਹੈ, ਹਰ ਕੋਈ ਆਪੋ-ਆਪਣੇ ਢੰਗ ਨਾਲ ਇਸ ਨੂੰ ਵਰਤ ਰਿਹਾ ਹੈ। ਚੰਗੇ-ਮਾੜੇ ਗੀਤਾਂ ਦੀ ਵੀ ਇਸ 'ਚ ਭਰਮਾਰ ਹੋ ਰਹੀ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਕੁਝ ਖੱਬੀ ਖਾਨ 'ਗਾਇਕ' ਪੰਜਾਬ ਦੇ ਨੌਜਵਾਨ ਲਈ ਵਿਗਾੜ ਦਾ ਕਾਰਨ ਬਣ ਰਹੇ ਹਨ। ਬਰਛੀਆਂ, ਬੰਦੂਕਾਂ, ਹਥਿਆਰਾਂ ਵਾਲੇ ਹੋਛੇ ਗੀਤ ਅਤੇ ਲੱਚਰ ਗਾਇਕੀ ਨੇ ਕਈ ਹਾਲਾਤਾਂ 'ਚ ਨੌਜਵਾਨਾਂ ਨੂੰ ਗੁੰਮਰਾਹ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਇਹ ਅਸਲ ਮਾਅਨਿਆਂ 'ਚ ਪੰਜਾਬ ਦਾ ਵੱਡਾ ਦੁਖਾਂਤ ਹੋ ਨਿਬੜਿਆ ਹੈ।

ਪ੍ਰਸਿੱਧ ਪੰਜਾਬੀ ਲੇਖਕ, ਗੀਤਕਾਰ ਆਮ ਤੌਰ 'ਤੇ ਸੁਚੱਜੇ ਗਾਇਕਾਂ ਦੇ ਪੱਥ ਪ੍ਰਦਰਸ਼ਕ ਰਹੇ। ਨੂਰਪੁਰੀ ਦੇ ਲਿਖੇ ਗੀਤ ਹਰ ਪੰਜਾਬੀ ਦੀ ਜੁਬਾਨ ਉਤੇ ਹਨ। ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਗਾਉਣ ਵਾਲੇ ਗਾਇਕਾਂ, ਗਾਇਕਾਵਾਂ ਨੇ ਪੀਰਾਂ, ਫ਼ਕੀਰਾਂ ਦੇ ਸਲਾਨਾ ਮੇਲਿਆ, ਉਰਸਾਂ ਵਿਚ ਝੰਡਾ ਗੱਡੀ ਰੱਖਿਆ ਹੈ। ਗੀਤਕਾਰਾਂ ਵਲੋਂ ਚੰਗੇ ਗੀਤ ਲਿਖਣੇ ਅਤੇ ਗਾਇਕਾਂ ਵਲੋਂ ਗਾਉਣੇ ਪੰਜਾਬੀ ਸਭਿਆਚਾਰ ਦੀ ਪਰੰਪਰਾ ਰਹੀ ਹੈ। ਪਰ ਅੱਜ ਪੰਜਾਬੀ ਗੀਤਕਾਰੀ ਵਿਚ ਆਕਾਵਿਕਤਾ ਹੈ। ਲੱਚਰਤਾ ਵੱਧ ਰਹੀ ਹੈ। ਇਹ ਗੀਤਕਾਰ, ਗਾਇਕ ਸਾਡੀ ਸਿਰਜਨਾਤਮਿਕ ਜੀਵਨ-ਸ਼ੈਲੀ ਵਿੱਚ ਜ਼ਹਿਰ ਘੋਲ ਰਹੇ ਹਨ। ਇਸ ਨਾਲ ਸਾਡੀ ਪੰਜਾਬੀਆਂ ਦੀ ਸੋਚ ਵਿੱਚ ਪਸ਼ੂ ਰਸ ਵੱਧ ਰਿਹਾ ਹੈ। ਸਾਡੀ ਸੋਚ ਨੂੰ ਡਰੱਮੀ ਸ਼ੋਰ ਨੇ ਹਥਿਆ ਲਿਆ ਹੈ। ਸ਼ੋਰੀਲੇ, ਬੜਕਾਂ ਦੇ ਲਲਕਾਰਿਆਂ ਵਿੱਚ ਨਿੱਜੀ ਅਸਫ਼ਲ ਪਿਆਰ ਦੇ ਰੁਦਨ, ਚੀਕ ਹਾਉਕੇ ਗੁਆਚ ਹੀ ਤਾਂ ਗਏ ਹਨ। ਕਦੇ ਸਮਕਾਲ ਵਿੱਚ ਵਾਪਰਦੇ ਜ਼ੁਲਮ, ਰਿਸ਼ਵਤਖੋਰੀ ਰਾਜਨੀਤਕ ਮਕਾਰੀ, ਮਿਹਨਤਕਸ਼ਾਂ ਦੀ ਹੁੰਦੀ ਬੇਕਦਰੀ ਗੀਤਾਂ, ਕਵਿਤਾਵਾਂ ਦਾ ਵਿਸ਼ਾ ਹੋਇਆ ਕਰਦੇ ਸਨ। ਇਹ ਗੀਤ ਮਨੁੱਖ ਦੀ ਭਾਵਕ-ਇੱਛਾ ਦੀ ਪੂਰਤੀ ਦਾ ਸਾਧਨ ਸਨ। ਇਹ ਗੀਤ ਸੁਨਣ ਵਾਲਿਆਂ ਨੂੰ ਸੁਆਦਲੀ ਉਤੇਜਨਾ ਤੱਕ ਸੀਮਤ ਰੱਖਦੇ ਸਨ। ਅਨੰਦਤ ਕਰਦੇ ਸਨ। ਸੰਤ ਰਾਮ ਉਦਾਸੀ ਦੇ ਗੀਤ ਅਤੇ ਗਾਇਕੀ ਨੇ ਆਪਣੇ ਸਮਿਆਂ ਵਿਚ ਲੋਕ ਮਨਾਂ 'ਚ ਚੇਤਨਾ ਪੈਦਾ ਕੀਤੀ। ਲੋਕ ਚੇਤਨਾ 'ਚ ਸਭਿਆਚਾਰਕ ਅਤੇ ਸਮਾਜ ਸੁਧਾਰਨ ਪ੍ਰਵਿਰਤੀਆਂ ਵਿਚ ਵਾਧਾ ਕੀਤਾ।

ਪਰ ਅਫ਼ਸੋਸ ਕਿ ਅੱਜ ਦੀ ਗਾਇਕੀ ਵਿੱਚ ਕਾਮ ਵਾਸ਼ਨੀ ਉਤੇਜਨਾ ਦੀ ਬਹੁਲਤਾ ਹੈ। ਇਹ ਸਭਿਆਚਾਰਕ ਲੱਚਰਤਾ ਮਾਨਵੀ ਕਦਰਾਂ ਕੀਮਤਾਂ ਵਿੱਚ ਅੱਤ ਦਰਜੇ ਦੀ ਗਿਰਾਵਟ ਦਾ ਕਾਰਨ ਬਣ ਰਹੀ ਹੈ। ਘਰੇਲੂ ਜਿਨਸੀ ਰਿਸ਼ਤੇ ਇਸਦੇ ਪ੍ਰਭਾਵ ਨਾਲ ਤਾਰ-ਤਾਰ ਹੋ ਰਹੇ ਹਨ। ਅੱਜ ਦਾ ਨੌਜਵਾਨ ਇਸ ਵਿਨਾਸ਼ਕਾਰੀ ਪ੍ਰਵਿਰਤੀ ਕਾਰਨ ਮੌਕਾ ਪ੍ਰਸਤੀ, ਨਿਰਾਸ਼ਤਾ ਦੀ ਜਿੱਲਣ 'ਚ ਫਸਦਾ ਜਾ ਰਿਹਾ ਹੈ। ਪੰਜਾਬ ਕਦੇ ਵੀ ਇਹੋ ਜਿਹੀ ਸਭਿਆਚਾਰਕ ਗਰੀਬੀ ਵਿਚੋਂ ਨਹੀਂ ਗੁਜ਼ਰਿਆ, ਜਿਹੋ ਜਿਹੀ ਸਥਿਤੀ 'ਚੋਂ ਅੱਜ ਲੰਘ ਰਿਹਾ ਹੈ। ਪੁਰਾਣੇ ਸਮਿਆਂ 'ਚ ਲਿਖੇ ਹੀਰ-ਰਾਂਝਾ, ਸੱਸੀ-ਪੁੰਨੂੰ, ਲੈਲਾ-ਮਜਨੂੰ, ਸ਼ੀਰੀ ਫਰਹਾਦ, ਸੋਹਣੀ-ਮਹੀਵਾਲ ਦੇ ਕਿੱਸੇ ਪੰਜਾਬ ਦੇ ਲੋਕਾਂ ਦਾ ਸਰਮਾਇਆ ਹਨ। ਇਨਾਂ ਕਿੱਸਿਆਂ ਨੂੰ ਲੋਕ-ਮਾਨਤਾ ਹਾਸਲ ਸੀ। ਇਨਾਂ ਕਿੱਸਿਆਂ ਵਿੱਚ ਸਮਕਾਲੀ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਜੀਵਨ-ਮੁੱਲਾਂ ਦਾ ਵੀ ਵਿਸਤਰਿਤ ਵਰਨਣ ਮਿਲਦਾ ਹੈ। ਇਨਾਂ ਕਿੱਸਿਆਂ ਨੂੰ ਪੀੜੀ ਦਰ ਪੀੜੀ ਗਾਇਕਾਂ ਨੇ ਗਾਇਆ ਤੇ ਲੋਕਾਂ 'ਚ ਚੰਗੀ ਭੱਲ ਖੱਟੀ।

ਇਹ ਚੰਗੀ ਗੱਲ ਹੈ ਕਿ ਪੰਜਾਬ ਸਰਕਾਰ ਵਲੋਂ ਹਿੰਸਾ ਭੜਕਾਊ ਤੇ ਹਥਿਆਰਾਂ ਨੂੰ ਉਤਸ਼ਾਹਿਤ ਕਰਨ ਵਾਲੇ ਗੀਤਾਂ ਨੂੰ ਰੋਕਣ ਲਈ ਪਹਿਲਕਦਮੀ ਕੀਤੀ ਹੈ। ਸਾਫ਼-ਸੁਥਰੀ ਸੋਚ ਵਾਲੇ ਗਾਇਕਾਂ, ਗੀਤਕਾਰਾਂ, ਫ਼ਿਲਮ ਨਿਰਮਾਤਾਵਾਂ ਅੱਗੇ ਗੰਦੀ ਗਾਇਕੀ ਨੂੰ ਰੋਕਣ ਦਾ ਇੱਕ ਵੱਡਾ ਚੈਲੰਜ ਹੈ। ਇਸ ਸਮੇਂ ਲੋੜ ਉਨਾਂ ਕਲਾਕਾਰਾਂ ਦੀ ਹੈ ਜਿਹੜੇ ਉਸਾਰੂ ਬੌਧਿਕ, ਸਮਾਜਿਕ, ਸਭਿਆਚਾਰਕ ਪਰਿਵਾਰਕ ਗੀਤਾਂ ਨੂੰ ਉਭਾਰਨ। ਬੇਸ਼ੱਕ ਇਹੋ ਜਿਹੇ ਗਾਇਕਾਂ, ਗੀਤਕਾਰਾਂ ਦੀ ਪੰਜਾਬ 'ਚ ਕੋਈ ਕਮੀ ਨਹੀਂ ਹੈ। ਪੰਜਾਬੀ ਸਾਹਿੱਤ ਵਿੱਚ ਸੂਫ਼ੀ ਸਾਹਿੱਤ, ਪੰਜਾਬੀ ਲੋਕ-ਗੀਤਾਂ ਦਾ ਵੱਡਾ ਖ਼ਜ਼ਾਨਾ ਹੈ, ਜੋ ਗਾਇਆਂ ਮੁਕਣ ਵਾਲਾ ਨਹੀਂ ਹੈ। ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸੰਜੀਦਾ ਪੰਜਾਬੀ ਗਾਇਕਾਂ ਨੇ ਪੰਜਾਬ ਦੇ ਵਿਰਸੇ ਨੂੰ ਸੰਭਾਲਣ ਅਤੇ ਅਗਲੀਆਂ ਪੀੜੀਆਂ ਤੱਕ ਪਹੁੰਚਾਉਣ ਲਈ ਸ਼ਲਾਘਾਯੋਗ ਉੱਦਮ ਕੀਤਾ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਪੰਜਾਬੀ ਬੋਲੀ, ਸਾਹਿੱਤ, ਸਭਿਆਚਾਰ ਨੂੰ ਜਿਊਂਦਾ ਰੱਖਣ ਲਈ ਦੇਸ਼-ਵਿਦੇਸ਼ ਵਿੱਚ ਉਨਾਂ ਨੇ ਭਰਪੂਰ ਯਤਨ ਕੀਤੇ ਹਨ। ਗਾਇਕਾਂ, ਕਵਿਸ਼ਰਾਂ ਦੇ ਅਖਾੜੇ, ਪੰਜਾਬੀਆਂ ਦੇ ਮਨਾਂ 'ਚ ਖ਼ੁਸ਼ੀ, ਹੁਲਾਸ ਭਰਦੇ ਰਹੇ ਹਨ। ਪੁਰਾਣੇ ਪੰਜਾਬੀ ਗਾਇਕਾਂ ਨੇ ਮਾਰਸ਼ਲ ਪੰਜਾਬੀ ਕੌਮ ਨੂੰ ਜਿਊਂਦਿਆਂ ਰੱਖਣ ਲਈ ਉਨਾਂ 'ਚ ਅੱਣਖ ਭਰਨ ਵਾਲੇ ਗੀਤ ਗਾਏ। ਢਾਡੀ ਪਰੰਪਰਾ ਦਾ ਵੀ ਪੰਜਾਬ ਦੇ ਇਤਿਹਾਸ ਨੂੰ ਜਿਊਂਦਾ ਰੱਖਣ ਲਈ ਵੱਡਾ ਯੋਗਦਾਨ ਹੈ।

ਪੰਜਾਬੀ ਦੇ ਲੇਖਕਾਂ, ਬੁੱਧੀਜੀਵੀਆਂ ਵਲੋਂ ਲਗਾਤਾਰ ਇਹ ਮੰਗ ਉੱਠ ਰਹੀ ਹੈ ਕਿ ਪੰਜਾਬ ਵਿੱਚ 'ਪੰਜਾਬੀ ਭਾਸ਼ਾ ਕਮਿਸ਼ਨ' ਬਣੇ, ਜਿਹੜੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੰਮ ਤਾਂ ਕਰੇ ਹੀ, ਇਸਦੇ ਨਾਲ-ਨਾਲ ਲੇਖਕਾਂ, ਪੱਤਰਕਾਰਾਂ, ਕਲਾਕਾਰਾਂ, ਗਾਇਕਾਂ, ਗੀਤਕਾਰਾਂ ਦੇ ਭਲੇ ਅਤੇ ਉਹਨਾ ਦੇ ਅਧਿਕਾਰਾਂ ਦੀ ਰੱਖਿਆ ਕਰੇ ਅਤੇ ਚੰਗੇ ਸਾਹਿਤ ਦੀ ਸਿਰਜਨਾ ਲਈ ਪੰਜਾਬ 'ਚ ਚੰਗਾ ਮਾਹੌਲ ਸਿਰਜੇ।

# ਭਾਰਤੀ ਰਾਜਨੀਤੀ ਵਿਚ ਹੁਣ ਭਗਵੇਂ ਫਾਸ਼ੀਵਾਦ ਨੂੰ ਕੋਈ ਚੈਲਿੰਜ ਨਹੀਂ

**ਅਮੂਲਿਆ ਗਾਗੁਲੀ**

ਮੁਸਲਮਾਨਾਂ ਖ਼ਿਲਾਫ਼ ਉਨਾਂ ਦੀ ਭੱਦੀ ਸ਼ਬਦਾਵਲੀ ਲਈ ਭਗਵਾਂ ਵਰਕਰਾਂ ਨੂੰ ਫੜਨ ਜਾਂ ਉਨਾਂ ਖ਼ਿਲਾਫ਼ ਕਾਰਵਾਈ ਕਰਨ ਲਈ ਦਿੱਲੀ ਪੁਲਿਸ ਦੀ ਸ਼ੁਰੂਆਤੀ ਅਣਇੱਛਾ ਅਤੇ ਸਰਬਉੱਚ ਅਦਾਲਤ ਸਾਹਮਣੇ ਦੇਸ਼ਧ੍ਰੋਹ ਕਾਨੂੰਨਾਂ ਲਈ ਕੇਂਦਰ ਦਾ ਪ੍ਰਮਾਣ ਪੱਤਰ, ਸੱਤਾਵਾਦ ਦਾ ਖ਼ਾਸ ਸੰਕੇਤ ਹੈ। ਇਸ ਤਰਾਂ ਦਾ ਅਧਿਕਾਰਤ ਰਵੱਈਆ ਇਕ ਭਗਵੇਂ ਫਾਸ਼ੀਵਾਦ, ਹਿੰਦੂ ਸਮਰਥਕ ਸ਼ਾਸਨ ਦਾ ਮਾਰਗ ਦਰਸ਼ਨ ਕਰਨ ਦੀ ਦਿਸ਼ਾ ਵਿਚ ਹੈ।

ਇਸ ਸਮੇਂ ਇਕਲੌਤੀ ਉਮੀਦ ਨਿਆਂ ਪਾਲਿਕਾ ਹੈ, ਇਹੀ ਕਾਰਨ ਹੈ ਕਿ ਪੁਲਿਸ ਨੂੰ ਨਫ਼ਰਤ ਫੈਲਾਉਣ ਵਾਲਿਆਂ ਖ਼ਿਲਾਫ਼ ਉਨਾਂ ਦੀ ਪਹਿਲਾਂ ਦੀ 'ਕਲੀਨ ਚਿੱਟ' ਪਲਟਣੀ ਪਈ ਅਤੇ ਉਨਾਂ ਵਿਚੋਂ ਕੁਝ ਨੂੰ ਸਲਾਖਾਂ ਪਿੱਛੇ ਵੀ ਭੇਜਣਾ ਪੈ ਸਕਦਾ ਹੈ। ਭਾਵੇਂ ਕਿ ਸੁਪਰੀਮ ਕੋਰਟ ਨੇ ਦੇਸ਼ ਧ੍ਰੋਹ ਕਾਨੂੰਨ ਅਧੀਨ ਨਵੇਂ ਮਾਮਲੇ ਦਰਜ ਕਰਨ 'ਤੇ ਰੋਕ ਲਗਾ ਦਿੱਤੀ ਹੈ ਅਤੇ ਕੇਂਦਰ ਸਰਕਾਰ ਨੂੰ ਇਸ ਸੰਬੰਧੀ ਜਲਦ ਹੀ ਕੋਈ ਫ਼ੈਸਲਾ ਲੈਣ ਲਈ ਵੀ ਕਿਹਾ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਆਲੋਚਕਾਂ ਨੂੰ ਪ੍ਰੇਸ਼ਾਨ ਕਰਨ 'ਚ ਇਸ ਦੀ ਵਰਤੋਂ ਨੂੰ ਦੇਖਦਿਆਂ ਸਰਕਾਰ ਇਸ ਨੂੰ ਕਾਨੂੰਨ ਦੀ ਕਿਤਾਬ 'ਚ ਬਣਾਈ ਰੱਖਣ ਲਈ ਸਖ਼ਤ ਲੜਾਈ ਲੜੇਗੀ। ਹਾਲਾਂਕਿ ਇਹ ਘਟਨਾਕ੍ਰਮ ਜੋ ਦਿਖਾਉਂਦਾ ਹੈ, ਉਹ ਪਤਲੀ ਰੇਖਾ ਹੈ, ਜਿਸ 'ਤੇ ਰਾਸ਼ਟਰ ਆਪਣੇ ਲੋਕਤੰਤਰ ਦੀ ਰੱਖਿਆ ਲਈ ਚੱਲ ਰਿਹਾ ਹੈ। ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਕੋਈ ਵੀ ਗ਼ਲਤ ਕਦਮ ਇਕ ਤਾਨਾਸ਼ਾਹੀ ਸ਼ਾਸਨ ਦੀ ਸ਼ੁਰੂਆਤ ਕਰੇਗਾ। ਇਹ ਖ਼ਤਰਾ ਹੋਰ ਵੀ ਜ਼ਿਆਦਾ ਹੈ, ਕਿਉਂਕਿ ਨਿਆਂ ਪਾਲਿਕਾ ਤੋਂ ਇਲਾਵਾ, ਨਿਰਪੱਖਵਾਦ 'ਚ ਭਾਰੀ ਗਿਰਾਵਟ ਆ ਰਹੀ ਹੈ।

ਜਦੋਂ ਕਿ ਤ੍ਰਿਣਮੂਲ ਕਾਂਗਰਸ, ਡੀ.ਐਮ.ਕੇ., ਕਾਂਗਰਸ, ਭਾਰਤੀ ਕਮਿਊਨਿਸਟ ਪਾਰਟੀ (ਐਮ.), ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਅਤੇ ਆਮ ਆਦਮੀ ਪਾਰਟੀ (ਆਪ) ਵਰਗੀਆਂ ਪਾਰਟੀਆਂ ਦੇ ਸੱਤਾਵਾਦੀ ਰੁਝਾਨਾਂ ਦਾ ਵਿਰੋਧ ਕਰਨ ਦੀ ਸੰਭਾਵਨਾ ਹੈ, ਜਦ ਕਿ ਜਨਤਾ ਦਲ (ਯੂਨਾਈਟਿਡ), ਬੀਜੂ ਜਨਤਾ ਦਲ ਅਤੇ ਵਾਈ.ਐਸ. ਆਰ. ਕਾਂਗਰਸ ਆਦਿ ਤਾਂ ਭਾਜਪਾ ਦੇ ਨਾਲ ਹੀ ਜਾਣਗੇ। ਤੇਲੰਗਾਨਾ ਰਾਸ਼ਟਰ ਸਮਿਤੀ ਭਾਜਪਾ ਨਾਲ ਮੁਕਾਬਲਾ ਕਰਨ ਦੀ ਧਮਕੀ ਦੇ ਰਹੀ ਹੈ, ਪਰ ਉਹ ਅਜੇ ਇਕੱਲੀ ਹੀ ਹੈ। ਇਸ ਤੋਂ ਇਲਾਵਾ ਭਾਜਪਾ ਦੇ ਨਾਲ ਉਸ ਦੀ ਪਿਛਲੀ ਦੋਸਤੀ ਉਸ ਦੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਸ਼ੱਕ ਪੈਦਾ ਕਰ ਸਕਦੀ ਹੈ।

ਇਸੇ ਤਰਾਂ ਮਜਲਿਸ-ਏ-ਇਤੇਹਾਦੁਲ ਮੁਸਲਿਮੀਨ ਉੱਪਰ ਭਾਜਪਾ ਦੀ 'ਬੀ' ਟੀਮ ਹੋਣ ਦਾ ਦੋਸ਼ ਲਗਾਇਆ ਗਿਆ ਹੈ, ਹਾਲਾਂਕਿ ਇਸ ਦੇ ਨੇਤਾ ਅਸਦੁਦੀਨ ਓਵੈਸੀ, ਭਗਵਾਂ ਪਾਰਟੀ ਦੇ ਤਿੱਖੇ ਆਲੋਚਕ ਰਹੇ ਹਨ, ਪਰ ਇਸ ਦਾ ਮੁਸਲਿਮ ਪਿਛੋਕੜ 'ਧਰਮ ਨਿਰਪੱਖ' ਪਾਰਟੀਆਂ ਨੂੰ ਇਸ ਨਾਲ ਜੁੜਨ ਤੋਂ ਰੋਕਦਾ ਹੈ। ਇਨਾਂ ਪਾਰਟੀਆਂ ਨੂੰ ਡਰ ਹੈ ਕਿ ਇਸ ਨਾਲ ਹਿੰਦੂ ਵੋਟਰ ਟੁੱਟ ਸਕਦੇ ਹਨ। ਜਿਨਾਂ ਦਾ ਭੂਤ ਅੱਜ ਵੀ ਭਾਰਤੀ ਰਾਜਨੀਤਕ ਦ੍ਰਿਸ਼ ਨੂੰ ਸਤਾਉਂਦਾ ਹੈ।

ਇਸ ਨਾਲ ਭਾਜਪਾ ਨੂੰ ਕੁਝ ਵਿਸ਼ਵਾਸਯੋਗ ਚੁਣੌਤੀ ਮਿਲਦੀ ਹੈ, ਜਿਸ ਲਈ ਉਹ ਖੁੱਲਾ ਮੈਦਾਨ ਛੱਡ ਦਿੰਦੀ ਹੈ। ਇਸ ਤੋਂ ਇਲਾਵਾ ਚੁਣੌਤੀ ਦੇਣ ਵਾਲੇ ਖ਼ੁਦ ਆਪਣੀਆਂ ਕਈ ਖ਼ਾਮੀਆਂ ਕਾਰਨ ਹਮੇਸ਼ਾ ਆਤਮ-ਵਿਸ਼ਵਾਸ ਨੂੰ ਪ੍ਰੇਰਿਤ ਨਹੀਂ ਕਰਦੇ। ਭਾਵ, ਮਮਤਾ ਬੈਨਰਜੀ 'ਚ ਦੁਨੀਆਦਾਰੀ ਦੀ ਘਾਟ ਹੈ। ਡੀ.ਐਮ.ਕੇ. ਦੇ ਐਮ.ਕੇ. ਸਟਾਲਿਨ ਵੀ ਇਕ ਪ੍ਰਾਂਤਕ ਵਿਅਕਤੀ ਹਨ, ਜੋ ਸਿਰਫ਼ ਤਾਮਿਲ ਬੋਲ ਸਕਦੇ ਹਨ। ਭਾਰਤੀ ਕਮਿਊਨਿਸਟ ਪਾਰਟੀ (ਐਮ.) ਹੁਣ ਸਿਰਫ਼ ਕੇਰਲ ਤੱਕ ਹੀ ਸੀਮਤ ਹੈ, ਜੋ ਪੱਛਮੀ ਬੰਗਾਲ ਅਤੇ ਤ੍ਰਿਪੁਰਾ ਵਿਚ ਬੁਰੀ ਤਰਾਂ ਪਛੜ ਚੁੱਕੀ ਹੈ।

'ਆਪ' ਇਸ ਸਮੇਂ ਗੁਜਰਾਤ ਵਰਗੇ ਹਿੰਦੀ ਪੱਟੀ ਤੋਂ ਬਾਹਰ ਦੇ ਸੂਬਿਆਂ ਵਿਚ ਭਾਜਪਾ ਨੂੰ ਚੁਣੌਤੀ ਦੇਣ 'ਚ ਸਮਰੱਥ ਪ੍ਰਤੀਤ ਹੁੰਦੀ ਹੈ, ਪਰ 'ਆਪ' ਦੀ ਵਿਚਾਰਧਾਰਾ ਅਸਪੱਸ਼ਟ ਹੈ ਅਤੇ ਇਸ ਦੀ ਰਾਜਨੀਤੀ ਮੌਕਾਪ੍ਰਸਤੀ ਨੂੰ ਦਰਸਾਉਂਦੀ ਹੈ, ਜਿੱਥੋਂ ਤੱਕ ਭਾਜਪਾ ਦੇ ਘੱਟ-ਗਿਣਤੀਆਂ ਦੇ ਖ਼ਿਲਾਫ਼ ਸਖ਼ਤ ਰੁਖ਼ ਅਪਣਾਉਣ ਦਾ ਸੰਬੰਧ ਹੈ, ਜਿਵੇਂ ਕਿ ਉਸ ਦੇ ਭਗਵੇਂਵਾਦੀਆਂ ਦੇ ਨਾਅਰੇ ਦੱਸਦੇ ਹਨ, ਉਥੇ 'ਆਪ' ਬਹੁਗਿਣਤੀ ਭਾਈਚਾਰੇ ਦੇ ਪ੍ਰਤੀ ਆਪਣੇ ਰੁਖ਼ ਨੂੰ ਲੈ ਕੇ ਚੌਕਸ ਹੈ।



ਇਸ ਲਈ ਜਿੱਥੋਂ ਤੱਕ ਭਾਜਪਾ ਦਾ ਸੰਬੰਧ ਹੈ, ਉਹ ਹਿੰਦੂ ਰਾਸ਼ਟਰ ਦੇ ਰਾਹ 'ਤੇ ਚੰਗੀ ਤਰਾਂ ਨਾਲ ਸਥਾਪਤ ਪ੍ਰਤੀਤ ਹੁੰਦੀ ਹੈ। ਵਰਤਮਾਨ ਰਾਜਨੀਤਕ ਪ੍ਰਵਿਰਤੀਆਂ ਨੂੰ ਦੇਖਦੇ ਹੋਏ, ਆਰ.ਐਸ.ਐਸ. 2025 'ਚ ਆਪਣੇ ਸ਼ਤਾਬਦੀ ਸਾਲ ਦੇ ਸਫਲ ਉਤਸਵ ਲਈ ਬੜੇ ਉਤਸ਼ਾਹ ਦੇ ਨਾਲ ਅੱਗੇ ਦੇਖ ਸਕਦਾ ਹੈ। ਨਹਿਰੂ ਅਤੇ ਇੰਦਰਾ ਗਾਂਧੀ ਦੇ ਸਮੇਂ ਉਸ ਨੂੰ ਜੋ ਕੁਝ ਪ੍ਰਾਪਤ ਹੋਣਾ ਔਖਾ ਲੱਗ ਰਿਹਾ ਸੀ, ਉਹ ਹੁਣ ਸਪੱਸ਼ਟ ਰੂਪ ਨਾਲ ਉਸ ਦੀ ਪਹੁੰਚ ਅੰਦਰ ਹੈ।

ਹਿੰਦੂ ਰਾਸ਼ਟਰ ਦੀ ਸਥਾਪਨਾ ਦੇ ਪਿਛੋਕੜ ਖ਼ਿਲਾਫ਼, ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਸੰਬੰਧ 'ਚ ਮੌਜੂਦਾ ਮੁਸ਼ਕਿਲਾਂ ਘੱਟ ਤੋਂ ਘੱਟ ਅਤੇ ਇੱਥੋਂ ਤੱਕ ਕਿ ਮਹੱਤਵਹੀਣ ਦਿਖਾਈ ਦੇਣਗੀਆਂ। ਔਸਤ ਹਿੰਦੂ ਲਈ ਕੀ ਮਾਅਨੇ ਰੱਖਦੀਆਂ ਹਨ? ਇਕ ਸੁਪਨੇ ਨੂੰ ਪ੍ਰਾਪਤ ਕਰਨ ਦੀ ਸੰਭਾਵਨਾ ਜਿੱਥੇ ਘੱਟ-ਗਿਣਤੀਆਂ (ਮੁਸਲਿਮ ਅਤੇ ਈਸਾਈ) ਪੂਰੀ ਤਰਾਂ ਨਾਲ ਹਾਸ਼ੀਏ 'ਤੇ ਹੋਣਗੇ, ਸੰਗੀਤ ਅਤੇ ਫ਼ਿਲਮਾਂ ਦੇ ਖੇਤਰ 'ਚ ਕੋਈ ਵੀ ਪ੍ਰਭਾਵ ਪਾਉਣ 'ਚ ਅਸਮਰੱਥ ਹੋਣਗੇ, ਜਿਵੇਂ ਕਿ ਮੁਸਲਮਾਨਾਂ ਨੇ ਲੰਬੇ ਸਮੇਂ ਤੱਕ ਕੀਤਾ ਹੈ। ਸਿੱਖਿਆ ਦੇ ਖੇਤਰ ਵਿਚ ਜਿਸ ਤਰਾਂ ਇਕ ਪੱਛਮੀ ਜੀਵਨ ਸ਼ੈਲੀ ਈਸਾਈਆਂ ਦੇ ਨਾਲ ਜੁੜੀ ਹੋਈ ਹੈ, ਉਸ ਦਾ ਪ੍ਰਭਾਵ ਵੀ ਘੱਟ ਜਾਏਗਾ।

ਇਸ ਲਈ ਇਹ ਕੋਈ ਸੰਯੋਗ ਨਹੀਂ ਹੈ ਕਿ ਅੰਗਰੇਜ਼ੀ ਨੂੰ ਹਿੰਦੀ ਨਾਲ ਜੋੜਨ ਲਈ ਇਕ ਵਿਵਾਦ ਹੈ ਅਤੇ ਅਜ਼ਾਨ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਹਿੰਦੂ ਧਾਰਮਿਕ ਸੱਦੇ ਦੇ ਜ਼ੋਰਦਾਰ ਮੰਤਰ-ਉਚਾਰਨ ਦੇ ਨਾਲ। ਇਹ ਵੀ ਕੋਈ ਸਬੱਬ ਨਹੀਂ ਹੈ ਕਿ ਮੁਸਲਮਾਨਾਂ ਦੀਆਂ ਕਥਿਤ ਗ਼ੈਰ-ਕਾਨੂੰਨੀ ਦੁਕਾਨਾਂ ਅਤੇ ਸੰਸਥਾਵਾਂ ਨੂੰ ਤਬਾਹ ਕਰਨ ਲਈ ਬੁਲਡੋਜ਼ਰ ਤਾਇਨਾਤ ਕੀਤੇ ਜਾ ਰਹੇ ਹਨ, ਕਿਉਂਕਿ ਇਹ ਮਸ਼ੀਨੀ ਰਾਕਸ਼ਸ ਦਰਸ਼ਕਾਂ ਵਿਚਾਲੇ ਡਰ ਪੈਦਾ ਕਰਦੇ ਹਨ।

ਜਦੋਂ ਤੱਕ ਨਿਆਂ ਪਾਲਿਕਾ ਦਖ਼ਲ ਨਹੀਂ ਦਿੰਦੀ, ਉਦੋਂ ਤੱਕ ਨਫ਼ਰਤ ਫੈਲਾਉਣ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ 'ਚ ਦਿੱਲੀ ਪੁਲਿਸ ਵਲੋਂ ਦਿਖਾਈ ਗਈ ਹਿਚਕਿਚਾਹਟ ਸਪੱਸ਼ਟ ਹੋ ਗਈ ਹੈ। ਭਗਵਾਂ ਬਲਾਗਰਜ਼ ਅਤੇ ਐਂਕਰਾਂ ਨਾਲ ਭਰੇ ਆਡੀਓ-ਵਿਜ਼ੂਅਲ ਵੀ ਮੀਡੀਆ ਵਿਚ ਉਸ ਨੂੰ ਨਹੀਂ ਦਿਖਾਈ ਦਿੰਦੇ। ਉਹ ਸ਼ਾਇਦ ਹੀ ਕਦੇ ਸੱਤਾਧਾਰੀ ਵਿਵਸਥਾ ਦੀ ਪ੍ਰਸ਼ੰਸਾ ਕਰਨ ਅਤੇ ਉਸ ਦੇ ਵਿਰੋਧੀਆਂ ਦੀ ਆਲੋਚਨਾ ਕਰਨ ਦਾ ਮੌਕਾ ਗਵਾਉਂਦੇ ਹਨ। ਕੁਝ ਵਰਣਨਯੋਗ ਅਪਵਾਦਾਂ ਨੂੰ ਛੱਡ ਕੇ ਐਮਰਜੈਂਸੀ ਤੋਂ ਬਾਅਦ ਮੀਡੀਆ ਦਾ ਐਨਾ ਵੱਡਾ ਵਰਗ ਕਦੇ ਵੀ ਐਨਾ ਸਰਕਾਰ ਅਧੀਨ ਨਹੀਂ ਰਿਹਾ ਹੈ, ਚਾਹੇ ਉਹ ਪੁਲਿਸ ਹੋਵੇ ਜਾਂ ਨੌਕਰਸ਼ਾਹੀ ਜਾਂ ਮੀਡੀਆ ਹਰ ਥਾਂ ਸੱਤਾ ਦਾ ਦਬਦਬਾ ਹੈ।

# ਵਿਰੋਧੀ ਪਾਰਟੀਆਂ ਕੁਰਸੀ ਦੀ ਭੁੱਖ ਛੱਡ ਕੇ ਲੋਕ ਹਿਤ ਨੂੰ ਸਮਰਪਿਤ ਹੋਣ

**ਡਾਕਟਰ ਅਮਨਪ੍ਰੀਤ ਸਿੰਘ ਬਰਾੜ**

ਭਾਰਤ ਦੁਨੀਆ ਵਿਚ ਸਭ ਤੋਂ ਵੱਡੇ ਲੋਕਤੰਤਰਾਂ ਵਿਚ ਗਿਣਿਆ ਜਾਂਦਾ ਹੈ। ਇਸ ਵਿਚ ਸਭ ਤੋਂ ਵੱਡਾ ਯੋਗਦਾਨ ਸਾਡੇ ਸੰਵਿਧਾਨ ਦਾ ਹੈ, ਜਿਸ ਨੇ ਬੜੀ ਖ਼ੂਬਸੂਰਤੀ ਨਾਲ ਲੋਕਾਂ ਨੂੰ ਆਪਣੀ ਸਰਕਾਰ ਚੁਣਨ ਦਾ ਹੱਕ ਦਿੱਤਾ ਅਤੇ ਜਿਸ ਪਾਰਟੀ ਨੂੰ ਵੋਟਾਂ ਜ਼ਿਆਦਾ ਪੈਂਦੀਆਂ ਹਨ, ਉਨਾਂ ਦੀ ਸਰਕਾਰ ਬਣਦੀ ਹੈ ਅਤੇ ਨਾਲ ਹੀ ਦੂਜੀਆਂ ਪਾਰਟੀਆਂ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਂਦੀਆਂ ਹਨ। ਕਿਹਾ ਜਾ ਰਿਹਾ ਹੈ ਕਿ ਭਾਰਤੀ ਲੋਕਤੰਤਰ ਜੋ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਗਿਣਿਆ ਜਾਂਦਾ ਹੈ ਉਹ ਹੁਣ ਪ੍ਰੋੜ ਹੋ ਗਿਆ (ਪੱਕ ਗਿਆ) ਹੈ, ਭਾਵ ਲੋਕਾਂ ਨੂੰ ਆਪਣੀ ਸਰਕਾਰ ਚੁਣਨ ਦੀ ਸਮਝ ਆ ਗਈ ਹੈ ਅਤੇ ਉਹ ਆਪਣੇ ਲਈ ਢੁਕਵੀਂ ਸਰਕਾਰ ਚੁਣਨ ਦੇ ਕਾਬਲ ਹੋ ਗਏ ਹਨ।

ਕਿਸੇ ਵੀ ਸਿਹਤਮੰਦ ਲੋਕਤੰਤਰ ਲਈ ਵਿਰੋਧੀ ਧਿਰ ਦਾ ਹੋਣਾ ਜ਼ਰੂਰੀ ਹੈ, ਕਿਉਂਕਿ ਆਪਣੇ-ਆਪ ਵਿਚ ਹਰ ਕੋਈ ਸਿਆਣਾ ਹੈ। ਇਹ ਬਾਹਰਲਾ ਬੰਦਾ ਹੀ ਦੱਸ ਸਕਦਾ ਹੈ ਕਿ ਉਹ ਕਿੰਨਾ ਸਿਆਣਾ ਹੈ, ਕਿਉਂਕਿ ਹਕੂਮਤ ਠੀਕ ਢੰਗ ਨਾਲ ਤਾਂ ਹੀ ਚੱਲ ਸਕਦੀ ਹੈ ਜੇ ਫ਼ੈਸਲੇ ਉਸਾਰੂ ਚਰਚਾ ਨਾਲ ਅਤੇ ਆਮ ਲੋਕ ਰਾਇ ਬਣਾ ਕੇ ਲਏ ਜਾਣ ਅਤੇ ਫ਼ੈਸਲੇ ਤੋਂ ਬਾਅਦ ਵੀ ਜੇ ਕੋਈ ਖਾਮੀ ਨਿਕਲਦੀ ਹੈ ਤਾਂ ਉਸ ਨੂੰ ਸਰਕਾਰ ਖੁੱਲੇ ਮਨ ਨਾਲ ਵਿਚਾਰ ਕਰਕੇ ਦਰੁਸਤ ਕਰੇ। ਇਹ ਗੱਲਾਂ ਤਾਂ ਹੀ ਸੰਭਵ ਹਨ ਜੇ ਵਿਰੋਧੀ ਧਿਰ ਤਕੜੀ ਹੋਵੇ। ਵਿਰੋਧੀ ਧਿਰ ਤਕੜੀ ਦਾ ਮਤਲਬ ਹੈ ਇਕ ਤਾਂ ਉਨਾਂ ਦੀ ਪਾਰਲੀਮੈਂਟ ਜਾਂ ਅਸੈਂਬਲੀ ਵਿਚ ਚੰਗੀ ਗਿਣਤੀ ਹੋਵੇ ਅਤੇ ਦੂਜਾ ਉਨਾਂ ਦਾ ਕਿਰਦਾਰ ਠੀਕ ਹੋਵੇ ਅਤੇ ਲੋਕਾਂ ਨੂੰ ਉਨਾਂ 'ਤੇ ਵਿਸ਼ਵਾਸ ਹੋਵੇ। ਪਰ ਅਜੋਕੇ ਸਮੇਂ ਵਿਚ ਲੋਕਾਂ ਤੱਕ ਵੀ ਇਨਾਂ ਪਾਰਟੀਆਂ ਦੀ ਪਹੁੰਚ ਘਟਦੀ ਜਾ ਰਹੀ ਹੈ। ਜਿਸ ਪਾਰਟੀ ਦੀ ਸਰਕਾਰ ਬਣਦੀ ਹੈ ਉਸ ਕੋਲ ਅਥਾਹ ਤਾਕਤ ਆ ਜਾਂਦੀ ਅਤੇ ਕਈ ਵਾਰੀ ਉਹ ਮਨਮਾਨੀਆਂ ਵੱਲ ਤੁਰ ਪੈਂਦੀ ਹੈ। ਉਸ ਵੇਲੇ ਸਰਕਾਰ ਨੂੰ ਲੀਹ 'ਤੇ ਲਿਆਉਣ ਲਈ ਵਿਰੋਧੀ ਧਿਰ ਦਾ ਬੜਾ ਵੱਡਾ ਯੋਗਦਾਨ ਹੁੰਦਾ ਹੈ। ਵਿਰੋਧੀ ਧਿਰ ਦੇ ਕਮਜ਼ੋਰ ਹੋਣ ਦੇ ਕੀ ਕਾਰਨ ਹੋ ਸਕਦੇ ਹਨ, ਆਓ ਇਸ ਦਾ ਵਿਸ਼ਲੇਸ਼ਣ ਕਰੀਏ।

ਲੀਡਰ ਨਹੀਂ ਬੌਸ ਅੱਜ ਭਾਰਤ ਵਿਚ ਸਾਨੂੰ ਲੀਡਰ ਘੱਟ ਦਿਸਦੇ ਹਨ ਅਤੇ ਬੌਸ ਜ਼ਿਆਦਾ। ਤੁਸੀਂ ਕਿਸੇ ਪਾਰਟੀ ਦੀ ਗੱਲ ਕਰੋ ਉਨਾਂ ਦੇ ਸੰਚਾਲਕਾਂ ਨੂੰ ਵੱਖ-ਵੱਖ ਨਾਂ ਤੋਂ ਜਾਣਿਆ ਜਾਂਦਾ ਹੈ ਕਿਸੇ ਨੂੰ ਪ੍ਰਧਾਨ ਜੀ, ਨੈਸ਼ਨਲ ਕਨਵੀਨਰ ਜਾਂ ਹਾਈ ਕਮਾਂਡ ਵਰਗੇ ਨਾਂਅ ਦਿੱਤੇ ਜਾਂਦੇ ਹਨ। ਮੁੱਖ ਮੰਤਰੀ ਜਾਂ ਹੋਰ ਪਾਰਟੀ ਲੀਡਰ ਇਨਾਂ ਤੋਂ ਪੁੱਛੇ ਬਿਨਾਂ ਕੁਝ ਨਹੀਂ ਕਰ ਸਕਦੇ। ਕਹਿਣ ਨੂੰ ਸਭ ਪਾਰਟੀਆਂ ਦੀਆਂ ਕਾਰਜਕਾਰੀ ਕਮੇਟੀਆਂ ਬਣੀਆਂ ਹਨ, ਮੀਟਿੰਗਾਂ ਵੀ ਹੁੰਦੀਆਂ ਹਨ ਪਰ ਏਜੰਡੇ ਵਿਚ ਜੋ ਮੁੱਦੇ ਰੱਖੇ ਜਾਂਦੇ ਹਨ, ਉਹ ਕਿਸ ਦੀ ਮਰਜ਼ੀ ਨਾਲ ਰੱਖੇ ਜਾਂਦੇ ਹੁੰਦੀਆਂ ਹਨ? ਇਸ ਸੰਬੰਧੀ ਲੀਡਰ ਉੱਪਰਲੇ ਦੀ ਅੱਖ ਪਛਾਣਦੇ ਹਨ। ਮੀਟਿੰਗ ਵਿਚ ਉਹ ਹੀ ਹੁੰਦਾ ਜੋ ਉੱਪਰ ਵਾਲੇ ਚਾਹੁੰਦੇ ਹਨ। ਪਰ ਜੇ ਕੋਈ ਆਪਣੀ ਸਲਾਹ ਮੀਟਿੰਗ ਵਿਚ ਰੱਖ ਦੇਵੇ ਤਾਂ ਉਸ ਨੂੰ ਅਨੁਸ਼ਾਸਨਹੀਣਤਾ ਮੰਨਿਆ ਜਾਂਦਾ ਹੈ ਅਤੇ ਉਸ ਵਿਅਕਤੀ ਵਿਸ਼ੇਸ਼ 'ਤੇ ਬਗ਼ਾਵਤੀ ਦਾ ਟੈਗ ਲੱਗ ਜਾਂਦਾ ਹੈ। ਇਸ ਦਾ ਸਿੱਧਾ ਅਸਰ ਹੁੰਦਾ ਹੈ ਕਿ ਉਸਾਰੂ ਸਲਾਹ ਖ਼ਤਮ ਹੋ ਜਾਂਦੀ ਹੈ।

ਹਾਰਨ ਵਾਲੇ ਵਿਧਾਇਕ : ਜਿਹੜੇ ਵਿਧਾਇਕ ਹਾਰੇ ਹਨ ਜਾਂ ਫਿਰ ਉਨਾਂ ਦੀ ਸਰਕਾਰ ਨਹੀਂ ਬਣਦੀ, ਉਹ ਤਾਂ ਪਹਿਲੇ ਹੀ ਦਿਨ ਗਾਇਬ ਹੋ ਜਾਂਦੇ ਹਨ। ਕੋਈ ਬਾਹਰਲੇ ਦੇਸ਼ਾਂ ਵਿਚ ਚਲੇ ਜਾਂਦਾ ਹੈ ਅਤੇ ਕੋਈ ਚੁੱਪ ਕਰਕੇ ਅੰਦਰ ਵੜ ਜਾਂਦਾ ਹੈ। ਇਸ ਦਾ ਸਿੱਧਾ ਅਰਥ ਹੈ ਕਿ ਸੱਤਾਧਾਰੀ ਪਾਰਟੀ ਆਪਣੀ ਮਨਮਾਨੀ ਚਲਾਉਂਦੀ ਹੈ। ਉਸ ਦੀ ਕਾਰਗੁਜ਼ਾਰੀ 'ਤੇ ਕੋਈ ਟਿੱਪਣੀ ਨਹੀਂ ਕਰਦਾ। ਇਥੋਂ ਤੱਕ ਕਿ ਜੇ ਕਿਸੇ ਗੱਲ 'ਤੇ ਉਨਾਂ ਦੀ ਪਾਰਟੀ ਦਾ ਪ੍ਰਧਾਨ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਵੀ ਚੁੱਕਦਾ ਹੈ ਤਾਂ ਉਸ ਨੂੰ ਹੇਠਾਂ ਪਾਰਟੀ ਪੱਧਰ 'ਤੇ ਲੋਕਾਂ ਵਿਚ ਫੈਲਾਉਣ ਦਾ ਕੋਈ ਯਤਨ ਨਹੀਂ ਕੀਤਾ ਜਾਂਦਾ। ਇਹ ਸਭ ਕੁਝ ਚਾਰ ਤੋਂ ਸਾਡੇ ਚਾਰ ਸਾਲ ਤੱਕ ਚਲਦਾ ਰਹਿੰਦਾ ਅਤੇ ਉਸ ਵੇਲੇ ਤੱਕ ਪਾਰਟੀ ਦਾ ਹੇਠਾਂ ਤੱਕ ਕੇਡਰ ਖ਼ਤਮ ਹੋਣਾ ਸ਼ੁਰੂ ਹੋ ਜਾਂਦਾ ਹੈ। ਫਿਰ ਜਦੋਂ ਨੇਤਾ ਦੁਬਾਰਾ ਚੋਣਾਂ ਲਈ ਆਉਂਦੇ ਹਨ ਤਾਂ ਕੋਈ ਨਹੀਂ ਪੁੱਛਦਾ। ਇਸ ਦੀ ਇਕ ਉਦਾਹਰਨ ਲੈ ਲਓ ਪਿਛਲੇ ਕੁਝ ਦਿਨਾਂ ਵਿਚ ਕਈ ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ। ਸੱਤਾਧਾਰੀ ਪਾਰਟੀ ਨੇ ਤਾਂ ਉਨਾਂ ਦੇ ਘਰ ਕੀ ਜਾਣਾ ਸੀ, ਵਿਰੋਧੀ ਧਿਰ ਵੀ ਕੋਈ ਬਹੁਤੀ ਨਜ਼ਰ ਨਹੀਂ ਆਈ। ਪਰ ਜੇ ਇਹ ਖ਼ੁਦਕੁਸ਼ੀਆਂ 20 ਫਰਵਰੀ 2022 ਤੋਂ ਪਹਿਲਾਂ ਹੋਈਆਂ ਹੁੰਦੀਆਂ ਤਾਂ ਉਨਾਂ ਦੇ ਘਰ ਦੇ ਬਾਹਰ ਨੇਤਾਵਾਂ ਨੇ ਲੰਬੀਆਂ ਲਾਈਨਾਂ ਲਗਾ ਕੇ ਖੜੇ ਹੋਣਾ ਸੀ ਅਤੇ ਹਰ ਇਕ ਨੇ ਵਿੱਤੀ ਮਦਦ ਦੇਣ ਦੀ ਕੋਸ਼ਿਸ਼ ਵੀ ਕਰਨੀ ਸੀ।

ਬੁੱਧੀਜੀਵੀਆਂ ਦੀ ਕਮੀ : ਇਸ ਵੇਲੇ ਸਿਆਸੀ ਪਾਰਟੀਆਂ ਦੀ ਜੋ ਸਥਿਤੀ ਹੈ, ਉਸ ਲਈ ਜ਼ਿੰਮੇਵਾਰ ਵੀ ਉਹ ਆਪ ਹੀ ਹਨ। ਪਹਿਲਾਂ ਪਾਰਟੀ ਦੇ ਨਾਲ ਲੋਕਾਂ ਨੂੰ ਜੋੜਨ ਲੱਗਿਆਂ ਕਿਰਦਾਰ, ਵਿੱਦਿਆ, ਬੋਲਚਾਲ ਦਾ ਸਲੀਕਾ ਦੇਖਿਆ ਜਾਂਦਾ ਸੀ। ਪਰ ਅੱਜ ਹਾਲਾਤ ਇਹ ਹਨ ਕਿ ਪਾਰਟੀ ਨਾਲ ਲੋਕ ਜੋੜਨ 'ਤੇ ਵਿਧਾਇਕਾਂ ਦੀਆਂ ਟਿਕਟਾਂ ਵੰਡਣ ਸਮੇਂ ਸਿਰਫ਼ ਇਹ ਦੇਖਿਆ ਜਾਂਦਾ ਹੈ ਕਿ ਉਸ ਦੀ ਜੇਬ ਵਿਚ ਪੈਸੇ ਕਿੰਨੇ ਹਨ? ਜੋ ਉਹ ਵੋਟਾਂ ਵਿਚ ਖ਼ਰਚ ਸਕਦਾ ਹੈ ਜਾਂ ਫਿਰ ਚੋਣ ਫੰਡ ਕਿੰਨਾ ਦੇ ਸਕਦਾ ਹੈ। ਪਾਰਟੀਆਂ ਇਸ ਤੋਂ ਇਲਾਵਾ ਉਸ ਦੀ ਸੋਸ਼ਲ ਮੀਡੀਆ 'ਤੇ 'ਫੈਨ ਫਾਲੋਇੰਗ' ਕਿੰਨੀ ਹੈ, ਇਹ ਵੀ ਦੇਖਦੀਆਂ ਹਨ। ਇਸ ਦਾ ਪ੍ਰਮਾਣ ਇਹ ਹੈ ਕਿ ਪਿਛਲੀਆਂ ਫਰਵਰੀ 2022 ਦੀਆਂ ਚੋਣਾਂ ਦੌਰਾਨ ਸਾਰੀਆਂ ਪਾਰਟੀਆਂ, ਗਾਇਕਾਂ ਅਤੇ ਐਕਟਰਾਂ ਨੂੰ ਲੁਭਾਉਣ ਲੱਗੀਆਂ ਹੋਈਆਂ ਸਨ। ਇਸ ਵਿਚ ਪੜਾਈ ਲਿਖਾਈ ਜਾਂ ਆਗੂ ਦੀ ਚੰਗੀ ਸੋਚ ਜਿਸ ਨਾਲ ਉਹ ਲੋਕਾਂ ਲਈ ਚੰਗੀ ਨੀਤੀ ਬਣਾ ਸਕੇ, ਵੱਲ ਕੋਈ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ। ਇਸ ਸਭ ਦਾ ਅਸਰ ਉਦੋਂ ਨਜ਼ਰ ਆਉਂਦਾ ਹੈ ਜਦੋਂ ਕੋਈ ਪਾਰਟੀ ਸੱਤਾ ਵਿਚ ਆਉਂਦੀ ਹੈ ਅਤੇ ਉਸ ਨੂੰ ਆਪਣੇ-ਆਪ ਅਤੇ ਆਪਣੇ ਅਧਿਕਾਰੀਆਂ 'ਤੇ ਵੀ ਭਰੋਸਾ ਨਹੀਂ ਹੁੰਦਾ ਕਿ ਜੋ ਫ਼ੈਸਲੇ ਉਹ ਲੈ ਰਹੇ ਹਨ ਕੀ ਉਹ ਠੀਕ ਹਨ? ਫਿਰ ਉਹ ਸਲਾਹ ਲਈ ਦੂਜੇ ਸੂਬਿਆਂ ਨਾਲ ਸਮਝੌਤਾ ਕਰਦੇ ਹਨ। ਸਲਾਹ ਲਈ ਉਹ ਆਪਣੇ ਸੂਬੇ ਦੇ ਬੁੱਧੀਜੀਵੀਆਂ ਨੂੰ ਵੀ ਵਿਸ਼ਵਾਸ ਵਿਚ ਲੈਣਾ ਠੀਕ ਨਹੀਂ ਸਮਝਦੇ। ਇਸ ਵਿਚ ਵਿਰੋਧੀ ਧਿਰ ਵਲੋਂ ਵੀ ਕੋਈ ਢੁਕਵਾਂ ਉਪਰਾਲਾ ਨਹੀਂ ਕੀਤਾ ਜਾਂਦਾ, ਕਿਉਂਕਿ ਉਨਾਂ ਦੇ ਰਾਜ ਵਿਚ ਵੀ ਇਹ ਕੁਝ ਹੀ ਚਲਦਾ ਹੈ। ਅੱਜ ਵੀ ਵਿਰੋਧੀਆਂ ਨੂੰ ਸਰਕਾਰ ਪ੍ਰਤੀ ਟਿੱਪਣੀ ਕਰਨ ਲਈ ਨਾ ਤਰਕ ਮਿਲਦੇ ਹਨ ਅਤੇ ਨਾ ਹੀ ਬਹੁਤਿਆਂ ਨੂੰ ਇਸ ਦੀ ਸਮਝ ਆਉਂਦੀ ਹੈ। ਇਸ ਵੇਲੇ ਜੇਕਰ ਵਿਰੋਧੀ ਪਾਰਟੀਆਂ ਨੇ ਆਪਣੇ-ਆਪ ਨੂੰ ਖੜਾ ਕਰਨਾ ਹੈ ਤਾਂ ਉਨਾਂ ਨੂੰ ਪੜੇ-ਲਿਖੇ ਬੁੱਧੀਜੀਵੀਆਂ ਨੂੰ ਪਹਿਲ ਦੇ ਆਧਾਰ 'ਤੇ ਆਪਣੇ ਨਾਲ ਜੋੜਨਾ ਚਾਹੀਦਾ ਹੈ। ਹਕੂਮਤ ਵਿਚ ਰਹਿੰਦੇ ਹੋਏ ਤਾਕਤ ਦੇ ਨਸ਼ੇ ਵਿਚ ਕਈ ਗ਼ਲਤ ਫ਼ੈਸਲੇ ਹੋ ਜਾਂਦੇ ਹਨ ਜੋ ਸਮਾਂ ਪਾ ਕੇ ਅੱਗੇ ਆਉਂਦੇ ਹਨ। ਰਾਜ ਸਚਾਈ ਅਤੇ ਲੋਕਾਂ ਨੂੰ ਇਨਸਾਫ਼ ਦੇ ਕੇ ਹੀ ਲੰਬੇ ਸਮੇਂ ਤੱਕ ਕੀਤਾ ਜਾ ਸਕਦਾ ਹੈ, ਤਾਕਤ ਦੀ ਵਰਤੋਂ ਨਾਲ ਨਹੀਂ। ਰਾਜਸੀ ਨੇਤਾ ਪਾਰਟੀ ਅਤੇ ਆਪਣੇ ਹਲਕੇ ਦੀ ਟਿਕਟ ਨੂੰ ਆਪਣੀ ਨਿੱਜੀ ਜਾਇਦਾਦ ਸਮਝਦੇ ਹਨ ਜਿਸ ਹਲਕੇ ਦੇ ਐਮ. ਐਲ. ਏ. ਦੀ ਟਿਕਟ ਪਰਿਵਾਰ ਤੋਂ ਬਾਹਰ ਕਿਸੇ ਨੂੰ ਦਿੱਤੀ ਜਾਂਦੀ ਹੈ ਤਾਂ ਉਸ ਦਾ ਵਰਤਾਓ ਇਸ ਤਰਾਂ ਦਾ ਹੋ ਜਾਂਦਾ ਹੈ, ਜਿਵੇਂ ਉਸ ਦਾ ਘਰ ਬਾਰ ਦੂਜੇ ਕੋਲ ਚਲਾ ਗਿਆ ਹੋਵੇ।

**ਸੋਸ਼ਲ ਮੀਡੀਆ** : ਸੋਸ਼ਲ ਮੀਡੀਆ ਅੱਜਕਲ ਬਹੁਤ ਪ੍ਰਚੱਲਿਤ ਹੈ। ਇਹ ਇਕ ਤਰਾਂ ਦਾ ਵੱਡਾ ਮਾਧਿਅਮ ਬਣ ਗਿਆ ਹੈ, ਲੋਕਾਂ ਅਤੇ ਸਿਆਸੀ ਪਾਰਟੀਆਂ ਲਈ ਆਪਣੀ ਗੱਲ ਪਹੁੰਚਾਉਣ ਦਾ। ਅੱਗੇ ਲੋਕੀਂ ਆਪਣੀ ਗੱਲ ਪ੍ਰੈੱਸ ਭਾਵ ਲਿਖਤੀ ਜਾਂ ਟੀ. ਵੀ. ਰਾਹੀਂ ਪਹੁੰਚਾਉਂਦੇ ਸੀ, ਇਸੇ ਮਾਧਿਅਮ ਜ਼ਰੀਏ ਸਿਆਸੀ ਲੋਕ ਵੀ ਆਪਣੀ ਗੱਲ ਪਹੁੰਚਾ ਦਿੰਦੇ ਸੀ। ਪਰ ਇਸ ਵਿਚ ਕੁਝ ਸਮਾਂ ਪਹਿਲਾਂ ਗਿਰਾਵਟ ਵੇਖਣ ਨੂੰ ਮਿਲੀ ਹੈ, ਖ਼ਾਸ ਕਰ ਇਲੈਕਟ੍ਰਾਨਿਕ ਮੀਡੀਆ ਵਿਚ ਜਿਥੇ ਰਾਜਸੀ ਪਾਰਟੀਆਂ ਨੇ ਸੱਤਾ ਵਿਚ ਆਉਣ ਤੋਂ ਬਾਅਦ ਚੈਨਲ ਹੀ ਖ਼ਰੀਦ ਲਏ ਜਾਂ ਚੈਨਲਾਂ ਨੂੰ ਸਰਕਾਰੀ ਇਸ਼ਤਿਹਾਰ ਦੇ ਕੇ ਆਪਣੇ ਨਾਲ ਜੋੜ ਲਿਆ ਅਤੇ ਉਨਾਂ ਨੇ ਵਿਰੋਧੀ ਧਿਰ ਅਤੇ ਆਮ ਲੋਕਾਂ ਦੀ ਸੁਚੱਜੀ ਸਲਾਹ ਨੂੰ ਵੀ ਅੱਗੇ ਨਹੀਂ ਆਉਣ ਦਿੱਤਾ ਅਤੇ ਰਿਪੋਰਟਿੰਗ ਆਪਣੇ ਢੰਗ ਨਾਲ ਕਰਨੀ ਸ਼ੁਰੂ ਕਰ ਦਿੱਤੀ।

ਜਿਹੜੀ ਚੀਜ਼ ਕਿਸਾਨ ਕਰ ਗਏ ਉਹ ਚੀਜ਼ ਅੱਜ ਵੀ ਕਈ ਵੱਡੀਆਂ ਪਾਰਟੀਆਂ ਨਹੀਂ ਕਰ ਸਕੀਆਂ। ਹਾਲਾਂਕਿ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦੇ ਯੂ-ਟਿਊਬ ਤੇ ਫੇਸਬੁੱਕ ਚੈਨਲ ਅਤੇ ਪੇਜ ਵੀ ਬਣੇ ਹੋਏ ਹਨ। ਆਈ. ਟੀ. ਟੀਮਾਂ ਵੀ ਰੱਖੀਆਂ ਹੋਈਆਂ ਹਨ। ਪਰ ਫਿਰ ਵੀ ਉਹ ਲੋਕਾਂ ਵਿਚ ਆਪਣੇ ਕੀਤੇ ਕੰਮਾਂ ਦਾ ਅਸਰ ਜਾਂ ਆਪਣੀ ਸੋਚ ਨੂੰ ਲੋਕਾਂ ਤੱਕ ਨਹੀਂ ਪਹੁੰਚਾ ਪਾ ਰਹੇ।

ਆਪਣੇ-ਆਪ 'ਤੇ ਯਕੀਨ ਨਾ ਹੋਣਾ ਇਕ ਹੋਰ ਵੱਡੀ ਚੀਜ਼ ਦੇਖਣ ਨੂੰ ਮਿਲਦੀ ਹੈ ਕਿ ਜੇ ਕੋਈ ਵੀ ਆਮ ਇਨਸਾਨ ਸੱਤਾਧਾਰੀ ਧਿਰ ਤਾਂ ਛੱਡੋ, ਹਾਰੇ ਹੋਏ ਵਿਧਾਇਕਾਂ ਨੂੰ ਵੀ ਸਵਾਲ ਪੁੱਛ ਲਏ ਤਾਂ ਉਨਾਂ ਨੂੰ ਆਪਣੇ ਅੰਦਰ ਦੇ ਖਾਲੀਪਣ ਦਾ ਅਹਿਸਾਸ ਹੋਣ ਲਗਦਾ ਹੈ ਅਤੇ ਜੋ ਕਈ ਵਾਰ ਹੰਕਾਰ ਅਤੇ ਗੁੱਸੇ ਦੇ ਰੂਪ ਵਿਚ

ਬਾਕੀ ਸਫ਼ਾ 30 'ਤੇ

# ਭਾਰਤ ਵਿੱਚ ਘੱਟਗਿਣਤੀਆਂ ਨਾਲ ਹੋ ਰਹੀ ਬੇਇਨਸਾਫ਼ੀ ਦੀ ਦਾਸਤਾਨ ਨੂੰ ਬਿਆਨ ਕਰਦੀ ਅਮਰੀਕੀ ਵਿਦੇਸ਼ ਵਿਭਾਗ ਦੀ ਰਿਪੋਰਟ

## 2021 ਅਮਰੀਕੀ ਵਿਦੇਸ਼ ਵਿਭਾਗ ਦੀ ਰਿਪੋਰਟ ਵਿਚ ਧਾਰਮਿਕ ਅਜ਼ਾਦੀ ਤੇ ਉੱਠੇ ਸਵਾਲ



**ਸਰਬਜੀਤ ਕੌਰ ਸਰਬ**

ਭਾਰਤੀ ਸਿਆਸਤਦਾਨਾਂ ਨੇ ਧਾਰਮਿਕ ਘੱਟਗਿਣਤੀਆਂ ਬਾਰੇ ਭੜਕਾਊ ਜਨਤਕ ਟਿੱਪਣੀਆਂ ਜਿਨਾਂ ਨੂੰ ਸੋਸ਼ਲ ਮੀਡੀਆ ਉੱਤੇ ਪੋਸਟ ਕੀਤਾ ਗਿਆ ਹੈ, ਉਦਾਹਰਨ ਲਈ, ਉੱਤਰਾਖੰਡ ਰਾਜ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਪ੍ਰਧਾਨ ਮਦਨ ਕੌਸ਼ਿਕ ਨੇ ਅਕਤੂਬਰ ਵਿੱਚ ਮੀਡੀਆ ਨੂੰ ਕਿਹਾ ਕਿ 'ਸਾਡੀ ਪਾਰਟੀ ਲਾਈਨ ਸਪੱਸ਼ਟ ਹੈ ਕਿ ਹਿੰਦੂ ਧਰਮ ਤੋਂ ਕਿਸੇ ਵੀ (ਧਾਰਮਿਕ) ਧਰਮ ਪਰਿਵਰਤਨ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।' ਭਾਰਤੀ ਸਿਅਸਤ ਦੀਆਂ ਅਜਿਹੀਆ ਕਾਰਗੁਜਾਰੀਆਂ ਨੇ ਲੋਕਤੰਤਰੀ ਦੇਸ਼ ਦੇ ਢਾਚੇ 'ਤੇ ਸਵਾਲ ਖੜੇ ਕਰ ਦਿੱਤੇ ਹਨ।

ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਦੇ ਮੈਂਬਰਾਂ 'ਤੇ ਹਮਲੇ, ਕਤਲ ਅਤੇ ਧਮਕਾਉਣ ਸਮੇਤ, ਪੂਰੇ ਸਾਲ ਦੌਰਾਨ ਹੋਏ। ਇਨਾਂ ਵਿੱਚ ਗਊ ਹੱਤਿਆ ਜਾਂ ਬੀਫ ਦੇ ਵਪਾਰ ਦੇ ਦੋਸ਼ਾਂ ਦੇ ਆਧਾਰ 'ਤੇ ਗੈਰ-ਹਿੰਦੂਆਂ ਵਿਰੁੱਧ 'ਗਊ ਰਾਖਸ਼' ਦੀਆਂ ਘਟਨਾਵਾਂ ਸ਼ਾਮਲ ਹਨ। **UCF** ਦੇ ਅਨੁਸਾਰ, ਦੇਸ਼ ਵਿੱਚ ਈਸਾਈਆਂ ਵਿਰੁੱਧ ਹਿੰਸਕ ਹਮਲਿਆਂ ਦੀ ਗਿਣਤੀ ਸਾਲ 2020 ਵਿੱਚ 279 ਤੋਂ ਵੱਧ ਕੇ 486 ਹੋ ਗਈ ਹੈ। ਕੈਥੋਲਿਕ ਨਿਊਜ਼ ਏਜੰਸੀ ਏਜੇਨਜੀਆ ਫਾਈਡਜ਼ ਦੇ ਅਨੁਸਾਰ, ਹਿੰਦੂਆਂ ਨੇ ਉੱਤਰਾਖੰਡ, ਹਰਿਆਣਾ ਵਿੱਚ ਈਸਾਈ ਭਾਈਚਾਰਿਆਂ ਵਿਰੁੱਧ ਹਿੰਸਾ ਅਤੇ ਧਮਕੀਆਂ ਦੀਆਂ 13 ਘਟਨਾਵਾਂ ਕੀਤੀਆਂ ਹਨ। ਉੱਤਰ ਪ੍ਰਦੇਸ਼, ਛੱਤੀਸਗੜ, ਮੱਧ ਪ੍ਰਦੇਸ਼ ਅਤੇ ਦਿੱਲੀ। ”36 ਦੇ ਅਨੁਸਾਰ, ਜ਼ਿਆਦਾਤਰ ਘਟਨਾਵਾਂ ਭਾਜਪਾ ਸ਼ਾਸਿਤ ਰਾਜਾਂ ਵਿੱਚ ਦਰਜ ਕੀਤੀਆਂ ਗਈਆਂ ਹਨ। ਇਸ ਸਾਰੀ ਰਿਪੋਰਟ ਨੂੰ ਸੰਖੇਪ ਰੂਪ ਵਿਚ ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ :

ਸਹਿਜ ਰੂਪ ਵਿੱਚ ਦੇਖਿਆ ਜਾਵੇ ਤਾਂ ਲੋਕਤੰਤਰੀ ਦੇਸ਼ ਵਿੱਚ ਧਰਮ ਨਿਰਪੱਖ ਦਾ ਹੁਕਮ ਰਾਜ ਦਿੰਦਾ ਹੈ ਜਿਸ ਵਿੱਚ ਸਾਰੇ ਵਿਅਕਤੀਆਂ ਨੂੰ ਸੁਤੰਤਰ ਰੂਪ ਵਿੱਚ ਆਪਣੇ ਧਰਮ ਨੂੰ ਪ੍ਰਫੁੱਲਤ ਕਰਨ ਦਾ ਅਧਿਕਾਰ ਹੈ। ਧਰਮ ਦੇ ਆਧਾਰ 'ਤੇ ਕਿਸੇ ਵੀ ਜਾਤੀ ਨਾਲ ਵਿਤਕਰੇ ਦੀ ਮਨਾਹੀ ਹੈ ।ਭਾਰਤ ਵਿੱਚ 28 ਵਿੱਚੋਂ ਦਸ ਰਾਜਾਂ ਵਿਚ ਧਰਮ ਪਰਿਵਰਤਨ ਨੂੰ ਰੋਕਣ ਵਾਲੇ ਕਾਨੂੰਨ ਹਨ । ਚਾਰ ਰਾਜ ਸਰਕਾਰਾਂ ਕੋਲ ਵਿਆਹ ਦੇ ਉਦੇਸ਼ ਲਈ ਅਖੌਤੀ ਜ਼ਬਰਦਸਤੀ ਧਰਮ ਪਰਿਵਰਤਨ ਦੇ ਵਿਰੁੱਧ ਜੁਰਮਾਨੇ ਲਗਾਉਣ ਵਾਲੇ ਕਾਨੂੰਨ ਹਨ ਹਾਲਾਂਕਿ ਕੁਝ ਰਾਜਾਂ ਦੀਆਂ ਉੱਚ ਅਦਾਲਤਾਂ ਨੇ ਇਸ ਕਾਨੂੰਨ ਦੇ ਤਹਿਤ ਚਾਰਜ ਕੀਤੇ ਗਏ ਕੇਸਾਂ ਨੂੰ ਖਾਰਜ ਕਰ ਦਿੱਤਾ ਹੈ। ਮੀਡੀਆ ਅਨੁਸਾਰ, ਮੱਧ ਪ੍ਰਦੇਸ਼ ਪੁਲਿਸ ਨੇ ਧਰਮ ਪਰਿਵਰਤਨ 'ਤੇ ਪਾਬੰਦੀ ਲਗਾਉਣ ਵਾਲੇ ਰਾਜ ਦੇ ਕਾਨੂੰਨ ਦੀ ਉਲੰਘਣਾ ਲਈ ਮਾਰਚ ਤੋਂ ਜੂਨ ਦਰਮਿਆਨ 47 ਵਿਅਕਤੀਆਂ ਵਿਰੁੱਧ 21 ਕੇਸ ਦਰਜ ਕੀਤੇ ਅਤੇ 15 ਮੁਸਲਮਾਨਾਂ ਅਤੇ ਛੇ ਈਸਾਈਆਂ ਨੂੰ ਗ੍ਰਿਫਤਾਰ ਕੀਤਾ। 21 ਵਿੱਚੋਂ 15 ਮਾਮਲਿਆਂ ਵਿੱਚ ਬਲਾਤਕਾਰ ਅਤੇ ਛੇੜਛਾੜ ਦੇ ਦੋਸ਼ ਸ਼ਾਮਲ ਕੀਤੇ ਗਏ ਸਨ।

ਪੁਲਿਸ ਨੇ ਧਾਰਮਿਕ ਪਰਿਵਰਤਨ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨਾਂ ਦੇ ਤਹਿਤ ਸਾਲ ਦੌਰਾਨ ਕਈ ਗ੍ਰਿਫਤਾਰੀਆਂ ਕੀਤੀਆਂ, ਅਤੇ ਕਈ ਰਾਜ ਸਰਕਾਰਾਂ ਨੇ ਮੌਜੂਦਾ ਕਾਨੂੰਨ ਨੂੰ ਮਜ਼ਬੂਤ ਕਰਨ ਜਾਂ ਧਾਰਮਿਕ ਪਰਿਵਰਤਨ 'ਤੇ ਪਾਬੰਦੀ ਲਗਾਉਣ ਵਾਲੇ ਨਵੇਂ ਕਾਨੂੰਨ ਨੂੰ ਵਿਕਸਤ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ। ਈਸਾਈ ਅਧਿਕਾਰਾਂ ਦੀ ਗੈਰ-ਸਰਕਾਰੀ ਸੰਸਥਾ ਯੂਨਾਈਟਿਡ ਕ੍ਰਿਸਚੀਅਨ ਫੋਰਮ (ਯੂਸੀਐਫ) ਦੇ ਅਨੁਸਾਰ, ਜਨਵਰੀ ਤੋਂ ਜੂਨ ਦੇ ਵਿਚਕਾਰ, ਤਿੰਨ ਰਾਜਾਂ ਵਿੱਚ 29 ਈਸਾਈਆਂ ਨੂੰ ਧਾਰਮਿਕ ਪਰਿਵਰਤਨ ਨੂੰ ਰੋਕਣ ਵਾਲੇ ਕਾਨੂੰਨਾਂ ਦੇ ਤਹਿਤ ਜ਼ਬਰਦਸਤੀ ਜਾਂ ਧੋਖੇ ਨਾਲ ਧਰਮ ਪਰਿਵਰਤਨ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਕੁਝ ਗੈਰ-ਸਰਕਾਰੀ ਸੰਗਠਨਾਂ ਨੇ ਦੱਸਿਆ ਕਿ ਸਰਕਾਰ ਧਾਰਮਿਕ ਘੱਟ ਗਿਣਤੀਆਂ 'ਤੇ ਹਮਲਿਆਂ ਨੂੰ ਰੋਕਣ ਵਿਚ ਅਸਫਲ ਰਹੀ ਹੈ। ਇੱਕ ਵਿਸ਼ਵਾਸ-ਅਧਾਰਤ ਐਨਜੀਓ ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਕਿ ਜਨਵਰੀ ਤੋਂ ਅਗਸਤ ਤੱਕ ਈਸਾਈ ਪੀੜਤਾਂ ਦੁਆਰਾ ਦਰਜ ਕੀਤੀਆਂ ਗਈਆਂ ਹਿੰਸਾ ਦੀਆਂ 112 ਸ਼ਿਕਾਇਤਾਂ ਵਿੱਚੋਂ, ਪੁਲਿਸ ਨੇ 25 ਮਾਮਲਿਆਂ ਵਿੱਚ ਅਧਿਕਾਰਤ ਰਿਪੋਰਟਾਂ (ਪਹਿਲੀ ਸੂਚਨਾ ਰਿਪੋਰਟ ਜਾਂ ਐਫਆਈਆਰ) ਦਰਜ ਕੀਤੀਆਂ। ਸਾਲ ਦੇ ਅੰਤ ਤੱਕ ਇਹਨਾਂ ਮਾਮਲਿਆਂ 'ਤੇ ਕੋਈ ਅਪਡੇਟ ਨਹੀਂ ਸੀ। ਪੁਲਿਸ ਨੇ ਗੈਰ-ਹਿੰਦੂਆਂ ਨੂੰ ਮੀਡੀਆ ਜਾਂ ਸੋਸ਼ਲ ਮੀਡੀਆ 'ਤੇ ਹਿੰਦੂਆਂ ਜਾਂ ਹਿੰਦੂ ਧਰਮ ਪ੍ਰਤੀ ਅਪਮਾਨਜਨਕ ਟਿੱਪਣੀਆਂ ਕਰਨ ਲਈ ਗ੍ਰਿਫਤਾਰ ਕੀਤਾ।

ਗੈਰ-ਸਰਕਾਰੀ ਸੰਗਠਨਾਂ, ਜਿਨਾਂ ਵਿੱਚ ਵਿਸ਼ਵਾਸ-ਆਧਾਰਿਤ ਸੰਸਥਾਵਾਂ ਵੀ ਸ਼ਾਮਲ ਹਨ, ਵਿਦੇਸ਼ੀ ਯੋਗਦਾਨ ਰੈਗੂਲੇਸ਼ਨ ਐਕਟ (FCRA) ਵਿੱਚ ਪਾਸ ਕੀਤੇ ਗਏ 2020 ਸੋਧਾਂ ਦੀ ਆਲੋਚਨਾ ਨੂੰ ਜਾਰੀ ਰੱਖਿਆ ਕਿਉਂਕਿ ਗੈਰ-ਸਰਕਾਰੀ ਸੰਗਠਨਾਂ, ਧਾਰਮਿਕ ਸੰਸਥਾਵਾਂ ਸਮੇਤ, ਵਿਦੇਸ਼ੀ ਫੰਡਿੰਗ ਨੂੰ ਘਟਾ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਸਾਲ ਦੌਰਾਨ ਸਰਕਾਰ ਨੇ 179 NGO ਦੇ FCRA ਲਾਇਸੰਸ ਮੁਅੱਤਲ ਕਰ ਦਿੱਤੇ, ਜਿਨਾਂ ਵਿੱਚ ਕੁਝ ਵਿਸ਼ਵਾਸ ਆਧਾਰਿਤ ਸਨ। ਸਭ ਤੋਂ ਤਾਜ਼ਾ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (NCRB) ਦੀ ਰਿਪੋਰਟ, ਸਰਕਾਰ ਨੇ ਇਹ ਕਹਿਣਾ ਜਾਰੀ ਰੱਖਿਆ ਕਿ ਕਾਨੂੰਨ ਦੇਸ਼ ਵਿੱਚ ਵਿਦੇਸ਼ੀ ਐਨਜੀਓ ਫੰਡਿੰਗ ਦੀ ਨਿਗਰਾਨੀ ਅਤੇ ਜਵਾਬਦੇਹੀ ਨੂੰ ਮਜ਼ਬੂਤ ਕਰਦਾ ਹੈ। ਵਿਦੇਸ਼ੀ ਫੰਡਿੰਗ ਪ੍ਰਾਪਤ ਕਰਨ ਵਾਲੇ 'ਸੱਭਿਆਚਾਰਕ, ਆਰਥਿਕ, ਵਿਦਿਅਕ, ਧਾਰਮਿਕ ਜਾਂ ਸਮਾਜਿਕ ਪ੍ਰੋਗਰਾਮਾਂ' ਦਾ ਆਯੋਜਨ ਕਰਨ ਵਾਲੀਆਂ ਸੰਸਥਾਵਾਂ ਨੂੰ FCRA ਦੇ ਅਧੀਨ ਲਾਇਸੈਂਸ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ। ਕੇਂਦਰ ਸਰਕਾਰ ਇਹ ਵੀ ਮੰਗ ਕਰ ਸਕਦੀ ਹੈ ਕਿ ਲਾਇਸੰਸਸ਼ੁਦਾ ਸੰਸਥਾਵਾਂ ਵਿਦੇਸ਼ੀ ਫੰਡਾਂ ਨੂੰ ਸਵੀਕਾਰ ਕਰਨ ਜਾਂ ਟ੍ਰਾਂਸਫਰ ਕਰਨ ਤੋਂ ਪਹਿਲਾਂ ਪਹਿਲਾਂ ਤੋਂ ਇਜਾਜ਼ਤ ਲੈਣ। ਕੇਂਦਰ ਸਰਕਾਰ ਲਾਇਸੈਂਸ ਦੀ ਅਰਜ਼ੀ ਜਾਂ ਫੰਡ ਟ੍ਰਾਂਸਫਰ ਕਰਨ ਦੀ ਬੇਨਤੀ ਨੂੰ ਰੱਦ ਕਰ ਸਕਦੀ ਹੈ ਜੇਕਰ ਇਹ ਪ੍ਰਾਪਤਕਰਤਾ ਨੂੰ 'ਧਾਰਮਿਕ, ਨਸਲੀ, ਸਮਾਜਿਕ, ਭਾਸ਼ਾਈ, ਖੇਤਰੀ ਸਮੂਹਾਂ, ਜਾਤੀਆਂ, ਜਾਂ ਭਾਈਚਾਰਿਆਂ ਵਿਚਕਾਰ ਇਕਸੁਰਤਾ' ਦੇ ਵਿਰੁੱਧ ਕੰਮ ਕਰਨ ਦਾ ਨਿਰਣਾ ਕਰਦੀ ਹੈ।ਗੈਰ-ਸਰਕਾਰੀ ਸੰਸਥਾਵਾਂ, ਧਾਰਮਿਕ ਸੰਸਥਾਵਾਂ ਸਮੇਤ, ਆਪਣੇ ਫੰਡਾਂ ਦਾ 20 ਪ੍ਰਤੀਸ਼ਤ ਪ੍ਰਸ਼ਾਸਕੀ ਉਦੇਸ਼ਾਂ ਲਈ ਵਰਤ ਸਕਦੀਆਂ ਹਨ ਅਤੇ ਕਿਸੇ ਹੋਰ ਸੰਸਥਾ ਜਾਂ ਵਿਅਕਤੀ ਨੂੰ ਵਿਦੇਸ਼ੀ ਫੰਡ ਟ੍ਰਾਂਸਫਰ ਕਰਨ ਦੀ ਮਨਾਹੀ ਹੈ।




ਸਭ ਤੋਂ ਤਾਜ਼ਾ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (NCRB) ਦੀ ਰਿਪੋਰਟ, ਜਿਸ ਨੂੰ 2020 ਸਤੰਬਰ ਵਿੱਚ ਜਾਰੀ ਕੀਤਾ ਗਿਆ ਇਸ ਵਿਚ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ (311) ਅਤੇ ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਜ਼ (NRC) ਦੇ ਪਾਸ ਹੋਣ ਤੋਂ ਬਾਅਦ ਫਰਵਰੀ 2020 ਵਿੱਚ ਨਵੀਂ ਦਿੱਲੀ ਵਿੱਚ ਜੋ ਹਿੰਸਾ ਹੋਈ ਉਹ ਮੁਸਲਿਮ ਭਾਈਚਾਰੇ ਵਿੱਚ 'ਭੇਦਭਾਵ ਦੀ ਭਾਵਨਾ' ਦੇ ਨਤੀਜੇ ਵਜੋਂ ਹੋਈ ਸੀ। ਅਗਸਤ ਵਿੱਚ, ਝਾਰਖੰਡ ਰਾਜ ਦੇ ਜਮਸ਼ੇਦਪੁਰ ਦੇ ਦੋ ਮੁਸਲਿਮ ਆਦਮੀਆਂ ਨੇ ਸਥਾਨਕ ਪੁਲਿਸ ਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ ਕਿ ਸੱਤ ਪੁਲਿਸ ਅਧਿਕਾਰੀਆਂ ਨੇ ਪੁੱਛਗਿੱਛ ਦੌਰਾਨ ਉਨਾਂ ਦਾ ਜਿਨਸੀ ਸ਼ੋਸ਼ਣ ਕੀਤਾ ਅਤੇ ਇਸਲਾਮ ਵਿਰੋਧੀ ਗਾਲਾਂ ਕੱਢੀਆਂ ਸਨ । ਮੀਡੀਆ ਮੁਤਾਬਕ ਪੁਲਿਸ ਨੇ ਸਾਲ ਦੇ ਅੰਤ ਤੱਕ ਸ਼ਿਕਾਇਤ 'ਤੇ ਕੋਈ ਕਾਰਵਾਈ ਨਹੀਂ ਕੀਤੀ।

ਆਸਾਮ ਦੇ 33 ਮਿਲੀਅਨ ਵਸਨੀਕਾਂ ਵਿੱਚੋਂ ਅੰਦਾਜ਼ਨ ਇੱਕ ਤਿਹਾਈ ਮੁਸਲਮਾਨ ਹਨ। ਮੁਸਲਿਮ ਭਾਈਚਾਰੇ ਅਤੇ ਮੀਡੀਆ ਨੇ ਚਿੰਤਾ ਜ਼ਾਹਰ ਕੀਤੀ ਕਿ NRC, ਰਾਸ਼ਟਰੀ 311 ਦੇ ਨਾਲ, ਸਿਰਫ ਅਸਾਮ ਰਾਜ ਵਿੱਚ ਲਾਗੂ ਕੀਤੇ ਜਾ ਰਹੇ ਸਾਰੇ ਨਾਗਰਿਕਾਂ ਦੀ ਪ੍ਰਸਤਾਵਿਤ ਸੂਚੀ, ਨਤੀਜੇ ਵਜੋਂ ਮੁਸਲਮਾਨਾਂ ਨੂੰ 'ਗੈਰ-ਕਾਨੂੰਨੀ ਪ੍ਰਵਾਸੀ' ਹੋਣ ਦਾ ਪੱਕਾ ਇਰਾਦਾ ਕੀਤਾ ਜਾ ਸਕਦਾ ਹੈ ਅਤੇ ਨਜ਼ਰਬੰਦ ਜਾਂ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਸਾਲ ਦੇ ਅੰਤ ਤੱਕ ਕਿਸੇ ਨੂੰ ਵੀ ਦੇਸ਼ ਨਿਕਾਲਾ ਨਹੀਂ ਦਿੱਤਾ ਗਿਆ ਸੀ।ਸਰਕਾਰ ਨੇ ਸਾਲ ਦੌਰਾਨ ਫਿਰਕੂ ਹਿੰਸਾ ਦੇ ਅੰਕੜੇ ਜਾਰੀ ਨਹੀਂ ਕੀਤੇ। 2020 ਦੇ ਸਰਕਾਰੀ ਅੰਕੜਿਆਂ ਨੇ 2019 ਦੇ ਮੁਕਾਬਲੇ ਫਿਰਕੂ ਹਿੰਸਾ ਵਿੱਚ ਵੱਡੇ ਵਾਧੇ ਦੀ ਰਿਪੋਰਟ ਕੀਤੀ, ਮੁੱਖ ਤੌਰ 'ਤੇ ਨਾਗਰਿਕਤਾ ਸੋਧ ਕਾਨੂੰਨ (311) ਦੇ ਪਾਸ ਹੋਣ ਤੋਂ ਬਾਅਦ ਫਰਵਰੀ 2020 ਦੀ ਹਿੰਸਾ ਅਤੇ ਵਿਰੋਧ ਪ੍ਰਦਰਸ਼ਨਾਂ ਕਾਰਨ। 311 ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾਦੇਸ਼ ਤੋਂ ਹਿੰਦੂ, ਸਿੱਖ, ਬੋਧੀ, ਜੈਨ, ਪਾਰਸੀ ਅਤੇ ਈਸਾਈ ਪ੍ਰਵਾਸੀਆਂ ਲਈ ਨਾਗਰਿਕਤਾ ਲਈ ਇੱਕ ਤੇਜ਼ ਰਸਤਾ ਪ੍ਰਦਾਨ ਕਰਦਾ ਹੈ ਜੋ 31 ਦਸੰਬਰ, 2014 ਨੂੰ ਜਾਂ ਇਸ ਤੋਂ ਪਹਿਲਾਂ ਦੇਸ਼ ਵਿੱਚ ਦਾਖਲ ਹੋਏ ਸਨ। ਇਸੇ ਤਰਾਂ ਮੁਸਲਮਾਨ, ਯਹੂਦੀ, ਦੇ ਮੈਂਬਰ ਹੋਰ ਧਰਮਾਂ, ਅਤੇ ਇਨਾਂ ਤਿੰਨਾਂ ਦੇਸ਼ਾਂ ਦੇ ਨਾਸਤਿਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ। ਸਰਕਾਰ ਨੇ ਦਲੀਲ ਦਿੱਤੀ ਕਿ ਕਾਨੂੰਨ ਉਨਾਂ ਦੇਸ਼ਾਂ ਦੇ ਧਾਰਮਿਕ ਘੱਟਗਿਣਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਜ਼ਰੂਰੀ ਸੀ।

ਯੂਸੀਐਫ ਦੇ ਅਨੁਸਾਰ, ਦੇਸ਼ ਵਿੱਚ ਈਸਾਈਆਂ ਵਿਰੁੱਧ ਹਿੰਸਕ ਹਮਲਿਆਂ ਦੀ ਗਿਣਤੀ 2020 ਵਿੱਚ 279 ਤੋਂ ਵੱਧ ਕੇ 486 ਹੋ ਗਈ ਹੈ ।, ਹਿੰਦੂਆਂ ਨੇ ਉੱਤਰਾਖੰਡ, ਹਰਿਆਣਾ, ਉੱਤਰ ਪ੍ਰਦੇਸ਼, ਛੱਤੀਸਗੜ, ਮੱਧ ਪ੍ਰਦੇਸ਼ ਅਤੇ ਦਿੱਲੀ ਵਿੱਚ ਈਸਾਈ ਭਾਈਚਾਰਿਆਂ ਵਿਰੁੱਧ ਹਿੰਸਾ ਅਤੇ ਧਮਕੀਆਂ ਦੀਆਂ 13 ਘਟਨਾਵਾਂ ਕੀਤੀਆਂ ਹਨ। ”36 ਦੇ ਅਨੁਸਾਰ, ਜ਼ਿਆਦਾਤਰ ਘਟਨਾਵਾਂ ਭਾਜਪਾ ਦੁਆਰਾ ਸ਼ਾਸਿਤ ਰਾਜਾਂ ਵਿੱਚ ਦਰਜ ਕੀਤੀਆਂ ਗਈਆਂ ਸਨ ਅਤੇ ਇਸ ਵਿੱਚ ਪਾਦਰੀ 'ਤੇ ਹਮਲੇ, ਪੂਜਾ ਸੇਵਾਵਾਂ ਵਿੱਚ ਵਿਘਨ ਅਤੇ ਭੰਨਤੋੜ ਸ਼ਾਮਲ ਸਨ। ਗੈਰ-ਸਰਕਾਰੀ ਸੰਗਠਨਾਂ ਯੂਨਾਈਟਿਡ ਅਗੇਂਸਟ ਹੇਟ, ਐਸੋਸੀਏਸ਼ਨ ਫਾਰ ਪ੍ਰੋਟੈਕਸ਼ਨ ਆਫ ਸਿਵਲ ਰਾਈਟਸ, ਅਤੇ ਯੂਸੀਐਫ ਨੇ ਇੱਕ ਸਾਂਝੀ ਰਿਪੋਰਟ ਜਾਰੀ ਕੀਤੀ ਜਿਸ ਵਿੱਚ ਸਾਲ ਦੇ ਦੌਰਾਨ ਈਸਾਈਆਂ ਵਿਰੁੱਧ ਹਿੰਸਾ ਦੀਆਂ 500 ਤੋਂ ਵੱਧ ਘਟਨਾਵਾਂ ਨੂੰ ਯੂਸੀਐਫ ਦੀ ਹੌਟਲਾਈਨ 'ਤੇ ਰਿਪੋਰਟ ਕੀਤਾ ਗਿਆ।

ਸ਼ੱਕੀ ਅੱਤਵਾਦੀਆਂ ਨੇ ਜੰਮੂ ਅਤੇ ਕਸ਼ਮੀਰ ਦੇ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਹਿੰਦੂ ਅਤੇ ਸਿੱਖ ਘੱਟ ਗਿਣਤੀਆਂ ਦੇ ਨਾਗਰਿਕਾਂ ਅਤੇ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਇਆ ਅਤੇ ਉਨਾਂ ਦੀ ਹੱਤਿਆ ਕੀਤੀ। ਦਸੰਬਰ ਤੱਕ, ਕਥਿਤ ਅੱਤਵਾਦੀਆਂ ਨੇ ਹਿੰਦੂ ਅਤੇ ਸਿੱਖ ਭਾਈਚਾਰਿਆਂ ਦੇ ਦੋ ਸਕੂਲ ਅਧਿਆਪਕਾਂ ਸਮੇਤ 39 ਨਾਗਰਿਕਾਂ ਦੀ ਹੱਤਿਆ ਕਰ ਦਿੱਤੀ ਸੀ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਹੱਤਿਆਵਾਂ ਨੇ ਕਸ਼ਮੀਰ ਘਾਟੀ ਵਿੱਚ ਹਿੰਦੂਆਂ ਅਤੇ ਸਿੱਖਾਂ ਵਿੱਚ ਵਿਆਪਕ ਡਰ ਪੈਦਾ ਕੀਤਾ, ਜਿਸ ਕਾਰਨ ਸੈਂਕੜੇ ਪ੍ਰਵਾਸੀਆਂ ਨੇ ਜੰਮੂ ਕਸ਼ਮੀਰ ਛੱਡ ਦਿੱਤਾ।

ਸਾਲ ਦੇ ਦੌਰਾਨ ਹੀ ਮੁਸਲਿਮ ਦੇ ਖਿਲਾਫ ਭੰਨਤੋੜ ਦੀਆਂ ਰਿਪੋਰਟਾਂ ਆਈਆਂ ਸਨ, ਜਿਸ ਵਿੱਚ ਹਿੰਦੂ ਰਾਸ਼ਟਰਵਾਦੀ ਸਮੂਹਾਂ ਦੁਆਰਾ ਅਕਤੂਬਰ ਵਿੱਚ ਤ੍ਰਿਪੁਰਾ ਰਾਜ ਵਿੱਚ ਮੁਸਲਿਮ ਭਾਈਚਾਰੇ ਨਾਲ ਸਬੰਧਤ ਮਸਜਿਦਾਂ, ਦੁਕਾਨਾਂ ਅਤੇ ਘਰਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ। ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਇਹ ਹਮਲੇ ਉਸ ਦੇਸ਼ ਵਿੱਚ ਦੁਰਗਾ ਪੂਜਾ ਤਿਉਹਾਰ ਦੌਰਾਨ ਬੰਗਲਾਦੇਸ਼ ਵਿੱਚ ਘੱਟ ਗਿਣਤੀ ਹਿੰਦੂਆਂ ਉੱਤੇ ਹੋਏ ਹਮਲਿਆਂ ਦੇ ਬਦਲੇ ਵਜੋਂ ਹੋਏ ਹਨ। ਤ੍ਰਿਪੁਰਾ ਵਿੱਚ 20 ਜੂਨ ਨੂੰ ਇੱਕ ਭੀੜ ਨੇ ਪਸ਼ੂਆਂ ਦੀ ਤਸਕਰੀ ਦੇ ਸ਼ੱਕ ਵਿੱਚ ਚਾਰ ਮੁਸਲਿਮ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਸੀ। 21 ਜੂਨ ਨੂੰ ਸ਼ੱਕੀ ਗਊ ਰੱਖਿਅਕਾਂ ਨੇ ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲੇ ਵਿੱਚ ਮੁਸਲਿਮ ਏਜਾਜ਼ ਡਾਰ ਦੀ ਹੱਤਿਆ ਕਰ ਦਿੱਤੀ ਸੀ। ਗਊ ਰੱਖਿਅਕਾਂ ਨੇ 14 ਜੂਨ ਨੂੰ ਰਾਜਸਥਾਨ ਦੇ ਕਬਾਇਲੀ ਭਾਈਚਾਰੇ ਦੇ ਇੱਕ ਮੈਂਬਰ ਬਾਬੂ ਭੇਲ ਦੀ ਕਥਿਤ ਤੌਰ 'ਤੇ ਹੱਤਿਆ ਕਰ ਦਿੱਤੀ ਸੀ। ਧਾਰਮਿਕ ਆਗੂਆਂ, ਸਿੱਖਿਆ ਸ਼ਾਸਤਰੀਆਂ ਅਤੇ ਕਾਰਕੁਨਾਂ ਨੇ ਧਾਰਮਿਕ ਘੱਟਗਿਣਤੀਆਂ ਬਾਰੇ ਭੜਕਾਊ ਟਿੱਪਣੀਆਂ ਕੀਤੀਆਂ ਸਨ ਤੇ ਕੁਝ ਧਰਮਾਂ ਦੇ ਪੱਖ ਵਿਚ ਜਿਵੇਂ :

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ 12 ਸਤੰਬਰ ਨੂੰ ਜਨਤਕ ਤੌਰ 'ਤੇ ਕਿਹਾ ਕਿ ਉੱਤਰ ਪ੍ਰਦੇਸ਼ ਦੀਆਂ ਪਿਛਲੀਆਂ ਸਰਕਾਰਾਂ ਨੇ ਲਾਭਾਂ ਦੀ ਵੰਡ ਵਿੱਚ ਮੁਸਲਿਮ ਹਲਕੇ ਦਾ ਪੱਖ ਪੂਰਿਆ ਸੀ। ਜੁਲਾਈ ਵਿੱਚ, ਆਰਐਸਐਸ ਦੇ ਮੁਖੀ, ਮੋਹਨ ਭਾਗਵਤ, ਜਿਸ ਨੂੰ ਆਮ ਤੌਰ 'ਤੇ ਭਾਰਤ ਦੀ ਸੱਤਾਧਾਰੀ ਪਾਰਟੀ ਭਾਜਪਾ ਦੇ ਵਿਚਾਰਧਾਰਕ ਪਿਤਾ ਮੰਨਿਆ ਜਾਂਦਾ ਹੈ, ਨੇ ਜਨਤਕ ਤੌਰ 'ਤੇ ਕਿਹਾ ਕਿ ਭਾਰਤ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦਾ ਡੀਐਨਏ ਇੱਕੋ ਹੈ ਅਤੇ ਉਨਾਂ ਨੂੰ ਧਰਮ ਦੁਆਰਾ ਵੱਖਰਾ ਨਹੀਂ ਕੀਤਾ ਜਾਣਾ ਚਾਹੀਦਾ ਹੈ। ਭਾਰਤ ਵਿੱਚ ਕਦੇ ਵੀ ਹਿੰਦੂਆਂ ਜਾਂ ਮੁਸਲਮਾਨਾਂ ਦਾ ਕੋਈ ਦਬਦਬਾ ਨਹੀਂ ਹੋ ਸਕਦਾ : ਇੱਥੇ ਸਿਰਫ ਭਾਰਤੀਆਂ ਦਾ ਦਬਦਬਾ ਹੋ ਸਕਦਾ ਹੈ, 'ਭਾਗਵਤ ਨੇ ਕਿਹਾ, ਮੁਸਲਿਮ ਭਾਈਚਾਰੇ ਦੇ ਮੈਂਬਰਾਂ ਨੂੰ ਡਰਨਾ ਨਹੀਂ ਚਾਹੀਦਾ ਕਿ ਭਾਰਤ ਵਿੱਚ ਇਸਲਾਮ ਨੂੰ ਖ਼ਤਰਾ ਹੈ। ਉਨਾਂ ਇਹ ਵੀ ਕਿਹਾ ਕਿ ਗਊ ਹੱਤਿਆ ਲਈ ਗੈਰ-ਹਿੰਦੂਆਂ ਨੂੰ ਮਾਰਨਾ ਹਿੰਦੂ ਧਰਮ ਦੇ ਖਿਲਾਫ ਕਾਰਵਾਈ ਹੈ।

17-19 ਦਸੰਬਰ ਨੂੰ ਉੱਤਰਾਖੰਡ ਰਾਜ ਦੇ ਹਰਦੀਵਾਰ ਵਿੱਚ ਇੱਕ ਹਿੰਦੂ ਧਾਰਮਿਕ ਇਕੱਠ ਦੌਰਾਨ, ਯਤੀ ਨਰਸਿੰਘਾਨੰਦ ਸਰਸਵਤੀ, ਜਿਸਨੂੰ ਹਿੰਦੂ ਧਾਰਮਿਕ ਕੱਟੜਪੰਥੀ ਦੱਸਿਆ ਗਿਆ ਸੀ, ਨੇ ਹਿੰਦੂਆਂ ਨੂੰ 'ਮੁਸਲਮਾਨਾਂ ਵਿਰੁੱਧ ਹਥਿਆਰ ਚੁੱਕਣ' ਅਤੇ 'ਮੁਸਲਮਾਨਾਂ ਵਿਰੁੱਧ ਜੰਗ ਛੇੜਨ' ਦਾ ਸੱਦਾ ਦਿੱਤਾ। 21 ਦਸੰਬਰ ਨੂੰ, ਪੁਲਿਸ ਨੇ ਨਰਸਿੰਘਾਨੰਦ ਅਤੇ ਸੱਤ ਹੋਰਾਂ ਨੂੰ ਕਈ ਐਫਆਈਆਰਜ਼ ਵਿੱਚ 'ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਇਰਾਦੇ ਨਾਲ ਜਾਣਬੁੱਝ ਕੇ ਅਤੇ ਬਦਨੀਤੀ ਵਾਲੇ ਕੰਮਾਂ' ਲਈ ਨਾਮਜ਼ਦ ਕੀਤਾ; ਪੁਲਿਸ ਨੇ ਕੁਝ ਹਫ਼ਤਿਆਂ ਬਾਅਦ ਨਰਸਿੰਘਾਨੰਦ ਨੂੰ ਗ੍ਰਿਫਤਾਰ ਕਰ ਲਿਆ, ਹਾਲਾਂਕਿ ਬਾਅਦ ਵਿੱਚ ਉਸਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਬਾਕੀਆਂ ਨੂੰ ਸਾਲ ਦੇ ਅੰਤ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ ਸੀ।

ਯੂਨੀਅਨ ਆਫ਼ ਕੈਥੋਲਿਕ ਏਸ਼ੀਅਨ ਨਿਊਜ਼ ਸਰਵਿਸ ਅਤੇ ਪ੍ਰਮੁੱਖ ਅੰਤਰਰਾਸ਼ਟਰੀ ਮੀਡੀਆ ਨੇ ਰਿਪੋਰਟ ਦਿੱਤੀ ਕਿ 26 ਜਨਵਰੀ ਨੂੰ, ਲਗਭਗ 100 ਹਿੰਦੂ ਕਾਰਕੁਨਾਂ ਨੇ ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਇੱਕ ਕੈਥੋਲਿਕ ਮੀਡੀਆ ਕੇਂਦਰ, ਸਤਪ੍ਰਕਾਸ਼ ਸੰਚਾਰ ਕੇਂਦਰ ਵਿੱਚ ਇੱਕ ਪ੍ਰਾਰਥਨਾ ਸੇਵਾ 'ਤੇ ਹਮਲਾ ਕੀਤਾ, ਕੇਂਦਰ 'ਤੇ ਧਰਮ ਪਰਿਵਰਤਨ ਕਰਵਾਉਣ ਦਾ ਦੋਸ਼ ਲਗਾਇਆ। ਪਾਦਰੀ ਨੇ ਮੀਡੀਆ ਨੂੰ ਦੱਸਿਆ ਕਿ ਹਮਲਾਵਰਾਂ ਨੇ ਉਪਾਸਕਾਂ ਨੂੰ ਕੁੱਟਿਆ ਅਤੇ ਉਨਾਂ 'ਤੇ ਰੌਲਾ ਪਾਇਆ। ਉਸਨੇ ਕਿਹਾ ਕਿ ਜਦੋਂ ਪੁਲਿਸ ਪਹੁੰਚੀ, ਤਾਂ ਉਨਾਂ ਨੇ ਧਰਮ ਪਰਿਵਰਤਨ ਨੂੰ ਗੈਰਕਾਨੂੰਨੀ ਬਣਾਉਣ ਵਾਲੇ ਮੱਧ ਪ੍ਰਦੇਸ਼ ਦੇ ਨਵੇਂ ਕਾਨੂੰਨ ਦੀ ਉਲੰਘਣਾ ਕਰਨ ਲਈ ਸਿਰਫ ਪਾਦਰੀ ਅਤੇ ਚਰਚ ਦੇ ਹੋਰ ਬਜ਼ੁਰਗਾਂ ਨੂੰ ਜੇਲ ਵਿੱਚ ਬੰਦ ਕਰ ਦਿੱਤਾ। ਪਾਦਰੀ ਨੇ ਕਿਹਾ ਕਿ ਉਸ ਨੂੰ ਅਤੇ ਅੱਠ ਹੋਰ ਚਰਚ ਦੇ ਨੇਤਾਵਾਂ ਨੂੰ ਰਿਹਾਅ ਹੋਣ ਤੋਂ ਪਹਿਲਾਂ ਦੋ ਮਹੀਨਿਆਂ ਲਈ ਜੇਲ ਵਿੱਚ ਬੰਦ ਕੀਤਾ ਗਿਆ ਸੀ, ਅਤੇ ਅਜੇ ਵੀ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ। ਰਾਸ਼ਟਰੀ ਮੀਡੀਆ ਦੇ ਅਨੁਸਾਰ, ਪੁਲਿਸ ਨੇ 15 ਵਿਅਕਤੀਆਂ ਦੇ ਖਿਲਾਫ ਉਲੰਘਣਾ ਦੇ ਦੋਸ਼ ਲਗਾਏ ਅਤੇ ਘਟਨਾ ਦੀ ਜਾਂਚ ਸ਼ੁਰੂ ਕੀਤੀ।

**ਬਾਕੀ ਸਫ਼ਾ 30 'ਤੇ**

# ਫਾਸ਼ੀਵਾਦ, ਨਾਜ਼ੀਵਾਦ ਅਤੇ ਕੱਟੜਪੰਥੀ ਹਿੰਦੂਵਾਦੀ ਸਿਆਸਤ



ਰਾਮਚੰਦਰ ਗੁਹਾ ਇਤਿਹਾਸਕਾਰ

ਉੱਤਰ ਪ੍ਰਦੇਸ਼ ਦੀ ਸ਼ਾਰਦਾ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਇਕ ਅਧਿਆਪਕ ਨੇ ਆਪਣੇ ਵਿਦਿਆਰਥੀਆਂ ਨੂੰ ਪ੍ਰੀਖਿਆ ਵਿਚ ਇਹ ਪ੍ਰਸ਼ਨ ਪਾ ਦਿੱਤਾ: 'ਕੀ ਤੁਸੀਂ ਫਾਸ਼ੀਵਾਦ, ਨਾਜ਼ੀਵਾਦ ਅਤੇ ਕੱਟੜਪੰਥੀ ਹਿੰਦੂਵਾਦ ਦਰਮਿਆਨ ਕੋਈ ਸਮਾਨਤਾਵਾਂ ਦੇਖਦੇ ਹੋ। ਇਸ ਦਾ ਤਰਕ ਸਹਿਤ ਖੁਲਾਸਾ ਕਰੋ।' ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਅਧਿਆਪਕ ਨੂੰ ਇਸ ਬਿਨਾ 'ਤੇ ਮੁਅੱਤਲ ਕਰ ਦਿੱਤਾ ਕਿ ਇਹ ਸਵਾਲ ਪੁੱਛਣਾ ਹੀ ਮੁਲਕ ਦੀ 'ਮਹਾਨ ਰਾਸ਼ਟਰੀ ਪਛਾਣ' ਦੇ ਖਿਲਾਫ਼ ਹੈ, ਇਸ ਨਾਲ 'ਸਮਾਜਿਕ ਬਦਅਮਨੀ ਫੈਲਣ ਦਾ ਡਰ ਹੈ।'

ਇਸ ਕਾਲਮ ਵਿਚ ਉਸੇ ਸਵਾਲ ਦਾ ਜਵਾਬ ਦੇਣ ਦਾ ਯਤਨ ਹੈ ਜੋ ਸ਼ਾਰਦਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਵਰਜਿਤ ਕਰਾਰ ਦੇ ਦਿੱਤਾ ਗਿਆ। ਮੁੱਖ ਸਰੋਤ ਵਜੋਂ ਮੈਂ ਇਤਾਲਵੀ ਇਤਿਹਾਸਕਾਰ ਮਾਰਜ਼ੀਆ ਕਾਸੋਲਾਰੀ ਦੀਆਂ ਲਿਖਤਾਂ ਦਾ ਸਹਾਰਾ ਲਿਆ ਹੈ, ਖ਼ਾਸਕਰ ਉਨਾਂ ਦਾ ਲੇਖ 'ਹਿੰਦੂਤਵਾ'ਜ਼ ਫਾਰੇਨ ਟਾਇ-ਅਪ ਇਨ ਦਿ 1930ਜ਼' (1930ਵਿਆਂ ਵਿਚ ਹਿੰਦੂਤਵ ਦੇ ਵਿਦੇਸ਼ੀ ਜੋੜ) ਜੋ ਸੰਨ 2000 ਵਿਚ 'ਇਕਨੌਮਿਕ ਐਂਡ ਪੁਲਿਟੀਕਲ ਵੀਕਲੀ' ਮੈਗਜ਼ੀਨ ਵਿਚ ਛਪਿਆ ਸੀ ਅਤੇ ਵੀਹ ਸਾਲ ਬਾਅਦ ਛਪੀ ਕਿਤਾਬ 'ਸ਼ੈਡੋ ਆਫ ਦਿ ਸਵਾਸਤਿਕ: ਦਿ ਰਿਲੇਸ਼ਨਸ਼ਿਪਜ਼ ਬਿਟਵੀਨ ਰੈਡੀਕਲ ਨੈਸ਼ਨਲਿਜ਼ਮ ਇਟੈਲੀਅਨ ਫਾਸਿਜ਼ਮ ਐਂਡ ਨਾਜ਼ੀਇਜ਼ਮ' ਵਿਚ ਵੀ ਛਪਿਆ ਸੀ।

ਕਾਸੋਲਾਰੀ ਦਾ ਕਾਰਜ ਇਟਲੀ, ਭਾਰਤ ਅਤੇ ਬਰਤਾਨੀਆ ਦੇ ਪੁਰਾ-ਲੇਖਾਲਿਆਂ ਵਿਚ ਨਿੱਠ ਕੇ ਕੀਤੀ ਖੋਜ ਅਤੇ ਵੱਖ ਵੱਖ ਭਾਸ਼ਾਵਾਂ ਦੀਆਂ ਮੂਲ ਲਿਖਤਾਂ ਦੀ ਸਮੱਗਰੀ 'ਤੇ ਆਧਾਰਿਤ ਹੈ। ਉਨਾਂ ਦਰਸਾਇਆ ਕਿ ਕਿਵੇਂ ਮਰਾਠੀ ਪ੍ਰੈੱਸ ਨੇ 1920ਵਿਆਂ ਤੇ 1930ਵਿਆਂ ਵਿਚ ਇਸ ਧਾਰਨਾ ਨਾਲ ਇਟਲੀ ਵਿਚ ਫਾਸ਼ੀਵਾਦ ਦੇ ਉਭਾਰ ਨੂੰ ਬਹੁਤ ਦਿਲਚਸਪੀ ਨਾਲ ਕਵਰ ਕੀਤਾ ਸੀ ਕਿ ਭਾਰਤ ਵਿਚ ਵੀ ਇਹੋ ਜਿਹੀ ਵਿਚਾਰਧਾਰਾ ਰਾਹੀਂ ਪਛੜੇ ਹੋਏ ਖੇਤੀਬਾੜੀ ਮੁਲਕ ਨੂੰ ਵਿਕਸਿਤ ਸਨਅਤੀ ਸ਼ਕਤੀ ਵਿਚ ਤਬਦੀਲ ਕੀਤਾ ਜਾ ਸਕਦਾ ਹੈ ਅਤੇ ਸਮਾਜ ਅੰਦਰ ਵਿਵਸਥਾ ਤੇ ਇਕਸਾਰਤਾ ਕਾਇਮ ਕੀਤੀ ਜਾ ਸਕਦੀ ਹੈ। ਕਾਸੋਲਾਰੀ ਨੇ ਮੁਸੋਲਿਨੀ ਅਤੇ ਫਾਸ਼ੀਵਾਦ ਬਾਰੇ ਇਹ ਰੌਸ਼ਨੀ ਪਾਉਣ ਵਾਲੇ ਇਨਾਂ ਬਹੁਤ ਸਾਰੇ ਲੇਖਾਂ ਦਾ ਹਵਾਲਾ ਦਿੱਤਾ ਹੈ ਜਿਨਾਂ ਨੂੰ ਸ਼ਾਇਦ ਰਾਸ਼ਟਰੀ ਸਵੈਮ-ਸੇਵਕ ਸੰਘ ਦੇ ਮੋਢੀ ਆਗੂਆਂ ਕੇਬੀ ਹੈਡਗੇਵਾਰ ਅਤੇ ਐੱਮਐੱਸ ਗੋਲਵਲਕਰ ਅਤੇ ਹਿੰਦੂ ਮਹਾਸਭਾ ਦੇ ਮੋਢੀ ਆਗੂਆਂ ਵੀਡੀ ਸਾਵਰਕਰ ਅਤੇ ਬੀਐੱਸ ਮੂੰਜੇ ਵਰਗਿਆਂ ਨੇ ਪੜ੍ਹਿਆ ਹੋਵੇਗਾ। ਇਨਾਂ ਚਾਰੇ ਆਗੂਆਂ ਦੀ ਮਾਤ ਭਾਸ਼ਾ ਮਰਾਠੀ ਸੀ। ਇਸ ਤਰਾਂ, ਜਿਵੇਂ ਕਾਸੋਲਾਰੀ ਨੇ ਲਿਖਿਆ ਹੈ ਕਿ '1920ਵਿਆਂ ਦੇ ਅਖੀਰਲੇ ਸਾਲਾਂ ਤੱਕ ਮਹਾਰਾਸ਼ਟਰ ਵਿਚ ਫਾਸ਼ੀਵਾਦੀ ਸ਼ਾਸਨ ਅਤੇ ਮੁਸੋਲਿਨੀ ਦੇ ਕਾਫ਼ੀ ਹਮਾਇਤੀ ਹੋ ਗਏ ਸਨ। ਹਿੰਦੂ ਰਾਸ਼ਟਰਵਾਦੀਆਂ ਨੂੰ ਫਾਸ਼ੀਵਾਦ ਦੇ ਪਹਿਲੂ ਭਾਉਂਦੇ ਹਨ ਜਿਨਾਂ ਬਾਰੇ ਖਿਆਲ ਕੀਤਾ ਜਾਂਦਾ ਹੈ ਕਿ ਉਨਾਂ ਨੇ ਇਤਾਲਵੀ ਸਮਾਜ ਅੰਦਰ ਅਰਾਜਕਤਾ ਦੂਰ ਕਰ ਕੇ ਵਿਵਸਥਾ ਲਿਆਂਦੀ ਸੀ ਤੇ ਇਸ ਦਾ ਫ਼ੌਜੀਕਰਨ ਕੀਤਾ ਸੀ। ਇਸ ਨੂੰ ਲੋਕਤੰਤਰ ਦੇ ਹਾਂਦਰੂ ਬਦਲ ਵਜੋਂ ਪੂਰੀ ਤਰਾਂ ਲੋਕਤੰਤਰੀ ਵਿਰੋਧੀ ਪ੍ਰਣਾਲੀ ਗਿਣਿਆ ਜਾਂਦਾ ਸੀ ਜਦਕਿ ਲੋਕਤੰਤਰ ਨੂੰ ਬਰਤਾਨਵੀ ਸੰਸਥਾ ਵਜੋਂ ਦੇਖਿਆ ਜਾਂਦਾ ਸੀ।'

ਕਾਸੋਲਾਰੀ ਦੀਆਂ ਖੋਜਾਂ ਵਿਚ ਅਹਿਮ ਹਸਤੀ ਡਾ. ਬੀਐੱਸ ਮੂੰਜੇ ਸੀ ਜੋ ਹਿੰਦੂ ਕੱਟੜਪੰਥ ਦਾ ਮੁੱਖ ਵਿਚਾਰਕ ਸੀ। ਉਸ ਨੇ 1931 ਵਿਚ ਇਟਲੀ ਦਾ ਦੌਰਾ ਕੀਤਾ ਅਤੇ ਫਾਸ਼ੀਵਾਦੀ ਸ਼ਾਸਨ ਦੇ ਹਮਾਇਤੀਆਂ ਨੂੰ ਮਿਲਿਆ। ਉਹ ਮੁਸੋਲਿਨੀ ਅਤੇ ਉਸ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਸੀ ਅਤੇ ਉਸ ਦੀ ਤਰਾਂ ਹੀ ਨੌਜਵਾਨਾਂ ਅੰਦਰ ਫ਼ੌਜਪੁਣੇ ਵਾਲੀ ਭਾਵਨਾ ਭਰਨਾ ਚਾਹੁੰਦਾ ਸੀ। ਮੂੰਜੇ ਦੀ ਬੇਨਤੀ 'ਤੇ ਉਸ ਦੀ ਮੁਸੋਲਿਨੀ ਨਾਲ ਮੁਲਾਕਾਤ ਵੀ ਕਰਵਾਈ ਗਈ। ਜਦੋਂ ਮੁਸੋਲਿਨੀ ਨੇ ਉਸ ਨੂੰ ਪੁੱਛਿਆ ਕਿ ਉਹ ਫਾਸ਼ੀਵਾਦ ਬਾਰੇ ਕੀ ਜਾਣਦਾ ਹੈ ਤਾਂ ਮੂੰਜੇ ਨੇ ਜਵਾਬ ਦਿੱਤਾ, 'ਹਜ਼ੂਰ, ਮੈਂ ਬਹੁਤ ਜ਼ਿਆਦਾ ਮੁਤਾਸਿਰ ਹੋਇਆ ਹਾਂ। ਹਰ ਇੱਛਕ ਤੇ ਉਭਰਦੇ ਰਾਸ਼ਟਰ ਨੂੰ ਇਸ ਤਰਾਂ ਦੀ ਜਥੇਬੰਦੀ ਦੀ ਲੋੜ ਹੈ : ਖ਼ਾਸ ਤੌਰ 'ਤੇ ਭਾਰਤ ਨੂੰ ਆਪਣੇ ਫ਼ੌਜੀ ਮੁੜ ਉਭਾਰ ਲਈ ਇਸ ਦੀ ਲੋੜ ਹੈ।'

ਇਟਲੀ ਦੇ ਫਾਸ਼ੀਵਾਦੀ ਤਾਨਾਸ਼ਾਹ ਨਾਲ ਆਪਣੀ ਵਾਰਤਾ ਬਾਰੇ ਮੂੰਜੇ ਨੇ ਟਿੱਪਣੀ ਕੀਤੀ ਸੀ: 'ਇਸ ਤਰਾਂ ਯੂਰਪੀ ਜਗਤ ਦੀ ਉਸ ਮਹਾਨ ਸ਼ਖ਼ਸੀਅਤ ਮੁਸੋਲਿਨੀ ਨਾਲ ਮੇਰੀ ਗੁਫ਼ਤਗੂ ਖਤਮ ਹੋਈ। ਉਨਾਂ ਦਾ ਕੱਦ ਲੰਮਾ, ਭਰਵਾਂ ਚਿਹਰਾ, ਕਾਟਵੀਂ ਠੋਢੀ ਤੇ ਛਾਤੀ ਚੌੜੀ ਸੀ। ਉਨਾਂ ਦੇ ਚਿਹਰੇ ਤੋਂ ਹੀ ਪਤਾ ਲੱਗਦਾ ਸੀ ਕਿ ਉਹ ਦ੍ਰਿੜ ਇਰਾਦੇ ਅਤੇ ਸ਼ਕਤੀਸ਼ਾਲੀ ਸ਼ਖਸੀਅਤ ਦੇ ਮਾਲਕ ਹਨ। ਮੈਂ ਇਹ ਗੱਲ ਦੇਖੀ ਹੈ ਕਿ ਇਤਾਲਵੀ ਉਸ ਨੂੰ ਪਿਆਰ ਕਰਦੇ ਹਨ।'

ਡਾ. ਮੂੰਜੇ ਮੁਸੋਲਿਨੀ ਦੀ ਸ਼ਖ਼ਸੀਅਤ ਤੇ ਉਸ ਦੀ ਵਿਚਾਰਧਾਰਾ ਅਤੇ ਇਸ ਦੇ ਨਾਲ ਹੀ ਨਿਰੰਤਰ ਜੰਗ ਮਹਿਮਾ ਅਤੇ ਸ਼ਾਂਤੀ ਤੇ ਸੁਲਾ ਦੀ ਨੀਤੀ ਪ੍ਰਤੀ ਉਸ ਦੇ ਤਿਰਸਕਾਰ ਤੋਂ ਉਸ ਦਾ ਸ਼ੈਦਾਈ ਹੋ ਗਿਆ ਸੀ। ਉਸ ਨੇ ਇਤਾਲਵੀ ਤਾਨਾਸ਼ਾਹ ਦੇ ਬਿਆਨਾਂ ਦੀ ਪ੍ਰੋੜਤਾ ਸਹਿਤ ਹਵਾਲੇ ਦਿੱਤੇ ਹਨ, ਜਿਵੇਂ : 'ਸਿਰਫ ਜੰਗ ਹੀ ਹੈ ਜੋ ਸਮੁੱਚੀ ਮਨੁੱਖੀ ਊਰਜਾ ਨੂੰ ਉਸ ਮੁਕਾਮ ਤੱਕ ਉਭਾਰਦੀ ਹੈ ਜਿੱਥੇ ਉਨਾਂ ਲੋਕਾਂ ਦੀ ਕੁਲੀਨਤਾ ਸਿੱਧ ਹੁੰਦੀ ਹੈ ਜੋ ਇਸ ਦਾ ਸਾਹਮਣਾ ਕਰਨ ਦਾ ਹੌਸਲਾ ਰੱਖਦੇ ਹਨ।' ਇਕ ਹੋਰ ਕਥਨ ਹੈ: 'ਫਾਸ਼ੀਵਾਦ ਨਿਰੰਤਰ ਸ਼ਾਂਤੀ ਦੀ ਸੰਭਾਵਨਾ ਅਤੇ ਉਪਯੋਗਤਾ ਵਿਚ ਵਿਸ਼ਵਾਸ ਨਹੀਂ ਰੱਖਦਾ। ਇਸ ਤਰਾਂ ਇਹ ਸ਼ਾਤੀ ਦੇ ਸਿਧਾਂਤ ਨੂੰ ਰੱਦ ਕਰਦਾ ਹੈ ਜੋ ਸੰਘਰਸ਼ ਦੇ ਤਿਆਗ ਵਿਚੋਂ ਪੈਦਾ ਹੁੰਦਾ ਹੈ ਅਤੇ ਕੁਰਬਾਨੀ ਦੇ ਪੇਸ਼ੇਨਜ਼ਰ ਕਾਇਰਤਾਪੂਰਨ ਕਦਮ ਹੈ।'

ਮੂੰਜੇ ਆਰਐੱਸਐੱਸ ਦੇ ਬਾਨੀ ਕੇਬੀ ਹੈਡਗੇਵਾਰ ਦਾ ਉਸਤਾਦ ਸੀ। ਹੈਡਗੇਵਾਰ ਵਿਦਿਆਰਥੀ ਹੁੰਦਿਆਂ ਨਾਗਪੁਰ ਵਿਖੇ ਮੂੰਜੇ ਦੇ ਘਰ ਰਹਿੰਦਾ ਸੀ, ਇਹ ਮੂੰਜੇ ਹੀ ਸੀ ਜਿਸ ਨੇ ਉਸ ਨੂੰ ਮੈਡੀਸਨ ਦੀ ਪੜਾਈ ਲਈ ਕੋਲਕਾਤਾ ਭੇਜਿਆ ਸੀ। ਇਟਲੀ ਦੀ ਯਾਤਰਾ ਤੋਂ ਬਾਅਦ ਮੂੰਜੇ ਤੇ ਹੈਡਗੇਵਾਰ ਹਿੰਦੂ ਮਹਾਸਭਾ ਅਤੇ ਆਰਐੱਸਐੱਸ ਨੂੰ ਇਕ ਦੂਜੀ ਦੇ ਨੇੜੇ ਲਿਆਉਣ ਲਈ ਨਿੱਠ ਕੇ ਕੰਮ ਕਰਦੇ ਰਹੇ। ਜਨਵਰੀ 1934 ਵਿਚ ਹੈਡਗੇਵਾਰ ਨੇ ਫਾਸ਼ੀਵਾਦ ਅਤੇ ਨਾਜ਼ੀਵਾਦ ਬਾਰੇ ਕਾਨਫਰੰਸ ਦੀ ਪ੍ਰਧਾਨਗੀ ਕੀਤੀ ਸੀ ਜਿਸ ਦੇ ਮੁੱਖ ਵਕਤਿਆਂ ਵਿਚ ਮੂੰਜੇ ਸ਼ਾਮਲ ਸੀ। ਉਸੇ ਸਾਲ ਮਾਰਚ ਮਹੀਨੇ ਮੂੰਜੇ, ਹੈਡਗੇਵਾਰ ਅਤੇ ਉਨਾਂ ਦੇ ਸਾਥੀਆਂ ਨੇ ਲੰਮੀ ਮੀਟਿੰਗ ਕੀਤੀ ਜਿਸ ਵਿਚ ਮੂੰਜੇ ਦੀ ਟਿੱਪਣੀ ਸੀ: 'ਮੈਂ ਹਿੰਦੂ ਧਰਮ ਸ਼ਾਸਤਰ ਦੇ ਆਧਾਰ 'ਤੇ ਯੋਜਨਾ ਬਣਾਈ ਹੈ ਜੋ ਪੂਰੇ ਭਾਰਤ ਅੰਦਰ ਹਿੰਦੂਵਾਦ ਵਿਚ ਇਕਸਾਰਤਾ ਲਿਆ ਸਕਦੀ ਹੈ... ਪਰ ਸਵਾਲ ਹੈ ਕਿ ਇਹ ਆਦਰਸ਼ ਉਦੋਂ ਤੱਕ ਸਿਰੇ ਨਹੀਂ ਚੜ ਸਕਦਾ ਜਿੰਨੀ ਦੇਰ ਤੱਕ ਪੁਰਾਣੇ ਵੇਲੇ ਦੇ ਸ਼ਿਵਾਜੀ ਜਾਂ ਵਰਤਮਾਨ ਸਮਿਆਂ ਵਿਚ ਇਟਲੀ ਦੇ ਮੁਸੋਲਿਨੀ ਜਾਂ ਜਰਮਨੀ ਦੇ ਤਾਨਾਸ਼ਾਹ ਜਿਹਾ ਸਾਡਾ ਸਵਰਾਜ ਕਾਇਮ ਨਹੀਂ ਹੋ ਜਾਂਦਾ। ਉਂਝ, ਇਸ ਦਾ ਇਹ ਮਤਲਬ ਨਹੀਂ ਕਿ ਜਿੰਨੀ ਦੇਰ ਤੱਕ ਇਹੋ ਜਿਹਾ ਕੋਈ ਤਾਨਾਸ਼ਾਹ ਭਾਰਤ ਵਿਚ ਨਹੀਂ ਉਭਰਦਾ, ਉਦੋਂ ਤੱਕ ਅਸੀਂ ਹੱਥ 'ਤੇ ਹੱਥ ਧਰ ਕੇ ਬੈਠ ਜਾਈਏ। ਸਾਨੂੰ ਵਿਗਿਆਨਕ ਸਕੀਮ ਘੜਨੀ ਚਾਹੀਦੀ ਹੈ ਤੇ ਇਹਦੇ ਲਈ ਪ੍ਰਾਪੇਗੰਡਾ ਜਾਰੀ ਰੱਖਣਾ ਚਾਹੀਦਾ ਹੈ।'

ਮੂੰਜੇ ਨੇ ਇਤਾਲਵੀ ਫਾਸ਼ੀਵਾਦ ਅਤੇ ਆਰਐੱਸਐੱਸ ਦੀ ਵਿਚਾਰਧਾਰਾ ਵਿਚ ਸਿੱਧੀ ਸਮਾਨਤਾ ਦਰਸਾਈ ਸੀ। ਉਸ ਨੇ ਲਿਖਿਆ : ਫਾਸ਼ੀਵਾਦ ਦਾ ਵਿਚਾਰ ਮੋਟੇ ਰੂਪ ਵਿਚ ਲੋਕਾਂ ਦਰਮਿਆਨ ਏਕਤਾ ਦਾ ਸੰਕਲਪ ਹੈ। ਭਾਰਤ ਖ਼ਾਸ ਤੌਰ 'ਤੇ ਹਿੰਦੂ ਭਾਰਤ ਨੂੰ ਹਿੰਦੂਆਂ ਦੇ ਮੁੜ ਉਭਾਰ ਲਈ ਇਹੋ ਜਿਹੀ ਸੰਸਥਾ ਦੀ ਲੋੜ ਹੈ... ਨਾਗਪੁਰ ਵਿਚ ਡਾ. ਹੈਡਗੇਵਾਰ ਦੀ ਅਗਵਾਈ ਹੇਠ ਚੱਲ ਰਹੀ ਰਾਸ਼ਟਰੀ ਸਵੈਮਸੇਵਕ ਸੰਘ ਇਹੋ ਜਿਹੀ ਜਥੇਬੰਦੀ ਹੈ।'

ਕਾਸੋਲਾਰੀ ਦਾ ਮੱਤ ਹੈ ਕਿ ਆਰਐੱਸਐੱਸ ਦੀ ਭਰਤੀ ਦਾ ਤਰੀਕਾਕਾਰ ਅਮਲੀ ਰੂਪ ਵਿਚ ਇਟਲੀ ਦੀ 'ਬਲੀਲਾ ਯੂਥ' ਸੰਸਥਾ ਨਾਲ ਮਿਲਦਾ ਹੈ; ਮਸਲਨ, ਉਮਰ ਦੇ ਲਿਹਾਜ ਨਾਲ ਗਰੁਪ ਬਣਾਏ ਜਾਂਦੇ ਹਨ। ਕਮਾਲ ਦੀ ਗੱਲ ਹੈ ਕਿ ਇਹ ਉਵੇਂ ਹੀ ਹੈ ਜਿਵੇਂ ਫਾਸ਼ੀਵਾਦੀ ਯੁਵਾ ਸੰਗਠਨਾਂ ਦੀ ਉਮਰ ਵਾਰ ਦਰਜਾਬੰਦੀ ਕੀਤੀ ਜਾਂਦੀ ਹੈ... ਉਂਝ, ਆਰਐੱਸਐੱਸ ਮੈਂਬਰਾਂ ਦੀ ਦਰਜਾਬੰਦੀ ਸੰਗਠਨ ਕਾਇਮ ਹੋਣ ਤੋਂ ਬਾਅਦ ਕੀਤੀ ਜਾਂਦੀ ਹੈ ਤੇ ਇਸ ਦਾ ਵਿਚਾਰ ਵੀ ਫਾਸ਼ੀਵਾਦ ਤੋਂ ਲਿਆ ਜਾਪਦਾ ਹੈ।'

ਮਾਰਜ਼ੀਆ ਕਾਸੋਲਾਰੀ ਨੇ 1933 ਦੇ ਇਕ ਪੁਲਿਸ ਅਫ਼ਸਰ ਦੇ ਨੋਟ ਦਾ ਹਵਾਲਾ ਦਿੱਤਾ ਹੈ ਜਿਸ ਵਿਚ ਰਾਸ਼ਟਰੀ ਸਵੈਮਸੇਵਕ ਸੰਘ ਬਾਰੇ ਕਿਹਾ ਹੈ : ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਸੰਘ ਭਵਿੱਖ ਦੇ ਭਾਰਤ ਵਿਚ ਉਹੋ ਕੁਝ ਬਣਨਾ ਚਾਹੁੰਦਾ ਹੈ ਜੋ ਇਟਲੀ ਵਿਚ ਫਾਸ਼ੀਵਾਦੀ ਤੇ ਜਰਮਨੀ ਵਿਚ ਨਾਜ਼ੀ ਹਨ। ਸੰਘ ਮੁੱਢੋਂ ਸੁੱਢੋਂ ਮੁਸਲਿਮ ਵਿਰੋਧੀ ਸੰਗਠਨ ਹੈ ਜਿਸ ਦਾ ਮਕਸਦ ਭਾਰਤ ਵਿਚ ਨਿਰੋਲ ਹਿੰਦੂਆਂ ਦੀ ਸ਼੍ਰੇਸਠਤਾ ਕਾਇਮ ਕਰਨਾ ਹੈ।'

ਕਾਸੋਲਾਰੀ ਦੀ ਖੋਜ ਸਾਵਰਕਰ ਦੀ ਦੁਨੀਆ ਬਾਰੇ ਸਮਝ 'ਤੇ ਦਿਲਚਸਪ ਝਾਤ ਪੁਆਉਂਦੀ ਹੈ। ਉਨਾਂ ਲਿਖਿਆ ਕਿ 1938 ਦੇ ਆਸ-ਪਾਸ ਨਾਜ਼ੀ ਜਰਮਨੀ ਸਾਵਰਕਰ ਦੀ ਅਗਵਾਈ ਹੇਠ ਹਿੰਦੂ ਮਹਾਸਭਾ ਦੇ ਹਵਾਲੇ ਦਾ ਮੁੱਖ ਨੁਕਤਾ ਬਣ ਗਿਆ ਸੀ। ਜਰਮਨੀ ਦੀਆਂ ਕੱਟੜ ਨਸਲਪ੍ਰਸਤ ਨੀਤੀਆਂ ਨੂੰ ਭਾਰਤ ਵਿਚ 'ਮੁਸਲਿਮ ਸਮੱਸਿਆ' ਨੂੰ ਹੱਲ ਕਰਨ ਲਈ ਮਾਡਲ ਵਜੋਂ ਲਿਆ ਜਾਣ ਲੱਗ ਪਿਆ ਸੀ। ਇਸ ਬਾਰੇ ਕਾਸੋਲਾਰੀ ਨੇ ਸਾਵਰਕਰ ਦੇ ਕਈ ਕਥਨਾਂ ਦਾ ਹਵਾਲਾ ਦਿੱਤਾ ਹੈ :

'ਜਰਮਨੀ ਨੂੰ ਨਾਜ਼ੀਵਾਦ ਅਤੇ ਇਟਲੀ ਨੂੰ ਫਾਸ਼ੀਵਾਦ ਅਪਣਾਉਣ ਦਾ ਪੂਰਾ ਹੱਕ ਹੈ। ਘਟਨਾਵਾਂ ਨੇ ਸਾਬਿਤ ਕੀਤਾ ਹੈ ਕਿ ਇਹ ਵਾਦ ਅਤੇ ਸ਼ਾਸਨ ਦੀਆਂ ਤਰਜ਼ਾਂ ਉਨਾਂ ਹਾਲਾਤ ਵਿਚ ਉਨਾਂ ਲਈ ਜ਼ਰੂਰੀ ਤੇ ਲਾਹੇਵੰਦ ਸਿੱਧ ਹੋਈਆਂ ਹਨ।'

'ਰਾਸ਼ਟਰੀਅਤਾ ਸਾਂਝੇ ਭੂਗੋਲਕ ਖਿੱਤੇ 'ਤੇ ਓਨਾ ਨਿਰਭਰ ਨਹੀਂ ਕਰਦੀ ਜਿੰਨਾ ਵਿਚਾਰ, ਧਰਮ, ਭਾਸ਼ਾ ਅਤੇ ਸਭਿਆਚਾਰ 'ਤੇ ਨਿਰਭਰ ਕਰਦੀ ਹੈ। ਇਸੇ ਕਰ ਕੇ ਜਰਮਨ ਅਤੇ ਯਹੂਦੀਆਂ ਨੂੰ ਇਕ ਕੌਮ ਨਹੀਂ ਮੰਨਿਆ ਜਾ ਸਕਦਾ।'

'ਜਰਮਨੀ ਵਿਚ ਜਰਮਨਾਂ ਦੀ ਲਹਿਰ ਰਾਸ਼ਟਰੀ ਲਹਿਰ ਹੈ ਪਰ ਯਹੂਦੀਆਂ ਦੀ ਲਹਿਰ ਫਿਰਕੂ ਹੈ।'

'ਕੋਈ ਰਾਸ਼ਟਰ ਕਿਸੇ ਜਗਾ ਵਸਦੇ ਬਹੁਗਿਣਤੀ ਲੋਕਾਂ ਰਾਹੀਂ ਬਣਦਾ ਹੈ। ਯਹੂਦੀਆਂ ਨੇ ਜਰਮਨੀ ਵਿਚ ਕੀ ਕੀਤਾ ਹੈ ? ਉਨਾਂ ਨੂੰ ਘੱਟਗਿਣਤੀ ਹੋਣ ਕਰ ਕੇ ਜਰਮਨੀ 'ਚੋਂ ਬਾਹਰ ਧੱਕ ਦਿੱਤਾ ਗਿਆ।'

'ਭਾਰਤੀ ਮੁਸਲਮਾਨ ਸਮੂਹਿਕ ਰੂਪ ਵਿਚ ਆਪਣੇ ਹਿੱਤ ਆਪਣੇ ਆਸ-ਪਾਸ ਵਸਦੇ ਹਿੰਦੂਆਂ ਦੀ ਬਜਾਇ ਭਾਰਤ ਤੋਂ ਬਾਹਰ ਵਸਦੇ ਮੁਸਲਮਾਨਾਂ ਨਾਲ ਜੋੜ ਕੇ ਦੇਖਦੇ ਹਨ ਜਿਵੇਂ ਜਰਮਨੀ ਦੇ ਯਹੂਦੀ ਦੇਖਦੇ ਸਨ।'

ਬਿਨਾਂ ਸ਼ੱਕ ਇਸ ਵੇਲੇ ਸਾਵਰਕਰ ਭਾਰਤ ਵਿਚ ਸੱਤਾਸੀਨ ਹਿੰਦੂਤਵੀ ਸਰਕਾਰ ਲਈ ਬਹੁਤ ਵੱਡੀ ਹਸਤੀ ਹੈ। ਕਾਸੋਲਾਰੀ ਦੀ ਕਿਤਾਬ ਵਿਚ ਹਿੰਦੂਤਵ ਦੇ ਇਕ ਹੋਰ ਚਿਹਰੇ ਸ਼ਿਆਮਾ ਪ੍ਰਸ਼ਾਦ ਮੁਖਰਜੀ ਬਾਰੇ ਵੀ ਕੁਝ ਟਿੱਪਣੀਆਂ ਹਨ। ਦੋ ਜੰਗਾਂ ਵਿਚਕਾਰਲੇ ਅਰਸੇ ਦੌਰਾਨ ਇਤਾਲਵੀ ਸਰਕਾਰ ਨੇ ਅਜਿਹੇ ਭਾਰਤੀ ਬੁੱਧੀਜੀਵੀਆਂ ਤੇ ਸਿਆਸਤਦਾਨਾਂ ਦੇ ਪਾਲਣ ਪੋਸ਼ਣ 'ਤੇ ਜ਼ੋਰ ਦਿੱਤਾ ਸੀ ਜੋ ਫਾਸ਼ੀਵਾਦ ਨਾਲ ਹਮਦਰਦੀ ਰੱਖਦੇ ਹੋਣ। ਉਨਾਂ ਦੇ ਕੰਮ ਨੂੰ ਜੁਸੈਪੇ ਤੂਚੀ ਨੇ ਅਗਾਂਹ ਵਧਾਉਂਦਾ ਸੀ ਜੋ ਆਪਣੀ ਪੀੜੀ ਦਾ ਸਰਕਰਦਾ ਇਤਾਲਵੀ ਪੁਰਾਤਨਪੰਥੀ (ਓਰੀਐਂਟਲਿਸਟ) ਸੀ ਅਤੇ ਫਾਸ਼ੀਵਾਦ ਦਾ ਹਮਾਇਤੀ ਸੀ। ਤੂਚੀ ਦੀ ਮੂੰਜੇ ਨਾਲ ਖਤੋ-ਕਿਤਾਬਤ ਸੀ ਅਤੇ 1930 ਵਿਆਂ ਵਿਚ ਉਸ ਦਾ ਮੁਖਰਜੀ ਨਾਲ ਵੀ ਰਾਬਤਾ ਸੀ ਜੋ ਉਸ ਵੇਲੇ ਕੋਲਕਾਤਾ ਯੂਨੀਵਰਸਿਟੀ ਦਾ ਉਪ ਕੁਲਪਤੀ ਸੀ ਅਤੇ ਬਾਅਦ ਵਿਚ ਉਹ ਭਾਰਤੀ ਜਨਤਾ ਪਾਰਟੀ ਦੇ ਪਹਿਲੇ ਰੂਪ ਜਨ ਸੰਘ ਦਾ ਬਾਨੀ ਬਣਿਆ ਸੀ। ਆਪਣੇ ਆਕਾ ਫਾਸ਼ੀਵਾਦੀ ਦਾਰਸ਼ਨਿਕ ਜੀਓਵਾਨੀ ਜੈਂਟਾਇਲ ਨੂੰ ਲਿਖੀ ਚਿੱਠੀ ਵਿਚ ਟੂਚੀ ਨੇ ਮੁਖਰਜੀ ਨੂੰ ਕੋਲਕਾਤਾ ਵਿਚ 'ਆਪਣਾ ਸਭ ਤੋਂ ਅਹਿਮ ਸੰਗੀ' ਕਰਾਰ ਦਿੱਤਾ ਸੀ।

ਮਾਰਜ਼ੀਆ ਕਾਸੋਲਾਰੀ ਹਿੰਦੂਤਵ ਅਤੇ ਫਾਸ਼ੀਵਾਦ ਵਿਚਕਾਰ ਗੰਢ-ਤੁਪ ਦੇਖਣ ਵਾਲੀ ਪਹਿਲੀ ਵਿਦਵਾਨ ਨਹੀਂ। ਉਸ ਦੀ ਖੋਜ ਤੋਂ ਪਤਾ ਲੱਗਦਾ ਹੈ ਕਿ ਸ਼ਾਰਦਾ ਯੂਨੀਵਰਸਿਟੀ ਦੇ ਅਧਿਆਪਕ ਨੇ ਆਪਣੇ ਵਿਦਿਆਰਥੀਆਂ ਤੋਂ ਵਾਜਿਬ ਅਤੇ ਅਹਿਮ ਸਵਾਲ ਪੁੱਛਿਆ ਸੀ। ਉਨਾਂ ਨੂੰ ਜਵਾਬ ਦੇਣ ਤੋਂ ਵਰਜ ਕੇ ਅਤੇ ਅਧਿਆਪਕ ਨੂੰ ਮੁਅੱਤਲ ਕਰ ਕੇ ਯੂਨੀਵਰਸਿਟੀ ਪ੍ਰਬੰਧਕਾਂ ਨੇ ਦਰਸਾ ਦਿੱਤਾ ਕਿ ਉਹ ਸਚਾਈ ਸਾਹਮਣੇ ਆਉਣ ਤੋਂ ਕਿੰਨਾ ਖ਼ੌਫਜ਼ਦਾ ਹਨ। ਸ਼ਾਇਦ ਉਨਾਂ ਤੋਂ ਵੀ ਵੱਧ ਉਨਾਂ ਦੇ ਸਿਆਸੀ ਆਕਾ ਡਰੇ ਹੋਏ ਹਨ ਜੋ ਚਾਹੁੰਦੇ ਹਨ ਕਿ ਅਸੀਂ ਇਹ ਭੁਲਾ ਹੀ ਦੇਈਏ ਕਿ ਹਿੰਦੂਤਵ ਦੇ ਬਾਨੀ ਅਸਲ ਵਿਚ ਯੂਰੋਪੀਅਨ ਫਾਸ਼ੀਵਾਦੀਆਂ ਤੋਂ ਪ੍ਰਭਾਵਿਤ ਸਨ।'





# ਸਿਹਤ ਸੰਭਾਲ




# ਅਜੋਕੇ ਸਮੇਂ ਵਿੱਚ ਯੋਗ ਦਾ ਸਾਡੀ ਜਿੰਦਗੀ ਵਿੱਚ ਸਥਾਨ



**ਜਸਪ੍ਰੀਤ ਸਿੰਘ ਮਾਂਗਟ**
**ਮੋ. 9915220486**

ਯੋਗ ਕੀ ਹੈ : ਯੋਗ ਇੱਕ ਪ੍ਰਾਚੀਨ ਵਿੱਧੀ ਹੈ ਜੋ ਮਨ ਅਤੇ ਸਰੀਰ ਨੂੰ ਜੋੜਦੀ ਹੈ।

ਯੋਗ ਦਾ ਅਰਥ ਹੈ ਇਕੱਠੇ ਜੁੜਨਾ। ਇਸ ਮਿਲਾਪ ਦਾ ਅਰਥ ਹੈ ਸਰੀਰ ਅਤੇ ਮਨ ਦਾ ਚੰਗਾ ਸਬੰਧ। ਤਣਾਅ ਅਤੇ ਚਿੰਤਾ ਨੂੰ ਛੱਡਣ ਲਈ ਯੋਗਾ ਇੱਕ ਵਧੀਆ ਤਕਨੀਕ ਹੈ। ਯੋਗ ਦਾ ਅਰਥ ਹੈ 'ਜੋੜਨਾ' ਪਰ ਯੋਗ ਦਾ ਮੁੱਖ ਅਰਥ ਹੈ 'ਅਨੁਸ਼ਾਸਨ'। ਸਰੀਰ ਦੁਆਰਾ ਅਨੁਸ਼ਾਸਨ ਵਿੱਚ ਕੀਤੇ ਹਰ ਕੰਮ ਨੂੰ ਯੋਗ ਕਿਹਾ ਜਾਂਦਾ ਹੈ। ਜਿਵੇਂ ਡੂੰਘੇ ਸਾਹ ਲੈਣਾ ਯੋਗਾ ਹੈ, ਆਪਣੀ ਪਿੱਠ ਸਿੱਧੀ ਕਰਕੇ ਬੈਠਣਾ ਵੀ ਯੋਗਾ ਹੈ, ਯੋਗਾ ਆਪਣੇ ਆਪ ਵਿੱਚ ਇੱਕ ਬਹੁਤ ਵੱਡਾ ਵਿਸ਼ਾ ਹੈ। ਇਸ ਲਈ ਯੋਗ ਨੂੰ 5 ਭਾਗਾਂ ਵਿੱਚ ਵੰਡਿਆ ਗਿਆ ਹੈ। ਜਿਵੇਂ ਕਿ ਕਰਮ ਯੋਗ, ਭਗਤੀ ਯੋਗ, ਗਿਆਨ ਯੋਗ, ਰਾਜ ਯੋਗ ਅਤੇ ਹਠ ਯੋਗ। ਯੋਗਾ ਦੇ ਵੱਖ-ਵੱਖ ਆਸਣ ਹਨ। ਜਿਵੇਂ ਕਪਾਲਭਾਤੀ, ਤਾੜਾਸਨ, ਸੁਖਾਸਨ, ਸ਼ਵਾਸਨ, ਵੀਰਭਦਰਾਸਨ ਆਦਿ। ਸਰੀਰ ਦੇ ਵੱਖ-ਵੱਖ ਹਿੱਸਿਆਂ ਲਈ ਵੱਖ-ਵੱਖ ਆਸਣ ਹਨ।

ਯੋਗ ਦੀ ਸ਼ੁਰੂਆਤ ਕਦੋਂ ਹੋਈ : ਯੋਗਾ ਹਜ਼ਾਰਾਂ ਸਾਲ ਪਹਿਲਾਂ ਸਿੰਧੂ-ਸਰਸਵਤੀ ਸਭਿਅਤਾ ਦੁਆਰਾ ਉਤਪੰਨ ਅਤੇ ਵਿਕਸਿਤ ਹੋਇਆ ਸੀ। ਯੋਗਾ ਸ਼ਬਦ ਦਾ ਜ਼ਿਕਰ ਸਭ ਤੋਂ ਪੁਰਾਣੇ ਪਵਿੱਤਰ ਗ੍ਰੰਥ ਰਿਗਵੇਦ ਵਿੱਚ ਮਿਲਦਾ ਹੈ। ਯੋਗਿਕ ਸ਼ਾਸਤਰ ਵਿੱਚ ਭਗਵਾਨ ਸ਼ਿਵ ਨੂੰ ਪਹਿਲੇ ਯੋਗੀ ਵਜੋਂ ਦੇਖਿਆ ਜਾਂਦਾ ਹੈ। ਯੋਗ ਦੀ ਸ਼ੁਰੂਆਤ ਪ੍ਰਾਚੀਨ ਸਮੇਂ ਤੋਂ ਹੁੰਦੀ ਆ ਰਹੀ ਹੈ। ਯੋਗ ਦਾ ਅਭਿਆਸ ਪਹਿਲੇ ਦਿਨਾਂ ਵਿੱਚ ਹਿੰਦੂ, ਬੁੱਧ ਅਤੇ ਜੈਨ ਧਰਮ ਦੇ ਅਨੁਯਾਈ ਕਰਦੇ ਸੀ ਹੌਲੀ-ਹੌਲੀ ਯੋਗ ਨੇ ਪੂਰੀ ਦੁਨੀਆ ਵਿਚ ਆਪਣਾ ਰਸਤਾ ਲੱਭ ਲਿਆ ਅਤੇ ਪੂਰੀ ਦੁਨੀਆ ਦੇ ਲੋਕ ਚੰਗੀ ਸਿਹਤ ਲਈ, ਆਪਣੇ ਦਿਮਾਗ ਨੂੰ ਆਰਾਮ ਦੇਣ ਅਤੇ ਉਨਾਂ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਣ ਲਈ ਯੋਗਾ ਕਰਨ ਲੱਗ ਪਏ।

ਯੋਗ ਦੇ ਲਾਭ: ਯੋਗ ਦੇ ਸਾਡੀ ਸਿਹਤ ਲਈ ਬਹੁਤ ਸਾਰੇ ਲਾਭ ਹਨ। ਯੋਗ ਦਾ ਰੋਜ਼ਾਨਾ ਅਭਿਆਸ ਕਰਨ ਨਾਲ ਬਹੁਤ ਲਾਭ ਹੁੰਦਾ ਹੈ। ਇਹ ਸਾਡੇ ਦਿਮਾਗ ਅਤੇ ਸਰੀਰ ਤੋਂ ਜ਼ਿਆਦਾਤਰ ਬਿਮਾਰੀਆਂ ਨੂੰ ਦੂਰ ਰੱਖਦਾ ਹੈ। ਯੋਗ ਦੀ



ਯਾਤਰਾ ਨਾਲ ਜੀਵਨ ਖੁਸ਼ਹਾਲ, ਸ਼ਾਂਤ ਅਤੇ ਵਧੇਰੇ ਸੰਪੂਰਨ ਹੁੰਦਾ ਹੈ। ਜੇਕਰ ਲੋਕ ਇਕਸੁਰਤਾ ਵਿੱਚ ਹੋਣਗੇ। ਇਸ ਲਈ, ਜੇਕਰ ਅਸੀਂ ਇੱਕ ਮਜ਼ਬੂਤ ਅਤੇ ਲਚਕੀਲਾ ਸਰੀਰ ਵਿਕਸਿਤ ਕਰਨਾ ਚਾਹੁੰਦੇ ਹੋ, ਭਾਰ ਘਟਾਉਣਾ ਚਾਹੁੰਦੇ ਹੋ, ਸ਼ਾਂਤੀ ਵਿੱਚ ਰਹਿਣਾ, ਚੰਗੀ ਸਿਹਤ, ਚੰਗੀ ਦਿੱਖ ਅਤੇ ਮਨਮੋਹਕ ਹੋਣਾ ਚਾਹੁੰਦੇ ਹਾਂ ਤਾਂ ਸਾਨੂੰ ਨਿਯਮਿਤ ਤੌਰ 'ਤੇ ਯੋਗਾ ਦਾ ਅਭਿਆਸ ਕਰਨਾ ਚਾਹੀਦਾ ਹੈ।

ਯੋਗਾ ਅਭਿਆਸ ਨਾਲ ਮਾਨਸਿਕ ਇਕਾਗਰਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਇਹ ਸਾਨੂੰ ਸਵੈ-ਅਨੁਸ਼ਾਸਨ ਅਤੇ ਸਵੈ-ਜਾਗਰੂਕਤਾ ਪ੍ਰਦਾਨ ਕਰਦਾ ਹੈ। ਕਸਰਤ ਅਤੇ ਸਿਹਤ ਦਾ ਰਿਸ਼ਤਾ ਸਕੇ ਭਰਾਵਾਂ ਵਾਂਗ ਹੈ। ਯੋਗਾ ਨਾ ਸਿਰਫ਼ ਸਾਡੇ ਸਰੀਰ ਨੂੰ ਮਜ਼ਬੂਤ ਬਣਾਉਂਦਾ ਹੈ ਸਗੋਂ ਸਾਨੂੰ ਮਾਨਸਿਕ ਤੌਰ 'ਤੇ ਵੀ ਤੰਦਰੁਸਤ ਰੱਖਦਾ ਹੈ। ਇੱਕ ਸਿਹਤਮੰਦ ਮਨ ਬਿਮਾਰ ਸਰੀਰ ਵਿੱਚ ਨਹੀਂ ਰਹਿ ਸਕਦਾ। ਜੇਕਰ ਮਨ ਤੰਦਰੁਸਤ ਨਹੀਂ ਤਾਂ ਵਿਚਾਰ ਵੀ ਤੰਦਰੁਸਤ ਨਹੀਂ ਹੋ ਸਕਦੇ।

ਯੋਗਾ ਦੁਨੀਆ ਭਰ ਵਿੱਚ ਇੰਨਾ ਮਸ਼ਹੂਰ ਹੋ ਗਿਆ ਹੈ ਕਿ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੇ 2015 ਤੋਂ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਜੋਂ ਘੋਸ਼ਿਤ ਕੀਤਾ ਹੈ। ਇਸ ਤੋਂ ਇਲਾਵਾ, ਯੋਗਾ ਦੇ ਬਹੁਤ ਸਾਰੇ ਅਧਿਆਤਮਕ ਲਾਭ ਵੀ ਹਨ। ਇਨਾਂ ਦਾ ਵਰਣਨ ਕਰਨਾ ਸੌਖਾ ਨਹੀਂ ਹੈ, ਕਿਉਂਕਿ ਤੁਹਾਨੂੰ ਖੁਦ ਨੂੰ ਯੋਗਾ ਕਰਨ ਨਾਲ ਅਭਿਆਸ ਕਰਨਾ ਪਏਗਾ ਅਤੇ ਫਿਰ ਉਨਾਂ ਨੂੰ ਮਹਿਸੂਸ ਕਰਨਾ ਪਏਗਾ। ਯੋਗਾ ਹਰੇਕ ਵਿਅਕਤੀ ਨੂੰ ਵੱਖਰੇ ਢੰਗ ਨਾਲ ਫਾਇਦਾ ਕਰਦਾ ਹੈ। ਇਸ ਲਈ ਯੋਗਾ ਨੂੰ ਆਪਣੀ ਜਿੰਦਗੀ ਵਿੱਚ ਅਪਣਾਓ ਅਤੇ ਆਪਣੀ ਮਾਨਸਿਕ, ਸਰੀਰਕ, ਆਤਮਕ ਅਤੇ ਅਧਿਆਤਮਿਕ ਸਿਹਤ ਵਿੱਚ ਸੁਧਾਰ ਕਰੋ।

# ਸਿਹਤਮੰਦ ਰਹਿਣ ਲਈ ਕਰੋ ਸਵੇਰ ਦੀ ਸੈਰ



**ਸੰਜੀਵ ਸਿੰਘ ਸੈਣੀ, ਮੋਹਾਲੀ**

ਜਿੰਦਗੀ ਬਹੁਤ ਖੂਬਸੂਰਤ ਹੈ। ਅਸੀਂ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਣਦੇ ਹਨ। ਸਾਨੂੰ ਜ਼ਿੰਦਗੀ ਦੇ ਹਰ ਪਲ ਨੂੰ ਖੁਸ਼ੀ-ਖੁਸ਼ੀ ਜਿਊਣਾ ਚਾਹੀਦਾ ਹੈ। ਅੱਜ ਕੱਲ ਤਾਂ ਵੈਸੇ ਹੀ ਜ਼ਿੰਦਗੀ ਬਹੁਤ ਛੋਟੀ ਹੋ ਚੁੱਕੀ ਹੈ। ਪਤਾ ਹੀ ਨਹੀਂ ਲਗਦਾ ਕਿ ਕਦੋਂ ਇਨਸਾਨ ਇਸ ਸੰਸਾਰ ਤੋਂ ਰੁਖ਼ਸਤ ਕਰ ਜਾਂਦਾ ਹੈ। ਇਨਸਾਨ ਦੀ ਜਿੰਦਗੀ ਅੱਜ ਕੱਲ ਟੈਨਸ਼ਨ ਨਾਲ ਭਰ ਗਈ। ਛੋਟੀ-ਛੋਟੀ ਚੀਜ਼ ਦੀ ਟੈਨਸ਼ਨ ਲੈ ਕੇ ਇਨਸਾਨ ਆਪਣਾ ਜੀਵਨ ਨਰਕ ਬਣਾ ਰਿਹਾ ਹੈ। ਕੋਈ ਸਮਾਂ ਸੀ, ਜਦੋਂ ਲੋਕ ਸਵੇਰੇ ਜਲਦੀ ਉੱਠ ਕੇ ਚਾਰ ਵਜੇ ਸੈਰ ਕਰਨ ਜਾਂਦੇ ਸਨ। ਪਰ ਹੁਣ ਉਹ ਸਮਾਂ ਨਹੀਂ ਰਿਹਾ, ਹੁਣ ਲੋਕ ਸਵੇਰੇ ਸਵੇਰੇ ਹੀ ਜਿੰਮਾ ਵੱਲ ਭੱਜਦੇ ਦੇਖੇ ਜਾਂਦੇ ਹਨ। ਜਿੰਮ ਵਿੱਚ ਅਸੀਂ ਬੰਦ ਕਮਰੇ ਵਿੱਚ ਵਰਜ਼ਿਸ਼ ਕਰਦੇ ਹਨ। ਉੱਥੇ ਚਾਲੀ ਪੰਤਾਲੀ ਸਾਲ ਦੇ ਮਨੁੱਖ ਆਮ ਵੇਖੇ ਜਾਂਦੇ ਹਨ। ਕਈ ਵਾਰ ਅਸੀਂ ਜਿੰਮ ਕਰਕੇ ਛੱਡ ਦਿੰਦੇ ਹਨ, ਫਿਰ ਆਮ ਵੇਖਿਆ ਜਾਂਦਾ ਹੈ ਕਿ ਜਿਮ ਛੱਡਣ ਨਾਲ ਭਾਰ ਵੱਧ ਜਾਂਦਾ ਹੈ। ਜਿਸ ਨਾਲ ਅਸੀਂ ਮੋਟੇ ਹੋ ਜਾਂਦੇ ਹਨ। ਠੀਕ ਹੈ ਕਿ ਜਿਮ ਵਿੱਚ ਅਸੀਂ ਮਸ਼ੀਨਾਂ ਤੇ ਵਰਜਿਸ਼ ਕਰਦੇ ਹਨ। ਪਰ ਜੋ ਸਵੇਰ ਦੀ ਸੈਰ ਦਾ ਆਨੰਦ ਹੈ, ਉਹ ਕਿੱਥੇ ਕਿਸੇ ਜਿੰਮ 'ਚੋਂ ਨਹੀਂ ਮਿਲ ਸਕਦਾ। ਜਿੰਮਾਂ ਵਿੱਚ ਅਸੀਂ ਵਰਜਿਸ਼ ਕਰਨ ਲਈ ਹਜ਼ਾਰਾਂ ਰੁਪਏ ਦਿੰਦੇ ਹਨ। ਪ੍ਰੰਤੂ ਕੁਦਰਤ ਦਾ ਅਨਮੋਲ ਤੋਹਫ਼ਾ ਸਵੇਰ ਦੀ ਸੈਰ ਅਸੀਂ ਨਹੀਂ ਕਰਦੇ। ਕਈ ਜਿੰਮਾਂ ਵਿੱਚ ਤਾਂ ਏ ਸੀ ਲੱਗੇ ਹੁੰਦੇ ਹਨ। ਅਸੀਂ ਉੱਥੇ ਵਰਜਿਸ ਕਰਦੇ ਹਨ ਜੋ ਸਾਡੀ ਸਿਹਤ ਲਈ ਬਹੁਤ ਹੀ ਨੁਕਸਾਨਦਾਇਕ ਹੁੰਦਾ ਹੈ। ਸਵੇਰੇ ਜਲਦੀ ਉੱਠ ਕੇ ਤਾਜ਼ਾ ਹੋ ਕੇ ਸੈਰ ਕਰਨ ਲਈ ਨਿਕਲੋ।

ਵਾਤਾਵਰਣ ਬਹੁਤ ਹੀ ਸਾਫ਼ ਸੁਥਰਾ ਹੁੰਦਾ ਹੈ। ਪੰਛੀਆਂ ਦੀ ਚਹਿ ਚਹਾਉਣ ਦੀ ਆਵਾਜ਼ਾਂ ਆ ਰਹੀਆਂ ਹੁੰਦੀਆਂ ਹਨ। ਸਬਜ਼ੀ ਖਰੀਦਣ ਵਾਲੇ ਲੋਕ ਮੰਡੀਆਂ ਵੱਲ ਜਾ ਰਹੇ ਹੁੰਦੇ ਹਨ। ਸਵੇਰ ਦਾ ਨਜ਼ਾਰਾ ਬਹੁਤ ਹੀ ਖੂਬਸੂਰਤ ਹੁੰਦਾ ਹੈ। ਸਵੇਰ ਦੀ ਸੈਰ ਕਰਨ ਨਾਲ ਬੰਦਾ ਸਾਰਾ ਦਿਨ ਤਾਜ਼ਾ ਤਾਜ਼ਾ ਅਨੁਭਵ ਕਰਦਾ ਹੈ। ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਚਿਹਰੇ ਦੀ ਰੌਣਕ ਹੁੰਦੀ ਹੈ। ਸਾਰਾ ਦਿਨ ਸੁਸਤੀ ਨਹੀਂ ਪੈਂਦੀ। ਅੱਖਾਂ ਦੀ ਰੌਸ਼ਨੀ ਵੀ ਵਧਦੀ ਹੈ। ਵਾਤਾਵਰਨ ਵਿੱਚ ਬਹੁਤ ਹੀ ਤਾਜ਼ੀ ਹਵਾ ਹੁੰਦੀ ਹੈ। ਬੱਚਿਆਂ ਲਈ ਸਵੇਰ ਦੀ ਸੈਰ ਇੱਕ ਟਾਨਿਕ ਵਰਗੀ ਹੁੰਦੀ ਹੈ। ਜੇਕਰ ਬੱਚੇ ਸਵੇਰ ਦੀ ਸੈਰ ਕਰਨ ਉਨਾਂ ਦੀ ਯਾਦ ਸ਼ਕਤੀ ਤੇਜ਼ ਰਹਿੰਦੀ ਹੈ। ਬੱਚਿਆਂ ਚ ਹੋਰ ਵੀ ਵੱਧ ਚੁਸਤੀ ਆਉਂਦੀ ਹੈ। ਜੋ ਲੋਕ ਸਵੇਰ ਦੀ ਸੈਰ ਨਿਯਮਿਤ ਕਰਦੇ ਹਨ ਉਨਾਂ ਨੂੰ ਬਿਮਾਰੀਆਂ ਵੀ ਬਹੁਤ ਘੱਟ ਲੱਗਦੀਆਂ ਹਨ। ਅਸੀਂ ਦੇਖਿਆ ਹੈ ਕਿ ਜੋ ਸਵੇਰ ਦੀ ਸੈਰ ਕਰਦੇ ਹਨ, ਉਹ ਕਦੇ ਵੀ ਬਜ਼ੁਰਗ ਜਿਹੇ ਨਹੀਂ ਲੱਗਦੇ ਹਾਲਾਂਕਿ ਉਨਾਂ ਦੀ ਉਮਰ ਚਾਹੇ ਸੱਤਰ ਸਾਲ ਦੇ ਕਰੀਬ ਹੋਵੇ। ਚਲੋ ਜਿੰਮ ਵੀ ਜਾਓ, ਪਰ ਜੋ ਨਜ਼ਾਰਾ ਸਵੇਰ ਦੀ ਸੈਰ ਦਾ ਹੁੰਦਾ ਹੈ ਉਹ ਜਿੰਮ ਜਾ ਕੇ ਨਹੀਂ ਮਿਲ ਸਕਦਾ। ਜਿੰਮ ਵਿੱਚ ਅਸੀਂ ਬੰਦ ਕਮਰੇ ਵਿੱਚ ਵਰਜ਼ਿਸ਼ ਕਰਦੇ ਹਨ। ਉੱਥੇ ਦੇਖਿਆ ਗਿਆ ਹੈ ਕਿ ਨੌਜਵਾਨ ਆਪਣੇ ਵਜ਼ਨ ਨਾਲੋਂ ਜ਼ਿਆਦਾ ਭਾਰ ਉਠਾਉਂਦੇ ਹਨ, ਫਿਰ ਉਨਾਂ ਨੂੰ ਰੀੜ ਦੀ ਹੱਡੀ ਵਿੱਚ ਨੁਕਸ ਵੀ ਆ ਜਾਂਦਾ ਹੈ। ਸੋ ਜਿੰਨਾ ਵੀ ਹੋ ਸਕਦਾ ਹੈ ਸਵੇਰ ਦੀ ਸੈਰ ਕਰੋ ਕਿਉਂਕਿ ਸਵੇਰ ਦੀ ਸੈਰ ਕਰਨ ਨਾਲ ਬਿਮਾਰੀਆਂ

**ਬਾਕੀ ਸਫ਼ਾ 30 'ਤੇ**

# ਸੁੱਕੇ ਮੇਵੇ ਸਿਹਤ ਲਈ ਹਨ ਬਹੁਤ ਫਾਇਦੇਮੰਦ

ਸੁੱਕੇ ਮੇਵੇ ਜਾਂ ਮੇਵੇ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਗਰਮੀਆਂ ਵਿੱਚ ਸੁੱਕੇ ਮੇਵੇ ਨੂੰ ਭਿਉਂ ਕੇ ਹੀ ਖਾਧਾ ਜਾਂਦਾ ਹੈ।



ਆਮ ਤੌਰ 'ਤੇ ਸਰਦੀਆਂ ਦੇ ਮੌਸਮ ਵਿਚ ਬਾਦਾਮ ਦਾ ਜ਼ਿਆਦਾ ਸੇਵਨ ਕੀਤਾ ਜਾਂਦਾ ਹੈ। ਜੇਕਰ ਗਰਮੀਆਂ ਵਿਚ ਵੀ ਬਾਦਾਮ ਦਾ ਸੇਵਨ ਕਰਨਾ ਹੈ ਤਾਂ ਇਸ ਨੂੰ ਭਿਓਂ ਕੇ ਖਾਓ। ਬਾਦਾਮ ਨੂੰ ਰਾਤ ਭਰ ਪਾਣੀ ਵਿਚ ਭਿਓਂ ਕੇ ਰੱਖੋ ਅਤੇ ਸਵੇਰੇ ਬਦਾਮ ਦੀ ਛਿੱਲ ਉਤਾਰ ਕੇ ਖਾਓ। ਇਸ ਨਾਲ ਗਰਮੀਆਂ ਵਿਚ ਸਰੀਰ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ।

ਕਿਸ਼ਮਿਸ਼ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੀ ਹੈ। ਬਾਜ਼ਾਰ 'ਚ ਕਿਸ਼ਮਿਸ਼ ਦੀਆਂ ਕਈ ਕਿਸਮਾਂ ਉਪਲਬਧ ਹਨ, ਜਿਨਾਂ ਵਿਚ ਲਾਲ ਕਿਸ਼ਮਿਸ਼, ਕਾਲੀ ਸੌਂਗੀ ਸ਼ਾਮਲ ਹੈ। ਹੋਰ ਸੁੱਕੇ ਮੇਵਿਆਂ ਵਾਂਗ ਸੌਂਗੀ ਦਾ ਸਵਾਦ ਵੀ ਗਰਮ ਹੁੰਦਾ ਹੈ। ਇਸ ਲਈ ਇਸ ਦਾ ਸੇਵਨ ਕਰਨ ਤੋਂ ਪਹਿਲਾਂ ਇਸ ਨੂੰ ਕੁਝ ਦੇਰ ਪਾਣੀ ਵਿਚ ਭਿਗਓ ਕੇ ਰੱਖੋ।

ਕਿਸ਼ਮਿਸ਼ ਸਰੀਰ ਦੇ ਹੀਮੋਗਲੋਬਿਨ ਨੂੰ ਵਧਾਉਣ ਵਿੱਚ ਮਦਦ ਕਰਦੀ ਹੈ। ਗਰਮੀਆਂ ਦੇ ਮੌਸਮ ਵਿਚ ਸੁੱਕੇ ਅੰਗੂਰ ਹੀ ਖਾਓ। ਕਿਸ਼ਮਿਸ਼ ਮਰਦਾਂ ਲਈ ਵੀ ਫਾਇਦੇਮੰਦ ਹੁੰਦੀ ਹੈ। ਕਿਸ਼ਮਿਸ਼ ਵਿੱਚ ਆਇਰਨ, ਫਾਈਬਰ ਵਰਗੇ ਕਈ ਗੁਣ ਹੁੰਦੇ ਹਨ।

ਅਖਰੋਟ 'ਚ ਆਇਰਨ, ਕੈਲਸ਼ੀਅਮ, ਕਾਪਰ ਵਰਗੇ ਕਈ ਗੁਣ ਹੁੰਦੇ ਹਨ। ਅਖਰੋਟ ਦਾ ਅਸਰ ਬਹੁਤ ਗਰਮ ਹੁੰਦਾ ਹੈ, ਜੇਕਰ ਤੁਸੀਂ ਗਰਮੀਆਂ ਵਿਚ ਅਖਰੋਟ ਖਾਣਾ ਚਾਹੁੰਦੇ ਹੋ ਤਾਂ ਇਸ ਨੂੰ ਰਾਤ ਭਰ ਭਿਓ ਕੇ ਰੱਖੋ ਅਤੇ ਫਿਰ ਸਵੇਰੇ ਇਸ ਨੂੰ ਖਾਓ।

ਅੰਜੀਰ ਅਨੀਮੀਆ ਨੂੰ ਠੀਕ ਕਰਦਾ ਹੈ। ਇਸ ਨੂੰ ਰਾਤ ਭਰ ਪਾਣੀ ਵਿਚ ਭਿਓ ਕੇ ਰੱਖੋ ਅਤੇ ਫਿਰ ਅਗਲੇ ਦਿਨ ਖਾਓ। ਇਹ ਪਾਚਨ ਤੰਤਰ ਨੂੰ ਵੀ ਠੀਕ ਰੱਖਦਾ ਹੈ। ਇਸ ਵਿੱਚ ਜ਼ਿੰਕ, ਮੈਂਗਨੀਜ਼, ਆਇਰਨ ਅਤੇ ਮੈਗਨੀਸ਼ੀਅਮ ਵਰਗੇ ਕਈ ਪੌਸ਼ਟਿਕ ਤੱਤ ਹੁੰਦੇ ਹਨ। ਇਸ ਦਾ ਸੇਵਨ ਸਹੀ ਮਾਤਰਾ 'ਚ ਹੀ ਕਰੋ।

# ਚੰਗੀ ਸਿਹਤ ਦਾ ਰਾਜ਼

ਚੰਗੀ ਸਿਹਤ ਕਿਸੇ ਨੂੰ ਬਿਨਾਂ ਕਿਸੇ ਉਲਝਣ ਦੇ, ਜੀਵਨ ਦੀਆਂ ਸਾਰੀਆਂ ਖ਼ੁਸ਼ੀਆਂ ਅਤੇ ਸੁਆਦ ਲੈਣ ਦੀ ਆਗਿਆ ਦਿੰਦੀ ਹੈ। ਇੱਥੋਂ ਤੱਕ ਕਿ ਚੰਗੀ ਸਿਹਤ ਦੇ ਮੁਕਾਬਲੇ ਸਾਰੀਆਂ ਦੌਲਤਾਂ ਘੱਟ ਕੀਮਤੀ ਹਨ। ਜਦੋਂ ਕੋਈ ਵਿਅਕਤੀ ਲਗਾਤਾਰ ਬੀਮਾਰ, ਉਦਾਸ ਜਾਂ ਕਿਸੇ ਵੱਡੀ ਸਿਹਤ ਸੰਬੰਧੀ ਪੇਚੀਦਗੀ ਤੋਂ ਪੀੜਤ ਹੁੰਦਾ ਹੈ ਤਾਂ ਦੁਨੀਆ ਦੀਆਂ ਸਾਰੀਆਂ ਐਸ਼ੋ-ਆਰਾਮ ਦੀਆਂ ਚੀਜ਼ਾਂ ਹੋਣ ਨਾਲ਼ ਆਪਣਾ ਮਕਸਦ ਪੂਰਾ ਨਹੀਂ ਹੁੰਦਾ। ਕਿਤੇ ਵੀ ਤੁਰਨ ਅਤੇ ਜਾਣ ਦੇ ਯੋਗ ਹੋਣ ਦੀ ਮਹੱਤਤਾ ਜਾਂ ਕੀਮਤ ਕੇਵਲ ਇੱਕ ਬਿਸਤਰੇ 'ਤੇ ਸਵਾਰ ਵਿਅਕਤੀ ਹੀ ਜਾਣਦਾ ਹੈ। ਇਸੇ ਤਰਾਂ ਅੱਖਾਂ ਦੀ ਰੌਸ਼ਨੀ ਦੀ ਮਹੱਤਤਾ ਸਿਰਫ਼ ਅੰਨਾ ਹੀ ਜਾਣਦਾ ਹੈ।

ਚੰਗੀ ਸਿਹਤ ਇੱਕ ਖ਼ੁਸ਼ ਆਦਮੀ ਦਾ ਰਾਜ਼ ਹੈ। ਬੱਚਿਆਂ ਲਈ ਤੰਦਰੁਸਤ ਰਹਿਣਾ ਮਨ ਅਤੇ ਸਰੀਰ ਦੇ ਸਹੀ ਵਿਕਾਸ ਅਤੇ ਵਿਕਾਸ ਲਈ ਬਹੁਤ ਜ਼ਰੂਰੀ ਹੈ ਕਿਉਂਕਿ ਉਹਨਾਂ ਨੂੰ ਕਲਾਸ ਵਿੱਚ ਧਿਆਨ ਕੇਂਦਰਿਤ ਕਰਨ ਅਤੇ ਖੇਤਰੀ ਗਤੀਵਿਧੀਆਂ ਵਿੱਚ ਪੂਰੀ ਤਰਾਂ ਹਿੱਸਾ ਲੈਣ ਦੀ ਲੋੜ ਹੁੰਦੀ ਹੈ। ਚੰਗੀ ਸਿਹਤ ਕਈ ਕਾਰਕਾਂ ਦਾ ਸੰਚਿਤ ਉਤਪਾਦ ਹੈ। ਹਾਲਾਂਕਿ ਜਨਮ ਅਤੇ ਬੀਮਾਰੀਆਂ ਰੱਬ ਦੁਆਰਾ ਦਿੱਤੀਆਂ ਗਈਆਂ ਹਨ, ਸਾਡੀ ਸਿਹਤ ਦੀ ਜ਼ਿੰਮੇਵਾਰੀ, ਇੱਕ ਵਾਰ ਜਦੋਂ ਅਸੀਂ ਸੁਰੱਖਿਅਤ ਅਤੇ ਤੰਦਰੁਸਤ ਸੰਸਾਰ ਵਿੱਚ ਪਹੁੰਚਦੇ ਹਾਂ, ਤਾਂ ਸਾਡੇ 'ਤੇ ਨਿਰਭਰ ਕਰਦੀ ਹੈ। ਤਾਜ਼ੀ ਹਵਾ, ਸੂਰਜ ਦੀ ਰੌਸ਼ਨੀ, ਪੀਣ ਵਾਲਾ ਸੁਰੱਖਿਅਤ ਪਾਣੀ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਤੱਤ ਹਨ।

ਗੰਦਾ ਅਤੇ ਗਿੱਲਾ ਮਾਹੌਲ ਡਿਪਰੈਸ਼ਨ ਸਮੇਤ ਕਈ ਬੀਮਾਰੀਆਂ ਦਾ ਕਾਰਨ ਬਣਦਾ ਹੈ। ਭੋਜਨ ਮਨ ਅਤੇ ਸਰੀਰ ਲਈ ਇੱਕ ਹੋਰ ਮਹੱਤਵਪੂਰਨ ਕਾਰਕ ਹੈ। ਮਨ ਅਤੇ ਸਰੀਰ ਦੇ ਸਮੁੱਚੇ ਵਿਕਾਸ ਲਈ ਇੱਕ ਸਿਹਤਮੰਦ ਖ਼ੁਰਾਕ ਮਹੱਤਵਪੂਰਨ ਹੈ। ਜ਼ਿਆਦਾ ਖਾਣਾ ਮੋਟਾਪੇ ਅਤੇ ਦਿਲ ਦੀਆਂ ਬੀਮਾਰੀਆਂ ਅਤੇ ਹੋਰ ਬੀਮਾਰੀਆਂ ਦੇ ਸੰਬੰਧਿਤ ਜ਼ੋਖ਼ਮਾਂ ਦਾ ਕਾਰਨ ਬਣਦਾ ਹੈ, ਜਦੋਂ ਕਿ, ਘੱਟ ਖਾਣਾ ਭੁੱਖ ਦੀ ਕਮੀ ਦਾ ਕਾਰਨ ਬਣਦਾ ਹੈ ਅਤੇ ਘੱਟ ਪੋਸ਼ਣ ਦਾ ਕਾਰਨ ਬਣਦਾ ਹੈ। ਇਸ ਲਈ, ਵਿਅਕਤੀ ਨੂੰ ਹਮੇਸ਼ਾ ਸੰਤੁਲਿਤ ਖ਼ੁਰਾਕ ਲੈਣੀ ਚਾਹੀਦੀ ਹੈ।

ਅਜੋਕੇ ਸਮੇਂ ਦੇ ਵਿੱਚ ਸਾਡੀ ਚੰਗੀ ਸਿਹਤ ਦਾ ਰਾਜ਼ ਕਿਧਰੇ ਗੁੰਮ ਹੋ ਗਿਆ ਹੈ। ਖੁੱਲੇ ਵਾਤਾਵਰਨ ਵਿੱਚ ਜੋ ਇਨਸਾਨ ਸਵੱਸਥ ਹਵਾ ਲੈ ਰਿਹਾ ਹੈ ਬਿਨਾਂ ਖਾਦ ਦੇ ਭੋਜਨ ਖਾ ਰਿਹਾ ਹੈ ਉਹ ਇਨਸਾਨ ਸਾਨੂੰ ਅੱਜ ਕਿਧਰੇ ਵੀ ਨਹੀਂ ਮਿਲ ਰਿਹਾ।ਭਾਰਤ ਵਿੱਚ ਤਾਂ ਭ੍ਰਿਸ਼ਟਾਚਾਰ ਦੇ ਨਾਲ਼-ਨਾਲ਼ ਵਾਤਾਵਰਨ ਵੀ ਏਨਾ ਜ਼ਿਆਦਾ ਗੰਧਲਾ ਹੋ ਗਿਆ ਹੈ ਕੀ ਮਨੁੱਖ ਦੀਆਂ ਖਾਣ ਵਾਲੀਆਂ ਵਸਤਾਂ ਹੀ ਉਸ ਪ੍ਰਤੀ ਜ਼ਹਿਰ ਦਾ ਕੰਮ ਕਰ ਰਹੀਆਂ ਹਨ। ਵਧ ਰਹੀ ਆਬਾਦੀ ਦੇ ਨਾਲ਼-ਨਾਲ਼ ਦਰੱਖਤਾਂ ਦੀ ਕਟਾਈ ਮਨੁੱਖ ਲਈ ਦਿਨ ਪ੍ਰਤੀ ਦਿਨ ਜਾਨਲੇਵਾ ਬਣ ਰਹੀ ਹੈ। ਕੁਦਰਤ ਤੋਂ ਬੇਮੁੱਖ ਹੋਇਆ ਇਨਸਾਨ ਕਦੇ ਵੀ ਸਵੱਸਥ ਨਹੀਂ ਰਹਿ ਸਕਦਾ। ਜਦੋਂ ਕੁਦਰਤ ਨੇ ਇਸ ਸ੍ਰਿਸ਼ਟੀ ਨੂੰ ਸਾਜਿਆ ਸੀ ਤਾਂ ਪਹਿਲਾਂ ਇਨਾ ਦਰੱਖਤਾਂ ਜੜੀ ਬੂਟੀਆਂ ਦੀ ਰਚਨਾ ਕੀਤੀ ਗਈ ਤਾਂ ਜੋ ਮਨੁੱਖ ਨੂੰ ਆਕਸੀਜਨ ਮਿਲ ਸਕੇ ਪਰ ਸਾਡੇ ਮੰਦਬੁੱਧੀ ਦਿਮਾਗ਼ ਨੇ ਕੁਦਰਤ ਨਾਲ਼ ਖਿਲਵਾੜ ਕਰਕੇ ਤਰਾਂ-ਤਰਾਂ ਦੀਆਂ ਬੀਮਾਰੀਆਂ ਨੂੰ ਨਿਓਤਾ ਦੇ ਦਿੱਤਾ ਹੈ। ਜੇਕਰ ਅਜੇ ਵੀ ਅਸੀਂ ਨਹੀਂ ਸੰਭਲੇ ਤਾਂ ਆਉਣ ਵਾਲੇ ਸਮੇਂ ਵਿੱਚ ਇਨਸਾਨ ਨੂੰ ਭਿਆਨਕ ਬੀਮਾਰੀਆਂ ਨੇ ਜਕੜ ਲੈਣਾ ਹੈ। ਡਿਪਰੈਸ਼ਨ ਵਿੱਚ ਗਿਆ ਹੋਇਆ ਮਨੁੱਖ ਨਾ ਤੇ ਚੰਗੀ ਜ਼ਿੰਦਗੀ ਦੀ ਕਾਮਨਾ ਕਰ ਸਕਦਾ ਹੈ ਨਾ ਹੀ ਉਹ ਕੁਦਰਤ ਦੇ ਰੰਗਾਂ ਨੂੰ ਮਾਣ ਸਕਦਾ ਹੈ। ਸੋ ਜੇਕਰ ਸਾਨੂੰ ਚੰਗੀ ਸਿਹਤ ਚਾਹੀਦੀ ਹੈ ਤਾਂ

ਸਭ ਤੋਂ ਪਹਿਲਾਂ ਕੁਦਰਤ ਦੇ ਅਨੁਸਾਰ ਚੱਲਣਾ ਪਵੇਗਾ ਕਿਉਂ ਕੀ ਉਸ ਕੁਦਰਤ ਦੇ ਵਿੱਚ ਹੀ ਇਨਸਾਨ ਦਾ ਦੁੱਖ-ਸੁੱਖ ਲੁਕਿਆ ਹੋਇਆ ਹੈ।ਮੈਂ-ਮੈਂ ਦੀ ਦੌੜ ਨੂੰ ਖ਼ਤਮ ਕਰ ਕੇ ਤੂੰ-ਤੂੰ ਦੀ ਧਾਰਨਾ ਨੂੰ ਅਪਣਾ ਕੇ ਆਨੰਦਮਈ ਜੀਵਨ ਜੀਅ ਸਕਦੇ ਹਾਂ।

ਹਰਜੀਤ ਕੌਰ ਕੈਲੇਫ਼ੋਰਨੀਆ

# ਕੇਂਦਰ ਸਰਕਾਰ ਮੁਆਫ਼ ਕਰੇ ਖੇਤੀ ਕਰਜ਼ਾ



**ਡਾ. ਸ ਸ ਛੀਨਾ**

ਕਿਸਾਨੀ ਕਰਜ਼ੇ ਦਾ ਮੁੱਦਾ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਭਾਰਤ ਦੀ ਆਰਥਿਕਤਾ ਨਾਲ ਜੁੜਿਆ ਰਿਹਾ ਹੈ। ਅੰਗਰੇਜ਼ ਅਫਸਰ ਡਾਰਲਿੰਗ ਨੇ 904 ਵਿਚ ਟਿੱਪਣੀ ਕੀਤੀ ਸੀ, 'ਭਾਰਤ ਦਾ ਕਿਸਾਨ ਕਰਜ਼ੇ ਵਿਚ ਜਨਮ ਲੈਂਦਾ ਹੈ, ਕਰਜ਼ੇ ਵਿਚ ਜਿਊਂਦਾ ਹੈ ਤੇ ਕਰਜ਼ੇ ਵਿਚ ਹੀ ਮਰ ਜਾਂਦਾ ਹੈ।' ਇਹ ਟਿੱਪਣੀ ਅੱਜ ਵੀ ਓਨੀ ਹੀ ਢੁਕਵੀਂ ਹੈ। 1904 ਵਿਚ ਹੀ ਭਾਰਤ ਵਿਚ ਖੇਤੀ ਕਰਜ਼ੇ ਲਈ ਸਹਿਕਾਰੀ ਕਰਜ਼ਾ ਸਭਾਵਾਂ ਬਣਾਉਣੀਆਂ ਸ਼ੁਰੂ ਕੀਤੀਆਂ ਗਈਆਂ ਜਿਨ੍ਹਾਂ ਦਾ ਉਦੇਸ਼ ਕਿਸਾਨਾਂ ਨੂੰ ਸ਼ਾਹੂਕਾਰ ਤੋਂ ਮੁਕਤ ਕਰਕੇ ਉਨ੍ਹਾਂ ਦੀਆਂ ਉਤਪਾਦਕ ਲੋੜਾਂ ਲਈ ਸਸਤੀਆਂ ਵਿਆਜ ਦਰਾਂ 'ਤੇ ਕਰਜ਼ਾ ਦੇਣਾ ਸੀ ਪਰ ਖ਼ਰਚ ਵੱਧ ਅਤੇ ਆਮਦਨ ਘੱਟ ਹੋਣ ਕਰਕੇ ਹਰ ਸਾਲ ਕਿਸਾਨੀ ਕਰਜ਼ੇ ਦਾ ਬੋਝ ਵਧਦਾ ਗਿਆ। 1984 ਤੋਂ ਬਾਅਦ ਕਿਸਾਨਾਂ ਦੀਆਂ ਜ਼ਮੀਨਾਂ ਕੁਰਕ ਕਰਨ ਅਤੇ ਖ਼ਰੀਦਣ ਕਰਕੇ ਉਸ ਵਕਤ ਦੇ ਪੰਜਾਬ ਦੇ ਖੇਤੀ ਮੰਤਰੀ ਸਰ ਛੋਟੂ ਰਾਮ ਨੇ ਇਤਿਹਾਸਕ ਕਾਨੂੰਨ ਪਾਸ ਕਰਵਾਇਆ ਕਿ ਕਿਸਾਨਾਂ ਦੀ ਜ਼ਮੀਨ ਕਰਜ਼ੇ ਕਰਕੇ ਕੁਰਕ ਨਹੀਂ ਕੀਤਾ ਜਾ ਸਕਦੀ।

1969 ਤੱਕ ਬੈਂਕਾਂ ਦੇ ਖੇਤੀ ਲਈ ਕਰਜ਼ੇ ਦੀ ਮਾਤਰਾ ਕੁੱਲ ਕਰਜ਼ੇ ਦਾ 3 ਫ਼ੀਸਦ ਸੀ। ਬੈਂਕਾਂ ਇਹ ਕਰਜ਼ਾ ਆਮ ਕਿਸਾਨ ਨੂੰ ਨਹੀਂ ਸੀ ਦਿੰਦੀਆਂ ਸਗੋਂ ਬਹੁਤ ਵੱਡੇ ਕਿਸਾਨਾਂ ਨੂੰ ਚਾਹ, ਰਬੜ ਅਤੇ ਵੱਡੇ ਬਾਗਾਂ ਦੇ ਮਾਲਕਾਂ ਨੂੰ ਦਿੱਤਾ ਜਾਂਦਾ ਸੀ। 1969 ਵਿਚ ਇੰਦਰਾ ਗਾਂਧੀ ਨੇ ਦੋ ਆਰਡੀਨੈਂਸ ਜਾਰੀ ਕੀਤੇ। ਇਨ੍ਹਾਂ ਵਿਚ ਇਕ ਤਾਂ ਪਿਛਲੇ ਮਹਾਰਾਜਿਆਂ, ਨਵਾਬਾਂ ਆਦਿ ਦੇ ਪ੍ਰੀਵੀ ਪਰਸ ਬੰਦ ਕਰਨ ਬਾਰੇ ਸੀ ਅਤੇ ਦੂਸਰਾ ਸੀ ਉਸ ਵਕਤ ਦੇ 14 ਵੱਡੇ ਵਪਾਰਕ ਬੈਂਕਾਂ ਦਾ ਕੌਮੀਕਰਨ। ਬੈਂਕਾਂ ਦਾ ਕੌਮੀਕਰਨ ਕਰਕੇ ਖਾਸ ਹਦਾਇਤ ਕੀਤੀ ਗਈ ਕਿ ਉਹ ਕਿਸਾਨਾਂ ਦੀਆਂ ਉਤਪਾਦਕ ਲੋੜਾਂ ਲਈ ਉਨ੍ਹਾਂ ਨੂੰ ਬੈਂਕ ਵਿਆਜ ਦਰਾਂ 'ਤੇ ਕਰਜ਼ਾ ਦੇਣ। ਇਸ ਅਧੀਨ ਬੈਂਕਾਂ ਨੇ ਤਿੰਨ ਤਰ੍ਹਾਂ ਦੇ ਕਰਜ਼ੇ ਦਿੱਤੇ ਜਿਵੇਂ ਘੱਟੇ ਸਮੇਂ ਦਾ ਕਰਜ਼ਾ, ਭਾਵ ਫ਼ਸਲ ਲਈ ਕਰਜ਼ਾ, ਦਰਮਿਆਨੇ ਸਮੇਂ ਦਾ ਕਰਜ਼ਾ ਜਿਵੇਂ ਟਿਊਬਵੈੱਲ ਲਾਉਣ ਅਤੇ ਡੇਅਰੀ ਪੇਸ਼ਾ ਅਪਣਾਉਣ ਦਾ ਕਰਜ਼ਾ ਅਤੇ ਲੰਮੇ ਸਮੇਂ ਦਾ ਕਰਜ਼ਾ ਜਿਵੇਂ ਟਰੈਕਟਰ ਖ਼ਰੀਦਣ ਤੇ ਜ਼ਮੀਨ ਵਿਚ ਪੱਕੇ ਸੁਧਾਰ ਕਰਨ ਲਈ ਕਰਜ਼ਾ।

ਉਸ ਸਮੇਂ ਤੱਕ ਭਾਵੇਂ ਹਰਾ ਇਨਕਲਾਬ ਅਜੇ ਸ਼ੁਰੂਆਤੀ ਦੌਰ ਵਿਚ ਸੀ ਪਰ ਇਸ ਕਰਜ਼ੇ ਨੇ ਹਰੇ ਇਨਕਲਾਬ ਵਿਚ ਤੇਜ਼ੀ ਲਿਆਂਦੀ। ਕਿਸਾਨਾਂ ਨੇ ਟਿਊਬਵੈੱਲ ਲਾਏ, ਫ਼ਸਲਾਂ ਲਈ ਖਾਦਾਂ, ਕੀੜੇਮਾਰ ਦਵਾਈਆਂ ਦੀ ਖ਼ਰੀਦ ਲਈ ਕਰਜ਼ਾ ਲਿਆ। ਇਸ ਕਰਕੇ ਕਣਕ ਤੇ ਝੋਨਾ ਜਿਹੜੀਆਂ ਅਨਾਜ ਫ਼ਸਲਾਂ ਸਨ ਅਤੇ ਜਿਨ੍ਹਾਂ ਵਿਚੋਂ ਕਣਕ ਦੀ ਪਹਿਲਾਂ ਦਰਾਮਦ ਕਰਨੀ ਪੈਂਦੀ ਸੀ, ਦਾ ਉਤਪਾਦਨ ਇੰਨਾ ਵਧਿਆ ਕਿ ਭਾਰਤ ਕਣਕ ਦੀ ਬਰਾਮਦ ਕਰਨ ਵਾਲਾ ਮੁਲਕ ਬਣ ਗਿਆ। ਅਜਿਹਾ ਪ੍ਰਭਾਵ ਹੋਰ ਫ਼ਸਲਾਂ ਅਤੇ ਖੇਤੀ ਆਧਾਰਿਤ ਪੇਸ਼ਿਆਂ ਵਿਚ ਰੁਜ਼ਗਾਰ ਅਤੇ ਉਤਪਾਦਨ ਵਧਣ ਦੇ ਰੂਪ ਵਿਚ ਸਾਹਮਣੇ ਆਇਆ। ਡੇਅਰੀ ਵਿਚ ਇੰਨਾ ਵਾਧਾ ਹੋਇਆ ਕਿ ਪ੍ਰਤੀ ਵਿਅਕਤੀ ਦੁੱਧ ਦੀ ਉਪਲਬਧਤਾ 400 ਗਰਾਮ ਤੋਂ ਉਪਰ ਹੋ ਗਈ। ਪੰਜਾਬ ਵਿਚ ਇਹ ਹੁਣ 900 ਗਰਾਮ ਪ੍ਰਤੀ ਵਿਅਕਤੀ ਤੋਂ ਉਪਰ ਹੈ ਅਤੇ ਭਾਰਤ ਦੁੱਧ ਵਾਲੀਆਂ ਵਸਤਾਂ ਦਾ ਬਰਾਮਦਕਾਰ ਵੀ ਬਣ ਗਿਆ ਹੈ। ਇਸ ਵਿਚ ਵੀ ਸਹਿਕਾਰੀ ਸਭਾਵਾਂ ਅਤੇ ਵਪਾਰਕ ਬੈਂਕਾਂ ਦਾ ਵੱਡਾ ਹਿੱਸਾ ਹੈ।

ਜੇ ਤਾਂ ਇਹ ਕਰਜ਼ਾ ਜਾਇਦਾਦ ਵਿਚ ਬਦਲ ਕੇ ਲਗਾਤਾਰ ਆਮਦਨ ਵਧਾਉਣ ਦਾ ਸਥਾਈ ਸਾਧਨ ਬਣ ਜਾਵੇ ਤਾਂ ਇਹ ਕਿਸਾਨ ਸਿਰ ਬੋਝ ਨਹੀਂ ਸਗੋਂ ਰਾਹਤ ਹੈ ਪਰ ਸਮੇਂ ਨਾਲ ਜਾਂ ਇਨ੍ਹਾਂ 50 ਸਾਲਾਂ ਵਿਚ ਭੂਮੀ ਦੀ ਵੰਡ-ਦਰ-ਵੰਡ ਹੋਣ ਕਰਕੇ ਖੇਤੀ ਜੋਤਾਂ ਦਾ ਆਕਾਰ ਘਟਦਾ ਗਿਆ। 1971 ਵਿਚ ਤਾਂ ਸਿਰਫ਼ 37 ਫ਼ੀਸਦੀ ਹੀ ਉਹ ਜੋਤਾਂ ਸਨ ਜਿਹੜੀਆਂ 2 ਏਕੜ ਤੋਂ ਥੱਲੇ ਸਨ। ਇਨ੍ਹਾਂ ਨੂੰ ਸੀਮਾਂਤ ਜੋਤਾਂ ਕਿਹਾ ਜਾਂਦਾ ਹੈ ਪਰ ਅੱਜ ਕੱਲ ਇਨ੍ਹਾਂ ਜੋਤਾਂ ਦੀ ਗਿਣਤੀ 83 ਫ਼ੀਸਦੀ ਹੋ ਗਈ ਹੈ। ਜੋਤਾਂ ਦਾ ਛੋਟਾ ਆਕਾਰ ਤਾਂ ਪਹਿਲਾਂ ਹੀ ਕਿਫ਼ਾਇਤੀ ਨਹੀਂ, ਫਿਰ ਜਦੋਂ ਕਰਜ਼ੇ ਦਾ ਵਿਆਜ ਪੈਣ ਲੱਗ ਪੈਂਦਾ ਹੈ ਤਾਂ ਕਰਜ਼ਾ ਵਾਪਸੀ ਵੱਡੀ ਸਮੱਸਿਆ ਬਣ ਜਾਂਦੀ ਹੈ।

2020-21 ਦੇ ਕੇਂਦਰੀ ਬਜਟ ਵਿਚ 15 ਲੱਖ ਕਰੋੜ ਰੁਪਏ ਖੇਤੀ ਲਈ ਕਰਜ਼ੇ ਵਜੋਂ ਦੇਣ ਲਈ ਰੱਖੇ ਪਰ ਉਸ ਰਕਮ ਦੀ ਵਰਤੋਂ ਬਹੁਤ ਘੱਟ ਹੋਈ। ਇਸ ਦਾ ਵੱਡਾ ਕਾਰਨ ਇਹ ਵੀ ਸੀ ਕਿ ਕਰਜ਼ਾ ਲੈਣ ਵਾਲੇ ਕਿਸਾਨਾਂ ਵਿਚ 50 ਫ਼ੀਸਦੀ ਤੋਂ ਵੱਧ ਉਹ ਸਨ ਜਿਨ੍ਹਾਂ ਨੇ ਪਹਿਲਾਂ ਲਿਆ ਕਰਜ਼ਾ ਵਾਪਸ ਨਹੀਂ ਸੀ ਕੀਤਾ। ਇਸ ਕਰਕੇ ਉਹ ਹੋਰ ਕਰਜ਼ਾ ਲੈਣ ਲਈ ਅਯੋਗ ਸਨ। ਇਸ ਦਾ ਕੌਮੀ ਪੱਧਰ 'ਤੇ ਵੱਡਾ ਨੁਕਸਾਨ ਹੋਇਆ ਕਿਉਂ ਜਿਨ੍ਹਾਂ ਕਿਸਾਨਾਂ ਨੇ ਕਰਜ਼ਾ ਲੈ ਕੇ ਉਤਪਾਦਨ ਕਰਨਾ ਸੀ, ਉਹ ਲੋੜ ਜਿੰਨਾ ਉਤਪਾਦਨ ਨਹੀਂ ਕਰ ਸਕੇ। ਇਸੇ ਕਾਰਨ ਰੁਕਾਵਟ ਬਣ ਗਈ ਅਤੇ ਉਤਪਾਦਨ ਘਟਿਆ ਜੋ ਕੌਮੀ ਪੱਧਰ 'ਤੇ ਸਮੁੱਚੇ ਰਾਸ਼ਟਰ ਦਾ ਨੁਕਸਾਨ ਹੈ। ਦਹਾਕਾ ਪਹਿਲਾਂ ਭਾਵੇਂ ਸਰਕਾਰ ਨੇ ਕਰਜ਼ਾ ਲੈਣ ਵਾਲਿਆਂ ਨੂੰ ਵੱਡੀ ਸਹੂਲਤ ਦਿੱਤੀ ਹੋਈ ਹੈ ਕਿ ਖੇਤੀ ਕਰਜ਼ੇ ਲਈ ਸਿਰਫ਼ 7 ਫ਼ੀਸਦੀ ਵਿਆਜ ਦਰ ਲਈ ਜਾਵੇਗੀ ਪਰ ਜੇ ਕੋਈ ਕਰਜ਼ਾ ਲੈਣ ਵਾਲਾ ਆਪਣਾ ਕਰਜ਼ਾ ਸਮੇਂ ਸਿਰ ਵਾਪਸ ਕਰਦਾ ਹੈ ਤਾਂ ਉਸ ਨੂੰ ਸਿਰਫ਼ 4 ਫ਼ੀਸਦੀ ਵਿਆਜ ਦਰ ਦੇਣੀ ਪਵੇਗੀ ਅਤੇ ਉਸ ਨੂੰ 3 ਫ਼ੀਸਦੀ ਵਿਆਜ ਦਰ ਮੁਆਫ਼ ਹੋਵੇਗੀ। ਇਹ ਵੱਡੀ ਰਾਹਤ ਹੈ। ਫਿਰ ਵੀ ਮੁਲਕ ਦੇ ਪੱਧਰ 'ਤੇ 7 ਕਰੋੜ ਤੋਂ ਜ਼ਿਆਦਾ ਉਹ ਕਿਸਾਨ ਹਨ ਜਿਨ੍ਹਾਂ ਸਿਰ ਕਰਜ਼ੇ ਦਾ ਵੱਡਾ ਬੋਝ ਹੈ। ਇਹੋ ਵਜ੍ਹਾ ਹੈ ਕਿ ਕਿਸਾਨੀ ਕਰਜ਼ਾ ਮੁਆਫ਼ ਕਰਨ ਦੀ ਮੰਗ ਹਰ ਸੂਬੇ ਵਿਚ ਹੈ।

ਕੁਝ ਸੂਬਾ ਸਰਕਾਰਾਂ ਜਿਵੇਂ ਪੰਜਾਬ, ਯੂਪੀ ਆਦਿ ਨੇ ਆਪਣੇ ਵੱਲੋਂ ਕਰਜ਼ੇ ਮੁਆਫ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਦਾ ਲਾਭ ਸਾਰੇ ਕਿਸਾਨਾਂ ਨੂੰ ਨਾ ਮਿਲ ਸਕਿਆ। ਅਸਲ ਵਿਚ ਸੂਬਾ ਸਰਕਾਰਾਂ ਖੇਤੀ ਕਰਜ਼ਾ ਮੁਆਫ਼ ਇਸ ਕਰਕੇ ਨਹੀਂ ਕਰ ਸਕਦੀਆਂ ਕਿਉਂਕਿ ਉਨ੍ਹਾਂ ਕੋਲ ਪਹਿਲਾਂ ਹੀ ਸਾਧਨਾਂ ਦੀ ਕਮੀ ਹੈ। ਪੰਜਾਬ ਵਿਚ 2017 ਵਿਚ ਹੋਈਆਂ ਚੋਣਾਂ ਵਿਚ ਸਿਆਸੀ ਪਾਰਟੀਆਂ ਨੇ ਕਰਜ਼ਾ ਮੁਆਫ਼ੀ ਦੇ ਵਾਅਦੇ ਕੀਤੇ ਜਿਨ੍ਹਾਂ ਵਿਚ ਕਾਂਗਰਸ ਪਾਰਟੀ ਸਭ ਤੋਂ ਅੱਗੇ ਸੀ ਪਰ ਚੋਣਾਂ ਤੋਂ ਬਾਅਦ ਕਾਂਗਰਸ ਦੀ ਸਰਕਾਰ ਬਣੀ ਤਾਂ ਉਸ ਦੇ ਸਾਹਮਣੇ ਉਹ ਕਰਜ਼ਾ ਮੁਆਫ਼ ਕਰਨਾ ਸਭ ਤੋਂ ਵੱਡੀ ਚੁਣੌਤੀ ਸੀ।

ਪੰਜਾਬ ਦੇ 10.25 ਲੱਖ ਕਿਸਾਨਾਂ ਸਿਰ 59621 ਕਰੋੜ ਰੁਪਏ ਖੇਤੀ ਕਰਜ਼ਾ ਸੀ। ਇਹ ਇੰਨੀ ਵੱਡੀ ਰਕਮ ਸੀ ਜਿਹੜੀ ਸਰਕਾਰ ਦੇ ਸਾਲਾਨਾ ਬਜਟ ਤੋਂ ਥੋੜ੍ਹੀ ਜਿਹੀ ਹੀ ਘੱਟ ਸੀ। ਸਰਕਾਰ ਨੇ ਉਸ ਵਕਤ 2.5 ਲੱਖ ਕਰੋੜ ਰੁਪਏ ਤੋਂ ਉਪਰ ਦਾ ਕਰਜ਼ਾ ਦੇਣਾ ਸੀ ਜਿਸ ਲਈ ਸਰਕਾਰ ਨੂੰ ਸਾਲਾਨਾ 20 ਕਰੋੜ ਰੁਪਏ ਦੇ ਕਰੀਬ ਸਾਲਾਨਾ ਵਿਆਜ ਦੇਣਾ ਪੈਂਦਾ ਸੀ। ਸਰਕਾਰ ਨੇ ਨਵੇਂ ਟੈਕਸ ਨਹੀਂ ਲਾਏ ਕਿਉਂ ਜੋ ਪਹਿਲਾਂ ਹੀ ਟੈਕਸਾਂ ਦਾ ਵੱਡਾ ਬੋਝ ਸੀ। ਸਰਕਾਰ ਦੇ ਦੋ ਮੁੱਖ ਆਮਦਨ ਸਰੋਤ ਹਨ : ਇਕ ਪੈਟਰੋਲ ਤੇ ਡੀਜ਼ਲ ਆਦਿ 'ਤੇ ਟੈਕਸ; ਦੂਜਾ ਸ਼ਰਾਬ ਤੇ ਐਕਸਾਈਜ਼ ਡਿਊਟੀ। ਲੋਕਾਂ ਨੂੰ ਭਾਵੇਂ ਪੈਟਰੋਲ ਡੀਜ਼ਲ 'ਤੇ ਟੈਕਸ ਘਟਾਉਣ ਦੀ ਉਮੀਦ ਸੀ ਪਰ ਉਹ ਘਟਾਇਆ ਨਾ ਗਿਆ। ਇਉਂ ਪੈਟਰੋਲ ਡੀਜ਼ਲ ਦੀ ਕੀਮਤ ਨਾ ਘਟੀ ਅਤੇ ਹਰ ਸਾਲ ਮਹਿੰਗਾਈ ਵਿਚ ਵਾਧਾ ਹੁੰਦਾ ਗਿਆ। ਕਿਸਾਨਾਂ ਨੂੰ ਕਰਜ਼ੇ ਦੀ ਰਾਹਤ ਤਾਂ ਘੱਟ ਮਿਲੀ ਪਰ ਮਹਿੰਗਾਈ ਕਰਕੇ ਕਿਸਾਨ ਅਤੇ ਆਮ ਬੰਦੇ ਦੀਆਂ ਮੁਸ਼ਕਿਲਾਂ ਵਧ ਗਈਆਂ।

ਸਰਕਾਰ ਨੇ ਇਸ ਚੁਣੌਤੀ ਦਾ ਸਾਹਮਣਾ ਕਰਨ ਅਤੇ ਆਪਣਾ ਵਾਅਦਾ ਪੂਰਾ ਕਰਨ ਲਈ ਪੰਜ ਪੱਧਰਾਂ ਵਿਚ ਛੋਟੇ ਕਿਸਾਨਾਂ ਦੇ 3 ਲੱਖ ਰੁਪਏ ਤੱਕ ਦੇ ਕਰਜ਼ੇ ਮੁਆਫ਼ ਕੀਤੇ। ਇਸ ਵਿਚ ਕੁੱਲ 9500 ਕਰੋੜ ਜਾਂ ਕੁੱਲ ਕਰਜ਼ੇ ਦਾ 16 ਫ਼ੀਸਦੀ ਵੀ ਮੁਆਫ਼ ਨਾ ਕੀਤਾ ਜਾ ਸਕਿਆ। ਅਸਲ ਵਿਚ ਕਿਸਾਨੀ ਕਰਜ਼ੇ ਨੂੰ ਸਿਰਫ਼ ਕੇਂਦਰ ਸਰਕਾਰ ਹੀ ਮੁਆਫ਼ ਕਰ ਸਕਦੀ ਹੈ ਅਤੇ ਕੇਂਦਰ ਨੂੰ ਕਿਸਾਨੀ ਕਰਜ਼ਾ ਜ਼ਰੂਰ ਮੁਆਫ਼ ਕਰਨਾ ਚਾਹੀਦਾ ਹੈ ਜਿਸ ਦਾ ਠੋਸ ਤਰਕ ਹੈ। ਕਿਸਾਨੀ ਭਾਰਤ ਦੀ 60 ਫ਼ੀਸਦੀ ਵਸੋਂ ਦਾ ਮੁੱਖ ਪੇਸ਼ਾ ਹੈ। ਇਹ 60 ਫ਼ੀਸਦੀ ਵਸੋਂ ਮੁਲਕ ਦੀ ਕੁੱਲ ਘਰੇਲੂ ਆਮਦਨ ਵਿਚੋਂ ਸਿਰਫ਼ 14 ਫ਼ੀਸਦੀ ਆਮਦਨ ਪ੍ਰਾਪਤ ਕਰਦੀ ਹੈ ਜਦੋਂਕਿ ਬਾਕੀ ਦੀ 40 ਫ਼ੀਸਦ ਵਸੋਂ ਦੇ ਹਿੱਸੇ 86 ਫ਼ੀਸਦ ਆਮਦਨ ਆਉਂਦੀ ਹੈ। ਇਸ ਦਾ ਅਰਥ ਹੈ ਕਿ ਗ਼ੈਰ-ਖੇਤੀ ਪੇਸ਼ੇ ਦੀ ਔਸਤ ਆਮਦਨ, ਖੇਤੀ ਪੇਸ਼ੇ ਦੀ ਔਸਤ ਆਮਦਨ ਤੋਂ 6 ਗੁਣਾ ਜ਼ਿਆਦਾ ਹੈ। ਇਸ ਦਾ ਇਹ ਅਰਥ ਵੀ ਹੈ ਕਿ ਖੇਤੀ ਵਾਲੀ ਵਸੋਂ ਅਰਧ-ਬੇਰੁਜ਼ਗਾਰ ਹੈ। ਉਹ ਕੰਮ ਤਾਂ ਕਰਨਾ ਚਾਹੁੰਦੀ ਹੈ ਪਰ ਕੰਮ ਨਹੀਂ ਹੈ : ਨਾਲ ਹੀ ਰੁਜ਼ਗਾਰ ਦੇ ਮੌਕੇ ਘੱਟ ਹਨ, ਖਾਸਕਰ ਪਿੰਡਾਂ ਵਿਚ। ਇਹੋ ਵਜ੍ਹਾ ਹੈ ਕਿ ਵਿਦੇਸ਼ਾਂ ਵਿਚ ਜਾ ਕੇ ਕੰਮ ਕਰਨ ਵਾਲਿਆਂ ਵਿਚੋਂ ਜ਼ਿਆਦਾ ਗਿਣਤੀ ਕਿਸਾਨਾਂ ਦੇ ਬੱਚਿਆਂ ਦੀ ਹੈ ਜਿਹੜੇ ਜ਼ਮੀਨਾਂ ਵੇਚ ਕੇ ਵੀ ਬਾਹਰ ਜਾ ਰਹੇ ਹਨ। ਰੁਜ਼ਗਾਰ ਪੈਦਾ ਕਰਨਾ ਮੁਲਕ ਦੀ ਸਰਕਾਰ ਸਾਹਮਣੇ ਚੁਣੌਤੀ ਹੈ। ਉਹ ਨੌਜਵਾਨ ਜਿਹੜੇ ਮਜਬੂਰੀਵਸ ਬਾਹਰ ਜਾ ਕੇ ਕੰਮ ਕਰਦੇ ਹਨ, ਉਹ ਮੁਲਕ ਦਾ ਧਨ ਹੈ ਜਿਹੜਾ ਬੇਰੁਜ਼ਗਾਰੀ ਕਰਕੇ ਅਜਾਈਂ ਜਾ ਰਿਹਾ ਹੈ। ਕਿਰਤ ਨੂੰ ਜਮਾਂ ਨਹੀਂ ਕੀਤਾ ਜਾ ਸਕਦਾ। ਜੇ ਅੱਜ ਕਿਰਤ ਨਹੀਂ ਕੀਤੀ ਤਾਂ ਉਹ ਕਿਰਤ ਧਨ ਫਜ਼ੂਲ ਗਿਆ। ਖੇਤੀ ਕਰਜ਼ੇ ਨੇ ਮੁਲਕ ਨੂੰ ਇਸ ਕਾਬਲ ਬਣਾਇਆ ਕਿ ਜਿਹੜਾ ਧਨ ਵਿਦੇਸ਼ਾਂ ਤੋਂ ਅਨਾਜ ਮੰਗਵਾਉਣ ਲਈ ਖ਼ਰਚਿਆ ਜਾਂਦਾ ਸੀ, ਉਸ ਦੀ ਹੁਣ ਲੋੜ ਨਹੀਂ ਸਗੋਂ ਖੇਤੀ ਉਤਪਾਦਨ ਦੀ ਬਰਾਮਦ ਕਰਕੇ ਬਾਹਰੋਂ ਵਿਦੇਸ਼ੀ ਮੁਦਰਾ ਕਮਾਈ ਜਾ ਸਕਦੀ ਹੈ।

ਇਕ ਰਿਪੋਰਟ ਅਨੁਸਾਰ 2020 ਵਿਚ ਕਾਰਪੋਰੇਟ ਸੈਕਟਰ ਵਿਚ 1.46 ਲੱਖ ਕਰੋੜ ਰੁਪਏ ਦਾ ਉਹ ਕਰਜ਼ਾ ਸੀ ਜਿਹੜਾ 1913 ਉਨ੍ਹਾਂ ਕਰਜ਼ਾ ਲੈਣ ਵਾਲਿਆਂ ਨੇ ਜਾਣ ਕੇ ਵਾਪਸ ਨਹੀਂ ਸੀ ਕੀਤਾ। ਇਸ ਨੂੰ ਬਾਅਦ ਵਿਚ ਵੱਟੇ-ਖਾਤੇ ਪਾ ਦਿੱਤਾ ਗਿਆ। ਅਜਿਹਾ ਕਿਸਾਨੀ ਖੇਤਰ ਲਈ ਨਹੀਂ ਕੀਤਾ ਗਿਆ। ਸਰਕਾਰ ਦੀ ਕਾਰਪੋਰੇਟ ਸੋਸ਼ਲ ਰਿਸਪਾਂਸੀਬਿਲਟੀ ਅਧੀਨ ਕਾਰਪੋਰੇਟਰਾਂ ਨੂੰ ਆਪਣੇ ਲਾਭ ਵਿਚੋਂ ਹਰ ਸਾਲ 2 ਫ਼ੀਸਦ ਲੋਕ ਭਲਾਈ ਸਕੀਮਾਂ 'ਤੇ ਖ਼ਰਚਣਾ ਜ਼ਰੂਰੀ ਹੈ। ਜੇ ਕਾਰਪੋਰੇਟ ਸੈਕਟਰ ਕੇਂਦਰ ਸਰਕਾਰ ਦੀ ਅਗਵਾਈ ਵਿਚ ਉਹ ਪੈਸਾ ਕਿਸਾਨੀ ਕਰਜ਼ੇ ਲਈ ਦੇ ਦੇਵੇ ਤਾਂ ਇਹ ਵੱਡੀ ਰਾਹਤ ਹੋਵੇਗੀ। ਸੂਬਾ ਸਰਕਾਰਾਂ ਦਾ ਇਨ੍ਹਾਂ ਕਾਰਪੋਰੇਟਾਂ 'ਤੇ ਇੰਨਾ ਪ੍ਰਭਾਵ ਨਹੀਂ ਪਰ ਕੇਂਦਰ ਸਰਕਾਰ ਦਾ ਹੈ।

ਕੌਮਾਂਤਰੀ ਸੰਸਥਾਵਾਂ ਜਿਵੇਂ ਸੰਸਾਰ ਬੈਂਕ, ਖ਼ੁਰਾਕ ਤੇ ਖੇਤੀ ਸੰਸਥਾ, ਵਰਲਡ ਫੂਡ ਪ੍ਰੋਗਰਾਮ ਆਦਿ ਕਿਸਾਨੀ ਦੀ ਮਦਦ ਕਰਦੀਆਂ ਹਨ ਪਰ ਉਨ੍ਹਾਂ ਦਾ ਤਾਲਮੇਲ ਕੇਂਦਰ ਸਰਕਾਰ ਨਾਲ ਹੈ, ਸੂਬਾ ਸਰਕਾਰਾਂ ਨਾਲ ਨਹੀਂ। ਡੀਜ਼ਲ, ਖਾਦਾਂ ਆਦਿ ਜਿਨ੍ਹਾਂ ਦੀ ਦਰਾਮਦ ਕੀਤੀ ਜਾਂਦੀ ਹੈ, ਉਨ੍ਹਾਂ ਦੀਆਂ ਕੀਮਤਾਂ ਦਾ ਵਾਧਾ ਕਿਸਾਨੀ ਆਮਦਨ 'ਤੇ ਅਸਰ ਪਾਉਂਦਾ ਹੈ ਪਰ ਉਨ੍ਹਾਂ ਕੀਮਤਾਂ 'ਤੇ ਕੇਂਦਰ ਦਾ ਕੰਟਰੋਲ ਹੈ ਤੇ ਇਸ ਗੱਲ ਨੂੰ ਵੀ ਕਿਸਾਨੀ ਕਰਜ਼ਾ ਮੁਆਫ਼ ਕਰਦੇ ਸਮੇਂ ਧਿਆਨ ਵਿਚ ਰੱਖਣਾ ਚਾਹੀਦਾ ਹੈ। ਜ਼ਿਆਦਾ ਕਰਜ਼ਾ ਸਰਕਾਰੀ ਬੈਂਕਾਂ ਦਾ ਹੁੰਦਾ ਹੈ ਜਿਨ੍ਹਾਂ 'ਤੇ ਸੂਬਾ ਸਰਕਾਰਾਂ ਦਾ ਕੋਈ ਕੰਟਰੋਲ ਨਹੀਂ ਪਰ ਕੇਂਦਰ ਸਰਕਾਰ ਬੈਂਕਾਂ ਦੇ ਵੱਡੇ ਲਾਭ ਸਾਹਮਣੇ ਰੱਖ ਕੇ ਖੇਤੀ ਕਰਜ਼ਾ ਮੁਆਫ਼ ਕਰ ਸਕਦੀ ਹੈ ਜੋ ਕੌਮੀ ਹਿੱਤ ਦੀ ਗੱਲ ਹੈ।

# ਪੰਜਾਬ ਸਣੇ ਭਾਰਤ ਵਿਚ ਮੋਟਾਪੇ ਦੇ ਨਵੇਂ ਅੰਕੜਿਆਂ ਕਾਰਨ ਸਿਹਤ ਮਾਹਰ ਚਿੰਤਾ ਵਿਚ

## ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਦੇ ਤਾਜ਼ਾ ਅੰਕੜਿਆਂ ਮੁਤਾਬਕ ਤਕਰੀਬਨ 23 ਫ਼ੀਸਦ ਆਦਮੀ ਅਤੇ 24 ਫ਼ੀਸਦ ਔਰਤਾਂ ਮੋਟਾਪੇ ਦਾ ਸ਼ਿਕਾਰ

**ਨਵੀਂ ਦਿੱਲੀ** : ਇੱਕ ਸਮੇਂ ਮੋਟਾਪੇ ਨੂੰ ਕੇਵਲ ਪੱਛਮੀ ਦੇਸ਼ਾਂ ਦੀ ਸਮੱਸਿਆ ਸਮਝਿਆ ਜਾਂਦਾ ਸੀ ।ਪਿਛਲੇ ਕੁਝ ਸਾਲਾਂ ਤੋਂ ਇਹ ਭਾਰਤ ਵਰਗੇ ਦੇਸ਼ਾਂ ਵਿੱਚ ਵੀ ਤੇਜ਼ੀ ਨਾਲ ਫੈਲ ਰਹੀ ਹੈ। ਭਾਰਤ ਇੱਕ ਸਮੇਂ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਿਲ ਸੀ ਜਿੱਥੇ ਜ਼ਿਆਦਾਤਰ ਲੋਕ ਕੁਪੋਸ਼ਣ ਦਾ ਸ਼ਿਕਾਰ ਸਨ। ਹੁਣ ਭਾਰਤ ਉਨ੍ਹਾਂ 5 ਦੇਸ਼ਾਂ ਵਿੱਚ ਆ ਗਿਆ ਹੈ ਜਿੱਥੇ ਪਿਛਲੇ ਕਈ ਸਾਲਾਂ ਵਿੱਚ ਮੋਟਾਪੇ ਦਾ ਸ਼ਿਕਾਰ ਲੋਕਾਂ ਵਿੱਚ ਵਾਧਾ ਹੋਇਆ ਹੈ। ਇੱਕ ਅੰਦਾਜ਼ੇ ਮੁਤਾਬਕ 2016 ਦੌਰਾਨ 13.5 ਕਰੋੜ ਲੋਕ ਮੋਟਾਪੇ ਦਾ ਸ਼ਿਕਾਰ ਹੋਏ ਹਨ। ਸਿਹਤ ਮਾਹਰਾਂ ਮੁਤਾਬਿਕ ਦੇਸ਼ ਵਿੱਚ ਤੇਜ਼ੀ ਨਾਲ ਮੋਟੇ ਲੋਕਾਂ ਦੀ ਗਿਣਤੀ ਵਧ ਰਹੀ ਹੈ।

ਭਾਰਤ ਸਰਕਾਰ ਵੱਲੋਂ ਨੈਸ਼ਨਲ ਫੈਮਿਲੀ ਹੈਲਥ ਸਰਵੇ-5 ਦੇ ਤਾਜ਼ਾ ਅੰਕੜਿਆਂ ਮੁਤਾਬਕ ਤਕਰੀਬਨ 23 ਫ਼ੀਸਦ ਆਦਮੀ ਅਤੇ 24 ਫ਼ੀਸਦ ਔਰਤਾਂ ਮੋਟਾਪੇ ਦਾ ਸ਼ਿਕਾਰ ਹਨ। ਇਨ੍ਹਾਂ ਦਾ ਬਾਡੀ ਮਾਸ ਇੰਡੈਕਸ 25 ਤੋਂ ਜ਼ਿਆਦਾ ਹੈ। 2015-16 ਦੇ ਮੁਕਾਬਲੇ ਇਸ ਵਿੱਚ 4 ਫ਼ੀਸਦ ਵਾਧਾ ਹੋਇਆ ਹੈ।

ਰਾਸ਼ਟਰੀ ਔਸਤ ਤੋਂ ਵੱਧ ਮੋਟੇ ਹਨ ਪੰਜਾਬ ਦੇ ਲੋਕ

ਜੇਕਰ ਪੰਜਾਬ ਦੇ ਅੰਕੜੇ ਦੇਖੇ ਜਾਣ ਤਾਂ ਸ਼ਹਿਰੀ ਇਲਾਕਿਆਂ ਦੇ 35.2 ਫ਼ੀਸਦ ਆਦਮੀ ਅਤੇ ਪੇਂਡੂ ਇਲਾਕਿਆਂ ਦੇ 30.2 ਫ਼ੀਸਦ ਆਦਮੀ ਮੋਟਾਪੇ ਦਾ ਸ਼ਿਕਾਰ ਹਨ। ਇਸੇ ਤਰ੍ਹਾਂ ਸ਼ਹਿਰੀ ਇਲਾਕਿਆਂ ਦੀਆਂ 44.3 ਫ਼ੀਸਦ ਔਰਤਾਂ ਮੋਟਾਪੇ ਦਾ ਸ਼ਿਕਾਰ ਹਨ ਅਤੇ ਪੇਂਡੂ ਇਲਾਕਿਆਂ ਦੀਆਂ 38.8 ਫ਼ੀਸਦ ਔਰਤਾਂ ਦਾ ਬੀਐਮਆਈ 25 ਤੋਂ ਜ਼ਿਆਦਾ ਹੈ। ਅੰਕੜਿਆਂ ਮੁਤਾਬਕ ਪੰਜ ਸਾਲ ਤੋਂ ਛੋਟੀ ਉਮਰ ਦੇ 3.4 ਫ਼ੀਸਦ ਬੱਚੇ ਵੀ ਪਹਿਲਾਂ ਨਾਲੋਂ ਮੋਟੇ ਪਾਏ ਗਏ ਹਨ। 2015-16 ਇਸ ਵਿੱਚ ਬੱਚਿਆਂ ਦਾ ਅੰਕੜਾ 2.1 ਫ਼ੀਸਦ ਸੀ।ਪੰਜਾਬ ਦੇ ਸ਼ਹਿਰੀ ਇਲਾਕਿਆਂ ਦੇ 4.4 ਫ਼ੀਸਦ ਅਤੇ ਪੇਂਡੂ ਇਲਾਕਿਆਂ ਦੇ 4.0 ਫ਼ੀਸਦ ਬੱਚੇ ਮੋਟਾਪੇ ਦਾ ਸ਼ਿਕਾਰ ਹਨ। ਇਹ ਉਹ ਬੱਚੇ ਹਨ ਜਿਨ੍ਹਾਂ ਦੀ ਉਮਰ ਪੰਜ ਸਾਲ ਤੋਂ ਘੱਟ ਹੈ।

ਓਬੈਸਿਟੀ ਫਾਊਂਡੇਸ਼ਨ ਆਫ ਇੰਡੀਆ ਦੇ ਮੁਖੀ ਅਤੇ ਚੇਨੱਈ ਵਿਖੇ ਸਰਜਨ ਡਾ. ਰਵਿੰਦਰਨ ਕੁਮਾਰਨ ਆਖਦੇ ਹਨ, 'ਭਾਰਤ ਵਿੱਚ ਮੋਟਾਪਾ ਮਹਾਂਮਾਰੀ ਵੱਲ ਵਧ ਰਿਹਾ ਹੈ ਅਤੇ ਮੈਨੂੰ ਡਰ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਮਹਾਂਮਾਰੀ ਬਣ ਜਾਵੇਗਾ ਜੇਕਰ ਅਸੀਂ ਇਸ ਦੇ ਇਲਾਜ ਬਾਰੇ ਨਾ ਸੋਚਿਆ।'

ਡਾ. ਕੁਮਾਰਨ ਮੁਤਾਬਕ ਸਸਤੇ ਅਤੇ ਤੇਲ ਨਾਲ ਭਰੇ ਖਾਣੇ ਅਸਾਨੀ ਨਾਲ ਮਿਲ ਰਹੇ ਹਨ ਜਿਸ ਕਰਕੇ ਜ਼ਿਆਦਾਤਰ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕ ਮੋਟਾਪੇ ਦਾ ਸ਼ਿਕਾਰ ਹਨ। ਬੀਐਮਆਈ ਵਿਅਕਤੀ ਦੇ ਕੱਦ ਅਤੇ ਭਾਰ ਰਾ ਪੈ ਜਾਂਦਾ ਹੈ ਅਤੇ ਉਸ ਤੋਂ ਬਾਅਦ ਲੋਕਾਂ ਨੂੰ ਵੱਖ ਵੱਖ ਸ਼੍ਰੇਣੀਆਂ ਵਿੱਚ



ਰੱਖਿਆ ਜਾਂਦਾ ਹੈ। ਇਸ ਵਿਚ ਸਾਧਾਰਨ, ਮੋਟੇ,ਬਹੁਤ ਮੋਟੇ ਲੋਕਾਂ ਦੀਆਂ ਸ਼੍ਰੇਣੀਆਂ ਹੁੰਦੀਆਂ ਹਨ।ਡਾ ਕੁਮਾਰਨ ਅਤੇ ਹੋਰ ਸਿਹਤ ਮਾਹਿਰਾਂ ਮੁਤਾਬਕ ਦੱਖਣੀ ਏਸ਼ਿਆਈ ਲੋਕਾਂ ਵਿੱਚ ਇਸ ਨੂੰ ਥੋੜਾ ਵੱਖਰਾ ਰੱਖਣਾ ਚਾਹੀਦਾ ਹੈ।

ਭਾਰਤ ਵਿੱਚ ਜ਼ਿਆਦਾਤਰ ਲੋਕਾਂ ਦੇ ਢਿੱਡ ਉੱਤੇ ਚਰਬੀ ਚੜਦੀ ਹੈ ਅਤੇ ਇਹ ਬਾਕੀ ਹਿੱਸਿਆਂ ਉੱਪਰ ਚਰਬੀ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਹੈ।

'ਵਿਸ਼ਵ ਸਿਹਤ ਸੰਗਠਨ ਮੁਤਾਬਕ ਸਰੀਰ ਉੱਪਰ ਜ਼ਿਆਦਾ ਚਰਬੀ ਕਈ ਤਰਾਂ ਦੀਆਂ ਬੀਮਾਰੀਆਂ ਦਾ ਕਾਰਨ ਬਣ ਸਕਦੀ ਹੈ। ਇਨਾਂ ਵਿੱਚ 13 ਤਰਾਂ ਦਾ ਕੈਂਸਰ, ਡਾਇਬਿਟੀਜ਼ ਟਾਈਪ 2, ਫੇਫੜਿਆਂ ਅਤੇ ਦਿਲ ਨਾਲ ਸੰਬੰਧਤ ਬੀਮਾਰੀਆਂ ਸ਼ਾਮਿਲ ਹਨ।

ਪਿਛਲੇ ਸਾਲ ਪੂਰੀ ਦੁਨੀਆਂ ਵਿੱਚ ਤਕਰੀਬਨ 28 ਇੱਕ ਲੱਖ ਲੋਕਾਂ ਦੀ ਮੋਟਾਪੇ ਕਾਰਨ ਮੌਤ ਹੋਈ ਹੈ।

ਡਾ. ਪ੍ਰਦੀਪ ਚੌਬੇ ਜੋ ਕਿ ਇੰਟਰਨੈਸ਼ਨਲ ਫੈਡਰੇਸ਼ਨ ਫਾਰ ਸਰਜਰੀ ਆਫ ਓਬੈਸਿਟੀ ਐਂਡ ਮੈਟਾਬਾਲਿਕ ਡਿਸਆਰਡਰ ਦੇ ਪ੍ਰਧਾਨ ਹਨ ਮੁਤਾਬਕ, 'ਤੁਹਾਡੇ ਸਰੀਰ ਉੱਤੇ ਦਸ ਕਿਲੋ ਵਾਧੂ ਭਾਰ ਤੁਹਾਡੇ ਜ਼ਿੰਦਗੀ ਨੂੰ ਤਿੰਨ ਸਾਲ ਤੱਕ ਘਟਾ ਸਕਦਾ ਹੈ। ਜੇਕਰ ਕਿਸੇ ਦਾ ਭਾਰ ਪੰਜਾਹ ਕਿਲੋ ਵਾਧੂ ਹੈ ਤਾਂ ਉਸਦੀ ਜ਼ਿੰਦਗੀ ਦੇ 15 ਸਾਲ ਘਟ ਸਕਦੇ ਹਨ। ਅਸੀਂ ਦੇਖਿਆ ਹੈ ਕਿ ਮਹਾਮਾਰੀ ਦੌਰਾਨ ਮੋਟਾਪੇ ਦਾ ਸ਼ਿਕਾਰ ਲੋਕਾਂ ਦੀਆਂ ਮੌਤਾਂ ਦੂਸਰੇ ਲੋਕਾਂ ਨਾਲੋਂ ਤਿੰਨ ਗੁਣਾ ਵੱਧ ਸਨ।'

# ਸ਼੍ਰੋਮਣੀ ਸ਼ਹੀਦ ਗੁਰੂ ਅਰਜਨ ਦੇਵ ਜੀ



**ਡਾ. ਜਸਬੀਰ ਸਿੰਘ ਸਰਨਾ**

**ਮੋਬਾਈਲ : 99065-66604**

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਅਤੇ ਪਹਿਲੇ ਸ਼੍ਰੋਮਣੀ ਸ਼ਹੀਦ ਗੁਰੂ ਸਨ। ਗੁਰੂ ਸਾਹਿਬ ਨੇ ਆਪਣੇ ਗੁਰਗੱਦੀ ਕਾਲ ਦੌਰਾਨ ਸਭ ਤੋਂ ਮਹਾਨ ਕਾਰਜ ਇਲਾਹੀ ਬਾਣੀ ਰਚਨ ਅਤੇ ਪਹਿਲੇ ਗੁਰੂ ਸਾਹਿਬ ਨੇ ਸੂਫੀ ਸੰਤਾਂ, ਭਗਤਾਂ ਦੀ ਬਾਣੀ ਨੂੰ ਇਕੱਤਰ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਚੌਵੀ ਅਕਤੂਬਰ 1605 ਨੂੰ ਜਹਾਂਗੀਰ ਤਖਤ 'ਤੇ ਬੈਠਾ ਤੇ ਖੁਸਰੋ ਤਖਤ ਨਾ ਮਿਲਣ ਕਾਰਨ ਮਾਯੂਸੀ ਦੇ ਆਲਮ ਵਿਚ ਘਿਰ ਗਿਆ। ਡੀ.ਕੇ. ਪੁਰਤਗਾਲੀ ਲਿਖਦਾ ਹੈ, 'ਜਹਾਂਗੀਰ ਆਪਣੇ ਪੁੱਤਰ ਦੀ ਇੰਨੀ ਵਡਿਆਈ ਵੇਖ ਕੇ ਸੜਦਾ ਸੀ। ਜਹਾਂਗੀਰ ਖੁਸਰੋ ਨੂੰ ਜਾਨ ਤੋਂ ਵੀ ਮਾਰਨਾ ਚਾਹੁੰਦਾ ਸੀ। ਜਹਾਂਗੀਰ ਦੇ ਬਾਦਸ਼ਾਹ ਬਣਨ ਦੀ ਦੇਰ ਸੀ ਕਿ ਖੁਸਰੋ ਬਾਗੀ ਬਣ ਕੇ ਪੰਜਾਬ ਵੱਲ ਰਵਾਨਾ ਹੋ ਗਿਆ।

ਉਸ ਦਾ ਖਿਆਲ ਸੀ ਕਿ ਪੰਜਾਬ ਅਤੇ ਅਫ਼ਗਾਨਿਸਤਾਨ ਤੋਂ ਮਦਦ ਹਾਸਲ ਕਰ ਕੇ ਉਹ ਰਾਜ ਕਾਇਮ ਕਰਨ ਵਿਚ ਕਾਮਯਾਬ ਹੋਵੇਗਾ। ਖੁਸਰੋ ਦੇ ਬਾਗੀ ਹੋਣ ਦੀ ਖ਼ਬਰ ਸੁਣ ਕੇ ਜਹਾਂਗੀਰ ਨੇ ਆਪਣੇ ਕੋਤਵਾਲ ਕਾਜ਼ੀ-ਉਲ-ਮਲਕ ਨੂੰ ਖੁਸਰੋ ਨੂੰ ਰੋਕਣ ਲਈ ਪਿੱਛੇ ਭੇਜਿਆ ਪਰ ਖੁਸਰੋ ਬਹੁਤ ਦੂਰ ਜਾ ਚੁੱਕਾ ਸੀ। ਖੁਸਰੋ ਜਰਨੈਲੀ ਸੜਕ ਰਾਹੀਂ ਲਾਹੌਰ ਵੱਲ ਰਵਾਨਾ ਹੋ ਚੁੱਕਾ ਸੀ। ਜਦੋਂ ਖੁਸਰੋ ਨੂੰ ਇਹ ਪਤਾ ਲੱਗਾ ਕਿ ਜਹਾਂਗੀਰ ਵੀ 15 ਅਪ੍ਰੈਲ ਨੂੰ ਆਗਰੇ ਤੋਂ ਤੁਰ ਪਿਆ ਹੈ ਤਾਂ ਉਹ ਘਬਰਾਇਆ ਹੋਇਆ ਤਰਨਤਾਰਨ ਆ ਚੁੱਕਾ ਸੀ। ਗੁਰੂ ਅਰਜਨ ਸਾਹਿਬ ਦਾ ਤਰਨਤਾਰਨ ਵਿਖੇ ਹੋਣ ਦੀ ਗੱਲ ਸੁਣ ਕੇ ਉਹ ਅਸ਼ੀਰਵਾਦ ਤੇ ਦਰਸ਼ਨਾਂ ਲਈ ਆਇਆ। ਇੱਥੇ ਇਹ ਦੱਸਣਾ ਵੀ ਉੱਚਿਤ ਹੈ ਕਿ ਖੁਸਰੋ ਕਈ ਵਾਰ ਪਹਿਲਾਂ ਵੀ ਤਰਨਤਾਰਨ ਆ ਚੁੱਕਾ ਸੀ, ਨੇ ਸ਼ਰਨ ਆਇਆਂ ਨੂੰ ਲੰਗਰ ਛਕਾਇਆ, ਮਦਦ ਕੀਤੀ ਅਤੇ ਅਸ਼ੀਰਵਾਦ ਵੀ ਦਿੱਤਾ। ਗੁਰੂ ਅਰਜਨ ਸਾਹਿਬ ਨੂੰ ਜਦੋਂ ਭਾਈ ਸੰਗਾਰੂ ਅਤੇ ਭਾਈ ਜੈਤਾ ਜੀ ਨੇ ਤਲਵਾਰ ਧਾਰਨ ਕਰਨ ਲਈ ਬੇਨਤੀ ਕੀਤੀ ਤਾਂ ਗੁਰੂ ਸਾਹਿਬ ਨੇ ਬਚਨ ਕੀਤਾ, 'ਅਸਾਂ ਜੋ ਸਸਤਰ ਪਕੜਨੇ ਹੈਨਿ ਸੋ (ਗੁਰੂ) ਹਰਿ ਗੋਬਿੰਦ ਦਾ ਰੂਪ ਧਾਰ ਕਰ ਪਕੜਨੇ ਹਨ, ਸਮਾਂ ਗਲਜੁਗ ਦਾ ਵਰਤਨਾ ਹੈ। ਸਸਤਰਾਂ ਦੀ ਵਿੱਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸਬਦ ਦੀ ਪ੍ਰੀਤ ਕਰ ਪੀਰ ਦੀ ਪੀਰੀ ਲੈ ਲੈਣੀ ਹੈ। ਤੁਸੀਂ ਛੇਵੇਂ ਪਾਤਸਾਹ ਦੇ ਹਜੂਰ ਰਹਿਣਾ।' (ਸਿੱਖਾਂ ਦੀ ਭਗਤ ਮਾਲਾ, ਸਫਾ 158)।

'ਸੂਰਮੇ ਨੂੰ ਚਾਹੀਦਾ ਹੈ ਧਰਮ ਦਾ ਯੁੱਧ ਕਰੇ। ਜੋ ਕੁਝ ਪਾਸ ਹੈ, ਸੋ ਦਾਨ ਕਰੇ। ਲੁੱਟੇ ਨਾ, ਦਾਨ ਕਰ ਸਸਤਰਾਂ ਵਿਚ ਬਰਕਤ ਹੁੰਦੀ ਹੈ, ਜਸ ਹੁੰਦਾ ਹੈ।' (ਉਹੀ, ਸਫਾ 149)।

ਲਾਹੌਰ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਅਰਜਨ ਸਾਹਿਬ ਨੇ ਆਪਣੇ ਸਾਹਿਬਜ਼ਾਦੇ (ਗੁਰੂ) ਹਰਿ ਗੋਬਿੰਦ ਨੂੰ ਆਖ਼ਰੀ ਹੁਕਮ ਦਿੱਤਾ, 'ਆਪਣੇ ਤਖ਼ਤ 'ਤੇ ਖ਼ੁਦਮੁਖ਼ਤਾਰ ਹੋ ਕੇ ਬੈਠੋ ਅਤੇ ਆਪਣੀ ਯੋਗਤਾ ਅਨੁਸਾਰ ਫ਼ੌਜ ਰੱਖੋ। ਗੁਰੂ ਅਰਜਨ ਸਾਹਿਬ ਦੇ ਹੁਕਮ ਦੀ ਤਾਮੀਲ ਕਰਦੇ ਹੋਏ ਗੁਰੂ ਹਰਿ ਗੋਬਿੰਦ ਸਾਹਿਬ ਨੇ ਸਿੱਖ ਫ਼ੌਜ ਦੇ ਐਲਾਨਨਾਮੇ ਦੀ ਸ਼ੁਰੂਆਤ ਕੀਤੀ। ਹੁਕਮ ਦੀ ਤਾਮੀਲ ਕਰਦੇ ਹੋਏ ਗੁਰੂ ਅਰਜਨ ਸਾਹਿਬ ਨੇ ਮੁਖੀ ਸਿੱਖਾਂ ਨੂੰ ਵੀ ਬੜੇ ਚੜ੍ਹਦੀ ਕਲਾ ਵਾਲੇ ਉਪਦੇਸ਼ਾਂ ਨਾਲ ਸਰਸ਼ਾਰ ਕੀਤਾ।

'ਹਰਿ ਗੋਬਿੰਦ ਦੀ ਬਾਹਿ ਪਕੜਾਈ/

ਭਾਈ ਗੁਰਦਾਸ ਨੂੰ ਬੈਠ ਸਮਝਾਇਆ।

ਸਾਡਾ ਲਗੇਗਾ ਸੀਸ' ਇਹ ਨਿਸਚਾ ਆਇਆ। ਅਸਾਂ ਹੋਇਆ ਤੁਰਕਾਂ ਵਿਚ ਜਾਣਾ।

ਉਨਾਂ ਕਰਨੀ ਹੈ ਹੁਜਤ। ਤੁਸਾਂ ਦੁਆਬੇ ਵਿਚ ਕਰਨਾ ਟਿਕਾਣਾ। ਰਜਾਇ ਖਾਵੰਦ ਦੀ ਹੈ ਇਸ ਤਰਾਂ ਹੋਈ। ਸਰੀਰ ਹੈ ਛੁਟਣਾ। ਸੰਸਾ ਨਹੀਂ ਕੋਈ। ਸਾਹਿਬ ਮਥਾ ਟੇਕ ਵਿਦਿਆ ਹੋਇ ਗਏ। ਦੁਸਟ-ਚੋਕੜੀ ਵਿਚ ਆਵਤ ਭਏ (ਬੰਸਾਵਲੀ ਨਾਮਾ ਦਸਾਂ ਪਾਤਸਾਹੀਆਂ ਕਾ, ਕੇਸਰ ਸਿੰਘ ਛਿੱਬਰ, ਪਰਖ ਪਟਿਆਲਾ, 1972, ਸਫਾ 54-55)। 'ਦਸਿਸਤਾਨ-ਇ-ਮੁਜਾਹਿਬ' ਦਾ ਕਰਤਾ ਮੁਬਿੰਦ ਜੁਲਫਕਾਰ ਅਰਦਸਤਾਨੀ ਸਾਸਨੀ ਲਿਖਦਾ ਹੈ, 'ਜਦ ਜੰਨਤ ਵਾਸੀ ਨੂਰੁੱਦੀਨ ਮੁਹੰਮਦ ਜਹਾਂਗੀਰ ਬਾਦਸ਼ਾਹ ਨੇ ਸਾਹਜਾਦਾ ਖੁਸਰੋ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ ਕਿਉਂਕਿ ਉਨਾਂ ਨੇ ਖੁਸਰੋ ਦੇ ਹੱਕ 'ਚ, ਜਿਸ ਨੇ ਕਿ ਆਪਣੇ ਬਾਪ ਵਿਰੁੱਧ ਬਗਾਵਤ ਕੀਤੀ ਹੋਈ ਸੀ, ਦੁਆ ਕੀਤੀ ਸੀ ਤੇ ਬਹੁਤ ਵੱਡੀ ਰਕਮ ਜੁਰਮਾਨਾ ਮੰਗਿਆ। ਫਿਰ ਉਨਾਂ ਨੂੰ ਲਾਹੌਰ ਦੇ ਰੇਗਿਸਤਾਨ 'ਚ ਰੱਖਿਆ ਜਿੱਥੇ ਉਨਾਂ ਨੇ ਸੂਰਜ ਦੀ ਤਪਸ਼, ਗਰਮੀ ਦੀ ਜ਼ਿਆਦਤੀ ਤੇ ਵਸੂਲ ਕਰਨ ਵਾਲਿਆਂ ਵੱਲੋਂ ਦਿੱਤੀਆਂ ਤਕਲੀਫ਼ਾਂ ਕਾਰਨ ਜਾਨ ਦੇ ਦਿੱਤੀ। ਇਹ ਗੱਲ ਹਿਜਰੀ, ਸੰਨ ਇਕ ਹਜ਼ਾਰ ਪੰਦਰਾਂ (1015 ਹਿਜਰੀ) 'ਚ ਹੋਈ ਹੈ। (ਕੁਝ ਕੁ ਪੁਰਾਤਨ ਸਿੱਖ ਇਤਿਹਾਸਕ ਪਤਰੇ, ਗੰਡਾ ਸਿੰਘ, 'ਫੁਲਵਾੜੀ' ਲਾਹੌਰ, ਮਾਰਚ-ਅਕਤੂਬਰ 1931, ਸਫਾ 9) ਅਸਲ ਵਿਚ ਜੁਰਮਾਨਾ ਭਰਨ ਦੀ ਗੱਲ ਨਿਰਮੂਲ ਜਾਪਦੀ ਹੈ। ਦਬਿਸਤਾਨ ਦੇ ਕਰਤਾ ਨੇ ਇਹ ਗੱਲ ਕਿਸੇ ਤੋਂ ਸੁਣ ਕੇ ਲਿਖ ਲਈ ਜਾਪਦੀ ਹੈ। ਖੁਸਰੋ ਨੂੰ ਮੱਥੇ ਟਿੱਕਾ ਲਾਉਣ ਦੀ ਗੱਲ ਵੀ ਕਿਸੇ ਗੁਰੂ ਸਾਹਿਬ ਦੇ ਦੋਖੀ ਵੱਲੋਂ ਫੈਲਾਈ ਲੱਗਦੀ ਹੈ। ਉਹ ਜਦੋਂ ਵੀ ਢੁੱਕਵਾਂ ਸਮਾਂ ਜਾਣਦੇ, ਬਾਦਸ਼ਾਹ ਜਹਾਂਗੀਰ ਦੇ ਗੁਰੂ ਸਾਹਿਬ ਖ਼ਿਲਾਫ਼ ਕੰਨ ਭਰਦੇ ਰਹਿੰਦੇ ਸਨ। ਇਨਾਂ ਚੁਗਲਖੋਰਾਂ 'ਚੋਂ ਇਕ ਬੀਰਬਲ ਵੀ ਸੀ। ਜੇਕਰ ਜੁਰਮਾਨਾ ਜਾਂ ਟਿੱਕਾ ਲਾਉਣ ਵਿਚ ਕੋਈ ਸੱਚਾਈ ਹੁੰਦੀ ਤਾਂ ਇਸ ਦਾ ਜ਼ਿਕਰ ਬਾਦਸ਼ਾਹ ਦੀ ਆਪਣੀ ਲਿਖਤ 'ਤੁਜ਼ਕਿ-ਜਹਾਂਗੀਰੀ' ਵਿਚ ਜ਼ਰੂਰ ਹੁੰਦਾ। ਭਾਈ ਅੰਬਾ ਕੋਲੋਂ ਇਕ ਲੱਖ ਪੰਦਰਾਂ ਹਜ਼ਾਰ ਰੁਪਈਆ ਵਸੂਲ ਕੀਤਾ ਗਿਆ ਸੀ। ਬਾਦਸ਼ਾਹ ਜਹਾਂਗੀਰ 'ਤੋਜਕ-ਜਹਾਂਗੀਰੀ' ਵਿਚ ਗੁਰੂ ਅਰਜਨ ਸਾਹਿਬ ਬਾਰੇ ਸਪੱਸ਼ਟ ਲਿਖਦਾ ਹੈ, 'ਗੋਇੰਦਵਾਲ ਵਿਚ ਜਿਹੜਾ ਕਿ ਦਰਿਆ ਬਿਆਸ ਦੇ ਕਿਨਾਰੇ ਉੱਤੇ ਹੈ, ਪੀਰਾਂ-ਬਜ਼ੁਰਗਾਂ ਦੇ ਲਿਬਾਸ ਵਿਚ ਅਰਜਨ ਨਾਮ ਦਾ ਇਕ ਹਿੰਦੂ ਸੀ ਜਿਸ ਨੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂਆਂ ਸਗੋਂ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਦੀ ਰਹਿਤ-ਬਹਿਤ ਦਾ ਮੁਰੀਦ ਬਣਾ ਕੇ ਆਪਣੇ ਵਲੀ ਤੇ ਪੀਰ ਹੋਣ ਦਾ ਨਗਾਰਾ ਵਜਾਇਆ ਹੋਇਆ ਸੀ। ਉਹ ਉਸ ਨੂੰ 'ਗੁਰੂ' ਆਖਦੇ ਸਨ। ਸਾਰੇ ਪਾਸਿਆਂ ਤੋਂ ਲੋਕ ਉਸ ਦੇ ਕੋਲ ਆ ਕੇ ਉਸ ਉੱਤੇ ਆਪਣੀ ਪੂਰੀ ਸ਼ਰਧਾ ਪ੍ਰਗਟ ਕਰਦੇ ਸਨ।

...ਮੈਂ ਉਸ ਦਾ ਮਾਲ-ਅਸਬਾਬ ਜ਼ਬਤ ਕਰ ਕੇ ਹੁਕਮ ਦਿੱਤਾ ਕਿ ਉਸ ਨੂੰ 'ਸਿਆਸਤ ਅਤੇ ਯਾਸਾ' ਦੇ ਤਹਿਤ ਸਜ਼ਾ ਦਿੱਤੀ ਜਾਵੇ।' ਇਹ ਇੰਕਸ਼ਾਫ ਜਹਾਂਗੀਰ ਬਾਦਸ਼ਾਹ ਨੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਛੇ ਦਿਨ ਬਾਅਦ (ਭਾਵ 6 ਜੂਨ 1606) ਨੂੰ ਆਪਣੀ ਸਵੈ-ਜੀਵਨੀ 'ਤੋਜਕਿ-ਜਹਾਂਗੀਰੀ' ਵਿਚ ਕੀਤਾ। ਗੁਰੂ ਸਾਹਿਬ ਨੂੰ ਅਨੇਕਾਂ ਤਸੀਹੇ ਅਤੇ ਕਸ਼ਟ ਦਿੱਤੇ ਗਏ। ਸਿੱਖ ਇਤਿਹਾਸ ਵਿਚ ਜੇਕਰ ਆਉਂਦਾ ਹੈ ਕਿ ਗੁਰੂ ਸਾਹਿਬ ਨੂੰ ਤੱਤੀ ਤਵੀ 'ਤੇ ਬਿਠਾ ਕੇ, ਸਰੀਰ ਉੱਤੇ ਗਰਮਾ-ਗਰਮ ਰੇਤ ਪਾਈ ਗਈ ਅਤੇ ਫਿਰ ਉਨਾਂ ਨੂੰ ਦੇਗ ਵਿਚ ਉਬਾਲਿਆ ਗਿਆ। 'ਦਬਿਸਤਾਨ' ਅਨੁਸਾਰ ਗੁਰੂ ਜੀ ਨੂੰ ਕੁਝ ਖਾਣ-ਪੀਣ ਨੂੰ ਨਾ ਦਿੱਤਾ, ਗਰਮ-ਸੜਦੀ ਰੇਤ 'ਚ ਸੁੱਟਿਆ ਗਿਆ ਅਤੇ ਪੱਥਰ ਮਾਰੇ ਜਿਸ ਨਾਲ ਉਨਾਂ ਦੇ ਸੀਸ 'ਚੋਂ ਲਹੂ ਨਿਕਲਦਾ ਗਿਆ। ਉਨਾਂ ਨੂੰ ਤਿੰਨ ਤੋਂ ਪੰਜ ਦਿਨਾਂ ਤਕ ਤਸੀਹੇ ਦਿੱਤੇ ਗਏ। ਛਾਲਿਆਂ ਭਰੇ ਸਰੀਰ ਨਾਲ, ਗੁਰੂ ਜੀ ਦੇ ਹੱਥ-ਪੈਰ ਬੰਨ ਕੇ 30 ਮਈ 1606 ਨੂੰ ਰਾਵੀ ਦਰਿਆ ਵਿਚ ਸੁੱਟ ਦਿੱਤਾ ਜਿੱਥੇ ਉਹ ਲੋਪ ਹੋ ਗਏ। ਭਾਈ ਗੁਰਦਾਸ ਜੀ ਵੀ ਲਿਖਦੇ ਹਨ ਕਿ 29-30 ਮਈ ਦੀ ਰਾਤ ਨੂੰ ਗੁਰੂ ਸਾਹਿਬ ਅਤਿ ਪੀੜਤ ਸਨ ਪਰ ਪੂਰਨ ਤੌਰ 'ਤੇ ਸ਼ਾਂਤ ਤੇ ਅਡੋਲ ਰਹੇ ਅਤੇ ਸ਼ਹੀਦੀ ਪਾਉਣ ਸਮੇਂ ਉਨਾਂ ਦੇ ਬੁੱਲਾਂ 'ਤੇ ਇਹ ਸ਼ਬਦ ਸਨ : ਸੁਣੀ ਅਰਦਾਸਿ ਸੁਆਮੀ ਮੇਰੈ, ਸਰਬ ਕਲਾ ਬਣਿ ਆਈ॥ ਪ੍ਰਗਟ ਭਈ ਸਗਲੇ ਜੁਗ ਅੰਤਰਿ, ਗੁਰ ਨਾਨਕ ਕੀ ਵਡਿਆਈ॥ (ਸੋਰਠਿ ਮਹਲਾ 5)। ਇੰਜ ਗੁਰੂ ਨਾਨਕ ਸਾਹਿਬ ਦੇ ਅਸੂਲਾਂ ਅਤੇ ਆਦਰਸ਼ਾਂ ਦੀ ਵਡਿਆਈ ਸਾਰੇ ਸੰਸਾਰ 'ਤੇ ਉਜਾਗਰ ਹੋ ਗਈ ਹੈ। ਇਹੋ ਤੁਕ ਬਾਅਦ ਵਿਚ ਡੇਹਰਾ ਸਾਹਿਬ ਦੀ ਉਸਾਰੀ ਵੇਲੇ ਪ੍ਰਮੁੱਖ ਸਿੱਖਾਂ ਨੇ ਉਕਰ ਵੀ ਦਿੱਤੀ ਸੀ। ਇੰਜ ਗੁਰੂ ਅਰਜਨ ਸਾਹਿਬ ਜਹਾਂਗੀਰ ਬਾਦਸ਼ਾਹ ਦੇ ਤਅੱਸਬ, ਜ਼ਾਲਮਾਨਾ ਸੁਭਾਅ ਅਤੇ ਤੰਗਦਿਲੀ, ਚੰਦੂ ਦੀਆਂ ਸਾਜ਼ਿਸ਼ਾਂ, ਧਾਰਮਿਕ ਕੱਟੜਪੁਣੇ ਦਾ ਸ਼ਿਕਾਰ ਹੋਏ। ਗੁਰੂ ਸਾਹਿਬ ਦੇ ਤਸੀਹੇ ਦੇਖ ਕੇ ਹੀ 'ਉਮਦਤ ਤੁਲ-ਤਵਾਰੀਖ' ਦਾ ਲੇਖਕ ਲਿਖਦਾ ਹੈ ਕਿ ਕਲਮ ਲਹੂ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਹੈ ਅਤੇ ਜਾਨ ਹੈਰਾਨ ਹੁੰਦੀ ਹੈ :

'ਕਲਮ ਤਹਰੀਰੇ ਆਂ ਖ਼ੂੰ ਫਿਸਾ

ਵ ਦੀਦਾ ਗਿਰਿਆ

ਵ ਦਿਲ ਬਿਰਿਯਾ

ਵਾ ਜਾਨ ਹੈਰਾਂ ਸੈ ਬਾਸ਼ਦ'

ਅਕਬਰ ਨੇ ਜਦੋਂ ਗੁਰੂ ਸਾਹਿਬਾਨ ਦੇ ਜੀਵਨ 'ਤੇ ਨੇੜਿਓਂ ਝਾਤ ਮਾਰੀ ਤਾਂ ਉਹ ਗੁਰੂ ਘਰ ਦਾ ਸੇਵਕ ਹੀ ਬਣ ਗਿਆ। ਖੁਸਰੋ ਦੀ ਬਗਾਵਤ ਸਮੇਂ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਤੇ ਇਨਾਂ ਸਮਿਆਂ 'ਚ ਹੀ ਸ਼ੇਖ ਸਰਹਿੰਦੀ ਨੇ ਸ਼ੇਖ ਫਰੀਦ ਬੁਖਾਰੀ ਨਾਲ ਮਿਲ ਕੇ ਗੁਰੂ ਸਾਹਿਬ ਵਿਰੁੱਧ ਸਾਜ਼ਿਸ਼ ਘੜੀ। ਜਹਾਂਗੀਰ ਤਾਂ ਕੇਵਲ ਬਹਾਨਾ ਹੀ ਲੱਭਦਾ ਸੀ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦੀ ਖ਼ੁਸ਼ੀ ਸ਼ੇਖ ਅਹਿਮਦ ਸਰਹੰਦੀ ਨੂੰ ਹੋਈ ਜੋ ਚਿੱਠੀ ਰਾਹੀਂ ਆਪਣੇ ਮੁਖੀ ਚੇਲੇ ਸ਼ੇਖ ਫਰੀਦ ਬੁਖ਼ਾਰੀ (ਮੁਰਤਜਾ ਖਾਂ) ਨੂੰ ਪ੍ਰਗਟ ਕੀਤੀ। ਗੁਰੂ ਸਾਹਿਬ ਦੀ ਸ਼ਹਾਦਤ ਨੇ ਆਉਣ ਵਾਲੇ ਸਮਿਆਂ ਲਈ ਸਿੱਖ ਧਰਮ ਦੇ ਨਵੇਂ ਅਧਿਆਏ ਦੀ ਸ਼ੁਰੂਆਤ ਕੀਤੀ। ਸ਼ਹੀਦ ਕੀ ਜੋ ਮੌਤ ਹੈ ਵੁਹ ਕੌਮ ਕੀ ਹਯਾਤ ਹੈ, ਹਯਾਤ ਭੀ ਹਯਾਤ ਹੈ, ਔਰ ਮੌਤ ਭੀ ਹਯਾਤ ਹੈ।

# ਮਹਾਨ ਸਿੱਖ ਜਰਨੈਲ ਬੰਦਾ ਸਿੰਘ ਬਹਾਦਰ

## (ਜਨਮ 16 ਅਕਤੂਬਰ 1670, ਸ਼ਹੀਦੀ 10 ਜੂਨ 1716)

**ਡਾ. ਪੂਰਨ ਸਿੰਘ**

ਭਾਵੇਂ ਹੋਰ ਕਈ ਇਤਿਹਾਸਕ ਸਿੱਖ ਹਸਤੀਆਂ ਨਾਲ ਇਤਿਹਾਸ ਲਿਖਣ ਵਾਲਿਆਂ ਨੇ ਬੇ-ਇਨਸਾਫ਼ੀ ਕੀਤੀ, ਪਰ ਇਸ ਮਹਾਨ ਯੋਧੇ ਅਤੇ ਸਿੱਖ ਰਾਜ ਦੇ ਮੋਢੀ ਬੰਦਾ ਸਿੰਘ ਬਹਾਦਰ ਨਾਲ ਸਭ ਤੋਂ ਵੱਧ ਬੇ-ਇਨਸਾਫੀ ਹੋਈ। ਗੈਰ ਸਿੱਖਾਂ ਦਾ ਲਿਖਿਆ ਇਤਿਹਾਸ ਵੀ ਗਵਾਹੀ ਦੇ ਰਿਹਾ ਹੈ ਕਿ ਇਹ ਮਹਾਨ ਜਰਨੈਲ ਰਤੀ ਭਰ ਵੀ ਸਿੱਖੀ ਸਿਦਕ ਤੋਂ ਨਹੀਂ ਡੋਲਿਆ, ਅਤਿ ਤਸੀਹੇ ਝੱਲੇ ਅਤੇ ਭਾਣੇ ਨੂੰ ਮਿੱਠਾ ਮੰਨਦਾ ਸ਼ਹਾਦਤ ਦਾ ਜਾਮ ਪੀ ਗਿਆ। ਇਹ ਠੀਕ ਹੈ ਕਿ ਬੰਦਾ ਸਿੰਘ, ਪਹਿਲਾ ਮਾਧੋ ਦਾਸ ਸੀ ਉਪਰੰਤ ਬੈਰਾਗੀ ਸਾਧ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਹੋਕੇ ਸਿੰਘ ਸੱਜਿਆ, ਫਿਰ ਗੁਰੂ ਦਾ ਬੰਦਾ ਬਣ ਗਿਆ ਅਤੇ ਸਿੱਖੀ ਦੀ ਗੁੜ੍ਹਤੀ ਨਾਲ ਬਹਾਦਰ ਬਣਕੇ ਬਹਾਦਰੀ ਦੇ ਜੌਹਰ ਦਿਖਾਉਂਦਾ ਪੰਜਾਬ ਅੰਦਰ ਗਰੀਬ, ਨਿਮਾਣੇ ਤੇ ਨਿਤਾਣੇ ਅਥਵਾ ਕਿਰਸਾਨ ਵਰਗ ਦੇ ਹੱਕਾਂ ਦਾ ਰਖਵਾਲਾ ਬਣ ਜਾਂਦਾ ਹੈ। ਫਰਾਂਸ ਦੇ ਇਨਕਲਾਬ ਤੋਂ ਇਕ ਸਦੀ ਪਹਿਲਾਂ ਪੰਜਾਬ ਵਿਚ ਸਫਲ ਇਨਕਲਾਬ ਲਿਆਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ।

ਅੱਜ ਬੰਦਾ ਸਿੰਘ ਬਾਰੇ ਨਵੇਂ ਭੁਲੇਖੇ ਪੈਦਾ ਕੀਤੇ ਜਾ ਰਹੇ ਹਨ। ਉਸਨੂੰ ਕੋਈ ਬੈਰਾਗੀ ਦੱਸ ਰਿਹਾ ਹੈ, ਅਗਿਆਨਤਾਵਸ ਲੋਕ ਉਸ ਬਾਰੇ ਆਖਦੇ ਹਨ ਕਿ ਬਾਬਾ ਬੰਦਾ ਸਿੰਘ ਜੀ ਨੇ ਗੁਰੂ ਗੋਬਿੰਦ ਜੀ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ। ਸਿੱਖ ਵਿਰੋਧੀ ਇਤਿਹਾਸਕਾਰ ਲਿਖ ਰਹੇ ਹਨ ਕਿ ਬਾਬਾ ਬੰਦਾ ਸਿੰਘ ਜੀ ਨੇ ਅੰਮ੍ਰਿਤ ਨਹੀਂ ਛੱਕਿਆ। ਇੰਜ ਕਿਉਂ ਹੋ ਰਿਹਾ ਹੈ? ਇਹ ਕੋਈ ਨਵੀਂ ਗੱਲ ਨਹੀਂ, ਪਹਿਲਾਂ ਵੀ ਹੁੰਦਾ ਰਿਹਾ ਹੈ, ਹੁਣ ਵੀ ਹੋ ਰਿਹਾ ਹੈ ਅਤੇ ਭਵਿੱਖ ਵਿਚ ਹੋਵੇਗਾ। ਇਸ ਗੱਲ ਤੋਂ ਕਿਸੇ ਨੂੰ ਵੀ ਮੁਨਕਰ ਹੋਣਾ ਸੰਭਵ ਨਹੀਂ ਹੈ ਅਤੇ ਸਚਾਈ ਹੈ ਕਿ ਬੰਦਾ ਸਿੰਘ ਜੀ ਨੇ ਖੰਡੇ ਦੀ ਪਾਹੁਲ ਲਈ ਅਤੇ ਉਸ ਦੇ ਨਾਂ ਵਿਚ



ਤਬਦੀਲੀ ਹੋਣੀ ਹੀ ਪਹੁਲ ਲੈਣ ਦਾ ਸਬੂਤ ਹੈ। ਜੇ ਇੰਜ ਨਾ ਹੁੰਦਾ ਤਾਂ ਉਸਦਾ ਪਹਿਲਾ ਨਾਂਵ ਮਾਧੋ ਦਾਸ ਜਾਂ ਲਛਮਣ ਦਾਸ ਹੀ ਰਹਿਣਾ ਸੀ।

ਜਿਵੇਂ ਕੁਝ ਸਾਲਾਂ ਤੋਂ ਵਿਦੇਸ਼ਾਂ ਅੰਦਰ ਨਵੀਂ ਹੀ ਪਿਰਤ ਚਲ ਪਈ ਹੈ ਕਿ ਪਿੰਡਾਂ ਦੇ ਲੋਕ ਰੱਲ ਕੇ ਸਾਧਾਂ-ਸੰਤਾਂ ਦੇ ਜਨਮ ਜਾਂ ਬਰਸੀਆਂ ਨੂੰ ਬਹੁਤ ਧੂਮ-ਧਾਮ ਨਾਲ ਮਨਾਉਂਦੀਆਂ ਹਨ, ਪਰ ਕੌਮ ਦੇ ਮਹਾਨ ਸ਼ਹੀਦਾਂ ਤੇ ਜਰਨੈਲਾਂ ਨੂੰ ਕੋਈ ਜਿਆਦਾ ਮਾਨਤਾ ਨਹੀਂ ਮਿਲ ਰਹੀ। ਦੂਜੇ ਪਾਸੇ ਸਾਜਸ਼ ਅਧੀਨ ਬੈਰਾਗੀ ਲੋਕਾਂ ਵਲੋਂ ਵਿਸ਼ੇਸ਼ ਜੱਥੇਬੰਦੀਆਂ ਬਣਾਕੇ ਬੰਦਾ ਸਿੰਘ ਨੂੰ ਬੈਰਾਗੀ ਬੰਦਾ ਸਿੰਘ ਆਖਕੇ, ਉਸਦੀ ਯਾਦ 'ਚ ਸਮਾਗਮ ਕਰਨ ਲੱਗ ਪਏ ਹਨ। ਤਾਂਹੀਓ ਅਜੋਕੇ ਸਮੇਂ ਕੁਝ ਲੋਕਾਂ ਨੇ ਭਗਤ ਰਵਿਦਾਸ ਜੀ ਦੀ ਯਾਦ ਵਿਚ ਸਮਾਗਮ ਕਰਦੇ ਹਨ ਤੇ ਨਾਮਦੇਵ ਨੂੰ ਵੀ ਇਕ ਫਿਰਕੇ ਦੇ ਲੋਕ ਹੀ ਅਪਨਾਈ ਬੈਠੇ ਹਨ। ਜਾਪਦਾ ਹੈ ਕਿ ਜੱਟਾਂ ਨੇ ਵੀ ਭਗਤ ਧੰਨੇ ਨੂੰ ਆਪਣੇ ਕਬਜੇ ਵਿਚ ਕਰ ਲੈਣਾ ਹੈ। ਇਹ ਕਿਉਂ ਹੋ ਰਿਹਾ ਹੈ? ਇਸਦੇ ਦੋ ਮੁੱਖ ਕਾਰਨ ਹਨ। ਪਹਿਲਾਂ ਅਗਿਆਨਤਾ, ਦੂਸਰਾ, ਸਿੱਖ ਵਿਰੋਧੀ ਏਜੰਸੀਆਂ ਵਲੋਂ ਬੰਦਾ ਸਿੰਘ ਸੱਚੀ ਮੁੱਚੀਂ ਇੱਕ ਬਹਾਦਰ ਸਿੱਖ ਯੋਧਾ ਸੀ, ਜਿਸਨੇ ਬਹੁਤ ਥੋੜੇ ਸਮੇਂ ਦੇ ਅੰਦਰ ਮੁਗਲ ਰਾਜ ਨੂੰ ਹਿਲਾਕੇ ਰੱਖ ਦਿੱਤਾ। ਮੁਗਲ ਸਰਕਾਰ ਨੇ ਸਿੱਖਾਂ ਵਿਚ ਫੁੱਟ ਪਵਾਉਣ ਦਾ ਯਤਨ ਕੀਤਾ। ਇਹ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਬੰਦਾ ਸਿੰਘ ਪਾਸ ਸੀਮਤ ਸਾਧਨ ਸਨ ਤੇ ਹਥਿਆਰ ਵੀ ਵਿਸ਼ੇਸ਼ ਨਹੀਂ ਸਨ। ਦੂਜੇ ਪਾਸੇ ਉਸਦੇ ਵਿਰੁੱਧ ਤਿੰਨ ਮੁਸਲਮਾਨ ਬਾਦਸ਼ਾਹ, ਪੰਜ ਸ਼ਹਿਜ਼ਾਦੇ, 30 ਹਿੰਦੂ ਰਾਜੇ ਤੇ ਜਰਨੈਲ, 120 ਸੀਨੀਅਰ ਮੁਸਲਮਾਨ ਜਰਨੈਲ, ਫੌਜਦਾਰ ਤੇ ਸੂਬੇਦਾਰ। ਇਹ ਵੀ ਇਤਿਹਾਸਕ ਸਚਾਈ ਹੈ ਕਿ ਬੰਦੇ ਦੀ ਫੌਜ ਵਿਚ ਇਕ ਵੀ ਹਿੰਦੂ ਨਹੀਂ ਸੀ ਸ਼ਾਮਲ ਹੋਇਆ।

ਜਿਵੇਂ 1984 ਵਿੱਚ ਸਿੱਖਾਂ ਦਾ ਕਤਲੇਆਮ ਕਰਕੇ, ਸਿੱਖਾਂ ਦੇ ਸਿਰ ਹੀ ਦੋਸ਼ ਮੜੇ ਗਏ, ਤੇ ਛੋਟੇ ਛੋਟੇ ਗਏ ਤੇ ਸਿੱਖ ਲੋਕ ਆਪਣਾ ਆਪ ਹੀ ਦੋਸ਼ੀ ਹੋਣ ਨੂੰ ਪ੍ਰਵਾਨ ਕਰਣ ਲੱਗੇ। ਉਸ ਤਰਾਂ ਹੀ ਮੁਗਲਾਂ ਵਲੋਂ ਬੰਦਾ ਸਿੰਘ ਵਿਰੁੱਧ ਭੰਡੀ ਪ੍ਰਚਾਰ ਕੀਤਾ ਗਿਆ। ਬੰਦਾ ਸਿੰਘ ਨੇ ਕੋਈ ਸਿੱਖੀ ਵਿਰੁੱਧ ਕਰਨ ਨਹੀਂ ਕੀਤਾ। ਉਸਨੇ ਕਦੀ ਗਦੀ ਨਹੀਂ ਲਾਈ। ਸਗੋਂ, ਉਸਨੇ ਜਿੱਤਾਂ ਕਰਕੇ ਵੱਖ-ਵੱਖ ਜੱਥੇਦਾਰ ਥਾਪ ਦਿੱਤੇ। ਉਸਨੇ ਵਿਆਹ ਕਰਾਏ, ਪਰ ਵਿਆਹ ਕਰਾਉਣੇ ਸਿੱਖ ਵਿਰੋਧੀ ਕਰਮ ਨਹੀਂ ਸਨ। ਉਹ ਹਰ ਕਾਰਜ ਅਰੰਭ ਕਰਨ ਤੋਂ ਪਹਿਲਾਂ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਸੀ। ਉਸਨੇ ਆਪਣੀ ਹਰ ਜਿੱਤ ਤੇ ਤਾਕਤ ਨੂੰ ਗੁਰੂਆਂ ਦੀ ਬਖਸ਼ਿਸ਼ ਮੰਨਿਆ,

*ਦੇਗੋ-ਤੇਗੋ-ਫਤਿਹ-ਓ-ਨੁਸਰ ਬੇਦਿਰੰਗ।*

*ਯਾਫ਼ਤ ਅਜ਼ ਨਾਨਕ-ਗੁਰੂ ਗੋਬਿੰਦ ਸਿੰਘ।*

ਦੇਗ, ਤੇਗ ਅਤੇ ਫ਼ਤਿਹ ਬਿਨਾਂ ਕਿਸੇ ਦੇਰੀ ਤੋਂ, ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਤੋਂ ਹਾਸਿਲ ਹੋਈ। ਬਾਬਾ ਬੰਦਾ ਸਿੰਘ ਵਲੋਂ ਥੋੜੇ ਸਮੇਂ ਅਤੇ ਸੀਮਤ ਸਾਧਨਾਂ ਨਾਲ ਜਿੱਤਾਂ ਪ੍ਰਾਪਤ ਕਰਨਾ, ਇੱਕ ਕਰਾਮਾਤ ਹੀ ਆਖੀ ਜਾ ਸਕਦੀ ਹੈ। ਉਸਨੇ 700 ਸਾਲ ਦੀ ਵਿਦੇਸ਼ੀ ਹਕੂਮਤ ਨੂੰ ਹਿਲਾਕੇ ਰੱਖ ਦਿੱਤਾ। ਇਸ ਜੱਦੋ ਜਹਿਦ ਵਿਚ ਸਿੱਖ ਕੌਮ ਨੇ ਦਿਲ ਨਹੀਂ ਛੱਡਿਆ ਅਤੇ ਕੌਮੀ ਅਜ਼ਾਦੀ ਲਈ ਸੰਘਰਸ਼ ਜਾਰੀ ਰੱਖਿਆ। ਕਿਸੇ ਹੋਰ ਧਰਮ ਦੇ ਅਸਥਾਨ ਦਾ ਨੁਕਸਾਨ ਨਹੀਂ ਕੀਤਾ। ਬੰਦਾ ਸਿੰਘ ਦੀ ਸ਼ਹੀਦੀ ਤੋਂ ਪਹਿਲਾਂ 700 ਸਿੱਖਾਂ ਨੂੰ ਸ਼ਹੀਦ ਕੀਤਾ ਗਿਆ ਅਤੇ ਇਹ ਸਭ ਕੁਝ ਬੰਦਾ ਸਿੰਘ ਦੀ ਹਾਜ਼ਰੀ ਵਿੱਚ ਕੀਤਾ। ਕਿਸੇ ਇਕ ਨੇ ਵੀ ਸਿੱਖ ਸਿਦਕ ਨਹੀਂ ਛੱਡਿਆ। ਆਖ਼ਰ ਇਹ ਮਹਾਨ ਜਰਨੈਲ 10 ਜੂਨ 1716 ਨੂੰ ਖਿੜੇ ਮੱਥੇ ਤਸੀਹੇ ਝੱਲਦਾ ਸ਼ਹੀਦ ਹੋ ਗਿਆ।

# 4 ਜੂਨ : ਭਗਤ ਪੂਰਨ ਸਿੰਘ ਜੀ ਦੇ ਜੀ ਦੇ ਜਨਮ ਦਿਨ ਅਤੇ ਦਰਬਾਰ ਸਾਹਿਬ ਦੇ ਸ਼ਹੀਦੀ ਘੱਲੂਘਾਰੇ 'ਤੇ ਵਿਸ਼ੇਸ਼

## ਦਰਬਾਰ ਸਾਹਿਬ 'ਤੇ ਹਮਲੇ ਦੇ ਰੋਸ ਵਜੋਂ ਭਗਤ ਪੂਰਨ ਸਿੰਘ ਵੱਲੋਂ 'ਪਦਮਸ਼੍ਰੀ' ਦੀ ਵਾਪਸੀ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਨਾਂ ਖ਼ਤ

### ਡਾ. ਗੁਰਵਿੰਦਰ ਸਿੰਘ

ਸਰਬੱਤ ਦੇ ਭਲੇ ਅਤੇ ਸੇਵਾ ਨੂੰ ਸਮਰਪਿਤ ਮਹਾਨ ਸ਼ਖ਼ਸੀਅਤ ਭਗਤ ਪੂਰਨ ਸਿੰਘ ਜੀ ਦਾ ਜਨਮ ਦਿੱਤਾ 4 ਜੂਨ 1904 ਨੂੰ ਜ਼ਿਲਾ ਲੁਧਿਆਣਾ 'ਚ ਪੈਂਦੇ ਪਿੰਡ ਰਾਜੇਵਾਲ ਤਹਿਸੀਲ ਸਮਰਾਲਾ ਵਿਖੇ, ਮਾਤਾ ਮਹਿਤਾਬ ਕੌਰ ਜੀ ਦੀ ਕੁੱਖੋਂ ਭਾਈ ਛਿੱਬੂ ਮੱਲ ਦੇ ਘਰ ਹੋਇਆ। ਸਿੱਖੀ ਸੇਵਾ ਨੂੰ ਪ੍ਰੇਰਿਤ ਮਾਤਾ ਜੀ ਦੀ ਸੇਵਾ ਭਾਵਨਾ ਅਤੇ ਗੁਰਬਾਣੀ ਪ੍ਰੇਮ ਨੇ ਜੀਵਨ ਵਿੱਚ ਵੱਡੀ ਤਬਦੀਲੀ ਲਿਆਂਦੀ ਅਤੇ ਰਾਮ ਜੀ ਦਾਸ ਅੰਮ੍ਰਿਤ ਛਕ ਕੇ 'ਪੂਰਨ ਸਿੰਘ' ਬਣੇ। ਆਪ ਜੀ ਨੇ ਗੁਰਦੁਆਰਾ ਡੇਹਰਾ ਲਾਹੌਰ ਅਣਥੱਕ ਸੇਵਾ ਕੀਤੀ। ਦੇਸ਼ ਦੀ ਵੰਡ ਸਮੇਂ ਰੰਗ ਨਸਲ ਧਰਮ ਜਾਤ ਤੋਂ ਉੱਪਰ ਉੱਠ ਕੇ, ਪੀੜਤਾਂ ਦਾ ਆਸਰਾ ਬਣੇ। ਆਪ ਪੰਜਾਬੀ ਤੇ ਅੰਗਰੇਜ਼ੀ ਸਮੇਤ ਵੱਖ- ਵੱਖ ਭਾਸ਼ਾਵਾਂ ਦੇ ਮਾਹਰ ਸਨ ਅਤੇ ਕੁਦਰਤ ਦੀ ਸੇਵਾ ਸੰਭਾਲ, ਪ੍ਰਦੂਸ਼ਣ ਦੇ ਖਾਤਮੇ, ਗਰੀਬੀ, ਭੁੱਖਮਰੀ ਅਤੇ ਅਨਪੜ੍ਹਤਾ ਵਰਗੇ ਗੰਭੀਰ ਮਸਲਿਆਂ 'ਤੇ ਲਗਾਤਾਰ ਲਿਖਦੇ ਰਹਿੰਦੇ ਸਨ। ਆਪਣੇ ਜੀਵਨ ਦੇ ਆਖਰੀ ਪਲ ਤੱਕ ਸਰਬੱਤ ਦੀ ਸੇਵਾ ਨੂੰ ਹੀ ਪ੍ਰਚਾਰਿਆ।

ਭਗਤ ਜੀ ਨੇ ਪਿੰਗਲਵਾੜਾ ਸੰਸਥਾ ਸੰਨ 1958 ਵਿੱਚ ਆਰੰਭ ਕੀਤੀ ਸੀ ਤੇ ਅੱਜਕਲ ਡਾਕਟਰ ਇੰਦਰਜੀਤ ਕੌਰ ਇਸ ਦੀ ਅਗਵਾਈ ਕਰ ਰਹੇ ਹਨ। ਦਰਬਾਰ ਸਾਹਿਬ ਦੇ ਬਿਲਕੁਲ ਨੇੜੇ ਸਥਿਤ ਪਿੰਗਲਵਾੜਾ ਅੰਮ੍ਰਿਤਸਰ ਤੋਂ ਇਲਾਵਾ ਮਾਨਾਂਵਾਲਾ, ਗੋਇੰਦਵਾਲ, ਪਲਸੌਰਾ, ਸੰਗਰੂਰ ਜਲੰਧਰ ਅਤੇ ਵੱਖ- ਵੱਖ ਹਿੱਸਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲਾਵਾਰਸ ਬੱਚਿਆਂ, ਔਰਤਾਂ- ਮਰਦਾਂ ਦੀ ਸੇਵਾ ਕੀਤੀ ਜਾਂਦੀ ਹੈ। ਭਗਤ ਪੂਰਨ ਸਿੰਘ ਦੀ ਦੇਣ ਨੋਬਲ ਪੁਰਸਕਾਰ ਨਾਲ ਸਨਮਾਨਿਤ ਮਦਰ ਟਰੇਸਾ ਤੋਂ ਵੀ ਵਧੇਰੇ ਰਹੀ ਹੈ। ਉਨਾਂ ਯਤੀਮ ਬੱਚਿਆਂ ਨੂੰ ਉਨਾਂ ਦੇ ਹੀ ਧਰਮ ਅਤੇ ਅਕੀਦੇ ਅਨੁਸਾਰ ਪਾਲਿਆ- ਪਲੋਸਿਆ। ਭਗਤ ਜੀ ਅਕਸਰ ਕਿਹਾ ਜਾ ਕਰਦੇ ਸਨ ਕਿ ਦਰਬਾਰ ਸਾਹਿਬ ਵਿੱਚ ਸੰਗਤਾਂ ਦੀ ਚਰਨ-ਧੂੜ ਉਨਾਂ ਨੂੰ ਅਨੇਕਾਂ ਨੋਬਲ ਪੁਰਸਕਾਰਾਂ ਤੋਂ ਉੱਤਮ ਜਾਪਦੀ ਹੈ। ਮਨੁੱਖੀ ਸੇਵਾ ਸਰਬੱਤ ਦੇ ਭਲੇ ਅਤੇ ਪ੍ਰਕਿਰਤੀ ਦੀ ਸੰਭਾਲ ਨੂੰ ਸਮਰਪਿਤ ਹੁੰਦੇ ਹੋਏ 5 ਅਗਸਤ 1992 ਨੂੰ ਆਪ ਸਦੀਵੀ ਵਿਛੋੜਾ ਦੇ ਗਏ।

ਸੰਨ 1981 ਵਿੱਚ ਭਾਰਤ ਸਰਕਾਰ ਵੱਲੋਂ ਆਪ ਨੂੰ ਪਦਮ ਸ੍ਰੀ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ ਸੀ, ਪਰ ਇਹ ਪੁਰਸਕਾਰ ਉਨਾਂ ਜੋ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਦੇ ਹਮਲੇ ਦੇ ਰੋਸ ਵਜੋਂ ਵਾਪਸ ਮੋੜ ਦਿੱਤਾ ਸੀ ਅਤੇ ਭਾਰਤ ਦੇ ਰਾਸ਼ਟਰਪਤੀ ਨੂੰ ਬੇਹੱਦ ਰੋਸ ਭਰਪੂਰ ਖਤ ਲਿਖ ਕੇ, ਆਪਣੇ ਮਨ ਦੇ ਵਲਵਲੇ ਸਾਂਝੇ ਕੀਤੇ ਸਨ। ਅਜਿਹਾ ਕਰਨ ਵਿਚ ਉਨਾਂ ਕੋਈ ਜਲਦਬਾਜ਼ੀ ਨਹੀਂ ਸੀ ਕੀਤੀ ਅਤੇ ਜੂਨ 1984 ਤੋਂ ਲੈ ਕੇ ਸਤੰਬਰ 1984 ਤੱਕ ਸਾਰੀਆਂ ਧਿਰਾਂ, ਸਾਰੀਆਂ ਅਫ਼ਵਾਹਾਂ ਅਤੇ ਸਾਰੇ ਤੱਥਾਂ 'ਤੇ ਖ਼ੁਦ ਖੋਜ ਕਰਕੇ ਮਨ ਬਣਾਇਆ ਸੀ। ਭਗਤ ਪੂਰਨ ਸਿੰਘ ਉਹ ਵਿਅਕਤੀ ਸਨ, ਜੋ ਲਗਾਤਾਰ ਦਰਬਾਰ ਸਾਹਿਬ ਜਾਂਦੇ ਸਨ ਅਤੇ ਉੱਥੇ ਹੋਏ ਫ਼ੌਜੀ ਹਮਲੇ ਦੇ ਬਾਰੇ ਦਰਦ ਕਹਾਣੀਆਂ ਸੁਣ ਕੇ ਪਸੀਜੇ ਜਾਇਆ ਕਰਦੇ ਸਨ। ਜੂਨ 1984 ਦੇ ਸ਼ਹੀਦੀ ਘੱਲੂਘਾਰੇ ਵੇਲੇ ਭਾਰਤ ਸਰਕਾਰ ਦੇ ਜ਼ੁਲਮ-ਸਿਤਮ ਬਾਰੇ ਜੋ ਖਤ ਆਪ ਨੇ ਰਾਸ਼ਟਰਪਤੀ ਨੂੰ ਲਿਖਿਆ ਉਹ ਇਤਿਹਾਸਕ ਦਸਤਾਵੇਜ਼ ਹੈ। ਹੇਠਾਂ ਅੰਗਰੇਜ਼ੀ ਤੇ ਪੰਜਾਬੀ 'ਚ ਚਿੱਠੀ ਪੜ੍ਹੀ ਜਾ ਸਕਦੀ ਹੈ।

'ਪਦਮ ਸ਼੍ਰੀ' ਦੀ ਵਾਪਸੀ

ਸੇਵਾ ਵਿਖੇ
ਰਾਸ਼ਟਰਪਤੀ ਭਾਰਤ,
ਰਾਸ਼ਟਰਪਤੀ ਭਵਨ,
ਦਿੱਲੀ।

ਵਿਸ਼ਾ : ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ 'ਤੇ ਹੋਈ ਇਨਸਾਨੀਅਤ ਤੋਂ ਗਿਰੀ ਫੌਜੀ ਕਾਰਵਾਈ ਵਿਰੁਧ ਰੋਸ ਵਜੋਂ 'ਪਦਮਸ਼੍ਰੀ' ਐਵਾਰਡ ਦਾ ਮੋੜਿਆ ਜਾਣਾ।

ਸ੍ਰੀ ਮਾਨ ਜੀ,

ਬੇਨਤੀ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਫੌਜ ਨੂੰ ਕਾਰਵਾਈ ਲਈ ਭੇਜਿਆ ਜਾਣਾ ਕਿੰਨੇ ਹੀ ਦੁਖਦਾਈ ਨਤੀਜੇ ਪੈਦਾ ਕਰ ਚੁੱਕਾ ਹੈ। ਉਸ ਫੌਜੀ ਕਾਰਵਾਈ ਦੇ ਨਤੀਜਿਆਂ ਤੋਂ ਸਿੱਖ ਜਗਤ ਤੜਫ ਉਠਿਆ ਹੈ। ਇਸ ਘਟਨਾ ਦਾ ਜੋ ਦੁਖਦਾਈ ਅਸਰ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਉਢੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ 'ਤੇ ਪਿਆ ਹੈ ਉਹ ਆਪ ਨੇ ਦੇਖ ਹੀ ਲਿਆ ਹੈ। ਫੌਜੀਆਂ ਹੱਥੋਂ ਬਹੁਤ ਘਟਨਾਵਾਂ ਅਜਿਹੀਆਂ ਵਾਪਰੀਆਂ ਹਨ ਜਿਨਾਂ ਦਾ ਆਪ ਜੀ ਨੂੰ ਪਤਾ ਨਹੀਂ ਹੋ ਸਕਦਾ ਜੋ ਮੈਨੂੰ ਲੋਕਾਂ ਨੇ ਸੁਣਾਈਆਂ ਹਨ ਤੇ ਮੈਂ ਉਹਨਾਂ ਦੀ ਪੜਤਾਲ ਮਿਤੀ 9-9-84 ਤੱਕ ਕਰਦਾ ਰਿਹਾ ਹਾਂ। ਮੈਂ ਜਲਦੀ ਨਹੀਂ ਕੀਤੀ ਅਤੇ ਬੜੇ ਧੀਰਜ ਤੋਂ ਕੰਮ ਲਿਆ ਹੈ। ਉਨਾਂ ਵਿਚੋਂ ਮੈਂ ਕੁਝ ਘਟਨਾਵਾਂ ਬਿਆਨ ਕਰਦਾ ਹਾਂ :

1. ਸ੍ਰੀ ਦਰਬਾਰ ਸਾਹਿਬ ਦੇ ਇਕ ਗ੍ਰੰਥੀ ਨੂੰ ਫੌਜੀ ਸਿਪਾਹੀ ਪਰਿਵਾਰ ਸਮੇਤ ਗ੍ਰਿਫਤਾਰ ਕਰਕੇ ਲੈ ਗਏ ਅਤੇ ਉਸ ਪਰਿਵਾਰ ਨੂੰ ਉਨਾਂ ਨੇ ਸਾਰਾ ਦਿਨ ਭੁੱਖਾ ਪਿਆਸਾ ਰੱਖਿਆ। ਗ੍ਰੰਥੀ ਸਿੰਘ ਦੇ ਹੱਥਾਂ 'ਤੇ ਬੰਦੂਕ ਦੇ ਬੱਟ ਮਾਰ ਕੇ ਫੌਜੀਆਂ ਨੇ ਉਸ ਦੀ ਮਾਰ-ਕੁਟਾਈ ਕੀਤੀ। ਸ੍ਰੀ ਦਰਬਾਰ ਸਾਹਿਬ ਦੇ ਇਕ ਹੋਰ ਗ੍ਰੰਥੀ ਦੇ ਬੱਟ ਮਾਰੇ ਅਤੇ ਉਸ ਦੇ ਹੱਥਾਂ ਨੂੰ ਸੋਜਾਂ ਚਾੜ੍ਹੀਆਂ।

2. ਦਰਬਾਰ ਸਾਹਿਬ ਸਮੂਹ ਵਿਚ ਆਈਆਂ ਸੰਗਤਾਂ, ਇਸਤਰੀਆਂ ਮਰਦਾਂ ਤੇ ਬੱਚਿਆਂ 'ਤੇ ਇਸ ਤਰਾਂ ਗੋਲੀ ਚਲਾਈ ਜਾਂਦੀ ਰਹੀ ਹੈ ਜਿਸ ਤਰਾਂ ਜ਼ਹਿਰਲੀ ਦਵਾਈ ਦੀ ਪਿਚਕਾਰੀ ਨਾਲ ਮੱਛਰ ਮਾਰੀਦਾ ਹੈ।

3. ਜਿਹੜੇ ਯਾਤਰੂ ਸ੍ਰੀ ਦਰਬਾਰ ਸਾਹਿਬ ਤੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਮੰਗਲਵਾਰ ਨੂੰ 12 ਵਜੇ ਕੈਦ ਕੀਤੇ ਗਏ ਸਨ, ਉਨਾਂ ਨੂੰ ਪਾਣੀ ਨਾ ਦਿੱਤਾ ਗਿਆ, ਉਨਾਂ ਨੂੰ ਬੁੱਧਵਾਰ 30 ਘੰਟਿਆਂ ਪਿਛੋਂ ਸਿੱਖ ਫੌਜੀਆਂ ਨੇ ਪਾਣੀ ਦਿੱਤਾ। ਬੱਚਿਆਂ ਦੀਆਂ ਪਿਆਸ ਨਾਲ ਅੱਖਾਂ ਬਾਹਰ ਨਿਕਲ ਰਹੀਆਂ ਸਨ। ਬੀਬੀਆਂ ਨੇ ਪਸੀਨੇ ਪੂੰਝ



ਕੇ ਬੱਚੀਆਂ ਦੇ ਮੂੰਹ ਗਿੱਲੇ ਕੀਤੇ। ਜੇ ਬੀਬੀਆਂ ਬੱਚਿਆਂ ਲਈ ਪਾਣੀ ਮੰਗਦੀਆਂ ਸਨ ਤਾਂ ਫੌਜੀ ਕਹਿੰਦੇ ਸਨ ਕਿ ਇਹ ਵੱਡੇ ਹੋ ਕੇ ਸਾਨੂੰ ਜਾਨੋਂ ਮਾਰਨਗੇ, ਇਸ ਲਈ ਅਸੀਂ ਇਨਾਂ ਨੂੰ ਪਾਣੀ ਕਿਉਂ ਦੇਈਏ। ਮੰਗਲਵਾਰ ਵਾਲੇ ਦਿਨ ਬੱਚਿਆਂ ਨੂੰ ਵੀ ਜਿਹੜਾ ਥੋੜਾ ਜਿਹਾ ਪਾਣੀ ਫੌਜੀਆਂ ਨੇ ਦਿੱਤਾ ਸੀ ਉਸ ਵਿਚ ਉਨਾਂ ਨੇ ਸਿਗਰਟਾਂ ਦਾ ਪਾਣੀ ਘੋਲ ਕੇ ਕਿਹਾ ਕਿ ਇਹ ਤੁਹਾਡੇ ਗੁਰੂ ਦਾ ਪ੍ਰਸ਼ਾਦ ਹੈ। ਤੇਜਾ ਸਿੰਘ ਸਮੁੰਦਰੀ ਹਾਲ ਵਿਚ ਫੌਜੀਆਂ ਨੇ ਸਿਗਰਟਾਂ ਪੀਤੀਆਂ ਅਤੇ ਸਿਗਰਟਾਂ ਦਾ ਧੂੰਆਂ ਸਿੱਖਾਂ ਵੱਲ ਛੱਡਦੇ ਰਹੇ। ਜਿਹੜਾ ਸਲੂਕ ਫੌਜੀ ਕਾਰਵਾਈ ਦੇ ਨਾਮ 'ਤੇ ਸਿੱਖਾਂ ਨਾਲ ਹੋਇਆ ਉਸ ਨੇ ਸਿੱਖ ਜਗਤ ਦੇ ਹਿਰਦਿਆਂ 'ਤੇ ਭਾਰੀ ਸੱਟ ਮਾਰੀ ਹੈ। ਦਰਬਾਰ ਸਾਹਿਬ ਵਿਚੋਂ ਫੜੇ ਯਾਤਰੂ ਜਵਾਨ ਮੁੰਡਿਆਂ ਦੇ ਹੱਥ ਉਨਾਂ ਦੀਆਂ ਪੱਗਾਂ ਨਾਲ ਬੰਨੇ ਗਏ ਅਤੇ ਉਨਾਂ ਦੇ ਕੇਸ ਖੋਲ ਕੇ ਉਨਾਂ ਦੀਆਂ ਅੱਖਾਂ ਦਵਾਲੇ ਲਪੇਟ ਕੇ ਉਨਾਂ ਨੂੰ ਗਰਮ ਫਰਸ਼ ਤੇ ਗੋਡਿਆਂ ਭਾਰ ਚੱਲਣ ਲਈ ਮਜਬੂਰ ਕੀਤਾ ਗਿਆ। ਮੁੰਡਿਆਂ ਨੂੰ ਪਿਛੋਂ ਬੰਨ ਕੇ ਮੱਥੇ ਵਿਚ ਗੋਲੀਆਂ ਮਾਰ ਕੇ ਮਾਰਿਆ ਗਿਆ।

4. ਪਹਿਲੀ ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਉਤੇ ਸੀ. ਆਰ. ਪੀ. ਨੇ ਗੋਲੀ ਚਲਾਣੀ ਆਰੰਭ ਕਰ ਦਿੱਤੀ ਸੀ। ਪਹਿਲੀ ਜੂਨ ਫੌਜਾਂ ਦੇ ਆਉਣ ਤੋਂ ਪਹਿਲਾਂ ਸੀ. ਆਰ. ਪੀ. ਵਲੋਂ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆਂ ਬੈਠੇ ਗ੍ਰੰਥੀ ਸਿੰਘ ਨੂੰ ਗੋਲੀ ਮਾਰ ਦਿੱਤੀ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਸੀ। ਸਾਰੀਆਂ ਵਾਰਦਾਤਾਂ ਹੋਣ ਦੇ ਪਿਛੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਤੇ ਸਿੱਖ ਅਜਾਇਬਘਰ ਮਿੱਥ ਕੇ ਵੈਰ ਭਾਵਨਾ ਨਾਲ ਸਾੜ ਦਿੱਤੇ। 3 ਜੂਨ 1984 ਵਾਲੇ ਦਿਨ ਪੀਲੀਆਂ ਪੱਗਾਂ ਅਤੇ ਕ੍ਰਿਪਾਨਾਂ ਵਾਲੇ ਦੋ ਸਿੰਘ ਬਟਾਲੇ ਦੇ ਬੱਸ ਅੱਡੇ ਤੋਂ ਉਤਰੇ ਤਾਂ ਉਨਾਂ ਨੂੰ ਫੌਜੀਆਂ ਨੇ ਕ੍ਰਿਪਾਨਾਂ ਲਾਹੁਣ ਲਈ ਕਿਹਾ ਪਰ ਉਨਾਂ ਕ੍ਰਿਪਾਨਾਂ ਲਾਹੁਣ ਤੋਂ ਇਨਕਾਰ ਕਰ ਦਿੱਤਾ। ਉਸੇ ਵੇਲੇ ਫੌਜੀਆਂ ਨੇ ਉਨਾਂ ਨੂੰ ਗੋਲੀ ਨਾਲ ਉਡਾ ਦਿੱਤਾ। ਇਕ ਨਿਹੰਗ ਸਿੰਘ ਨੂੰ ਗੁਮਟਾਲਾ ਜੇਲ ਦੇ ਲਾਗੇ ਇਸ ਲਈ ਗੋਲੀ ਨਾਲ ਮਾਰ ਦਿੱਤਾ ਗਿਆ ਕਿਉਂਕਿ ਉਸ ਨੇ ਕ੍ਰਿਪਾਨ ਦੇਣ ਤੋਂ ਇਨਕਾਰ ਕੀਤਾ ਸੀ। ਇਕ ਤਿਆਰ ਬਰ ਤਿਆਰ ਸਿੰਘ ਕਿੱਤਿਆਂ (ਸ੍ਰੀ ਅੰਮ੍ਰਿਤਸਰ ਦਾ ਇਕ ਇਲਾਕਾ) ਵਿਚ ਆਪਣੇ ਮਕਾਨ ਦੀ ਛੱਤ ਦੇ ਖੜਾ ਸੀ। ਉਸ ਨੂੰ ਫੌਜੀਆਂ ਨੇ ਇਸ ਲਈ ਗੋਲੀ ਨਾਲ ਮਾਰ ਦਿੱਤਾ ਕਿਉਂਕਿ ਉਸ ਨੇ ਪੀਲੀ ਪੱਗ ਬੰਨੀ ਹੋਈ ਸੀ।

5. ਤਿੰਨ ਜੁਲਾਈ ਵਾਲੇ ਦਿਨ ਜ਼ਿਲਾ ਕਚਹਿਰੀ ਸ੍ਰੀ ਅੰਮ੍ਰਿਤਸਰ ਦੇ ਡਾਕਟਰ ਕਿਚਲੂ ਵਾਲੇ ਗੋਲ ਚੱਕਰ ਦੇ ਲਾਗੇ ਇਕ ਕਾਲੀ ਪੱਗ ਤੇ ਕ੍ਰਿਪਾਨ ਵਾਲਾ 25 ਕੁ ਸਾਲਾਂ ਦੀ ਉਮਰ ਦਾ ਸਿੰਘ ਜਾ ਰਿਹਾ ਸੀ ਇਸ ਪਾਸੇ ਤੋਂ ਫੌਜੀਆਂ ਦੀ ਜੀਪ ਆ ਗਈ ਉਸ ਸਿੰਘ ਨੂੰ ਹੱਥਕੜੀ ਲਾ ਕੇ ਲੈ ਗਏ, ਉਸ ਪਾਸ ਕੁਝ ਨਹੀਂ ਨਿਕਲਿਆ ਸੀ। ਜਿਸ ਵੇਲੇ ਫੌਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਟੌਹੜਾ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚੋਂ ਗ੍ਰਿਫਤਾਰ ਕਰਨ ਗਏ ਤਾਂ ਇਕ ਫੌਜੀ ਸਿਗਰਟ ਪੀ ਰਿਹਾ ਸੀ। ਸਰਦਾਰ ਟੌਹੜਾ ਨੇ ਉਸ ਨੂੰ ਕਿਹਾ ਕਿ ਤੂੰ ਸਿਗਰਟ ਨਾ ਪੀ ਤਾਂ ਉਸ ਫੌਜੀ ਨੇ ਕਿਹਾ ਕਿ ਚਲ ਉਏ ਬੁੱਢੇ, ਚੁੱਪ ਕਰ ਨਹੀਂ ਤਾਂ ਗੋਲੀ ਮਾਰ ਦਿਆਂਗਾ। ਸਰਦਾਰ ਟੌਹੜਾ ਨੇ ਕਿਹਾ ਕਿ ਮੈਂ ਇਥੋਂ ਦਾ ਪ੍ਰਧਾਨ ਹਾਂ ਤਾਂ ਫੌਜੀ ਚੁੱਪ ਕਰ ਗਏ।

6. ਸ੍ਰੀ ਦਰਬਾਰ ਸਾਹਿਬ ਮੁਕਤਸਰ ਵਿਚ ਸਾਰੇ ਸੇਵਾਦਾਰ ਕੱਢ ਕੇ ਸਰੋਵਰ ਦੀ ਪਰਿਕਰਮਾ ਵਿਚ ਧੁੱਪ ਵਿਚ ਮੂਧੇ ਲੰਮੇ ਪਾਏ ਗਏ ਜਿਨਾਂ ਨੂੰ ਬੁਰੀ ਤਰਾਂ ਕੁਟਿਆ ਗਿਆ। ਉਨਾਂ ਵਿਚੋਂ ਇਕ ਮਰ ਗਿਆ। ਪਿੰਡਾਂ ਵਿਚੋਂ ਉਹ ਮੁੰਡੇ ਕੱਢ ਕੇ ਬਾਹਰ ਲਿਆਂਦੇ ਗਏ ਜਿਨਾਂ ਨੇ ਅੰਮ੍ਰਿਤ ਛੱਕਿਆ ਹੋਇਆ ਸੀ ਤੇ ਉਨਾਂ ਨੂੰ ਬਹੁਤ ਕੁੱਟਿਆ ਗਿਆ।

7. ਮੈਂ ਇਹ ਕਹਿਣ ਲਈ ਮਜਬੂਰ ਹਾਂ ਕਿ ਫੌਜ ਨੇ ਇਖਲਾਕੀ ਗਿਰਾਵਟ ਦਾ ਸਬੂਤ ਦਿੱਤਾ ਹੈ ਤੇ ਵੈਰ ਭਾਵਨਾ ਨਾਲ ਇਸ ਤਰਾਂ ਕਾਰਵਾਈ ਕੀਤੀ ਹੈ ਕਿ ਜਿਸ ਤਰਾਂ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣਾ ਹੋਵੇ। ਫੌਜੀ ਐਕਸ਼ਨ ਤੋਂ ਪਿਛੋਂ ਪਿੰਡਾਂ ਵਿਚ ਨੌਜਵਾਨਾਂ ਨੂੰ ਤੰਗ ਕੀਤਾ ਜਾਂਦਾ ਰਿਹਾ ਹੈ। ਉਪਰੋਕਤ ਅਸਲੀਅਤ ਤੋਂ ਇਲਾਵਾ ਕੁਝ ਐਸੀਆਂ ਸ਼ਰਮਨਾਕ ਘਟਨਾਵਾਂ ਬਾਰੇ ਜਾਣਕਾਰੀ ਮਿਲੀ ਹੈ ਜਿਨਾਂ ਨੂੰ ਲਿਖਣ ਲਈ ਤਹਿਜ਼ੀਬ ਆਗਿਆ ਨਹੀਂ ਦਿੰਦੀ।

ਮੈਂ ਅਜਿਹੇ ਹਾਲਾਤ ਦੇਖ ਸੁਣ ਕੇ ਸਰਕਾਰ ਨੂੰ ਆਪਣਾ ਰੋਸ ਪ੍ਰਗਟ ਕਰਨ ਲਈ ਆਪਣਾ 'ਪਦਮਸ਼੍ਰੀ' ਦਾ ਐਵਾਰਡ ਵਾਪਸ ਕਰਦਾ ਹਾਂ।

ਪੂਰਨ ਸਿੰਘ, ਭਗਤ

## ਇਤਿਹਾਸ ਬਾਰੇ ਜਾਣਕਾਰੀ

**ਲੜੀ ਨੰਬਰ-9**



**ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ**

### (ਡਾ. ਭੀਮ ਰਾਓ ਅੰਬੇਦਕਰ)

ਪ੍ਰਸ਼ਨ 1. ਬਾਬਾ ਸਾਹਿਬ ਨੂੰ ਕਿਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ ?
ਭਾਰਤ ਰਤਨ
ਪ੍ਰਸ਼ਨ 2- ਭਾਰਤੀ ਸੰਵਿਧਾਨ ਦੇ ਨਿਰਮਾਤਾ ਸਨ ?
-ਡਾ. ਭੀਮ ਰਾਓ ਅੰਬੇਦਕਰ ।
ਪ੍ਰਸ਼ਨ 3- ਦੇਸ਼ ਦਾ ਪਹਿਲਾ ਕਾਨੂੰਨ ਮੰਤਰੀ ਕੌਣ ਸੀ ?
-ਡਾ. ਅੰਬੇਦਕਰ
ਪ੍ਰਸ਼ਨ 4- ਡਾ. ਭੀਮ ਰਾਓ ਅੰਬੇਦਕਰ ਦਾ ਜਨਮ ਕਦੋਂ 'ਤੇ ਕਿੱਥੇ ਹੋਇਆ ?
ਡਾ. ਭੀਮ ਰਾਓ ਅੰਬੇਦਕਰ ਦਾ ਜਨਮ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੇ ਮਹੂ ਪਿੰਡ 'ਚ ਇਕ ਗਰੀਬ ਪਰਿਵਾਰ ਵਿਚ ਹੋਇਆ ਸੀ।
ਪ੍ਰਸ਼ਨ 5. ਬਾਬਾ ਸਾਹਿਬ ਦੇ ਪਿਤਾ ਦਾ ਕੀ ਨਾਮ ਸੀ ?
-ਰਾਮਜੀ ਮੋਲਾਜੀ ਸਕਪਾਲ ਸਨ।
ਪ੍ਰਸ਼ਨ 6- ਬਾਬਾ ਸਾਹਿਬ ਦੀ ਮਾਤਾ ਦਾ ਨਾਮ ਕੀ ਸੀ ?
-ਭੀਮਾ ਬਾਈ।
ਪ੍ਰਸ਼ਨ 7- ਡਾ. ਭੀਮ ਰਾਓ ਅੰਬੇਦਕਰ ਆਪਣੇ ਮਾਂ-ਬਾਪ ਦੀ ਕਿੰਨਵੀਂ ਸੰਤਾਨ ਸਨ ?
-ਡਾ. ਭੀਮ ਰਾਓ ਅੰਬੇਦਕਰ ਆਪਣੇ ਮਾਂ-ਬਾਪ ਦੀ 14ਵੀਂ ਸੰਤਾਨ ਸਨ।
ਪ੍ਰਸ਼ਨ 8- ਉਨਾਂ ਦੇ ਬਚਪਨ ਦਾ ਨਾਂਮ ਕੀ ਸੀ ?
-ਉਨਾਂ ਦੇ ਬਚਪਨ ਦਾ ਨਾਂ ਰਾਮਜੀ ਸਕਪਾਲ ਸੀ।
ਪ੍ਰਸ਼ਨ 9- ਜਦੋਂ ਬਾਬਾ ਸਾਹਿਬ ਦੀ ਮਾਤਾ ਦੀ ਮੌਤ (1896 ਈ) ਹੋਈ ਉਸ ਸਮੇਂ ਉਨਾਂ ਦੀ ਉਮਰ ਕਿੰਨੀ ਸੀ ?
-5 ਸਾਲ।
ਪ੍ਰਸ਼ਨ 10- ਬਾਬਾ ਸਾਹਿਬ ਕਿਸ ਜਾਤੀ ਦੇ ਨਾਲ ਸੰਬੰਧਿਤ ਸਨ ?
-ਮਹਾਰ ਜਾਤੀ।
ਪ੍ਰਸ਼ਨ 11- ਮਹਾਰ ਜਾਤੀ ਦਾ ਅਰਥ ਕੀ ਹੈ ?
-ਅਛੂਤ (ਹੇਠਲੀ ਸ਼੍ਰੇਣੀ)।
ਪ੍ਰਸ਼ਨ 12- ਭਾਰਤ ਅਤੇ ਹੋਰ ਕਿਤੇ, ਉਸ ਨੂੰ ਅਕਸਰ ਕੀ ਕਿਹਾ ਜਾਂਦਾ ਸੀ ?
-ਭਾਰਤ ਤੇ ਹੋਰ ਕਿਤੇ ਉਨਾਂ ਨੂੰ ਬਾਬਾ ਸਾਹਿਬ ਮਰਾਠੀ ਅਤੇ ਹਿੰਦੀ ਵਿਚ ਭਾਵ 'ਆਦਰਯੋਗ ਪਿਤਾ' ਕਹਿੰਦੇ ਸਨ।
ਪ੍ਰਸ਼ਨ 13- ਵਿਆਹ ਸਮੇਂ ਬਾਬਾ ਸਾਹਿਬ ਦੀ ਉਮਰ ਕਿੰਨੀ ਸੀ ?
-15 ਸਾਲ ।
ਪ੍ਰਸ਼ਨ 14- ਉਨਾਂ ਦਾ ਵਿਆਹ ਕਿਸ ਨਾਲ ਹੋਇਆ ?
-ਰਮਾਬਾਈ ਨਾਲ ।
ਪ੍ਰਸ਼ਨ 15- ਬਾਬਾ ਸਾਹਿਬ ਨੇ ਦਸਵੀਂ ਦੀ ਪ੍ਰੀਖਿਆ ਕਦੋਂ ਪਾਸ ਕੀਤੀ ?
-1907 ।
ਪ੍ਰਸ਼ਨ 116- ਡਾ. ਬੀ.ਆਰ. ਅੰਬੇਡਕਰ ਨੇ ਬੁੱਧ ਧਰਮ ਕਦੋਂ ਅਤੇ ਕਿੱਥੇ ਅਪਣਾਇਆ ?
-14 ਅਕਤੂਬਰ 1956, ਦੀਕਸ਼ਾ ਭੂਮੀ, ਨਾਗਪੁਰ।
ਪ੍ਰਸ਼ਨ17-ਬਾਬਾਸਾਹਿਬਨੇਕਿਹੜੀਸਭਾਦੀਸਥਾਪਨਾਕੀਤੀਸੀ ?
-ਕੇਂਦਰੀ ਸੰਸਥਾ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦੀ ਸਥਾਪਨਾ।
ਪ੍ਰਸ਼ਨ 8- ਦਲਿਤ ਹੱਕਾਂ ਦੀ ਰੱਖਿਆ ਲਈ ਬਾਬਾ ਸਾਹਿਬ ਜੀ ਨੇ ਕਿਹੜੇ ਪੰਜ ਅਖ਼ਬਾਰਾਂ ਦੀ ਸ਼ੁਰੂਆਤ ਕੀਤੀ ?
-ਦਲਿਤ ਹੱਕਾਂ ਦੀ ਰੱਖਿਆ ਲਈ ਬਾਬਾ ਸਾਹਿਬ ਜੀ ਨੇ ਪੰਜ ਅਖਬਾਰ- ਮੂਕਨਾਕ (1920), ਬਹਿਸ਼ੀਕ੍ਰਿਤ ਭਾਰਤ (1924), ਸਮਤਾ (1928), ਜਨਤਾ (1930) ਅਤੇ ਪ੍ਰਬੁੱਧਾ ਭਾਰਤ (1956) ਦੀ ਸ਼ੁਰੂਆਤ ਕੀਤੀ।
ਪ੍ਰਸ਼ਨ 19- ਬਾਬਾ ਸਾਹਿਬ ਦੁਆਰਾ ਵਿਧਾਨ ਸਭਾ ਵਿੱਚ ਮਹਾਰ ਤਨਖਾਹ ਬਿੱਲ ਕਦੋਂ ਪੇਸ਼ ਕੀਤਾ ਗਿਆ ਸੀ ?
-14 ਮਾਰਚ 1929
ਪ੍ਰਸ਼ਨ 20- ਬਾਬਾ ਸਾਹਿਬ ਨੂੰ ਸੰਵਿਧਾਨ ਡਰਾਫਟ ਕਮੇਟੀ ਦਾ ਚੇਅਰਮੈਨ ਕਦੋਂ ਨਿਯੁਕਤ ਕੀਤਾ ਗਿਆ ਸੀ ?
-29 ਅਗਸਤ ਨੂੰ ਸੰਵਿਧਾਨ ਡਰਾਫਟ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ।
ਪ੍ਰਸ਼ਨ 21- ਡਾ. ਬੀ.ਆਰ. ਅੰਬੇਡਕਰ ਦੁਆਰਾ ਲਿਖੀ ਗਈ ਮਹਾਨ ਪੁਸਤਕ ਦਾ ਨਾਮ ਕੀ ਹੈ ?
-ਬੁੱਧ ਅਤੇ ਉਸਦਾ ਧੰਮ।
ਪ੍ਰਸ਼ਨ 22- ਮਹਾਤਮਾ ਗਾਂਧੀ ਦੇ ਜੀਵਨ ਦੀ ਭੀਖ ਮੰਗਣ ਬਾਬਾ ਸਾਹਿਬ ਕੋਲ ਕੌਣ ਆਇਆ ?
-ਕਸਤੂਰਬਾ ਗਾਂਧੀ।
ਪ੍ਰਸ਼ਨ 23- ਡਾ. ਅੰਬੇਦਕਰ ਨੂੰ ਗੋਲਮੇਜ਼ ਕਾਨਫਰੰਸ ਦਾ ਸੱਦਾ ਕਦੋਂ ਮਿਲਿਆ ?
-6 ਅਗਸਤ 1930
ਪ੍ਰਸ਼ਨ 24- ਅੰਬੇਦਕਰ ਨੇ ਕਿੰਨੇ ਦੇਸ਼ਾਂ ਦੇ ਸੰਵਿਧਾਨ ਦੀ ਪੜਾਈ ਕੀਤੀ ਸੀ।
-ਅੰਬੇਡਕਰ ਨੇ 30 ਦੇਸ਼ਾਂ ਦੇ ਸੰਵਿਧਾਨ ਦੀ ਪੜਾਈ ਕੀਤੀ ਸੀ।
ਪ੍ਰਸ਼ਨ 24- ਡਾ. ਅੰਬੇਡਕਰ ਨੇ ਵਕਾਲਤ ਕਿੱਥੋਂ ਸ਼ੁਰੂ ਕੀਤੀ ਸੀ ?
-ਮੁੰਬਈ ਹਾਈ ਕੋਰਟ ਤੋਂ।
ਪ੍ਰਸ਼ਨ 25- ਡਾ. ਅੰਬੇਡਕਰ ਨੇ ਭਾਰਤੀ ਸੰਵਿਧਾਨ ਨੂੰ ਕਿੰਨੇ ਸਮੇਂ ਵਿੱਚ ਲਿਖਿਆ ?
-2 ਸਾਲ 11 ਮਹੀਨੇ 18 ਦਿਨ।
ਪ੍ਰਸ਼ਨ 26- ਬਾਬਾ ਸਾਹਿਬ ਨੇ 1956 ਵਿਚ ਕਿਸ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਸੀ ?
-ਬਾਬਾਸਾਹਿਬਨੇ1956ਵਿਚਧੱਮਾਕ੍ਰਾਂਤੀਦੀਸ਼ੁਰੂਆਤਕੀਤੀਸੀ ?
ਪ੍ਰਸ਼ਨ 27- 'ਚੁੱਪ ਹੀਰੋ' ਮੈਗਜ਼ੀਨ ਕਿਸਨੇ ਕੱਢਿਆ ਸੀ ?
-ਡਾ. ਅੰਬੇਦਕਰ ਨੇ ਮੈਗਜ਼ੀਨ ਕੱਢਿਆ ਸੀ ?
ਪ੍ਰਸ਼ਨ 28-ਬਾਬਾ ਸਾਹਿਬ ਨੇ ਕਿੰਨੇ ਲੋਕਾਂ ਨਾਲ ਬੁੱਧ ਧਰਮ ਅਪਣਾਇਆ ?
-ਲਗਭਗ 10 ਲੱਖ।
ਪ੍ਰਸ਼ਨ 29- ਮੰਨੂੰ ਸਿਮ੍ਰਤੀ ਦਹਿਨ ਦਿਵਸ (ਮਨੂਸਮ੍ਰਿਤੀ ਬਰਨਿੰਗ ਡੇ) ਕਦੋਂ ਮਨਾਇਆਂ ਜਾਂਦਾ ਹੈ ?
-ਹਰ ਸਾਲ 25 ਦਸੰਬਰ ਨੂੰ ਮੰਨੂੰ ਸਿਮ੍ਰਤੀ ਦਹਿਨ ਦਿਵਸ (ਮਨੂਸਮ੍ਰਿਤੀ ਬਰਨਿੰਗ ਡੇ) ਦੇ ਤੌਰ 'ਤੇ ਅੰਬੇਦਕਰਿਤਾਂ ਅਤੇ ਦਲਿਤਾਂ ਦੁਆਰਾ ਮਨਾਇਆ ਜਾਂਦਾ ਹੈ।
ਪ੍ਰਸ਼ਨ 30-ਬਾਬਾ ਸਾਹਿਬ ਦਾ ਪੀ. ਏ. ਕੌਣ ਸੀ ?
-ਨਾਨਕਚੰਦ ਰੱਤੂ।
ਪ੍ਰਸ਼ਨ 3-ਡਾ.ਅੰਬੇਦਕਰ ਨੇ ਕਿਹਾ ਸੰਵਿਧਾਨ ਬਾਰੇ ਕੀ ਕਿਹਾ ਸੀ ?
-'ਮੈਂ ਮਹਿਸੂਸ ਕਰਦਾ ਹਾਂ ਕਿ ਸੰਵਿਧਾਨ ਆਦਰਸ਼, ਲਚਕੀਲਾ ਹੈ ਪਰ ਨਾਲ ਹੀ ਇਹ ਇੰਨਾ ਮਜ਼ਬੂਤ ਹੈ ਕਿ ਦੇਸ਼ ਨੂੰ ਸ਼ਾਂਤੀ ਅਤੇ ਜੰਗ ਦੋਹਾਂ ਸਮੇਂ ਜੋੜ ਕੇ ਰੱਖ ਸਕੇ। ਅਸਲ 'ਚ ਮੈਂ ਕਹਿ ਸਕਦਾ ਹਾਂ ਕਿ ਜੇਕਰ ਕਦੇ ਕੁਝ ਗਲਤ

ਬਾਕੀ ਸਫ਼ਾ 30 'ਤੇ

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਸ਼ਹੀਦੀ

**ਜ਼ੋਰਾਵਰ ਸਿੰਘ ਤਰਸਿੱਕਾ**

ਕੁਰਬਾਨੀ ਵਿੱਚ ਜੀਵਨ ਦਾ ਬੀਜ ਹੁੰਦਾ ਹੈ। ਪਵਿੱਤਰ ਕੁਰਬਾਨੀ ਕੌਮਾਂ ਨੂੰ ਜ਼ਿੰਦਾ ਕਰ ਦਿੰਦੀ ਹੈ। ਅਜੇਹੀ ਕੁਰਬਾਨੀ 'ਸ਼ਹੀਦ' ਹੀ ਕਰ ਸਕਦੇ ਹਨ । ਸ਼ਹੀਦ ਕਿਸਨੂੰ ਕਹਿੰਦੇ ਹਨ ? ਕਿਸੇ ਗੱਲ ਦੇ ਸੱਚੇ ਹੋਣ ਦੀ ਗਵਾਹੀ ਦੇਣ ਵਾਲਾ। ਸੱਚੇ ਆਦਰਸ਼ ਲਈ ਆਪਣੀ ਜਾਨ ਕੁਰਬਾਨ ਕਰ ਦੇਣੀ ਸ਼ਹਾਦਤ ਹੈ । ਸਚਾਈ , ਨੇਕੀ , ਪਰ - ਉਪਕਾਰ ਤੇ ਦੁਖੀਆਂ ਲਈ ਆਪਾ ਵਾਰਨ ਵਾਲੀਆਂ ਉਚੀਆਂ ਸ਼ਖਸੀਅਤਾਂ ਨੂੰ ਸ਼ਹੀਦ ਕਿਹਾ ਜਾਂਦਾ ਹੈ । ਆਮ ਮਨੁੱਖ ਕਿਸੇ ਸ਼ਖਸ ਜਾਂ ਹਕੂਮਤ ਦੇ ਜ਼ੁਲਮ ਨੂੰ ਵੇਖਦੇ ਹਨ । ਕਈ ਡਰ ਦੇ ਕਾਰਨ ਤੇ ਕਈ ਲੋਭ ਕਰਕੇ ਦਬੇ ਰਹਿੰਦੇ ਹਨ । ਕੁਝ ਅੰਦਰੋਂ ਕੁੜਦੇ ਹਨ ਪਰ ਉਨਾਂ ਦੀ ਆਤਮਾ ਇਤਨੀ ਬਲਵਾਨ ਨਹੀਂ ਹੁੰਦੀ ਕਿ ਉਹ ਜ਼ੁਲਮ ਦੇ ਵਿਰੁਧ ਆਵਾਜ਼ ਉਠਾ ਸਕਣ ਜਾਂ ਕਿਸੇ ਆਦਰਸ਼ ਲਈ ਆਪਾ ਵਾਰਨ। ਅਸੀਂ ਜਿਸ ਗੱਲ ਨੂੰ ਅਸੰਭਵ ਸਮਝਦੇ ਹਾਂ, ਸ਼ਹੀਦ ਉਹ ਕਰ ਵਿਖਾਉਂਦੇ ਹਨ। ਇਸੇ ਲਈ ਉਹ ਕੌਮਾਂ ਨੂੰ ਜਿੰਦਾ ਕਰ ਦਿੰਦੇ ਹਨ। ਮਨੁੱਖ ਸਰੀਰ ਓਦੋਂ ਤੱਕ ਜਿਊਂਦਾ ਹੈ ਜਦ ਤੀਕ ਖ਼ੂਨ ਦੀ ਰੌ ਉਸ ਵਿਚ ਜਾਰੀ ਹੈ। ਜਿਸ ਤਰਾਂ ਲਹੂ ਦਾ ਗੇੜ ਸਰੀਰ ਨੂੰ ਜਿੰਦਾ ਰੱਖਦਾ ਹੈ, ਕਿਸੇ ਉੱਚੇ ਆਦਰਸ਼ ਲਈ ਸ਼ਹੀਦਾਂ ਦਾ ਡੁਲਿਆ ਹੋਇਆ ਖ਼ੂਨ ਮੁਲਕਾਂ ਅਤੇ ਕੌਮਾਂ ਨੂੰ ਜਿੰਦਾ ਕਰਦਾ ਹੈ। ਪਵਿਤਰ ਕੁਰਬਾਨੀ ਲੱਖਾਂ ਇਨਸਾਨਾਂ ਦੇ ਮਨ ਦੀ ਮੈਲ ਨੂੰ ਕਟ ਦਿੰਦਾ ਹੈ। ਜਦੋਂ ਹਕੂਮਤ ਜ਼ੁਲਮ ਕਰਦੀ ਹੈ, ਸ਼ਹੀਦ ਆਤਮਾ ਉਸ ਨੂੰ ਸਹਿੰਦੀ ਹੈ । ਹਾਕਮਾਂ ਦਾ ਨਿਸ਼ਚਾ ਹੁੰਦਾ ਹੈ ਕਿ ਫਲਾਨੇ ਆਦਮੀ ਨੂੰ ਮਾਰਨ ਨਾਲ ਉਸ ਦਾ ਆਦਰਸ਼ ਖਤਮ ਹੋ ਜਾਏਗਾ ਪਰ ਇਹ ਕਦੇ ਨਹੀਂ ਹੋਇਆ। ਆਮ ਆਦਮੀ ਜਿਸਮ ਤੋਂ ਪਰੇ ਨਹੀਂ ਵੇਖ ਸਕਦੇ । ਇਸ ਲਈ ਉਹ ਸਮਝਦੇ ਹਨ ਕਿ ਸਰੀਰ ਦੇ ਨਾਸ਼ ਹੋਣ ਨਾਲ ਮਰ ਜਾਈਦਾ ਹੈ । ਯਾਦ ਰੱਖੋ, ਜਿਸ ਤਰਾਂ ਸੂਰਜ ਦੀ ਅਤਿ ਗਰਮੀ ਨਾਲ ਹਵਾ ਵਿਚੋਂ ਪਾਣੀ ਤਾਂ ਸੁਕ ਜਾਂਦਾ ਹੈ ਪਰ ਉਸ ਦੀ ਥਾਂ ਨੂੰ ਮੱਲਣ ਲਈ ਚਹੁੰ ਪਾਸਿਆਂ ਤੋਂ ਹਵਾਵਾਂ ਹਨੇਰੀਆਂ ਦੀ ਸ਼ਕਲ ਵਿਚ ਉਠ ਪੈਂਦੀਆਂ ਹਨ ਜਾਂ ਮੌਨਸੂਨ ਚਲ ਪੈਂਦੀ ਹੈ, ਇਸ ਤਰਾਂ ਪਵਿੱਤਰ ਕੁਰਬਾਨੀ ਤੇ ਸ਼ਹੀਦੀ ਕਈ ਸ਼ਹੀਦ ਪੈਦਾ ਕਰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਇਤਿਹਾਸ ਦੇ ਪਹਿਲੇ ਲਾਸਾਨੀ ਸ਼ਹੀਦ ਹਨ, ਜਿਨਾਂ ਨੇ ਸ਼ਾਂਤਮਈ ਰਹਿੰਦੇ ਹੋਏ ਅਤਿਅੰਤ ਕਸ਼ਟ ਸਹਾਰ ਕੇ ਸ਼ਹਾਦਤ ਪੇਸ਼ ਕੀਤੀ ਹੈ।

ਹੁਣ ਅਸੀਂ ਗੁਰੂ ਜੀ ਦੀ ਸ਼ਹੀਦੀ ਦੇ ਕਾਰਨ ਤੇ ਉਸ ਤੋਂ ਪਹਿਲੇ ਦੇ ਕੁਝ ਵਾਕਿਆਤ ਦਾ ਜ਼ਿਕਰ ਕਰਦੇ ਹਾਂ। ਸਿੱਖ ਇਤਿਹਾਸਕਾਰਾਂ ਨੇ ਸ਼ਹੀਦੀ ਦਾ ਵੱਡਾ ਕਾਰਨ ਚੰਦੂ ਨੂੰ ਦਸਿਆ ਹੈ। ਇਹ ਠੀਕ ਨਹੀਂ। ਜਹਾਂਗੀਰ ਦਾ ਮਜ਼ਬੀ ਤਅੱਸਬ, ਰਾਜਨੀਤਕ ਸੂਬੇ, ਲਾਹੌਰ ਦੇ ਹਾਕਮਾਂ ਦੀਆਂ ਸਾਜ਼ਸ਼ਾਂ, ਪ੍ਰਿਥੀ ਚੰਦ, ਸ਼ੇਖ ਅਹਿਮਦ ਸਰਹਿੰਦੀ ਤੇ ਮਿਹਰਬਾਨ ਦੀਆਂ ਕੁਟਲ ਚਾਲਾਂ ਨੇ ਇਹ ਕਾਰਾ ਵਰਤਾਇਆ।

ਪ੍ਰਿਥੀਚੰਦ ਤੇ ਮਿਹਰਬਾਨ ਗੁਰੂ ਜੀ ਦੇ ਵਿਰੋਧੀ ਸਨ। ਹਕੂਮਤ ਨੇ ਇਨਾਂ ਨੂੰ ਮਾਲਵੇ ਵਿਚ ਕੋਠਾ ਪਿੰਡ ਜੋ ਹੁਣ ਪਟਿਆਲੇ ਵਿਚ ਹੈ, ਜਗੀਰ ਦਿੱਤੀ। ਇਨਾਂ ਨਾਲ ਇਕ ਹੋਰ ਆਦਮੀ ਸ਼ਾਮਲ ਹੋਇਆ, ਜਿਸਦਾ ਨਾਮ ਚੰਦੂ ਸੀ। ਇਹ ਪੰਜਾਬ ਦਾ ਵਸਨੀਕ ਸੀ ਪਰ ਦਿਲੀ ਵਿਚ ਸਰਕਾਰੀ ਨੌਕਰ ਸੀ । ਇਸ ਨੇ ਆਪਣੀ ਲੜਕੀ ਦੇ ਲਈ ਪ੍ਰੋਹਿਤ ਨੂੰ ਭੇਜਿਆ। ਨਾਤਾ ਕਰਨ ਤੇ ਯੋਗ ਵਰ ਦੀ ਤਲਾਸ਼ ਲਈ ਜਿਸ ਨੇ ਅੰਮ੍ਰਿਤਸਰ ਪੁੱਜ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਪਸੰਦ ਕੀਤਾ। ਜਦ ਵਾਪਸ ਜਾ ਕੇ ਉਸ ਨੇ ਚੰਦੂ ਨੂੰ ਦੱਸਿਆ ਤਾਂ ਉਸ ਹੰਕਾਰੀ ਨੇ ਕਿਹਾ- ' ਚੁਬਾਰੇ ਦੀ ਇੱਟ ਮੋਰੀ ਨੂੰ ਲਾਈ ਹੈ। ਇਸ ਗੱਲ ਦਾ ਪਤਾ ਦਿੱਲੀ ਦੀ ਸੰਗਤ ਨੂੰ ਲੱਗਾ। ਉਨਾਂ ਨੇ ਮਹਾਰਾਜ ਨੂੰ ਲਿਖਿਆ ਕਿ ਚੰਦੂ ਦਾ ਰਿਸ਼ਤਾ ਨਹੀਂ ਲੈਣਾ। ਇਸ ਨੇ ਗੁਰੂ ਘਰ ਦੀ ਨਿਰਾਦਰੀ ਕੀਤੀ ਹੈ। ਗੁਰਦੇਵ ਨੇ ਸਵੈਮਾਨ ਦੇ ਕਾਰਨ ਰਿਸ਼ਤਾ ਮੋੜ ਦਿੱਤਾ । ਇਸ ਲਈ ਚੰਦੂ ਦੁਸ਼ਮਣ ਬਣ ਗਿਆ। ਪ੍ਰਿਥੀਏ ਅਤੇ ਚੰਦੂ ਦੋਹਾਂ ਨੇ ਮਿਲਕੇ ਦਿੱਲੀਓਂ ਸੁਲਹੀ ਖਾਂ ਨੂੰ ਚੜਾ ਲਿਆਂਦਾ । ਇਕ ਦਿਨ ਪ੍ਰਿਥੀ ਚੰਦ ਤੇ ਸੁਲਾਹੀ ਕੋਠੇ ਪਿੰਡ ਦੇ ਪਾਸ ਸ਼ਿਕਾਰ ਖੇਡਣ ਗਏ, ਸੁਲਹੀ ਦਾ ਘੋੜਾ ਤਬਕ ਜਾਣ ਨਾਲ ਉਹ ਆਵੇ ਵਿਚ ਡਿੱਗ ਪਿਆ ਤੇ ਸੜ ਕੇ ਮਰ ਗਿਆ। ਬਾਣੀ ਵਿਚ ਆਇਆ ਹੈ, 'ਸੁਲਹੀ ਹੋਇ ਮੂਆ ਨਾਪਾਕੁ'। ਇਸ ਤੋਂ ਬਾਅਦ ਸੁਲਹੀ ਖਾਂ ਦਾ ਭਤੀਜਾ ਸੁਲਬੀ ਖਾਂ ਪੰਜਾਬ 'ਚ ਆਇਆ । ਚੰਦੂ ਨੇ ਉਸਨੂੰ ਭੀ ਪ੍ਰੇਰਨਾ ਕੀਤੀ ਕਿ ਗੁਰੂ ਜੀ ਨੂੰ ਗ੍ਰਿਫਤਾਰ ਕਰ ਲਵੇ। ਉਹ ਬਿਆਸ ਦੇ ਕੰਢੇ ਉਤਰਿਆ ਸੀ ਕਿ ਤਨਖ਼ਾਹ ਤੋਂ ਇਕ ਸਯਦ ਨਾਲ ਝਗੜਾ ਹੋਣ ਕਰਕੇ ਮਾਰਿਆ ਗਿਆ । ਗੁਰੂ ਜੀ ਤਕ ਨਾ ਸੁਲਹੀ ਪਹੁੰਚਿਆ ਨਾ ਹੀ ਸੁਲਬੀ ਪਹੁੰਚ ਸਕਿਆ । ਗੁਰੂ ਜੀ ਦੀ ਸ਼ਹੀਦੀ ਦਾ ਕੌਣ ਜ਼ਿੰਮੇਵਾਰ ਹੈ ? ਇਤਿਹਾਸ ਇਸ ਦਾ ਉਤਰ ਦਿੰਦਾ ਹੈ ਕਿ ਚੰਦੂ ਤਾਂ ਇਕ ਮਾਮੂਲੀ ਕਾਰਿੰਦਾ ਸੀ । ਜੋ ਕੁਝ ਹੋਇਆ ਬਾਦਸ਼ਾਹ ਦੇ ਹੁਕਮ ਨਾਲ ਹੋਇਆ। ਅਕਬਰ ਦੇ ਸਬੰਧ ਸਤਿਗੁਰਾਂ ਨਾਲ ਚੰਗੇ ਰਹੇ, ਉਸ ਦੀ ਮੌਤ ਦੇ ਬਾਅਦ 24 ਅਕਤੂਬਰ 1605 ਨੂੰ ਜਹਾਂਗੀਰ ਗੱਦੀ ਤੇ ਬੈਠਾ । ਅਕਬਰ ਇਸਨੂੰ ਦਿਲੋਂ ਨਹੀਂ ਸੀ ਚਾਹੁੰਦਾ। ਕਿਉਂਕਿ ਉਸ ਦੇ ਜਿਊਂਦਿਆਂ ਹੀ ਜਹਾਂਗੀਰ ਨੇ ਬਗਾਵਤ ਕੀਤੀ ਤੇ ਅਬੁਲਫ਼ਜ਼ਲ ਵਰਗੇ ਦਰਬਾਰੀ ਨੂੰ ਮਰਵਾਇਆ ਸੀ। ਦਰਬਾਰੀਆਂ ਵਿਚ ਇਕ ਖਾਸ ਧੜਾ ਜਹਾਂਗੀਰ ਦੇ ਵਿਰੁਧ ਸੀ । ਅਕਬਰ ਆਪਣੇ ਪੋਤਰੇ ਖੁਸਰੋ (ਜਹਾਂਗੀਰ ਦੇ ਪੁਤਰ) ਤੇ ਪ੍ਰਸੰਨ ਸੀ । ਕੁਝ ਦਰਬਾਰੀ ਭੀ ਇਸਦੇ ਹਮਾਇਤੀ ਸਨ । ਜਦ ਜਹਾਂਗੀਰ ਗੱਦੀ ਉਤੇ ਬੈਠ ਗਿਆ ਤਾਂ ਖੁਸਰੋ ਨੇ ਬਗਾਵਤ ਕਰ ਦਿੱਤੀ। ਉਹ ਆਗਰੇ ਦੇ ਕਿਲੇ ਵਿਚੋਂ ਨਿਕਲ ਕੇ ਮਥਰਾ ਪੁਜਿਆ। ਉਥੋਂ ਹਸਨ ਬੇਗ ਫੌਜਦਾਰ ਨੂੰ ਲੈ ਕੇ ਉਹ ਦਿੱਲੀ ਤੇ ਪੰਜਾਬ ਵੱਲ ਵਧਿਆ ਤੇ ਗੋਇੰਦਵਾਲ ਦਾ ਪੱਤਣ ਲੰਘ ਕੇ ਗੁਰੂ ਜੀ ਨੂੰ ਤਰਨ ਤਾਰਨ ਆ ਕੇ ਮਿਲਿਆ। ਮਹਾਰਾਜ ਨੇ ਅੱਤਿਥੀ ਤੇ ਦੀਨ ਦੁਖੀ ਸਮਝ ਕੇ ਉਸ ਦੀ ਸੇਵਾ ਕੀਤੀ, ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ :-

ਥਾਂ ਬਡਾ ਦੁਖੀ ਤਾਂ ਦੇਖ ਦਿਆਲ ਗੁਰ ਪਰ ਭਈ ਆਫ਼ਤ । ਕਰੀ ਜ਼ਿਆਫ਼ਤ ।

ਖੁਸਰੋ ਤਰਨ ਤਾਰਨ ਤੋਂ ਹੁੰਦਾ ਲਾਹੌਰ ਪੁੱਜਾ। ਜਹਾਂਗੀਰ ਇਸ ਦੇ ਪਿਛੇ ਫੌਜ ਲੈ ਕੇ ਆ ਰਿਹਾ ਸੀ, ਇਸ ਲਈ ਉਹ ਅੱਗੇ ਨੂੰ ਚੱਲ ਪਿਆ। ਮਗਰੋਂ ਜਹਾਂਗੀਰ ਭੀ ਸਰਾਂ ਕਾਜ਼ੀ, ਸੁਲਤਾਨਪੁਰ, ਗੋਇੰਦਵਾਲ, ਤਰਨ ਤਾਰਨ ਤੋਂ ਹੁੰਦਾ ਲਾਹੌਰ ਪੁਜ ਗਿਆ। ਬਾਗੀ ਖੁਸਰੋ ਝਨਾਂ ਦੇ ਕੰਢੇ ਫੜਿਆ ਗਿਆ ਤੇ ਸਾਥੀਆਂ ਸਮੇਤ ਲਾਹੌਰ ਲਿਆਂਦਾ ਗਿਆ। ਇਸ ਦਾ ਸਾਥੀ ਹੁਸੈਨ ਬੇਗ ਤੇ ਅਬਦੁਲ ਨੂੰ ਮਰਵਾਇਆ ਗਿਆ। ਰਹਿਮਾਨ ਨੂੰ ਖੋਤੇ ਅਤੇ ਗਊ ਦੇ ਕੱਚੇ ਚਮੜੇ ਵਿਚ ਮੜ ਕੇ ਕਾਜ਼ੀਆਂ, ਮੌਲਵੀਆਂ ਤੇ ਦਰਬਾਰੀਆਂ ਦੀ ਸਾਜ਼ਿਸ਼ ਦਾ ਸ਼ਿਕਾਰ ਕੀਤਾ ਗਿਆ, ਤਅੱਸਬ ਅਤੇ ਰਾਜਨੀਤਕ ਸ਼ੱਕਾਂ ਦੇ ਬਿਨਾਂ ਜਹਾਂਗੀਰ ਨੇ ਲਾਹੌਰੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕੀਤਾ।

(ਚਲਦਾ...)

# ਅੱਖੀਂ ਦੇਖਿਆ ਤੇ ਹੰਡਾਇਆ ਜੂਨ 1984 : 1 ਜੂਨ 1984

**ਭਾਗ 1**



**ਬਾਬਾ ਮੁਖਤਿਆਰ ਸਿੰਘ**

ਜਿਸ ਨੂੰ ਦਾਸ ਨੇ ਬਹੁਤ ਹੀ ਨੇੜੇ ਤੋਂ ਅੱਖੀਂ ਦੇਖਿਆ ਅਤੇ ਆਪਣੇ ਸਰੀਰ ਤੇ ਪੰਜ ਸਾਲਾਂ ਦਾ ਵੱਖੋ ਵੱਖਰੀਆਂ ਜੇਲਾਂ ਵਿੱਚ ਹੰਡਾਇਆ ਜ਼ੁਲਮ।

ਅੱਜ 37 ਸਾਲ ਦਾ ਲੰਮਾ ਸਮਾਂ ਬੀਤਣ ਤੋਂ ਬਾਅਦ ਵੀ ਸਿੱਖ ਕੌਮ ਨੂੰ ਕਿਸੇ ਵੀ ਸਰਕਾਰ ਵੱਲੋਂ ਅਤੇ ਜਾਂ ਲੋਕਤੰਤਰ ਇੰਨਸਾਫ ਦਾ ਹੋਕਾ ਦੇਣ ਵਾਲੀ ਕਿਸੇ ਵੀ ਪਾਰਟੀ ਵੱਲੋਂ ਕੋਈ ਇੰਨਸਾਫ ਨਹੀਂ ਮਿਲਿਆ, ਆਖਰ ਕਿਉਂ ?

ਪੁਲਿਸ-ਸੀ.ਆਰ.ਪੀ.ਅਤੇ ਬੀ.ਐਸ.ਐਫ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸ੍ਰੀ ਅੰਮ੍ਰਿਤਸਰ ਨੂੰ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਘੇਰਾ ਪਾਇਆ ਹੋਇਆ ਸੀ।

ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਲੰਗਰ ਦੇ ਨੇੜੇ ਉਦਾਸੀ ਸਾਧੂਆਂ ਦਾ ਅਖਾੜਾ ਬ੍ਰਹਮ ਬੂਟਾ ਹੈ, ਉਸ ਸਮੇਂ ਬਾਲਾਨੰਦ ਅਖਾੜੇ ਤੱਕ, ਸੀ.ਆਰ.ਪੀ. ਅਤੇ ਬੀ.ਐਸ.ਐਫ. ਦੀਆਂ ਫੋਰਸਾਂ ਆਈਆਂ ਹੋਈਆਂ ਸਨ, ਜਿਨਾਂ ਨੇ ਖੋਚੀ ਬਜ਼ਾਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਸਾਰੀਆਂ ਉੱਚੀਆਂ ਉੱਚੀਆਂ ਇਮਾਰਤਾਂ ਉੱਤੇ ਮੋਰਚਾਬੰਦੀ ਕੀਤੀ ਹੋਈ ਸੀ।ਇਨਾਂ ਫੋਰਸਾਂ ਨੇ ਪਹਿਲਾਂ ਵੀ 17 ਫ਼ਰਵਰੀ 984 ਨੂੰ ਸ੍ਰੀ ਦਰਬਾਰ ਸਾਹਿਬ 'ਤੇ ਗੋਲੀ ਚਲਾਈ ਸੀ।

1 ਜੂਨ ਵਾਲੇ ਦਿਨ ਵੀ ਰੋਜ਼ਾਨਾ ਦੀ ਤਰਾਂ ਸਿੱਖ ਸੰਗਤਾਂ ਦਰਬਾਰ ਸਾਹਿਬ ਵਿਖੇ ਦਰਸ਼ਨਾਂ ਲਈ ਆ-ਜਾ ਰਹੀਆਂ ਸਨ। ਸ਼੍ਰੀਮਾਨ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਵੀ ਆਪਣੇ ਜਥੇ ਦੇ ਸਿੰਘਾਂ ਸਮੇਤ ਉਸ ਦਿਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਲੰਗਰ ਦੀ ਉੱਤਲੀ ਛੱਤ ਉੱਤੇ ਸਿੱਖ ਸੰਗਤਾਂ ਨਾਲ ਰੋਜ਼ਾਨਾ ਦੀ ਤਰਾਂ ਵਿਚਾਰ ਸਾਂਝੇ ਕਰ ਰਿਹੇ ਸਨ।

1 ਜੂਨ 1984 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਵੱਲੋਂ ਆਪਣੇ ਮੁਲਾਜਮਾਂ ਦੇ ਕੁਆਟਰਾਂ ਦੀ ਦੇਖ ਰੇਖ ਕੀਤੀ ਜਾ ਰਹੀ ਸੀ ਅਤੇ ਜੋ ਉਦਾਸੀ ਸਾਧੂਆਂ ਦੇ ਬ੍ਰਹਮ ਬੂਟੇ ਅਖਾੜੇ ਦੇ ਨਾਲ ਲੱਗਦੇ ਸਨ ਜਿੱਥੇ ਇਕ ਮੋਟਾ ਭਾਰਾ ਸੰਗਲ ਵੀ ਲੱਗਾ ਹੁੰਦਾ ਸੀ, ਉਸ ਸੰਗਲ ਵਾਲੀ ਜਗਾ ਉੱਤੇ ਕਮੇਟੀ ਆਪਣੇ ਮੁਲਾਜਮਾਂ ਅਤੇ ਸਿੱਖ ਸੰਗਤਾਂ ਦੀ ਹਿਫਾਜਤ ਲਈ ਕੰਧ ਕਰਨ ਲੱਗੀ ਤਾਂ ਉਸ ਸਮੇਂ ਪੁਲਿਸ, ਸੀ.ਆਰ.ਪੀ. ਵਾਲਿਆਂ ਨੇ ਕੰਧ ਕਰਨ ਤੋਂ ਰੋਕ ਦਿੱਤਾ ਅਤੇ ਕਿਹਾ ਕਿ ਤੁਹਾਨੂੰ ਇੱਥੇ ਕੰਧ ਨਹੀਂ ਕਰਨ ਦਿੱਤੀ ਜਾਵੇਗੀ ਅਤੇ ਸੀ. ਆਰ. ਪੀ. ਪੁਲਿਸ ਨੇ ਧੱਕੇ ਨਾਲ ਕੰਧ ਕਰਨ ਤੋਂ ਰੋਕਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜ਼ਿੰਮੇਵਾਰ ਮੁਲਾਜ਼ਮਾਂ ਨੇ ਪੁਲਿਸ ਦੇ ਅਫਸਰਾਂ ਨੂੰ ਕਿਹਾ ਕਿ ਅਸੀਂ ਤਾਂ ਗੁਰੂ-ਘਰ ਦੇ ਕੰਪਲੈਕਸ ਵਾਲੀ ਜਗਾ ਉੱਤੇ ਹੀ ਇਹ ਕੰਧ ਕਰ ਰਹੇ ਹਾਂ। ਸਾਨੂੰ ਕਿਉਂ ਰੋਕਿਆ ਜਾ ਰਿਹਾ ਹੈ, ਪਰ ਉਸ ਸਮੇਂ ਸਰਕਾਰ ਦੇ ਉਨਾਂ ਪੁਲਿਸ ਅਫਸਰਾਂ ਨੇ ਇਸ ਗੱਲ-ਬਾਤ ਨੂੰ ਸਿਰਫ ਇੱਕ ਬਹਾਨਾ ਹੀ ਬਣਾਇਆ ਸੀ। ਜਦੋਂ ਕਿ ਸਰਕਾਰ ਦੇ ਮਨਸੂਬਿਆਂ ਤੋਂ ਇਹ ਸਾਫ਼ ਪਤਾ ਲੱਗਦਾ ਸੀ ਕਿ ਪੁਲਿਸ ਹਮਲਾ ਕਰਕੇ ਇਹ ਪਤਾ ਕਰਨਾ ਚਹੁੰਦੀ ਹੈ ਕਿ ਸਿੰਘਾਂ ਵੱਲੋਂ ਬਣਾਏ ਗਏ ਕੁੱਝ ਮੋਰਚਿਆਂ ਬਾਰੇ ਪਤਾ ਲੱਗ ਸਕੇ ਅਤੇ ਇਹ ਵੀ ਪਤਾ ਲੱਗ ਸਕੇ ਕਿ ਇਨਾਂ ਕੋਲ ਕਿਹੜੇ ਕਿਹੜੇ ਹਥਿਆਰ ਹਨ। ਇਹ ਸਭ ਕੁੱਝ ਪਤਾ ਕਰਨ ਲਈ ਸੀ.ਆਰ.ਪੀ. ਅਤੇ ਬੀ.ਐਸ.ਐਫ. ਦੇ ਅਫਸਰਾਂ ਨੇ ਇੱਕ ਕੰਧ ਦੇ ਬਹਾਨੇ ਨੂੰ ਲੈ ਕੇ ਹੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਉਸ ਸਮੇਂ ਭਾਵੇਂ ਪਹਿਲਾਂ 19 ਜੁਲਾਈ 1982 ਨੂੰ ਇਹ ਮੋਰਚਾ ਗ੍ਰਿਫਤਾਰ ਕੀਤੇ ਗਏ ਆਲ ਇੰਡੀਆ ਸਿੱਖ ਸਟੂਡੈਂਟ ਫਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਜੀ ਅਤੇ ਦਮਦਮੀ ਟਕਸਾਲ ਦੇ ਹੈੱਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤੇ ਦੇ ਜਥੇਦਾਰ ਬਾਬਾ ਠਾਰਾ ਸਿੰਘ ਜੀ ਦੀ ਰਿਹਾਈ ਵਾਸਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਲਾਇਆ ਸੀ।

ਪਰ 4 ਅਗਸਤ 11982 ਨੂੰ ਸਮੁੱਚੀ ਸਿੱਖ ਕੌਮ ਵੱਲੋਂ ਆਪੁਣੇ ਬਣਦੇ ਹੱਕਾਂ ਦੀ ਪ੍ਰਾਪਤੀ ਵਾਸਤੇ ਅਤੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਵਾਉਣ ਲਈ ਸਾਰੀਆਂ ਸਿੱਖ ਜਥੇਬੰਦੀਆਂ ਨੇ ਮਿਲਕੇ ਜੋ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਧਰਮ ਯੁੱਧ ਮੋਰਚੇ ਦੇ ਰੂਪ ਵਿੱਚ ਚਲ ਰਿਹਾ ਸੀ, ਜਿਸ ਵਿੱਚ ਰੋਜ਼ਾਨਾ ਹੀ ਵੱਡੀ ਗਿਣਤੀ ਵਿੱਚ ਗ੍ਰਿਫਤਾਰੀਆਂ ਦੇਣ ਲਈ ਸਿੱਖ ਸੰਗਤਾਂ ਵੱਡੇ ਵੱਡੇ ਜੱਥੇ ਲੈ ਕੇ ਆਉਂਦੀਆਂ ਸਨ, ਸਮੇਂ ਦੀ ਸਰਕਾਰ ਨੇ ਸਿੱਖਾਂ ਦੀਆਂ ਬਣਦੀਆਂ ਹੱਕੀ ਮੰਗਾਂ ਤਾਂ ਕੀ ਦੇਣੀਆਂ ਸਨ, ਉਲਟਾ ਸਿੱਖ ਕੌਮ ਨੂੰ ਹੀ ਖਤਮ ਕਰਨ ਦੇ ਲਈ ਆਪਣੇ ਮਾੜੇ ਮਨਸੂਬਿਆਂ ਅਨੁਸਾਰ ਸੱਚ-ਖੰਡ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰ ਦਿੱਤਾ।

1 ਜੂਨ 1984 ਦਿਨ ਸ਼ੁੱਕਰਵਾਰ ਨੂੰ ਦੁਪਹਿਰ 12.30 ਵਜੇ ਗੋਲੀਆਂ ਚਲਾ ਕੇ ਸੱਚ-ਖੰਡ ਸ੍ਰੀ ਦਰਬਾਰ ਸਾਹਿਬ 'ਤੇ ਉਸ ਸਾਕੇ ਨੂੰ ਮੁੜ ਦੋਹਰਾਲ ਦਿੱਤਾ ਜੋ 222 ਸਾਲ, ਪਹਿਲਾਂ ਮੁਗਲੀਆ ਹਮਲਾਵਰ ਅਹਿਮਦ ਸ਼ਾਹ ਅਬਦਾਲੀ ਨੇ ਹਮਲਾ ਕਰਕੇ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ



ਅਤੇ ਸਿੱਖ ਕੌਮ ਦਾ ਕਤਲੇਆਮ ਕੀਤਾ ਸੀ। ਅਹਿਮਦ ਸ਼ਾਹ ਅਬਦਾਲੀ ਤਾਂ ਭਾਵੇਂ ਇੱਕ ਵਿਦੇਸ਼ੀ ਹਮਲਾਵਰ ਸੀ, ਸਿੱਖ ਕੌਮ ਅਤੇ ਖਾਲਸਾ ਪੰਥ ਨੇ ਉਸ ਨੂੰ ਵੀ ਮੂੰਹ ਤੋੜ ਜਵਾਬ ਦਿੱਤਾ। ਪਰ ਦੁੱਖ ਅਤੇ ਅਫਸੋਸ ਤਾਂ ਇਸ ਗੱਲ ਦਾ ਕਿ ਜਿਸ ਸਿੱਖ ਕੌਮ ਨੇ ਆਪਣੇ ਦੇਸ਼ ਪੰਜਾਬ ਦਾ ਰਾਜ-ਭਾਗ ਛੱਡ ਕੇ ਭਾਰਤ ਦੇਸ਼ ਨੂੰ ਅਜਾਦ ਕਰਵਾਉਣ ਲਈ 90% ਮਹਾਨ ਕੁਰਬਾਨੀਆਂ ਦਿੱਤੀਆਂ ਸਨ, ਅੱਜ ਉਸੇ ਦੇਸ਼ ਦੀ ਪੁਲਿਸ, ਸੀ ਆਰ ਪੀ ਅਤੇ ਬੀ.ਐਸ.ਐਫ, ਨੇ ਹਮਲਾ ਕਰ ਦਿੱਤਾ। ਜਿਹੜਾ ਅਸਥਾਨ ਸਰਬ-ਸਾਂਝੀਵਾਲਤਾ ਦਾ ਸਮੁੱਚੀ ਮਾਨਵਤਾ ਨੂੰ ਸੰਦੇਸ਼ ਅਤੇ ਉਪਦੇਸ਼ ਦਿੰਦਾ ਹੈ, ਵਿਖੇ 1 ਜੂਨ 84 ਨੂੰ ਲਗਾਤਾਰ ਸ਼ਾਮ ਦੇ 8 ਵਜੇ ਤੱਕ ਸਿੱਖ ਸੰਗਤਾਂ ਉੱਤੇ ਮੀਂਹ ਵਾਂਗ ਸਿੱਧੀਆਂ ਗੋਲੀਆਂ ਚਲਾਈਆਂ ਗਈਆਂ।

ਜਿਥੇ ਸ੍ਰੀ ਦਰਬਾਰ ਸਾਹਿਬ ਜੀ ਦੀ ਯਾਤਰਾ ਕਰਨ ਲਈ ਆਈਆਂ ਸਿੱਖ ਸੰਗਤਾਂ ਵਿੱਚ ਕਿਸੇ ਵੀ ਯਾਤਰੂ, ਬੀਬੀਆਂ, ਬੱਚਿਆਂ, ਬਜ਼ੁਰਗਾਂ ਨੂੰ ਵੀ ਨਹੀਂ ਬਖਸ਼ਿਆ ਗਿਆ ਅਤੇ ਇਸ ਕੀਤੇ ਗਏ ਹਮਲੇ ਵਿੱਚ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਵੀ ਗੋਲੀਆਂ ਦੇ ਬ੍ਰਸਟ ਮਾਰੇ ਗਏ ਅਤੇ ਸ੍ਰੀ ਅਕਾਲ ਤਖਤ ਸਾਹਿਬ, ਗੁਰੂ ਰਾਮਦਾਸ ਲੰਗਰ, ਬਾਬਾ ਅਟੱਲ, ਮੰਜੀ ਸਾਹਿਬ ਦੀਵਾਨ ਹਾਲ ਆਦਿਕ ਉਤੇ ਬਹੁਤ ਭਿਆਨਕ ਮੀਂਹ ਵਾਂਗ ਗੋਲੀਆਂ ਨਾਲ ਚਾਰ ਚੁਫੇਰੇ ਤੋਂ ਹਮਲਾ ਕੀਤਾ ਗਿਆ, ਜਿਸ ਵਿੱਚ ਦਮਦਮੀ ਟਕਸਾਲ ਦੇ ਵਿਦਿਆਰਥੀ ਭਾਈ ਰਾਮ ਸਿੰਘ ਜੀ ਯੂ.ਪੀ. ਵਾਲੇ ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਪਾਵਨ ਅਸਥਾਨ ਕੋਲ ਸ਼ਹੀਦ ਹੋਏ ਅਤੇ ਅਖੰਡ ਕੀਰਤਨੀ ਜਥੇ ਦੇ ਭਾਈ ਮਹਿੰਗਾ ਸਿੰਘ ਜੀ ਬੱਬਰ, ਬਾਬਾ ਅਟੱਲ ਰਾਇ ਜੀ ਦੇ ਅਸਥਾਨ 'ਤੇ ਸ਼ਹੀਦ ਹੋਏ। ਇਸ ਹਮਲੇ ਦੌਰਾਨ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕਰਨ ਆਈਆਂ ਯਾਤਰੂ ਸਿੱਖ ਸੰਗਤਾਂ ਨੂੰ ਵੀ ਸ਼ਹੀਦ ਕੀਤਾ ਗਿਆ। ਇਸ ਹਮਲੇ ਦੌਰਾਨ 11 ਸਿੰਘ ਸ਼ਹੀਦ ਕੀਤੇ ਗਏ ਅਤੇ 25 ਤੋਂ ਵੱਧ ਗੰਭੀਰ ਜ਼ਖ਼ਮੀ ਹੋਏ।

ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਅਤੇ ਜਨਰਲ ਸਰਦਾਰ ਸੁਬੇਗ ਸਿੰਘ ਵੱਲੋਂ ਸਾਰੇ ਸਿੰਘਾਂ ਨੂੰ ਮੋਰਚਿਆਂ ਵਿੱਚ ਜਾਣ ਦਾ ਹੁਕਮ ਭਾਵੇਂ ਦਿੱਤਾ ਗਿਆ ਸੀ, ਪਰ ਨਾਲ ਹੀ ਸਾਰੇ ਸਿੰਘਾਂ ਨੂੰ ਬਹੁਤ ਸਖ਼ਤ ਹਦਾਇਤ ਕੀਤੀ ਗਈ ਸੀ ਕਿ ਜਿੰਨਾ ਚਿਰ ਪੁਲਿਸ ਵਾਲੇ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਨਹੀਂ ਆਉਂਦੇ ਉਨਾ ਚਿਰ ਤੁਸੀਂ ਕਿਸੇ ਵੀ ਸਿੰਘਾਂ ਨੇ ਕੋਈ ਜਵਾਬੀ ਕਾਰਵਾਈ ਨਹੀਂ ਕਰਨੀ ਹੈ। ਜਦੋਂ ਪੁਲਿਸ ਸ੍ਰੀ ਦਰਬਾਰ ਸਾਹਿਬ ਅੰਦਰ ਆ ਜਾਵੇ ਫੇਰ ਕਿਸੇ ਵੀ ਸਿੰਘ ਨੇ ਕੋਈ ਢਿਲ ਵੀ ਨਹੀਂ ਕਰਨੀ, ਲੋਹੇ ਦੇ ਚਣੇ ਚਬਾਉਣੇ ਹਨ। ਉਸ ਸਮੇਂ ਬਾਹਰੋਂ ਹੀ ਮੋਰਚਿਆਂ ਵਿੱਚੋਂ ਪੁਲਿਸ, ਸੀ. ਆਰ. ਪੀ. ਅਤੇ ਬੀ. ਐਸ. ਐਫ. ਲਗਾਤਾਰ ਮੀਂਹ ਵਾਂਗ ਗੋਲੀਆਂ ਚਲਾਉਂਦੀ ਰਹੀ।

ਇਹ ਸਭ ਕੁੱਝ ਮੈਨੂੰ ਸਿਰਫ ਜੂਨ ਦੇ ਮਹੀਨੇ ਵਿੱਚ ਹੀ ਯਾਦ ਨਹੀਂ ਆਉਂਦਾ, ਇਹ ਜ਼ੁਲਮ ਦਾ ਵਰਤਿਆ ਵਰਤਾਰਾ ਘੱਲੂਘਾਰੇ ਦੇ ਰੂਪ ਵਿੱਚ ਹਮੇਸ਼ਾ ਹੀ ਯਾਦ ਰਹਿੰਦਾ ਹੈ।

1984 ਦਾ ਇਹ ਘੱਲੂਘਾਰਾ,
ਸੁਨਹਿਰੀ ਗੁੰਬਦ ਉੱਤੇ ਕਾਲੇ ਧੂੰਏ ਦਾ ਪ੍ਰਛਾਵਾਂ,
ਅੰਮ੍ਰਿਤ ਸਰੋਵਰ ਵਿੱਚ ਲਹੂ ਦੀ ਲਾਲੀ,
ਦੁੱਧ ਚਿੱਟੇ ਸੰਗਮਰਮਰ ਤੇ ਸਰਕਾਰੀ ਬੂਟਾਂ ਦਾ ਖਰੂਦ,
ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਚਲ ਰਿਹਾ ਅਤੁੱਟ ਲੰਗਰ,
ਸਿਮਰਨ ਅਤੇ ਸ਼ਬਦ ਕੀਰਤਨ ਕਦੇ ਰੁਕਿਆ ਵੀ ਸੀ ,
ਕਦੇ ਮੁੱਖ-ਵਾਕ ਤੋਂ ਬਿਨਾਂ ਵੀ ਜਾਗਿਆ ਸੀ ਸਹਿਮਿਆ ਨਗਰ,
ਕੁੱਝ ਗੋਲੀਆਂ ਕੰਧਾਂ ਜਾਂ ਸੀਨਿਆਂ 'ਚ ਨਹੀਂ ਵੱਜਦੀਆਂ
ਚੇਤਿਆਂ 'ਚ ਵੱਜਦੀਆਂ ਹਨ,
ਕੁੱਝ ਧਮਾਕੇ ਜ਼ਹਿਨ 'ਚ ਹੁੰਦੇ ਹਨ,
ਇਤਿਹਾਸ ਜ਼ਖ਼ਮੀ ਹੁੰਦਾ ਹੈ,
ਇਹ ਸਭ ਮੈਨੂੰ ਜੂਨ 'ਚ ਹੀ ਯਾਦ ਨਹੀਂ ਆਉਂਦਾ
ਹਮੇਸ਼ਾ ਯਾਦ ਰਹਿੰਦਾ ਹੈ,

ਚੱਲਦਾ....

# ਧਰਮ ਕੀ ਗਤਿ ਰਹੀ

**ਭਾਗ 2,3**

## ਗਿਆਨੀ ਸੰਤ ਸਿੰਘ ਮਸਕੀਨ ਜੀ

ਜਦ ਪ੍ਰਿਥਵੀ 'ਤੇ ਮਨੁੱਖੀ ਜੀਵਨ ਵਿੱਚ ਲੋਭ ਸਿਖਰ 'ਤੇ ਹੋਵੇ, ਜੈਸਾ ਕਿ ਸਤਿਗੁਰੂ ਜੀ ਫ਼ੁਰਮਾ ਰਹੇ ਨੇ : ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥ (ਆਸਾ ਕੀ ਵਾਰ, ਮ: 1, ਪੰਨਾ 468) ਸੀਮਾ ਤੋਂ ਵਧਿਆ ਹੋਇਆ ਲੋਭ ਇਸ ਵਕਤ ਲੋਕਾਂ ਦੇ ਸਿਰ 'ਤੇ ਅਸਵਾਰ ਹੈ ਔਰ ਇਹ ਲੋਭ ਮਨੁੱਖ ਦੀ ਬਿਰਤੀ ਨੂੰ ਵੈਸ਼ ਬਣਾ ਦਿੰਦਾ ਹੈ ਕਿ ਸਭ ਕੁਛ ਵੇਚਣਾ ਹੈ, ਸਿਰਫ਼ ਮੁੱਲ ਮਿਲਣਾ ਚਾਹੀਦਾ ਹੈ। ਇਕ ਆਲਮ ਦਾ ਕਹਿਣਾ ਹੈ : ਹਵਸ ਕੇ ਬੰਦੇ ਵਫ਼ਾ ਕੋ ਬੇਚ ਦੇਤੇ ਹੈਂ। ਖ਼ੁਦਾ ਦੇ ਘਰ ਕੀ ਕਿਆ ਕਹੀਏ ਖ਼ੁਦਾ ਕੋ ਬੇਚ ਦੇਤੇ ਹੈਂ। ਇਹ ਤਾਂ ਧਰਮ ਨੂੰ ਵੀ ਵੇਚ ਦੇਂਦੇ ਨੇ। ਕਹਿੰਦੇ ਨੇ ਕਿ ਪ੍ਰਿਥਵੀ 'ਤੇ ਸਭ ਤੋਂ ਖ਼ੁਸ਼ਕਿਸਮਤ ਦਿਹਾੜਾ ਉਹ ਸੀ, ਜਦ ਕਿਸੇ ਅਵਤਾਰ ਦਾ ਆਗਮਨ ਹੋਇਆ। ਇਸ ਲੰਬੇ ਚੌੜੇ ਸਮੇਂ ਦੀ ਸ਼੍ਰਿੰਖਲਾ ਵਿੱਚ ਬਸ ਕੁਛ ਹੀ ਦਿਨ ਹੋਏ ਨੇ ਜਦ ਇੱਕ ਅਵਤਾਰੀ ਪੁਰਖ ਦਾ ਆਗਮਨ ਹੋਇਆ। ਮਨੁੱਖੀ ਗੁਲਿਸਤਾਨ ਵਿੱਚ ਇੱਕ ਐਸਾ ਫੁੱਲ ਖਿੜਿਆ, ਜੋ ਗੁਲਿਸਤਾਨ ਦੀ ਸ਼ੋਭਾ ਬਣਿਆ ਔਰ ਜਿਸ ਨੇ ਗੁਲਿਸਤਾਨ ਨੂੰ ਮੁਅੱਤਰ (ਸੁਗੰਧੀ ਭਰਪੂਰ) ਕੀਤਾ। ਇੱਕ ਵਿਦਵਾਨ ਸ਼ਾਇਰ ਦਾ ਕਹਿਣਾ ਹੈ : ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ। ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ। ਕਦੀ-ਕਦਾਈਂ ਮਨੁੱਖਤਾ ਦੇ ਬਗ਼ੀਚੇ ਵਿੱਚ ਐਸਾ ਫੁੱਲ ਖਿੜਦਾ ਹੈ, ਜੋ ਅੱਖਾਂ ਨੂੰ ਠਾਰ ਦਿੰਦਾ ਹੈ, ਮਨੁੱਖਤਾ ਦਾ ਆਧਾਰ ਬਣਦਾ ਹੈ ਔਰ ਸਾਰੇ ਗੁਲਿਸਤਾਨ ਨੂੰ ਮੁਅੱਤਰ ਕਰ ਦਿੰਦਾ ਹੈ, ਬਾਗ਼ੋ ਬਾਗ਼ ਕਰ ਦਿੰਦਾ ਹੈ : ਕੁਛ ਐਸੇ ਭੀ ਸ਼ਗੂਫ਼ੇ ਹੈਂ ਹਮਾਰੇ ਸਿਹਨ ਮੇਂ, ਜਿਨ ਪੇ ਬਹਾਰੇਂ ਨਾਜ਼ ਕਰਤੀ ਹੈਂ।

ਵਾਕਈ ਕੁਝ ਐਸੇ ਫੁੱਲ ਖਿੜੇ ਨੇ, ਜਿਨਾਂ 'ਤੇ ਮਨੁੱਖਤਾ ਮਾਣ ਕਰ ਸਕਦੀ ਹੈ। ਮਨੁੱਖੀ ਇਤਿਹਾਸ ਵਿੱਚ ਅਗਰ ਗੁਰੂ ਨਾਨਕ ਨੂੰ ਕੱਢ ਦੇਈਏ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾ ਹੋਵਣ, ਮਾਨਵਤਾ ਦੇ ਇਤਿਹਾਸ ਵਿੱਚ ਜੇ ਸ਼੍ਰੀ ਕ੍ਰਿਸ਼ਨ ਜੀ ਦੀ ਛਾਪ ਨਹੀਂ, ਰਾਮ ਦੀ ਮਰਿਆਦਾ ਨਹੀਂ, ਮਨੁੱਖੀ ਇਤਿਹਾਸ ਦੇ ਵਿੱਚ ਈਸਾ ਦਾ ਪ੍ਰੇਮ ਨਹੀਂ ਔਰ ਮੁਹੰਮਦ ਸਾਹਿਬ ਦਾ ਭਾਈਚਾਰਾ ਨਹੀਂ, ਧੰਨ ਗੁਰੂ ਨਾਨਕ ਦੇਵ ਜੀ ਦੇ ਸਰਬਤ ਦੇ ਭਲੇ ਦੀ ਭਾਵਨਾ ਨਹੀਂ, ਧੰਨ ਗੁਰੂ ਗੋਬਿੰਦ ਸਿੰਘ ਜੀ ਦਾ ਕਮਜ਼ੋਰ ਦੀ ਬਾਂਹ ਫੜ ਲੈਣ ਦਾ ਜਜ਼ਬਾ ਨਹੀਂ, ਤੋ ਫਿਰ ਮਨੁੱਖੀ ਬਗ਼ੀਚਾ ਕੰਡਿਆਂ ਨਾਲ ਭਰਿਆ ਹੀ ਦਿੱਸੇਗਾ। ਗੁਲ ਨਹੀਂ, ਫੁੱਲ ਨਹੀਂ ਫਿਰ ਤਾਂ ਕੰਡੇ ਹੀ ਕੰਡੇ। ਬਸ ਇਹ ਥੋੜੇ ਹੀ ਫੁੱਲ ਹਨ, ਜਿਸ ਨਾਲ ਮਨੁੱਖੀ ਇਤਿਹਾਸ ਪੁਰ-ਰੌਣਕ ਬਣਿਆ ਹੋਇਆ ਹੈ, ਪੜ੍ਹਨ ਯੋਗ, ਅਨੰਦਮਈ ਬਣਿਆ ਹੋਇਆ ਹੈ।

ਪ੍ਰਿਥਵੀ 'ਤੇ ਉਹ ਖ਼ੁਸ਼ਕਿਸਮਤ ਦਿਹਾੜਾ ਸੀ, ਜਿਸ ਦਿਨ ਗੁਰੂ ਨਾਨਕ ਦਾ ਆਗਮਨ ਹੋਇਆ, ਧੰਨ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਹੋਇਆ, ਰਾਮ ਕ੍ਰਿਸ਼ਨ ਜੈਸੀ ਚੇਤਨਾ ਦਾ ਆਗਮਨ ਹੋਇਆ ਔਰ ਸੰਸਾਰ ਦਾ ਉਹ ਸਭ ਤੋਂ ਬਦਕਿਸਮਤ ਦਿਹਾੜਾ ਸੀ, ਜਦ ਐਸੇ ਮਹਾਂਪੁਰਸ਼ਾਂ ਦੁਆਰਾ ਦਿੱਤਾ ਹੋਇਆ ਗਿਆਨ, ਚਿੰਤਨ, ਧਰਮ, ਸਭ ਕੁਝ ਕਾਰੋਬਾਰ ਬਣ ਗਿਆ, ਧੰਦਾ ਬਣ ਗਿਆ ਔਰ ਐਸਾ ਅਸੀਂ ਦੇਖ ਸਕਦੇ ਹਾਂ-ਬ੍ਰਾਹਮਣ ਪੂਜਾ ਵੇਚ ਰਿਹਾ ਹੈ, ਪਾਠ ਵੇਚਿਆ ਜਾ ਰਿਹਾ ਹੈ। ਮੌਲਵੀ ਆਵਾਜ਼ ਵੇਚ ਰਿਹਾ ਹੈ, ਅਮਾਨਤ ਵੇਚ ਰਿਹਾ ਹੈ ਔਰ ਗੁਰੂ ਘਰਾਣੇ ਵਿੱਚ ਵੇਖੀਏ, ਵਿਕ ਰਿਹਾ ਹੈ ਕੀਰਤਨ, ਵਿਕ ਰਿਹਾ ਹੈ ਪਾਠ। ਬਕਾਇਦਾ ਮੋਲ-ਤੋਲ ਹੁੰਦਾ ਹੈ। ਕਥਾ, ਕੀਰਤਨ, ਪਾਠ ਦਾ ਭਾਉ ਦੱਸਿਆ ਜਾਂਦਾ ਹੈ, ਕੀਮਤ ਦੱਸੀ ਜਾਂਦੀ ਹੈ ਔਰ ਬਕਾਇਦਾ ਕੀਮਤ ਚੁਕਾਈ ਵੀ ਜਾਂਦੀ ਹੈ। ਇਹ ਲੋਕ ਕੀਰਤਨੀਏ ਨਹੀਂ ਬਲਕਿ ਵੈਸ਼ ਹਨ, ਪਾਠੀ, ਕਥਾਵਾਚਕ ਨਹੀਂ, ਵੈਸ਼ ਹਨ।

ਅੱਜ ਪੂਜਾ ਪਾਠ ਕਰਨ ਵਾਲੇ ਪੁਜਾਰੀ ਨਹੀਂ ਮਿਲਣਗੇ, ਪਾਠ ਕਰਨ ਵਾਲੇ ਪਾਠੀ ਨਹੀਂ ਮਿਲਣਗੇ, ਸਭ ਵੈਸ਼ ਨੇ। ਤੇ ਵੈਸ਼ ਦੇ ਨਾਲ ਧਰਮ ਨਹੀਂ ਚੱਲਦਾ ਕਿਉਂਕਿ ਉਹ ਧਰਮ ਨੂੰ ਵੇਚਦਾ ਹੈ। ਔਰ ਜਿਸ ਦਿਨ ਤੋਂ ਪੂਜਾ-ਪਾਠ ਕਰਨ ਵਾਲੇ ਪੁਜਾਰੀ, ਕੀਰਤਨੀਆਂ ਦੀ ਦ੍ਰਿਸ਼ਟੀ ਵਿੱਚ ਧਾਰਮਿਕ ਮੰਦਿਰ, ਕਾਮਨਾਵਾਂ ਦੀ ਪੂਰਤੀ ਦੇ ਅਖਾੜੇ ਬਣ ਗਏ, ਬਾਜ਼ਾਰ, ਮਾਰਕੀਟ ਬਣ ਗਏ। ਇਹ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਗੁਰਦੁਆਰੇ ਆਉਂਦੇ ਹੈ, ਮੰਦਿਰ, ਮਸਜਿਦ ਆਉਂਦੇ ਹੈਂ, ਦੂਸਰਾ ਉਨਾਂ ਦੀਆਂ ਤੇ ਆਪਣੀਆਂ ਕਾਮਨਾਵਾਂ ਨੂੰ ਅੱਗੇ ਰੱਖਦਾ ਹੈ। ਵੈਸ਼ ਸਰੋਤੇ ਵੀ ਨੇ, ਵੈਸ਼ ਵਕਤੇ ਵੀ ਨੇ। ਵੈਸ਼ ਹੀ ਪੁਜਾਰੀ ਨੇ, ਵੈਸ਼ ਹੀ ਧਰਮ ਮੰਦਿਰਾਂ ਵਿੱਚ ਦਰਸ਼ਨ ਕਰਨ ਆਏ ਹੋਏ ਨੇ ਔਰ ਇਸ ਤਰਾਂ ਪ੍ਰਿਥਵੀ ਵੈਸ਼ ਲੋਕਾਂ ਨਾਲ ਭਰਦੀ ਗਈ। ਤਾਂ ਵੈਸ਼ ਦੇ ਨਾਲ ਧਰਮ ਨਹੀਂ ਚੱਲਦਾ- 'ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥'

ਕਈ ਦਫ਼ਾ ਇਕ ਆਮ ਮਨੁੱਖ ਵਿੱਚ ਤਾਂ ਨੈਤਿਕਤਾ ਦੇਖਣ ਨੂੰ ਮਿਲਦੀ ਹੈ, ਪਰ ਪੁਜਾਰੀਆਂ ਦੇ ਵਿੱਚ ਜਾਂ ਕਥਾ-ਕੀਰਤਨ ਕਰਨ ਵਾਲਿਆਂ ਵਿੱਚ ਨਹੀਂ ਮਿਲਦੀ। ਉਸ ਦਾ ਕਾਰਨ, ਕਥਾ ਕਰਨਾ ਇੱਕ ਧੰਦਾ ਹੈ, ਸੌਦਾ ਹੈ, ਜਿਸ ਨੂੰ ਵੇਚਣਾ ਹੈ। ਉਪਜੀਵਕਾ ਤਾਂ ਹਰ ਇੱਕ ਨੇ ਚਲਾਣੀ ਹੈ, ਉਦਰ ਪੂਰਤੀ



ਤਾਂ ਹਰ ਇਕ ਨੇ ਕਰਨੀ ਹੀ ਹੈ ਅਤੇ ਉਦਰ ਪੂਰਤੀ ਹੋ ਹੀ ਜਾਂਦੀ ਹੈ, ਜਗਤ ਦੇ ਜੀਵਾਂ ਨੇ ਤਾਂ ਸਮਝਾਉਣਾ ਹੈ : ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥ (ਮਾਰੂ, ਮ: 4, ਪੰਨਾ 1070) ਲੇਕਿਨ ਪਾਠੀ, ਪੁਜਾਰੀ, ਆਪ ਖ਼ੁਦ ਮੁੱਲ ਭਾਉ ਕਰਦੇ ਹਨ। ਆਪ ਕੀਮਤ ਮੰਗਣੀ, ਕੀਰਤਨ ਦੀ ਤੇ ਪਾਠ ਦੀ। ਜਿਨਾਂ ਕੋਲ ਧਰਮ ਮੰਦਿਰਾਂ ਦਾ ਪ੍ਰਬੰਧਕੀ ਢਾਂਚਾ ਹੈ, ਉਨਾਂ ਦੀ ਦ੍ਰਿਸ਼ਟੀ ਵਿੱਚ ਵੀ ਇਹ ਕੀਰਤਨੀਏ, ਕਥਾ-ਵਾਚਕ, ਪਾਠੀ, ਪੁਜਾਰੀ ਆਦਿ ਮੁਲਾਜ਼ਮ ਨੇ ਬਲਕਿ ਮੁਲਾਜ਼ਮ ਵੀ ਘਟੀਆ ਤੇ ਚੌਥੇ ਦਰਜੇ ਦੇ। ਉਨਾਂ ਦੀ ਅਣਖ ਨੂੰ ਪਨਪਣ ਦਾ ਮੌਕਾ ਹੀ ਨਹੀਂ ਦੇਂਦੇ। ਉਹ ਪ੍ਰਬੰਧਕ ਵੀ ਧਰਮ ਦੇ ਬਾਰੇ ਜਾਣਕਾਰੀ ਨਾ ਰੱਖਦਿਆਂ ਹੋਇਆਂ ਵੀ, ਧਰਮ ਮੰਦਿਰਾਂ ਨੂੰ ਮਾਰਕਿਟ, ਇੱਕ ਬਾਜ਼ਾਰ ਵਾਂਗ ਚਲਾਉਣ ਦੇ ਅਧਿਕਾਰੀ ਹੋ ਜਾਂਦੇ ਹਨ ਕਿਉਂਕਿ ਉਹ ਵੀ ਤਾਂ ਵੈਸ਼ ਹਨ, ਉਨਾਂ ਦੇ ਵੀ ਕੁਝ ਸੁਆਰਥ ਹਨ। ਇਸ ਤਰਾਂ ਵੈਸ਼ ਲੋਕਾਂ ਨਾਲ ਪ੍ਰਿਥਵੀ ਭਰ ਗਈ ਹੈ। ਮੰਦਿਰ, ਮਸਜਿਦ, ਧਾਰਮਿਕ ਸਥਲ ਮਾਰਕੀਟ ਬਣ ਕੇ ਰਹਿ ਗਏ ਹਨ। ਇਨਾਂ ਧਰਮ ਮੰਦਿਰਾਂ ਵਿੱਚ ਕਥਾ-ਕੀਰਤਨ ਦੁਆਰਾ ਲੋਕਾਂ ਦਾ ਇਖ਼ਲਾਕ ਉੱਚਾ ਹੋਣਾ ਚਾਹੀਦਾ ਸੀ, ਮਨੁੱਖਤਾ ਪੈਦਾ ਹੋਣੀ ਚਾਹੀਦੀ ਸੀ, ਪਰਮ-ਅਨੰਦ ਪੈਦਾ ਹੋਣਾ ਚਾਹੀਦਾ ਸੀ, ਪਰ ਹੋਇਆ ਕੀ? ਧਰਮ ਧੰਦਾ ਬਣ ਗਿਆ। ਸੁਰਤਿ ਉੱਚੀ ਕਰਨ ਦਾ ਕੋਈ ਵਸੀਲਾ ਹੀ ਨਾ ਰਿਹਾ ਔਰ ਇਸ ਤਰਾਂ 'ਧਰਮ ਕੀ ਗਤਿ ਰਹੀ ॥', ਧਰਮ ਦਾ ਚੱਲਣਾ ਰੁਕ ਗਿਆ।

ਸ਼ਬਦ 'ਵੈਸ਼' ਹਿੰਦੀ ਦੇ ਸ਼ਬਦ 'ਵੈਸ਼ਿਆ' ਦੇ ਬਹੁਤ ਨੇੜੇ ਹੈ। ਵੈਸ਼ਿਆ, ਜੋ ਪੈਸੇ ਦੀ ਖ਼ਾਤਰ ਆਪਣੀ ਅਸਮਤ (ਆਪਣਾ ਤਨ) ਵੇਚਦੀ ਹੈ, ਵੈਸ਼ ਜੋ ਧਨ ਕਰ ਕੇ ਸਭ ਕੁਝ ਵੇਚਦਾ ਹੈ, ਦੇਸ਼ ਕੌਮ ਵੇਚਦਾ ਹੈ, ਈਮਾਨ ਵੇਚਦਾ ਹੈ, ਕਥਾ ਵੇਚਦਾ ਹੈ, ਕੀਰਤਨ, ਪਾਠ-ਪੂਜਾ ਵੇਚਦਾ ਹੈ, ਸ਼ਰਧਾ ਨੂੰ ਵੇਚਦਾ ਹੈ, ਸਭ ਕੁਝ ਨੂੰ ਵੇਚਦਾ ਹੈ, ਸਿਰਫ਼ ਮੁੱਲ ਮਿਲਣਾ ਚਾਹੀਦਾ ਹੈ : ਹਵਸ ਕੇ ਬੰਦੇ ਵਫ਼ਾ ਕੋ ਬੇਚ ਦੇਤੇ ਹੈਂ। ਖ਼ੁਦਾ ਦੇ ਘਰ ਕੀ ਕਿਆ ਕਹੀਏ ਖ਼ੁਦਾ ਕੋ ਬੇਚ ਦੇਤੇ ਹੈਂ। ਵੈਸ਼ ਮਨੁੱਖਾਂ ਦੇ ਹੱਥ ਵਿੱਚ ਜੇ ਖ਼ੁਦਾ ਵੀ ਆ ਜਾਏ ਤਾਂ ਇਸ ਦੀ ਵੀ ਬੋਲੀ ਲਗਾ ਦੇਣਗੇ, ਇਸ ਦੀ ਵੀ ਕੀਮਤ ਮੰਗਣਗੇ। ਐਸੇ ਮਨੁੱਖਾਂ ਦੇ ਨਾਲ ਧਰਮ ਕੈਸੇ ਚੱਲੇਗਾ ?

ਧੰਦਾ ਤਾਂ ਭਗਤ ਵੀ ਕਰਦੇ ਬਨ। ਸਾਰਾ ਦਿਨ ਖੱਡੀ 'ਤੇ ਬੈਠ ਕੇ ਭਗਤ ਕਬੀਰ ਜੀ ਕੱਪੜਾ ਬੁਣਦੇ ਨੇ। ਚੌਕ ਵਿੱਚ ਬੈਠ ਕੇ ਰਵਿਦਾਸ ਜੀ ਜੁੱਤੀਆਂ ਗੰਢਦੇ ਨੇ, 'ਪਾਣਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ' (ਭਾਈ ਗੁਰਦਾਸ ਜੀ, ਵਾਰ 10 ਪਉੜੀ 17) ਸਾਰਾ ਦਿਨ ਕੱਪੜਿਆਂ ਨੂੰ ਸਿੰਜਦੇ ਹਨ, ਰੰਗਦੇ ਹਨ, ਭਗਤ ਨਾਮਦੇਵ ਜੀ ਮਹਾਰਾਜ, ਪਰ ਐਸੇ ਪਿਆਰੇ ਮਹਾਨ ਮਨੁੱਖਾਂ ਨੇ ਧੰਦੇ ਵਿੱਚ ਵੀ ਧਰਮ ਨੂੰ ਜੋੜੀ ਰੱਖਿਆ। ਸੰਤ ਹੋ, ਭਗਤ ਹੋ, ਆਪ ਜੀ ਦੀ ਪੂਜਾ ਪ੍ਰਤਿਸ਼ਟਾ ਹੈ, ਲਿਹਾਜ਼ਾ ਹੁਣ ਇਹ ਕੱਪੜੇ ਬੁਣਨਾ ਛੋੜ ਦਿਓ। ਕਬੀਰ ਜੀ ਨੇ ਕਿਹਾ ਕਿ ਜਦ ਕੱਪੜੇ ਬੁਣਨਾ ਧਰਮ ਬਣ ਗਿਆ, ਅੱਜ ਛੋੜਣ ਨੂੰ ਕਹਿੰਦੇ ਹੋ। ਹੁਣ ਤਾਂ ਮੈਂ ਸੇਵਾ ਕਰ ਰਿਹਾ ਹਾਂ, ਹੁਣ ਤਾਂ ਮੈਂ ਪ੍ਰਭੂ ਲਈ ਕੱਪੜਾ ਬਣਾ ਰਿਹਾ ਹਾਂ। ਧੰਦੇ ਵਿੱਚ ਵੀ ਸੇਵਾ ਭਾਉ ਆ ਗਿਆ। ਕਿਰਤ, ਕੀਰਤਨ ਬਣ ਗਈ। ਕੋਈ ਤੱਕੜੀ ਤੋਲ ਰਿਹਾ ਹੈ। ਤੱਕੜੀ ਤੋਲਦਿਆਂ ਜਦ ਆਖਿਆ, ਗਿਆਰਾਂ-ਗਿਆਰਾਂ, ਬਾਰਾਂ-ਬਾਰਾਂ, ਤੇਰਾਂ ਆਖਿਆ ਹੀ ਨਹੀਂ। ਸੁਰਤਿ ਜੁੜ ਗਈ ਪ੍ਰਭੂ ਨਾਲ, ਸੁਰਤਿ ਪਰਮਾਤਮਾ ਨਾਲ ਜੁੜ ਗਈ। ਤੱਕੜੀ ਤੋਲਣਾ ਵੀ ਧਰਮ ਬਣ ਗਿਆ।

**ਪਾਰਟ-3**

ਕਿਸੇ ਦਾ ਮਾਲਾ ਫੇਰਨਾ ਵੀ ਤੱਕੜੀ ਤੋਲਣਾ ਹੈ। ਕਿਸੇ ਦਾ ਵਾਹਿਗੁਰੂ ਜਪਣਾ ਵੀ ਤੱਕੜੀ ਤੋਲਣਾ ਹੈ। ਗਿਣਤੀ-ਮਿਣਤੀ ਵਿੱਚ ਪਏ ਰਹਿੰਦੇ ਹਨ-ਇਤਨੇ ਸੌ ਪਾਠ ਕਰ ਲਏ ਹਨ, ਇਤਨੀਆਂ ਮਾਲਾ ਫੇਰ ਲਈਆਂ ਹਨ ਅਤੇ ਇਸ ਢੰਗ ਦੀਆਂ ਕਾਮਨਾਵਾਂ ਦੀ ਪੂਰਤੀ ਹੋਣੀ ਚਾਹੀਦੀ ਹੈ ? ਇਹ ਸਭ ਧਰਮ ਦੇ ਨਾਮ 'ਤੇ ਧੰਦਾ ਚੱਲ ਰਿਹਾ ਹੈ। ਕੋਈ ਵਿਰਲੇ ਬ੍ਰਾਹਮਣ ਤੇ ਪੁਜਾਰੀ ਹੋਣਗੇ, ਕੋਈ ਵਿਰਲੇ ਕਥਾ-ਵਾਚਕ ਤੇ ਕੀਰਤਨੀਏ ਹੋਵਣਗੇ, ਜੋ ਸੇਵਾ ਜਾਣ ਕੇ ਕੀਰਤਨ ਕਰਦੇ ਹੋਵਣ, ਉਪਜੀਵਕਾ ਤਾਂ ਪ੍ਰਭੂ ਨੇ ਚਲਾਣੀ ਹੀ ਹੈ, ਬਸ ਉਨਾਂ ਦਾ ਕੀਰਤਨ ਹੀ ਵਾਸਤਵਿਕ ਕੀਰਤਨ ਹੁੰਦਾ ਹੈ, ਨਹੀਂ ਕੀਰਤਨ ਕਾਰੋਬਾਰੀ ਹੈ। ਵਾਜਾ : ਸੁਰ ਵਿੱਚ ਕਰ ਲਿਆ, ਤਬਲ: ਸੁਰ ਵਿੱਚ ਕਰ ਲਿਆ, ਪਰ ਉਨਾਂ ਦਾ ਆਪਣਾ ਮਨ, ਆਪਣੀ ਜ਼ਿੰਦਗੀ; ਸੁਰ ਵਿੱਚ ਨਹੀਂ ਹੈ। ਬੇ-ਸੁਰੇ ਮਨ ਨਾਲ ਇਸ ਵਾਜੇ ਦੀ ਸੁਰ ਨੂੰ ਆਪਣੀ ਕੰਠ ਦੀ ਸੁਰ ਨਾਲ ਰਲਾ ਕੇ ਤੇ ਗਾਇਨ ਕਰ ਕੇ ਕੀਰਤਨ ਕਰ ਰਹੇ ਹਨ। ਜਿਸ ਦੇ ਜੀਵਨ ਦਾ ਸੁਰ : ਸ਼ਰਧਾ ਨਹੀਂ ਹੈ, ਜਿਸ ਵਿੱਚ ਮਨ ਦਾ ਤਾਲ : ਭਗਤੀ ਨਹੀਂ ਹੈ, ਭਾਵਨਾ ਨਹੀਂ ਹੈ, ਭਲਾ ਉਹ ਕੀਰਤਨ : ਭਾਵਨਾ ਭਰਪੂਰ ਕਿਸ ਤਰਾਂ ਹੋਇਆ ? ਉਹ ਸੰਸਾਰ ਹੀ ਕਿਰਤ ਹੋ ਜਾਂਦਾ ਹੈ। ਬਹੁਤ ਸਾਰਾ ਕੀਰਤਨ, ਕੀਰਤਨ ਨਹੀਂ ਹੁੰਦਾ ਹੈ-ਕਿਰਤ ਹੈ, ਧੰਦਾ ਹੈ। ਬਹੁਤ ਸਾਰੀਆਂ ਕੀਤੀਆਂ ਜਾ ਰਹੀਆਂ ਕਥਾਵਾਂ, ਕਥਾਵਾਂ ਨਹੀਂ : ਧੰਦਾ ਬਣ ਕੇ ਰਹਿ ਜਾਂਦੀਆਂ ਹਨ। ਜਿਸ ਗੱਲ ਨੂੰ ਆਖ ਕੇ ਕਥਾ-ਵਾਚਕ ਨੂੰ ਸਵੈਮ : ਆਪਣੇ ਆਪ ਨੂੰ ਸੁਆਦ ਨਾ ਆਇਆ, ਰਸ ਨਹੀਂ ਆਇਆ, ਉਸ ਦੀ ਵਿਚਾਰ ਸੁਣ ਕੇ ਕਿਸੇ ਨੂੰ ਵੀ ਰਸ ਨਹੀਂ ਆਵੇਗਾ। ਕੀਰਤਨ ਕਰ ਕੇ, ਖ਼ੁਦ ਜਿਸ ਨੂੰ ਰਸ ਨਹੀਂ ਆਇਆ, ਸਰੋਤੇ ਦਾ ਹਿਰਦਾ ਵੀ ਨਹੀਂ ਜੁੜੇਗਾ। ਕਬੀਰ ਜੀ ਤਾਂ ਇਥੋਂ ਤੱਕ ਕਹਿੰਦੇ ਨੇ : ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥ (ਸੋਰਠਿ, ਬਾਬਾ ਕਬੀਰ, ਪੰਨਾ 656)

ਹਿਰਦੇ ਵਿੱਚ ਕਪਟ ਰੱਖ ਕੇ, ਮੁਖ ਨਾਲ ਗਿਆਨ ਦੀਆਂ ਗੱਲਾਂ ਕਰਨੀਆਂ, ਇਹ ਤਾਂ ਪਾਣੀ ਨੂੰ ਰਿੜਕਣ ਵਾਲੀ ਗੱਲ ਹੈ, ਇਸ ਤਰਾਂ ਕਰਨ ਨਾਲ ਮੱਖਣ ਦੀ ਪ੍ਰਾਪਤੀ ਕਿੱਥੋਂ ਹੋ ਜਾਏਗੀ : ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥ ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ (ਸਲੋਕ, ਬਾਬਾ ਕਬੀਰ, ਪੰਨਾ 1369)

ਪਰਮਾਤਮਾ ਦੀ ਗੱਲ ਦੂਜੇ ਨੂੰ ਸੁਣਾ ਰਹੇ ਹੋ, ਆਪਣੇ ਲਈ ਨਹੀਂ ਹੈ। ਇਹ ਤਾਂ ਆਪਣੇ ਮੂੰਹ ਵਿੱਚੋਂ ਮਿੱਟੀ ਕੱਢ ਕੇ ਦੂਜੇ ਦੇ ਕੰਨਾਂ ਵਿੱਚ ਪਾਈ ਜਾ ਰਹੀ ਹੈ। ਜੇ ਦਿਲ ਮੋਮ ਵਰਗਾ ਨਹੀਂ ਹੋਇਆ ਤਾਂ ਮੌਲਵੀ ਕਿਸ ਗੱਲ ਦਾ। ਜੇ ਬ੍ਰਹਮ ਦਾ ਚਿੰਤਨ ਹੀ ਨਹੀਂ ਤਾਂ ਬ੍ਰਾਹਮਣ ਕੈਸਾ, ਇਹ ਪੁਜਾਰੀ ਕੈਸਾ ? ਧੰਨ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ-ਸਾਰੀ ਸ੍ਰਿਸ਼ਟੀ ਇੱਕੋ ਹੀ ਵਰਣ ਹੋ ਗਈ ਹੈ- ਵੈਸ਼। ਇਹ ਤਾਂ ਕੇਵਲ ਵੇਚਣ ਦੀ ਭਾਸ਼ਾ ਜਾਣਦੀ ਹੈ। ਕੀਮਤ ਮਿਲਣੀ ਚਾਹੀਦੀ ਹੈ। ਗਿਆਨ ਵਿੱਚ ਰਿਹਾ ਹੈ, ਕਥਾ, ਕੀਰਤਨ ਪੂਜਾ-ਪਾਠ ਵਿਕ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਇਨਾਂ ਦੇ ਹੱਥ ਵਿੱਚ ਪ੍ਰਮਾਤਮਾ ਨਹੀਂ ਆਇਆ, ਨਹੀਂ ਤਾਂ ਇਹ ਉਸ ਨੂੰ ਵੀ ਵੇਚ ਕੇ ਰੱਖ ਦੇਣ। ਵਾਕਈ ਜਿਸ ਕਥਾ ਵਿੱਚ ਪ੍ਰਮਾਤਮਾ ਹੀ ਨਹੀਂ, ਉਹ ਕਥਾ ਪਰਮਾਤਮਾ ਦੀ ਕੈਸੀ ਹੋਈ ? ਜਿਸ ਕੀਰਤਨ ਵਿੱਚ ਪ੍ਰਮਾਤਮਾ ਦੀ ਕੀਰਤੀ ਨਹੀਂ, ਪਰਮ ਰਸ ਹੀ ਨਹੀਂ, ਉਹ ਪ੍ਰਮਾਤਮਾ ਦਾ ਕੀਰਤਨ ਕੈਸੇ ਹੋਇਆ ? ਜਿਸ ਪੂਜਾ ਦੇ ਵਿੱਚ ਨਿਛਾਵਰ ਹੋਣ ਦੀ ਬਿਰਤੀ ਹੀ ਨਹੀਂ, ਉਹ ਪੂਜਾ ਕਿਵੇਂ ਹੋ ਗਈ ? ਜਿਸ ਪਾਠ ਵਿੱਚ ਅਧਿਆਤਮਕ ਤਰੰਗ ਹੀ ਨਹੀਂ, ਉਹ ਪਾਠ, ਪਾਠ ਕਿਵੇਂ ਹੋ ਗਿਆ ? ਵੈਸ਼; ਪਾਠ ਨਹੀਂ ਕਰ ਸਕਦਾ, ਵੈਸ਼; ਕਥਾ-ਕੀਰਤਨ ਨਹੀਂ ਕਰ ਸਕਦਾ, ਉਹ ਇਸ ਸਭ ਨੂੰ ਦੁਕਾਨਦਾਰ ਦੀ ਤਰਾਂ ਵੇਚ ਸਕਦਾ ਹੈ ਔਰ ਇਹ ਬੜੇ ਸੋਹਣੇ ਢੰਗ ਨਾਲ ਕਥਾ ਵੇਚ ਰਹੇ ਹਨ। ਕੀਰਤਨੀਏ, ਕੀਰਤਨ ਵੇਚ ਰਹੇ ਹਨ, ਪੁਜਾਰੀ ਪੂਜਾ ਵੇਚ ਰਹੇ ਹਨ ਅਤੇ ਇਸੇ ਤਰਾਂ ਪਾਠੀ, ਪਾਠ ਵੇਚ ਰਹੇ ਹਨ। ਗਤੀ ਤਾਂ ਰਹਿ ਗਈ, ਰੁਕ ਗਈ। ਧਾਰਮਿਕ ਮੰਦਿਰ : ਬਾਜ਼ਾਰ ਬਣ ਕੇ ਰਹਿ ਗਏ ਹਨ। ਧੰਨ ਗੁਰੂ ਨਾਨਕ ਦੇਵ ਜੀ ਦੇ ਇਹ ਬੋਲ : ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥ ਸਾਰੀ ਸ੍ਰਿਸ਼ਟੀ ਇੱਕੋ ਹੀ ਵਰਣ ਹੋ ਗਈ ਹੈ, ਧਰਮ ਨਹੀਂ ਚੱਲ ਰਿਹਾ, ਧਰਮ ਦੀ ਗਤੀ ਨਹੀਂ ਰਹੀ।

ਜੇ ਕਿਧਰੇ ਕੀਰਤਨੀਆਂ ਦਿਲ ਦੀ ਗਹਿਰਾਈ ਵਿੱਚੋਂ ਕੀਰਤਨ ਕਰੇ : ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥1॥ ਰਹਾਉ ॥ (ਰਾਮਕਲੀ, ਮ: 5, ਪੰਨਾ 885) ਐਸੇ ਕੀਰਤਨੀਏ ਤੋਂ ਪ੍ਰਮਾਤਮਾ ਵੀ ਨਿਛਾਵਰ ਹੁੰਦਾ ਹੈ। ਧਨ ਵੀ ਉਸ ਤੋਂ ਨਿਛਾਵਰ ਹੁੰਦਾ ਹੈ, ਪਦਾਰਥ ਵੀ ਉਸ ਦੇ ਕਦਮਾਂ 'ਚ ਰੁਲਣਗੇ ਲੇਕਿਨ ਜਿਸ ਦੇ ਕੀਰਤਨ ਵਿੱਚ ਮਾਇਆ ਦਾ ਧੰਦਾ ਹੈ, ਰਾਮ ਉਸ ਦੇ ਹੱਥ ਨਹੀਂ ਆਵੇਗਾ, ਮਾਇਆ ਵੀ ਉਸ ਦੇ ਹੱਥ ਨਹੀਂ ਆਵੇਗੀ। ਐਸਾ ਹੋ ਸਕਦਾ ਹੈ ਔਰ ਏਹੀ ਗੱਲ ਹੈ ਕਿ ਧਰਮ ਦੀ ਗੱਲ ਅਲਾਪਣ ਵਾਲੇ ਵੀ ਬੇਚੈਨ, ਬੇਜ਼ਾਰ (ਰੁਦਨ) ਤੇ ਦੁਖੀ ਨੇ। ਇੱਕ ਆਮ ਮਨੁੱਖ ਕੋਲ ਜਿਹੜੀ ਨੈਤਿਕਤਾ ਹੁੰਦੀ ਹੈ, ਉਹ ਇਨਾਂ ਵਿੱਚ ਦੇਖਣ ਨੂੰ ਵੀ ਨਹੀਂ ਮਿਲਦੀ। ਪ੍ਰਭੂ ਰਹਿਮਤ ਕਰਨ, ਵੈਸ਼ ਦੇ ਨਾਲ ਅਗਰ ਧਰਮ ਚੱਲੇ ਤਾਂ ਵੈਸ਼ ਫਿਰ ਵੈਸ਼ ਨਹੀਂ ਰਹਿ ਜਾਂਦਾ, ਬ੍ਰਾਹਮਣ ਹੋ ਜਾਂਦਾ ਹੈ ਔਰ ਬ੍ਰਾਹਮਣ ਦੇ ਨਾਲ ਧਰਮ ਚੱਲਦਾ ਹੈ, ਪੁਜਾਰੀ, ਕੀਰਤਨੀਏ ਦੇ ਨਾਲ ਧਰਮ ਚੱਲਦਾ ਹੈ, ਕਥਾ-ਵਾਚਕ ਦੇ ਨਾਲ ਧਰਮ ਚੱਲਦਾ ਹੈ, ਪਰ ਜੇ ਬਿਰਤੀ ਵੈਸ਼ ਹੈ, ਵਰਣ ਵੈਸ਼ ਹੈ ਤਾਂ ਧਰਮ ਕਾਰੋਬਾਰ ਹੋਵੇਗਾ, ਧੰਦਾ ਹੋਵੇਗਾ ਔਰ ਕਾਰੋਬਾਰ ਦੀ ਬੇਈਮਾਨੀ, ਕਾਰੋਬਾਰ ਦੀ ਹੇਰਾ-ਫੇਰੀ ਤੇ ਧੰਦੇ ਦਾ ਥੋੜਾ ਬਹੁਤ ਝੂਠ, ਧਰਮ ਵਿੱਚ ਵੀ ਆ ਜਾਏਗਾ। ਸਰੋਤੇ ਗਾਹਕ ਹੋਵਣਗੇ ਅਤੇ ਉਹ ਖ਼ੁਦ ਧਰਮ ਨੂੰ ਵੇਚਣ ਵਾਲੇ ਹੋਵਣਗੇ, ਵਸਤੂ ਜਾਣ ਕੇ। ਤਾਂ ਇਸ ਤਰਾਂ ਕਾਰੋਬਾਰ ਵਿੱਚ ਜੋ ਥੋੜਾ ਬਹੁਤ ਉਤਾਰ ਚੜਾਉ ਹੁੰਦਾ ਹੈ, ਜੋ ਥੋੜਾ ਬਹੁਤ ਝੂਠ ਹੁੰਦਾ ਹੈ ਜਾਂ ਧੰਦੇ ਵਿੱਚ ਜਿਹੜੀ ਬੇਈਮਾਨੀ ਹੁੰਦੀ ਹੈ, ਉਹ ਧਰਮ ਵਿੱਚ ਵੀ ਆ ਜਾਵੇਗੀ ਅਤੇ ਵਿਆਪਕ ਪੱਧਰ 'ਤੇ ਆ ਚੁੱਕੀ ਹੈ।

ਜੇਕਰ ਤੁਸੀਂ ਧਾਰਮਿਕ ਮੁਖੀਆਂ ਨੂੰ ਥੋੜਾ ਜਿਹਾ ਵੀ ਉਘਾੜ ਕੇ ਵੇਖੋਗੇ ਤਾਂ ਵੈਸ਼ ਦੇ ਦਰਸ਼ਨ ਹੋਣਗੇ, ਬ੍ਰਾਹਮਣ ਦੇ ਨਹੀਂ। ਵੈਸ਼ ਦੇ ਦਰਸ਼ਨ ਹੋਣਗੇ, ਖੱਤਰੀ ਸੂਰਬੀਰ ਦੇ ਨਹੀਂ। ਵੈਸ਼ ਦੇ ਹੀ ਦਰਸ਼ਨ ਹੋਣਗੇ, ਸ਼ੂਦਰ ਦੇ ਨਹੀਂ। ਦੇਖਣ ਵਿੱਚ ਆਇਆ ਹੈ ਕਿ ਕੀਤੀ ਜਾ ਰਹੀ ਸੇਵਾ ਵੀ ਕਾਮਨਾਵਾਂ ਨਾਲ ਭਰਪੂਰ ਹੈ। ਕੋਈ ਸੂਰਬੀਰ ਨਹੀਂ ਰਹਿ ਗਏ, ਸਭ ਵੇਚਣ ਵਾਲੇ ਹੀ ਮਿਲਣਗੇ ਬਲਕਿ ਆਪਣੀ ਸੂਰਬੀਰਤਾ ਨੂੰ ਵੇਚਣ ਵਾਲੇ ਹੀ ਹਨ, ਕਿਸੇ ਕਮਜ਼ੋਰ ਦੀ ਬਾਂਹ ਫੜ ਕੇ ਸਹਾਰਾ ਬਣਨ ਵਾਲੇ ਨਹੀਂ। ਇਹ ਸੂਰਬੀਰ ਦੇਸ਼ ਦੀ ਰਖਸ਼ਾ ਕਰਨ ਵਾਲੇ ਨਹੀਂ, ਬਲਕਿ ਦੇਸ਼ ਦੇ ਰਾਜ਼ ਵੇਚਣ ਵਾਲੇ ਹੀ ਮਿਲਣਗੇ ਕਿਉਂਕਿ ਐਸਾ ਅਸੀਂ ਦੇਖ ਰਹੇ ਹਾਂ।

ਵੈਸ਼ : ਦੇਸ਼ ਭਗਤ ਵੀ ਨਹੀਂ ਹੋ ਸਕਦਾ ਤੇ ਨਾ ਹੀ ਕੌਮਪ੍ਰਸਤ ਹੋ ਸਕਦਾ ਹੈ। ਵੈਸ਼ : ਆਪਣਾ ਹਿਰਦਾ ਸੱਖਣਾ ਰੱਖਦਾ ਹੈ। ਪ੍ਰਭੂ-ਭਗਤੀ ਇਸ ਪਾਸੋਂ ਕਿੱਥੋਂ ਨਸੀਬ ਹੋ ਸਕਦੀ ਹੈ, ਵੈਸ਼ ਦਾ ਹਿਰਦਾ ਖ਼ਾਲੀ ਹੁੰਦਾ ਹੈ। ਇਸ ਦੇ ਹਿਰਦੇ ਵਿੱਚ ਸਦੀਵੀ ਖ਼ਲਾਅ ਰਹਿੰਦਾ ਹੈ, ਇਸ ਦੇ ਹਿਰਦੇ ਦੀ ਸੇਜ ਖ਼ਾਲੀ ਰਹਿੰਦੀ ਹੈ। ਵੈਸ਼ : ਸੋਨੇ ਦੇ ਨਾਂ 'ਤੇ ਲੰਕਾਂ ਦਾ ਰਾਵਣ, ਝੋਲੀ ਵਿੱਚ ਮਿੱਟੀ ਪਾਉਂਦਾ ਹੈ। ਹੀਰਿਆਂ ਦੀ ਥਾਂ 'ਤੇ ਝੋਲੀ ਵਿੱਚ ਕੰਕਰ ਪਾਉਂਦਾ ਹੈ ਲੇਕਿਨ ਕੰਕਰ ਸਜਾ ਕੇ ਰੱਖੇ ਹੋਏ ਨੇ, ਇਸ ਕਰ ਕੇ ਇਨਾਂ ਦਾ ਥੋੜਾ ਬਹੁਤਾ ਸਨਮਾਨ ਹੋ ਜਾਂਦਾ ਹੈ। ਸਰੋਤਿਆਂ ਦੀ ਦ੍ਰਿਸ਼ਟੀ ਵਿੱਚ, ਜੋ ਸਮਝ ਲੈਂਦੇ ਹਨ ਕਿ ਐਸੇ ਹੀਰੇ ਹਨ, ਭਗਤ ਹਨ ਅਤੇ ਇਹ ਸੰਤ ਹਨ, ਪਰ ਬੜੇ ਵੱਡੇ-ਵੱਡੇ ਐਸੇ ਸੰਤ, ਸੰਗਤਾਂ ਨੂੰ ਕਾਰੋਬਾਰੀ ਬਿਰਤੀਆਂ ਤੋਂ ਇਲਾਵਾ, ਹੋਰ ਕੁਝ ਨਹੀਂ ਰੱਖਣਗੇ। ਬੜੇ ਧਨਾਢ ਲੋਕਾਂ ਦੇ ਉਨਾਂ ਕੋਲ ਪਤੇ ਹੋਣਗੇ, ਉਨਾਂ ਕੋਲ ਠਹਿਰਣਗੇ, ਉਹ ਉਨਾਂ ਦੀ ਹੀ ਆਉ ਭਗਤ ਕਬੂਲ ਕਰਨਗੇ, ਬਾਕੀ ਕਿਸੇ ਹੋਰ ਨੂੰ ਮੱਥੇ ਲਾਉਣ ਨੂੰ ਵੀ ਰਾਜ਼ੀ ਨਹੀਂ ਹੋਣਗੇ। ਬੜੇ ਬੜੇ ਡੇਰੇ, ਧਾਰਮਿਕ ਮੰਦਿਰ ਤੇ ਇਨਾਂ ਨੂੰ ਚਲਾਉਣ ਵਾਲੇ, ਬਸ ਕਾਰੋਬਾਰੀ ਅਦਾਰੇ ਬਣ ਕੇ ਹੀ ਰਹਿ ਗਏ ਹਨ।

ਸਤਿਗੁਰ ਜੀ ਦਇਆ ਦੇ ਘਰ ਵਿੱਚ ਆਵਣ, ਰਹਿਮਤ ਕਰਨ ਤੇ ਅਸੀਂ ਸਾਰੇ ਰਲ਼ ਕੇ ਸਾਰੇ ਸੰਸਾਰ ਨੂੰ ਹਰੀ-ਮੰਦਿਰ ਬਣਾ ਸਕੀਏ। ਸਤਿਗੁਰੂ ਜੀ ਸਾਨੂੰ ਸਭਨਾਂ ਨੂੰ ਐਸੀ ਯੋਗਤਾ, ਐਸੀ ਤਾਕਤ, ਐਸੀ ਸਮਰੱਥਾ ਬਖ਼ਸ਼ਣ, ਅਸੀਂ ਸੰਸਾਰ ਨੂੰ ਖ਼ਾਨਾ-ਏ-ਪੇਸ਼ਾ ਬਣਾ ਸਕੀਏ।

ਮੈਂ ਖ਼ੁਦ ਇਸ ਪੈਸ਼ੇ ਵਿੱਚ ਰਿਹਾ ਹਾਂ ਅਤੇ ਅੱਜ ਇਸੇ ਪੇਸ਼ੇ ਵਿੱਚ ਹਾਂ। ਮੈਂ ਆਪਣੇ ਅਨੁਭਵ ਸਾਂਝੇ ਕਰ ਰਿਹਾ ਹਾਂ, ਆਪਣੇ ਆਪ ਨੂੰ ਵੱਖ ਨਹੀਂ ਕਰ ਰਿਹਾ। ਇਸ ਬਿਰਤੀ ਨੇ ਹਮੇਸ਼ਾ ਰਸਾਤਲ ਵਿੱਚ ਰੱਖਿਐ, ਰਸਾਤਲ ਦੀਆਂ ਠੋਕਰਾਂ ਖਾ ਕੇ ਇਹ ਖ਼ਿਆਲ ਬਣੇ ਹਨ, ਇਹ ਸੋਚਣੀ ਬਣੀ ਹੈ। ਇਸ ਸੋਚਣੀ ਤੋਂ ਮੇਰੇ ਹਮ-ਪੇਸ਼ਾ, ਪੁਜਾਰੀ ਤਬਕਾ, ਮੌਲਵੀ ਤਬਕਾ ਔਰ ਸਾਰੇ ਉਹ ਲੋਕ, ਜਿਨਾਂ ਨੇ ਧਰਮ ਚਲਾਉਣ ਦਾ ਕੰਮ ਆਪਣੇ ਜ਼ੁੰਮੇ ਲਿਆ ਹੋਇਆ ਹੈ, ਸਤਿਗੁਰੂ ਜੀ ਉਨਾਂ ਦੇ ਅੰਦਰ ਸ਼ਰਧਾ, ਪ੍ਰੇਮ ਤੇ ਭਾਵਨਾ ਪੈਦਾ ਕਰਨ ਤੇ ਉਹ ਕਥਾ, ਕੀਰਤਨ ਦੀ ਭੇਟਾ ਲੈਣ, ਮੁੱਲ ਨਹੀਂ।

# ਅਜਨਬੀ

## ਕਿਸ਼ਤ-1



**ਲੇਖਕ : ਆਲਬੇਅਰ ਕਾਮੂ**



**ਅਨੁਵਾਦ : ਮਹਿੰਦਰ ਬੇਦੀ, ਜੈਤੋ**

1957 ਵਿਚ ਨੋਬਲ ਪੁਰਸਕਾਰ ਨਾਲ ਸਨਮਾਨਤ ਸੰਸਾਰ ਪ੍ਰਸਿੱਧ ਕਥਾਕਾਰ ਆਲਬੇਅਰ ਕਾਮੂ ਦਾ ਜਨਮ 7 ਨਵੰਬਰ, 1913 ਨੂੰ ਫਰਾਂਸ ਦੇ ਮੌਜੂਦਾ ਉਪਨਿਵੇਸ਼ ਅਲਜੀਰੀਆ (ਅਫ਼ਰੀਕਾ) ਦੇ ਮਾਂਡੋਵੀ ਨਗਰ ਵਿਚ ਹੋਇਆ ਤੇ ਸਿੱਖਿਆ ਦੀ ਸ਼ੁਰੂਆਤ ਅਲਜੀਰੀਆ ਦੀ ਰਾਜਧਾਨੀ ਅਲਜੀਯਰਸ ਵਿਚ ਹੋਈ। ਉਨਾਂ ਨੂੰ ਅਧਿਐਨ ਤੇ ਲਿਖਣ ਦੇ ਇਲਾਵਾ ਖੇਡ-ਕੁੱਦ ਤੇ ਥਿਏਟਰ ਵਿਚ ਵਿਸ਼ੇਸ਼ ਦਿਲਚਸਪੀ ਸੀ।

27 ਸਾਲ ਦੀ ਉਮਰ ਵਿਚ ਤਪੇਦਿਕ ਦੇ ਸ਼ਿਕਾਰ ਹੋ ਗਏ: ਰੋਗ ਮੁਕਤ ਹੋਣ ਪਿੱਛੋਂ ਰੋਜ਼ੀ-ਰੋਟੀ ਲਈ ਤਰਾਂ-ਤਰਾਂ ਦੇ ਕੰਮ-ਧੰਦੇ ਕੀਤੇ। ਕੁਝ ਪਰਚਿਆਂ ਦਾ ਸੰਪਾਦਨ ਵੀ ਕੀਤਾ। 1940 ਵਿਚ ਵਿਆਹ ਹੋਇਆ। ਇਸੇ ਸਾਲ ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਪੱਕੀ ਰਹਾਇਸ਼ ਕਰ ਲਈ। ਪਹਿਲੀ ਸੰਸਾਰ ਜੰਗ ਦੇ ਪ੍ਰਭਾਵ ਵਿਚ ਪਲੇ। ਦੂਜੀ ਸੰਸਾਰ ਜੰਗ ਨੂੰ ਪ੍ਰਤੱਖ ਦੇਖਿਆ ਤੇ ਉਸਦੇ ਪ੍ਰਭਾਵਾਂ ਦਾ ਤਿੱਖਾ ਅਨੁਭਵ ਹੋਇਆ। ਗ੍ਰੀਕ ਦਰਸ਼ਨ, ਕ੍ਰਿਸ਼ਚਿਯਨਿਟੀ ਤੇ ਅਲਜੀਰੀਆ ਤੇ ਯੂਰਪ ਦੀ ਸੰਸਕ੍ਰਿਤੀ ਤੋਂ ਕਾਫੀ ਪ੍ਰਭਾਵਿਤ ਹੋਏ। ਉਹਨਾਂ ਦੀਆਂ ਲਿਖਤਾਂ ਵਿਚ ਅਧਰਮ, ਨਾਸਤਿਕਤਾ, ਮੌਤ ਤੇ ਮਨੁੱਖੀ ਦੁਖਾਂਤ ਦਾ ਅਰਥ ਭਰਪੂਰ ਚਿੱਤਰਨ ਦੇਖਣ ਨੂੰ ਮਿਲਦਾ ਹੈ। 4 ਜਨਵਰੀ 11960 ਨੂੰ ਸਿਰਫ਼ 47 ਸਾਲ ਦੀ ਉਮਰ ਵਿਚ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ।

ਪੁਸਤਕਾਂ : ਲਾ ਪੇਸਟ, ਲਾ ਸ਼ੂਟ, ਲੇ ਜਸਟਿਸ, ਲ'ਹੋਮ ਰਿਵੋਲਟੇ, ਤੇ ਲ'ਆਰਟ।

ਹੱਥਲੀ ਪੁਸਤਕ ਓਪਰਾ ਆਦਮੀ ਉਨਾਂ ਦੀ ਰਚਨਾ ਅਤ੍ਰੇਂਜਰ ਦੇ ਰਾਜੇਂਦਰ ਯਾਦਵ ਹੁਰਾਂ ਦੇ ਹਿੰਦੀ ਅਨੁਵਾਦ 'ਅਜਨਬੀ' ਦਾ ਪੰਜਾਬੀ ਉਲੱਥਾ ਹੈ।

ਪਹਿਲਾ ਭਾਗ :

ਅੱਜ ਮਾਂ ਦੀ ਮੌਤ ਹੋ ਗਈ। ਹੋ ਸਕਦਾ ਏ, ਕੱਲ ਹੋਈ ਹੋਵੇ-ਪੱਕਾ ਨਹੀਂ ਕਹਿ ਸਕਦਾ। 'ਆਸ਼ਰਮ' ਵਾਲਿਆਂ ਦੇ ਤਾਰ ਵਿਚ ਬਸ ਏਨਾ ਈ ਲਿਖਿਆ ਏ—'ਤੁਹਾਡੇ ਮਾਤਾ ਜੀ ਦਾ ਦਿਹਾਂਤ ਹੋ ਗਿਆ। ਅੰਤੇਸ਼ਟੀ ਕਲ ਹੈ। ਦੁਖੀ ਹਿਰਦੇ।' ਇਸ ਮਜਮੂਨ ਵਿਚ ਖਾਸੀ ਗੁੰਜਾਇਸ਼ ਏ। ਹੋ ਸਕਦਾ ਏ ਮੌਤ, ਕੱਲ ਈ ਹੋ ਗਈ ਹੋਵੇ। ਮਾਰੇਂਗੋ ਦਾ ਬਿਰਧ-ਆਸ਼ਰਮ ਅਲਜੀਯਰਸ ਤੋਂ ਕੋਈ ਪੰਜਾਹ ਕੁ ਮੀਲ ਦੂਰ ਏ। ਦੋ ਵਜੇ ਵਾਲੀ ਬੱਸ ਫੜ ਲਵਾਂ ਤਾਂ ਦਿਨ ਦੇ ਛਿਪਾਅ ਤੋਂ ਕਾਫੀ ਪਹਿਲਾਂ ਪਹੁੰਚ ਜਾਵਾਂਗਾ। ਲਾਸ਼ ਦੇ ਸਿਰਹਾਣੇ 'ਜਗਰਾਤੇ' ਦੀ ਰਸਮ ਨਿਭਾ ਕੇ, ਕੱਲ ਸ਼ਾਮ ਤੱਕ, ਆਸਾਨੀ ਨਾਲ ਵਾਪਸ ਵੀ ਆਇਆ ਜਾ ਸਕਦਾ ਏ। ਆਪਣੇ ਸਾਹਬ ਤੋਂ ਦੋ ਦਿਨ ਦੀ ਛੁੱਟੀ ਮੰਗ ਲਈ ਏ—ਇਹੋ-ਜਿਹੇ ਮੌਕੇ 'ਤੇ ਨਾਂਹ ਵੀ ਕਿੰਜ ਕਰਦੇ ? ਫੇਰ ਵੀ ਪਤਾ ਨਹੀਂ ਕਿਓਂ, ਮੈਨੂੰ ਲੱਗਿਆ ਜਿਵੇਂ ਕੁਝ ਹਿਰਖ ਗਏ ਹੋਣ। ਮੈਂ ਬਿਨਾਂ ਸੋਚੇ ਈ ਬੋਲ ਪਿਆ-'ਮਾਫ਼ ਕਰਨਾ ਸਾਹਬ, ਦੋਖੋ ਨਾ, ਇਸ 'ਚ ਮੇਰਾ ਤਾਂ ਕੋਈ ਕਸੂਰ ਨਈਂ ਨਾ...'

ਪਿੱਛੋਂ ਖ਼ਿਆਲ ਆਇਆ ਕਿ ਇਹ ਸਭ ਮੈਨੂੰ ਨਹੀਂ ਸੀ ਕਹਿਣਾ ਚਾਹੀਦਾ। ਮੈਨੂੰ ਮਾਫ਼ੀ ਮੰਗਣ ਦੀ ਕੀ ਲੋੜ ਪਈ ਸੀ ਭਲਾਂ ? ਇਹ ਤਾਂ ਖ਼ੁਦ ਉਹਨਾਂ ਨੂੰ ਈ ਚਾਹੀਦਾ ਸੀ ਕਿ ਹਮਦਰਦੀ ਦਿਖਾਉਂਦੇ ਜਾਂ ਉਂਜ ਈ ਕੋਈ ਫਾਰਮਲ-ਜਿਹੀ ਗੱਲ ਕਰਦੇ। ਪਰਸੋਂ ਗ਼ਮੀਂ ਵਾਲੇ ਕੱਪੜਿਆਂ ਵਿਚ ਦੇਖ ਕੇ ਸ਼ਾਇਦ ਅਜਿਹਾ ਕੁਝ ਕਹਿਣ। ਫ਼ਿਲਹਾਲ ਤਾਂ ਲੱਗਦਾ ਈ ਨਹੀਂ ਕਿ ਮਾਂ ਨਹੀਂ ਰਹੀ। ਅੰਤੇਸ਼ਟੀ ਪਿੱਛੋਂ ਪੱਕਾ ਹੋ ਜਾਵੇਗਾ-ਕਹਿ ਲਓ, ਬਾਕਾਇਦਾ ਸਰਕਾਰੀ ਮੋਹਰ ਲੱਗ ਜਾਵੇਗੀ।

ਮੈਂ ਦੋ ਵਜੇ ਵਾਲੀ ਬੱਸ ਫੜ ਲਈ। ਭਖ਼ਦੀ, ਗਰਮ-ਦੁਪਹਿਰ ਦਾ ਸਮਾਂ ਸੀ। ਰੋਜ਼ ਵਾਂਗ ਮੈਂ ਅੱਜ ਵੀ ਸੇਲੇਸਤੇ ਦੇ ਰੇਸਤਰਾਂ ਵਿਚ ਖਾਣਾ ਖਾਧਾ ਸੀ। ਅੱਜ ਹਰ ਕੋਈ ਬੇਹਦ ਮਿਹਰਬਾਨ ਸੀ। ਸੇਲੇਸਤੇ ਬੋਲਿਆ-'ਮਾਂ ਦੀ ਬਰਾਬਰੀ ਕੋਈ ਨਈਂ ਕਰ ਸਕਦਾ।' ਜਦੋਂ ਮੈਂ ਬਾਹਰ ਆਇਆ ਤਾਂ ਸਾਰੇ ਈ ਮੈਨੂੰ ਦਰਵਾਜ਼ੇ ਤੀਕ ਛੱਡਣ ਆਏ। ਆਉਂਣ ਵੇਲੇ ਤਾਂ ਯਕਦਮ ਖਲਬਲੀ-ਜਿਹੀ ਮੱਚ ਗਈ ਸੀ। ਐਨ ਮੌਕੇ 'ਤੇ ਮੈਨੂੰ ਕਾਲੀ ਟਾਈ ਤੇ ਬਾਂਹ 'ਤੇ ਬੰਨਣ ਵਾਲਾ ਕਾਲਾ ਮੁਹੱਰਮੀ ਪੱਟਾ ਲਿਆਉਣ ਲਈ ਇਮਾਨੁਅਲ ਵੱਲ ਨੱਸਣਾ ਪਿਆ ਸੀ। ਉਸਦਾ ਚਾਚਾ ਵੀ ਕੁਝ ਮਹੀਨੇ ਪਹਿਲਾਂ ਈ ਗੁਜ਼ਰਿਆ ਸੀ, ਸੋ ਉਸ ਕੋਲ ਇਹ ਸਭ ਹੈ ਸੀ।

ਬੱਸ ਭੱਜਦੇ-ਦੌੜਦੇ ਫੜੀ। ਸੜਕ ਤੇ ਆਸਮਾਨ ਵਿਚ ਦੌੜ ਰਹੇ ਲਿਸ਼ਕਾਰੇ, ਪੈਟ੍ਰੋਲ ਦਾ ਬਦਬੂਦਾਰ ਧੂੰਆਂ, ਰਾਸਤੇ ਦੇ ਹਿਲੋਰੇ-ਝਟਕੇ ਤੇ ਉਪਰੋਂ ਇਹ ਭੱਜ-ਨੱਠ-ਸ਼ਾਇਦ ਇਸੇ ਲਈ ਬੈਠਦਾ ਈ ਊਂਘਣ ਲੱਗ ਪਿਆ ਸੀ। ਚਲੋ ਖ਼ੈਰ, ਵਧੇਰੇ ਰਸਤਾ ਸੁੱਤੇ-ਸੁੱਤੇ ਈ ਨਿੱਬੜਿਆ। ਅੱਖ ਖੁੱਲੀ ਤਾਂ ਦੇਖਿਆ, ਇਕ ਸਿਪਾਹੀ ਉੱਤੇ ਲੱਦਿਆ ਹੋਇਆ ਹਾਂ। ਉਸਨੇ ਦੰਦ ਕੱਢ ਕੇ ਪੁੱਛਿਆ, 'ਕੀ ਮੈਂ ਦੂਰੋਂ ਬੈਠਾ ਆ ਰਿਹਾ ਆਂ ?' ਗੱਲਾਂ ਕਰਨ ਦਾ ਮੇਰਾ ਮਨ ਨਹੀਂ ਸੀ। ਇਸ ਲਈ ਸਿਰਫ਼ ਸਿਰ ਹਿਲਾਅ ਕੇ ਗੱਲ ਮੁਕਾਅ ਦਿੱਤੀ।

ਪਿੰਡ ਤੋਂ ਆਸ਼ਰਮ ਦੀ ਦੂਰੀ ਕੋਈ ਮੀਲ ਕੁ ਭਰ ਨਾਲੋਂ ਵੱਧ ਹੋਵੇਗੀ। ਪੈਦਲ ਈ ਰਸਤਾ ਤੈਅ ਕੀਤਾ। ਸਿੱਧਾ ਮਾਂ ਨੂੰ ਦੇਖਣਾ ਚਾਹਿਆ ਤਾਂ ਚੌਕੀਦਾਰ ਨੇ ਕਿਹਾ ਕਿ ਪਹਿਲਾਂ ਵਾਰਡਨ ਨੂੰ ਮਿਲਣਾ ਪਵੇਗਾ। ਵਾਰਡਨ ਰੁੱਝਿਆ ਹੋਇਆ ਸੀ, ਇਸ ਲਈ ਥੋੜੀ ਉਡੀਕ ਕਰਨੀ ਪਈ। ਜਿੰਨਾਂ ਚਿਰ ਬੈਠਾ ਮੈਂ ਉਡੀਕਦਾ ਰਿਹਾ, ਚੌਕੀਦਾਰ ਮੇਰੇ ਨਾਲ ਗੱਲਾਂ-ਗੱਪਾਂ ਮਾਰਦਾ ਰਿਹਾ। ਫੇਰ ਮੈਨੂੰ ਦਫ਼ਤਰ ਲੈ ਗਿਆ। ਵਾਰਡਨ ਸਫੇਦ ਵਾਲਾਂ ਵਾਲਾ, ਇਕ ਮਧਰੇ ਕੱਦ ਦਾ, ਆਦਮੀ ਸੀ। ਕੋਟ ਦੇ ਕਾਜ ਵਿਚ 'ਲੀਜਨ ਆਫ ਆਨਰ' ਦਾ ਪ੍ਰਤੀਕ, ਛੋਟਾ-ਜਿਹਾ ਗੁਲਾਬ, ਲਾਇਆ ਹੋਇਆ ਸੀ। (ਇਹ ਤਮਗ਼ਾ 1802 ਵਿਚ ਨੇਪੋਲੀਅਨ ਪਹਿਲੇ ਨੇ ਫ਼ੌਜੀ ਜਾਂ ਆਮ ਜੀਵਨ ਵਿਚ ਕੀਤੀ ਕਿਸੇ ਮਹੱਤਵਪੂਰਨ ਸੇਵਾ ਲਈ ਜਾਰੀ ਕੀਤਾ ਸੀ) ਵਾਰਡਨ ਆਪਣੀਆਂ ਨੀਲੀਆਂ-ਨੀਲੀਆਂ, ਸਿੱਜਲ-ਅੱਖਾਂ ਨਾਲ ਦੇਰ ਤੀਕ ਮੈਨੂੰ ਦੇਖਦਾ ਰਿਹਾ। ਫੇਰ ਅਸੀਂ ਹੱਥ ਮਿਲਾਏ। ਮੇਰੇ ਹੱਥ ਨੂੰ ਉਸਨੇ ਏਨੀ ਦੇਰ ਤੀਕ ਹੱਥ ਵਿਚ ਫੜੀ ਰੱਖਿਆ ਕਿ ਮੈਨੂੰ ਬੇਚੈਨੀ-ਜਿਹੀ ਮਹਿਸੂਸ ਹੋਣ ਲੱਗ ਪਈ। ਇਸ ਪਿੱਛੋਂ ਮੇਜ਼ 'ਤੇ ਰੱਖੇ ਰਜਿਸਟਰ ਨੂੰ ਉਲਟ-ਪੁਲਟ ਕੇ ਬੋਲਿਆ...: 'ਮਾਦਾਮ ਮਯੋਰਸੋਲ ਤਿੰਨ ਸਾਲ ਪਹਿਲਾਂ ਇਸ ਆਸ਼ਰਮ 'ਚ ਆਏ ਸੀ। ਕਮਾਈ ਦਾ ਉਨਾਂ ਦਾ ਆਪਣਾ ਕੋਈ ਸਾਧਨ ਨਈਂ ਸੀ ਇਸ ਲਈ ਉਨਾਂ ਦਾ ਸਾਰਾ ਬੋਝ ਤੁਹਾਡੇ 'ਤੇ ਈ ਸੀ।'

ਮੈਨੂੰ ਇੰਜ ਮਹਿਸੂਸ ਹੋਣ ਲੱਗਿਆ, ਜਿਵੇਂ ਮੈਨੂੰ ਕਿਸੇ ਗੱਲ ਲਈ ਅਪਰਾਧੀ ਠਹਿਰਾਇਆ ਜਾ ਰਿਹਾ ਹੋਵੇ-ਇਸ ਲਈ ਮੈਂ ਸਫ਼ਾਈ ਦੇਣੀ ਸ਼ੁਰੂ ਕੀਤੀ ਤਾਂ ਉਸਨੇ ਮੈਨੂੰ ਵਿਚਕਾਰੋਂ ਈ ਟੋਕ ਦਿੱਤਾ, 'ਬੇਟਾ, ਤੁਸੀਂ ਆਪਣੀ ਸਫ਼ਾਈ ਕਿਓਂ ਦੇ ਰਹੇ ਓਂ ? ਮੈਂ ਤਾਂ ਖ਼ੁਦ ਉਹਨਾਂ ਦਾ ਸਾਰਾ ਪਿਛਲਾ ਰਿਕਾਰਡ ਦੇਖਿਆ ਏ। ਤੁਸੀਂ ਤਾਂ ਖ਼ੁਦ ਇਸ ਹਾਲਤ ਵਿਚ ਨਈਂ ਸੀ ਕਿ ਠੀਕ ਤਰਾਂ ਮਾਂ ਦੀ ਸਾਰ-ਸੰਭਾਲ ਦਾ ਬੋਝ ਸੰਭਾਲ ਸਕੋਂ। ਆਪਣੀ ਦੇਖ-ਭਾਲ ਲਈ ਉਨਾਂ ਨੂੰ ਹਰ ਵੇਲੇ ਇਕ ਆਦਮੀ ਦੀ ਲੋੜ ਸੀ। ...ਤੇ ਮੈਥੋਂ ਤਾਂ ਇਹ ਲੁਕਿਆ ਨਈਂ ਹੋਇਆ ਕਿ ਤੁਹਾਡੇ ਵਰਗੇ ਨੌਕਰੀ-ਪੇਸ਼ਾ ਲੜਕੇ ਨੂੰ ਤਨਖ਼ਾਹ ਕਿੰਨੀ ਕੁ ਮਿਲਦੀ ਏ ? ਚਲੋ ਖ਼ੈਰ, ਆਸ਼ਰਮ 'ਚ ਕਾਫ਼ੀ ਖ਼ੁਸ਼ ਸੀ ਉਹ।'

ਮੈਂ ਕਿਹਾ, 'ਹਾਂ ਸਾਹਬ ਜੀ, ਮੈਨੂੰ ਵੀ ਇਹੋ ਯਕੀਨ ਏਂ।'

ਇਸ 'ਤੇ ਉਹ ਬੋਲਿਆ, 'ਆਪਣੀ ਉਮਰ ਦੇ ਕਈ ਲੋਕਾਂ ਨਾਲ ਉਹਨਾਂ ਦੀ ਅੱਛੀ ਬਣਦੀ ਸੀ। ਲੋਕ ਆਪਣੇ ਹਾਣ-ਪ੍ਰਵਾਨ ਵਾਲਿਆਂ ਨਾਲ ਈ ਵਧੇਰੇ ਖ਼ੁਸ਼ ਰਹਿੰਦੇ ਨੇ। ਤੁਸੀਂ ਤਾਂ ਖ਼ੁਦ ਹਾਲੇ ਕਾਫ਼ੀ ਛੋਟੇ ਓਂ, ਉਨਾਂ ਦੇ ਸਾਥੀ ਦੀ ਕਮੀ ਥੋੜਾ ਈ ਪੂਰੀ ਕਰ ਸਕਦੇ ਸੀ।'

ਗੱਲ ਸਹੀ ਸੀ। ਜਿਨੀਂ ਦਿਨੀਂ ਅਸੀਂ ਲੋਕ ਇਕੱਠੇ ਰਹਿੰਦੇ ਸੀ-ਮਾਂ ਮੈਨੂੰ ਬਸ, ਦੇਖਦੀ



ਈ ਰਹਿੰਦੀ ਸੀ। ਸਾਡੇ ਵਿਚਕਾਰ ਸ਼ਾਇਦ ਈ ਕਦੇ ਕੋਈ ਗੱਲਬਾਤ ਹੋਈ ਹੋਵੇ। ਆਸ਼ਰਮ ਦੇ ਪਹਿਲੇ ਕੁਝ ਹਫ਼ਤੇ ਤਾਂ ਉਹ ਬੜੀ ਰੋਈ-ਕੁਰਲਾਈ-ਪਰ ਇਹ ਸਭ ਰੋਣਾ-ਕੁਰਲਾਉਣਾ ਜੀਅ ਨਾ ਲੱਗਣ ਕਰਕੇ ਸੀ। ਇਕ-ਦੋ ਮਹੀਨੇ ਬਾਅਦ ਤਾਂ ਇਹ ਹਾਲ ਹੋ ਗਿਆ ਕਿ ਉਸਨੂੰ ਆਸ਼ਰਮ ਛੱਡਣ ਲਈ ਕਹੋ ਤਾਂ ਰੋਣ ਲੱਗ ਪੈਂਦੀ। ਇਹ ਵੀ ਉਸਨੂੰ ਭਿਆਨਕ ਸਜ਼ਾ ਦੇਣਾ ਹੁੰਦਾ। ਇਹੀ ਕਾਰਨ ਸੀ ਕਿ ਪਿਛਲੇ ਸਾਲ ਮੈਂ ਉਸਨੂੰ ਬੜਾ ਈ ਘੱਟ ਮਿਲਣ ਗਿਆ ਸੀ। ਦੂਜਾ, ਉੱਥੇ ਜਾਣਦਾ ਅਰਥ ਇਹ ਸੀ ਕਿ ਆਪਣਾ ਇਕ ਐਤਵਾਰ ਖ਼ਰਾਬ ਕਰੋ...। ਬੱਸ 'ਤੇ ਜਾਣ ਦੀ ਖੇਚਲ ਝੱਲੋ। ਟਿਕਟ ਖ਼ਰੀਦੋ। ਸ਼ਫ਼ਰ ਵਿਚ ਦੋਵੇਂ ਪਾਸੇ, ਬੈਠੇ-ਬੈਠੇ, ਦੋ-ਦੋ ਘੰਟੇ ਧੂੜ ਫੱਕੋ-ਜਾਣ-ਆਉਣ ਦੇ ਪੱਕੇ ਦੋ-ਦੋ ਘੰਟੇ। ਖ਼ੈਰ ਜੀ, ਇਸ ਸਾਰੇ ਸਿਰ-ਦਰਦ ਦਾ ਜ਼ਿਕਰ ਛੱਡੋ...।

ਮੈਂ ਧਿਆਨ ਈ ਨਹੀਂ ਸੀ ਦਿੱਤਾ ਕਿ ਵਾਰਡਨ ਕੀ ਬੋਲੀ ਜਾ ਰਿਹਾ ਏ। ਆਖ਼ਰ ਵਿਚ ਉਸਨੇ ਕਿਹਾ, 'ਅੱਛਾ ਤਾਂ ਹੁਣ, ਮੇਰਾ ਖ਼ਿਆਲ ਏ ਤੁਸੀਂ ਮਾਂ ਦੇ ਦਰਸ਼ਨ ਕਰੋਂਗੇ ?'

ਮੈਂ ਕੋਈ ਜਵਾਬ ਨਾ ਦਿੱਤਾ। ਉੱਠ ਕੇ ਖੜਾ ਹੋ ਗਿਆ। ਅੱਗੇ-ਅੱਗੇ ਉਹ ਦਰਵਾਜ਼ੇ ਵੱਲ ਵਧਿਆ। ਪੌੜੀਆਂ ਉਤਰਦਿਆਂ ਹੋਇਆਂ ਉਸਨੇ ਸਮਝਾਇਆ, 'ਤੁਹਾਡੀ ਮਾਂ ਦਾ ਸ਼ਵ ਮੁਰਦਾਘਰ 'ਚ ਰਖਵਾ ਦਿੱਤਾ ਏ-ਜਿਸ ਕਰਕੇ ਦੂਜੇ ਬੁੱਢਿਆਂ ਦਾ ਮਨ ਖ਼ਰਾਬ ਨਾ ਹੋਵੇ। ਮੇਰਾ ਮਤਲਬ ਸਮਝੇ ਨਾ ? ਇੱਥੇ ਤਾਂ ਹਰ ਵਕਤ ਕੋਈ ਨਾ ਕੋਈ ਮਰਦਾ ਈ ਰਹਿੰਦਾ ਏ। ਹਰ ਵਾਰੀ ਦੋ-ਤਿੰਨ ਦਿਨ ਇਨਾਂ ਲੋਕਾਂ ਦੀ ਹਾਲਤ ਖ਼ਰਾਬ ਹੋ ਜਾਂਦੀ ਏ। ਯਾਨੀ ਖ਼ਾਹਮ-ਖ਼ਾਹ, ਸਾਡੇ ਨੌਕਰਾਂ-ਚਾਕਰਾਂ ਲਈ ਫਾਲਤੂ ਕੰਮ ਤੇ ਫਜ਼ੂਲ ਪ੍ਰੇਸ਼ਾਨੀ...'

ਅਸੀਂ ਇਕ ਖੁੱਲੀ ਜਗਾ ਪਾਰ ਕੀਤੀ। ਇੱਥੇ ਛੋਟੀਆਂ-ਛੋਟੀਆਂ ਢਾਣੀਆਂ ਬਣਾਈ ਬੈਠੇ ਬੁੱਢੇ ਆਪੋ ਵਿਚ ਗੱਲਾਂ ਕਰ ਰਹੇ ਸਨ-ਸਾਨੂੰ ਆਉਂਦੇ ਦੇਖ ਕੇ ਚੁੱਪ ਹੋ ਗਏ। ਅਸੀਂ ਅੱਗੇ ਲੰਘ ਗਏ ਤਾਂ ਪਿੱਛੇ ਫੇਰ ਗੱਲਾਂ-ਬਾਤਾਂ ਸ਼ੁਰੂ ਹੋ ਗਈ। ਉਨਾਂ ਦੀਆਂ ਆਵਾਜ਼ਾਂ ਸੁਣ ਕੇ ਮੈਨੂੰ ਪਿੰਜਰਿਆਂ ਵਿਚ ਬੰਦ ਪਹਾੜੀ ਤੋਤੇ ਯਾਦ ਆ ਗਏ-ਇਨਾਂ ਲੋਕਾਂ ਦੇ ਸੁਰ ਹਾਲਾਂਕਿ ਓਨੇ ਤਿੱਖੇ ਨਹੀਂ ਸਨ। ਇਕ ਛੋਟੇ ਤੇ ਘੱਟ ਉੱਚੇ ਮਕਾਨ ਦੇ ਦਰਵਾਜ਼ੇ ਸਾਹਮਣੇ ਆ ਕੇ ਵਾਰਡਨ ਖੜਾ ਹੋ ਗਿਆ।

'ਤੇ ਮੋਸ਼ਿਏ (ਸ਼੍ਰੀਮਾਨ) ਮਯੋਰਸੋਲ, ਮੈਂ ਏਥੋਂ ਈ ਵਿਦਾਅ ਲਵਾਂਗਾ। ਕਿਸੇ ਕੰਮ ਲਈ ਲੋੜ ਸਮਝੋਂ ਤਾਂ ਦਫ਼ਤਰ ਵਿਚ ਈ ਆਂ। ਅੰਤੇਸ਼ਟੀ ਕੱਲ ਸਵੇਰੇ ਕਰਨ ਦਾ ਵਿਚਾਰ ਏ। ਤਦ ਤਕ ਤੁਸੀਂ ਆਪਣੀ ਮਾਂ ਦੇ ਤਾਬੂਤ ਕੋਲ ਜਗਰਾਤਾ ਵੀ ਕਰ ਲਓਗੇ। ਤੁਹਾਡਾ ਖ਼ੁਦ ਦਾ ਵੀ ਤਾਂ ਮਨ ਹੋਵੇਗਾ ਈ। ਹਾਂ, ਇਕ ਗੱਲ ਹੋਰ, ਤੁਹਾਡੀ ਮਾਂ ਦੇ ਸਾਥੀਆਂ ਨੇ ਦੱਸਿਆ ਏ-ਉਨਾਂ ਦੀ ਕਾਮਨਾ ਸੀ ਕਿ ਉਨਾਂ ਨੂੰ ਚਰਚ ਦੇ ਨਿਯਮਾਂ ਅਨੁਸਾਰ ਈ ਦਫ਼ਨ ਕੀਤਾ ਜਾਵੇ। ਵੈਸੇ ਤਾਂ ਮੈਂ ਇਹ ਸਾਰੇ ਪ੍ਰਬੰਧ ਕਰ ਦਿੱਤੇ ਨੇ, ਪਰ ਸੋਚਿਆ ਤੁਹਾਨੂੰ ਵੀ ਦੱਸ ਦਿਆਂ...'

ਮੈਂ ਕਿਹਾ, 'ਸ਼ੁਕਰੀਆ।' ਜਿੱਥੋਂ ਤੱਕ ਮੈਨੂੰ ਆਪਣੀ ਮਾਂ ਦਾ ਪਤਾ ਏ, ਉਹ ਖੁੱਲਮ-ਖੁੱਲਾ ਨਾਸਤਿਕ ਨਹੀਂ ਸੀ-ਪਰ ਜਿਊਂਦੇ ਜੀਅ, ਇਸ ਧਰਮ-ਕਰਮ ਵੱਲ ਉਹਨੇ ਕਦੀ ਧਿਆਨ ਨਹੀਂ ਸੀ ਦਿੱਤਾ।

ਮੈਂ ਮੁਰਦਾਘਰ ਵਿਚ ਪੈਰ ਰੱਖਿਆ। ਕਮਰਾ ਚਾਨਣ ਨਾਲ ਖ਼ੂਬ ਭਰਿਆ ਹੋਇਆ ਤੇ ਏਨਾ ਸਾਫ਼-ਸੁਥਰਾ ਸੀ ਕਿ ਕਿਤੇ ਕੋਈ ਦਾਗ਼-ਧੱਬਾ ਨਜ਼ਰ ਨਹੀਂ ਸੀ ਆ ਰਿਹਾ। ਕੰਧਾਂ 'ਤੇ ਸਫੇਦੀ ਕੀਤੀ ਹੋਈ ਸੀ। ਇਕ ਕਾਫ਼ੀ ਵੱਡਾ ਰੋਸ਼ਨਦਾਨ ਸੀ। ਫਰਨੀਚਰ ਦੇ ਨਾਂ 'ਤੇ ਕੁਝ ਕੁਰਸੀਆਂ ਤੇ ਤਿਪਾਈਆਂ ਪਈਆਂ ਸਨ। ਦੋ ਤਿਪਾਈਆਂ ਕਮਰੇ ਦੇ ਵਿਚਕਾਰ ਰੱਖੀਆਂ ਹੋਈਆਂ ਸਨ ਤੇ ਉਨਾਂ ਉੱਤੇ ਤਾਬੂਤ ਪਿਆ ਸੀ। ਢੱਕਣ ਉੱਤੇ ਰੱਖਿਆ ਹੋਇਆ ਸੀ, ਪਰ ਪੇਚ ਬਸ ਜ਼ਰਾ-ਜ਼ਰਾ ਘੁਮਾਅ ਕੇ ਛੱਡ ਦਿੱਤੇ ਗਏ ਸਨ। ਨਿੱਕਲ ਪਾਲਸ਼ ਵਾਲੇ ਪੇਚਾਂ ਦੇ ਸਿਰੇ, ਗੂੜੇ ਅਖ਼ਰੋਟੀ ਰੰਗ ਦੇ ਫੱਟੇ ਤੋਂ ਉੱਚੇ ਨਿਕਲੇ ਖੜੇ ਸਨ। ਇਕ ਅਰਬ ਔਰਤ-ਮੈਨੂੰ ਲੱਗਿਆ ਨਰਸ ਏ-ਤਾਬੂਤ ਕੋਲ ਬੈਠੀ ਸੀ। ਉਹ ਦੇ ਨੀਲੇ ਰੰਗ ਦੀ ਸ਼ਮੀਜ ਪਾਈ ਹੋਈ ਸੀ ਤੇ ਸਿਰ ਉੱਤੇ ਸ਼ੋਖ਼ ਰੰਗ ਦਾ ਰੁਮਾਲ ਬੱਧਾ ਸੀ। ਪਿੱਛੇ-ਪਿੱਛੇ ਈ ਚੌਕੀਦਾਰ ਵੀ ਆ ਪਹੁੰਚਿਆ। ਉਸਦਾ ਸਾਹ ਫੁੱਲਿਆ ਹੋਇਆ ਸੀ, ਜ਼ਰੂਰ ਦੌੜਦਾ ਹੋਇਆ ਆਇਆ ਹੋਵੇਗਾ। 'ਅਜੇ ਤਾਂ ਅਸੀਂ ਢੱਕਣ ਉਂਜ ਈ ਰੱਖ ਦਿੱਤਾ ਐ। ਵਾਰਡਨ ਸਾਹਬ ਦਾ ਹੁਕਮ ਸੀ ਕਿ ਤੁਸੀਂ ਆਓਂਗੇ ਤਾਂ ਮਾਂ ਦੇ ਦਰਸ਼ਨ ਕਰਨ ਲਈ ਪੇਚ ਖੋਲ ਦਿਆਂ।'

ਉਹ ਤਾਬੂਤ ਵੱਲ ਵਧਿਆ ਤਾਂ ਮੈਂ ਉਸਨੂੰ ਰੋਕ ਦਿੱਤਾ- 'ਨਈਂ, ਨਈਂ-ਤਕਲੀਫ਼ ਕਰਨ ਦੀ ਲੋੜ ਨਈਂ।'

'ਹੈਂ-ਅੰ ? ਕੀ ਕਿਹਾ ?' ਅੰਤਾਂ ਦੀ ਹੈਰਾਨੀ ਨਾਲ ਉਸਦੇ ਮੂੰਹੋਂ ਨਿਕਲਿਆ-'ਤੁਸੀਂ ਨੀਂ ਚਾਹੁੰਦੇ ਕਿ ਮੈਂ...'

'ਨਈਂ...' ਮੈਂ ਜਵਾਬ ਦਿੱਤਾ।

ਪੇਚਕਸ ਉਸਨੇ ਵਾਪਸ ਜੇਬ ਵਿਚ ਪਾ ਲਿਆ, ਪਰ ਉਸਦੀਆਂ ਫ਼ੈਲੀਆਂ ਹੋਈਆਂ ਅੱਖਾਂ ਮੇਰੇ 'ਤੇ ਅਟਕੀਆਂ ਰਹੀਆਂ। ਉਦੋਂ ਮੈਨੂੰ ਲੱਗਿਆ ਕਿ ਇੰਜ ਮਨਾਂ ਨਹੀਂ ਸੀ ਕਰਨਾ ਚਾਹੀਦਾ। ਇਸ ਸੋਚ ਕੇ ਮੈਂ ਕੁਝ ਛਿੱਥਾ-ਜਿਹਾ ਪੈ ਗਿਆ। ਕੁਝ ਪਲ ਮੇਰੇ ਵੱਲ ਦੇਖਦੇ ਰਹਿਣ ਪਿੱਛੋਂ ਉਸਨੇ ਪੁੱਛਿਆ, 'ਕਿਓਂ ?' ਆਵਾਜ਼ ਵਿਚ ਚੋਭ ਨਹੀਂ ਬਲਕਿ ਜਿਗਿਆਸਾ ਸੀ।

'ਭਰਾ ਇਸ 'ਕਿਓਂ' ਦਾ ਜਵਾਬ ਤਾਂ ਬੜਾ ਮੁਸ਼ਕਲ ਏ।' ਮੈਂ ਕਿਹਾ।

ਉਹ ਆਪਣੀਆਂ ਕਰੜ-ਬਰੜੀਆਂ ਮੁੱਛਾਂ ਉੱਤੇ ਹੱਥ ਫੇਰਦਾ ਰਿਹਾ। ਫੇਰ ਬਿਨਾਂ ਮੇਰੇ ਨਾਲ ਅੱਖ ਮਿਲਾਏ, ਨਰਮ ਆਵਾਜ਼ ਵਿਚ ਬੋਲਿਆ, 'ਅੱਛਾ, ਹੁਣ ਮੈਂ ਸਮਝਿਆ।'

ਆਦਮੀ ਦੇਖਣ ਵਿਚ ਚੰਗਾ ਲੱਗਦਾ ਸੀ-ਨੀਲੀਆਂ-ਨੀਲੀਆਂ ਅੱਖਾਂ ਤੇ ਫੁੱਲੀਆਂ-ਫੁੱਲੀਆਂ ਲਾਲ ਗੱਲਾਂ। ਮੇਰੇ ਲਈ ਉਸਨੇ ਤਾਬੂਤ ਦੇ ਕੋਲ ਈ ਇਕ ਕੁਰਸੀ ਖਿੱਚ ਦਿੱਤੀ ਤੇ ਖ਼ੁਦ ਠੀਕ ਉਸਦੇ ਪਿੱਛੇ ਬੈਠ ਗਿਆ। ਨਰਸ ਉੱਠ ਕੇ ਦਰਵਾਜ਼ੇ ਵੱਲ ਤੁਰ ਪਈ। ਚੌਕੀਦਾਰ ਦੇ ਕੋਲੋਂ ਲੰਘੀ ਤਾਂ ਉਹ ਮੇਰੇ ਕੰਨ ਵਿਚ ਬੁੜਬੁੜਾਇਆ, 'ਇਸ ਵਿਚਾਰੀ ਦੇ ਫੋੜਾ ਹੋ ਗਿਆ ਐ।'

ਹੁਣ ਮੈਂ ਜ਼ਰਾ ਹੋਰ ਗਹੁ ਨਾਲ ਉਸ ਵੱਲ ਦੇਖਿਆ। ਅੱਖਾਂ ਦੇ ਠੀਕ ਹੇਠਾਂ, ਸਿਰ ਦੇ ਚਾਰੇ ਪਾਸੇ, ਪੱਟੀ ਲਪੇਟੀ ਹੋਈ ਸੀ। ਨੱਕ ਦੀ ਉਠਾਣ ਦੇ ਆਸੇ-ਪਾਸੇ ਦਾ ਹਿੱਸਾ ਦਬ ਕੇ ਚਪਟਾ ਹੋ ਗਿਆ ਸੀ ਤੇ ਚਿਹਰੇ 'ਤੇ ਉਸ ਸਫੇਦ ਤਿਰਛੀ ਪੱਟੀ ਦੇ ਸਿਵਾਏ ਕੁਝ ਨਜ਼ਰ ਨਹੀਂ ਸੀ ਆ ਰਿਹਾ।

ਉਸਦੇ ਜਾਂਦਿਆਂ ਈ ਚੌਕੀਦਾਰ ਵੀ ਉੱਠ ਖੜਾ ਹੋਇਆ, 'ਹੁਣ ਤੁਸੀਂ ਇੱਥੇ 'ਕੱਲੇ ਬੈਠੋ।' ਪਤਾ ਨਹੀਂ ਜਵਾਬ ਵਿਚ ਮੈਂ ਕੀ ਇਸ਼ਾਰਾ ਕੀਤਾ ਕਿ ਬਾਹਰ ਜਾਨ ਦੀ ਬਜਾਏ ਉਹ ਮੇਰੀ ਕੁਰਸੀ ਦੇ ਪਿੱਛੇ ਆ ਕੇ ਖੜਾ ਹੋ ਗਿਆ। ਇਸ ਕੁਰਬਲ-ਕੁਰਬਲ ਨਾਲ ਮੈਨੂੰ ਪ੍ਰੇਸ਼ਾਨੀ ਹੋਣ ਲੱਗੀ ਕਿ ਕੋਈ ਮੇਰੇ ਪਿੱਛੇ ਖੜਾ ਏ। ਦਿਨ ਢਲ਼ ਰਿਹਾ ਸੀ ਤੇ ਸਾਰੇ ਕਮਰੇ ਵਿਚ ਸੋਂਹਦੀ-ਸੁਹਾਵਣੀ ਧੁੱਪ ਦਾ ਹੜ-ਜਿਹਾ ਆਇਆ ਹੋਇਆ ਸੀ। ਰੋਸ਼ਨਦਾਨ ਦੇ ਸ਼ੀਸ਼ੇ ਉੱਤੇ ਦੋ ਭੂੰਡ ਭੀਂ-ਭੀਂ ਕਰ ਰਹੇ ਸੀ। ਮੈਨੂੰ ਅਜਿਹਾ ਨੀਂਦਰਾ ਚੜਿਆ ਹੋਇਆ ਸੀ ਕਿ ਅੱਖਾਂ ਨਹੀਂ ਸੀ ਖੁੱਲ ਰਹੀਆਂ। ਬਿਨਾਂ ਪਿੱਛੇ ਮੁੜੇ ਈ ਮੈਂ ਚੌਕੀਦਾਰ ਨੂੰ ਪੁੱਛਿਆ, 'ਇਸ ਆਸ਼ਰਮ 'ਚ ਤੁਹਾਨੂੰ ਕਿੰਨੇ ਦਿਨ ਹੋ ਗਏ ?'

'ਪੰਜ ਸਾਲ' ਝੱਟ ਨਪਿਆ-ਤੁਲਿਆ ਉੱਤਰ ਆਇਆ। ਲੱਗਿਆ ਜਿਵੇਂ ਉਹ ਮੇਰੇ ਸਵਾਲ ਨੂੰ ਈ ਉਡੀਕ ਰਿਹਾ ਹੋਵੇ।

ਹੁਣ ਤਾਂ ਬਸ ਉਸਦੀ ਮਸ਼ੀਨ ਈ ਚਾਲੂ ਹੋ ਗਈ। ਦਸ ਸਾਲ ਪਹਿਲਾਂ ਜੇ ਕੋਈ ਉਸਨੂੰ ਕਹਿੰਦਾ ਕਿ ਤੇਰੀ ਜ਼ਿੰਦਗੀ ਮਾਰੇਂਗੋ ਦੇ ਆਸ਼ਰਮ ਵਿਚ ਚੌਕੀਦਾਰਾ ਕਰਦਿਆਂ ਬੀਤੇਗੀ ਤਾਂ ਉਹ ਕਤਈ ਵਿਸ਼ਾਵਸ ਨਾ ਕਰਦਾ। ਦੱਸਿਆ, ਉਮਰ ਚੌਂਹਟ ਸਾਲ ਏ ਤੇ ਰਹਿਣ ਵਾਲਾ ਪੈਰਿਸ ਦਾ ਏ।

ਜਿਵੇਂ ਈ ਉਸਨੇ ਇਹ ਦੱਸਿਆ ਮੈਂ ਬਿਨਾਂ ਸੋਚੇ-ਵਿਚਾਰੇ ਈ ਪੁੱਛ ਬੈਠਾ, 'ਅੱਛਾ, ਤਾਂ ਤੁਸੀਂ ਇੱਥੋਂ ਦੇ ਰਹਿਣ ਵਾਲੇ ਨਈਂ ਓ ?'

ਉਦੋਂ ਯਾਦ ਆਇਆ, ਵਾਰਡਨ ਕੋਲ ਲੈ ਜਾਣ ਤੋਂ ਪਹਿਲਾਂ ਵੀ ਉਸਨੇ ਮਾਂ ਬਾਰੇ ਕੁਝ ਦੱਸਿਆ ਸੀ। ਉਹ ਬੋਲਿਆ, 'ਇਸ ਪ੍ਰਦੇਸ ਦੀ, ਖਾਸ ਕਰਕੇ ਇਹਨਾਂ ਹੇਠਲੇ ਮੈਦਾਨਾਂ ਦੀ ਗਰਮੀ ਇਹੋ-ਜਿਹੀ ਐ ਕਿ ਮਾਂ ਨੂੰ ਜਲਦੀ ਤੋਂ ਜਲਦੀ ਕਬਰ ਦੇ ਦੇਣੀ ਠੀਕ ਐ। ਪੈਰਿਸ ਦੀ ਗੱਲ ਹੋਰ ਐ। ਉੱਥੇ ਤਾਂ ਤਿੰਨ ਦਿਨ, ਕਦੀ-ਕਦੀ ਤਾਂ ਚਾਰ-ਚਾਰ ਦਿਨ, ਮੁਰਦੇ ਨੂੰ ਰੱਖ ਲਿਆ ਜਾਂਦੈ ਤੇ ਕੁਛ ਨੀਂ ਵਿਗੜਦਾ।' ਫੇਰ ਉਹ ਦੱਸਦਾ ਰਿਹਾ ਕਿ ਆਪਣੀ ਜ਼ਿੰਦਗੀ ਦੇ ਸਭ ਤੋਂ ਚੰਗੇ ਦਿਨ ਉਸਨੇ ਪੈਰਿਸ ਵਿਚ ਬਿਤਾਏ ਨੇ, ਹੁਣ ਤਾਂ ਉਹ ਦਿਨ ਭੁੱਲਿਆਂ ਵੀ ਨਹੀਂ ਭੁੱਲਦੇ। ਕਹਿਣ ਲੱਗਾ, 'ਤੇ ਇੱਥੇ ਤਾਂ ਸਮਝੋ, ਸਾਰੇ ਕੰਮ ਹਨੇਰੀ ਵਾਂਗੂੰ ਹੁੰਦੇ ਐ। ਅਜੇ ਤਾਂ ਕਿਸੇ ਦੀ ਮੌਤ ਦੀ ਖ਼ਬਰ ਸੁਣ ਕੇ ਸੰਭਲੇ ਵੀ ਨੀਂ ਹੁੰਦੇ ਕਿ ਚੱਲੋ ਸਾਹਬ, ਦਫ਼ਨਾਉਣ ਦੀਆਂ ਤਿਆਰੀਆਂ ਵਿਚ ਜੁਟ ਪਵੋ।'

'ਬਸ, ਬਸ,' ਵਿਚਕਾਰ ਈ ਉਸਦੀ ਪਤਨੀ ਬੋਲ ਪਈ, 'ਇਨਾਂ ਵਿਚਾਰਿਆਂ ਨੂੰ ਇਹ ਦੱਸਣ ਦੀ ਕੀ ਲੋੜ ਐ ਥੋਨੂੰ ?' ਕੱਚਾ-ਜਿਹਾ ਹੋ ਕੇ ਬੁੱਢਾ ਮੁਆਫ਼ੀ ਮੰਗਣ ਲੱਗਾ। ਮੈਂ ਕਿਹਾ, 'ਨਈਂ, ਨਈਂ...ਕੋਈ ਗੱਲ ਨਈਂ।' ਮੈਨੂੰ ਸੱਚਮੁੱਚ ਉਸਦੀਆਂ ਗੱਲਾਂ ਬੜੀਆਂ ਦਿਲਚਸਪ ਲੱਗ ਰਹੀਆਂ ਸੀ। ਮੈਂ ਇੱਧਰ ਪਹਿਲਾਂ ਧਿਆਨ ਈ ਨਹੀਂ ਸੀ ਦਿੱਤਾ।

ਹੁਣ ਉਸਨੇ ਫੇਰ ਦੱਸਣਾ ਸ਼ੁਰੂ ਕਰ ਦਿੱਤਾ ਕਿ 'ਆਸ਼ਰਮ ਵਿਚ ਉਹ ਵੀ ਸਾਧਾਰਨ ਆਸ਼ਰਮਵਾਸੀ ਵਾਂਗੂੰ ਈ ਆਇਆ ਸੀ। ਕਿਉਂਕਿ ਕੱਦਕਾਠ ਪੱਖੋਂ ਹਾਲੇ ਵੀ ਚੰਗਾ-ਭਲਾ ਸੀ, ਸੋ ਜਦੋਂ ਚੌਕੀਦਾਰ ਦੀ ਜਗਾ ਖਾਲੀ ਹੋਈ ਤਾਂ ਅਰਜੀ ਦੇ ਦਿੱਤੀ।'

ਮੈਂ ਕਿਹਾ, 'ਤਾਂ ਕੀ ਹੋਇਆ ? ਹੋ ਤਾਂ ਤੁਸੀਂ ਹੁਣ ਵੀ ਦੂਜੇ ਆਸ਼ਰਮ ਵਾਸੀਆਂ ਵਾਂਗੂੰ ਈ।' ਪਰ ਉਹ ਇਹ ਗੱਲ ਮੰਨਣ ਲਈ ਤਿਆਰ ਨਹੀਂ ਸੀ। ਆਪਣੇ-ਆਪ ਨੂੰ ਉਹ ਕੁਝ 'ਅਫ਼ਸਰਨੁਮਾ' ਸਮਝਦਾ ਸੀ।

(ਚਲਦਾ...)

# ਦੁੱਖ ਸੁੱਖ ਜ਼ਿੰਦਗੀ ਦਾ ਹਿੱਸਾ

**ਰਿਸ਼ੀ ਗੁਲਾਟੀ**

ਚੁਣੌਤੀਆਂ ਅਤੇ ਸਮੱਸਿਆਵਾਂ ਜ਼ਿੰਦਗੀ ਦਾ ਮਹੱਤਵਪੂਰਣ ਹਿੱਸਾ ਹਨ। ਆਪਣੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਆਪਾਂ ਸਮੱਸਿਆਵਾਂ ਰਹਿਤ ਜ਼ਿੰਦਗੀ ਦੀ ਆਸ ਕਰਦੇ ਹਾਂ। ਜ਼ਿੰਦਗੀ ਵਿਚ ਪੈਦਾ ਹੋਈਆਂ ਚੁਣੌਤੀਆਂ ਵਿਅਕਤੀ ਨੂੰ ਬਹੁਤ ਕੁਝ ਸਿਖਾਉਂਦੀਆਂ ਹਨ, ਪੈਰਾਂ ਸਿਰ ਖੜਾ ਹੋਣ ਵਿਚ ਮੱਦਦ ਕਰਦੀਆਂ ਹਨ ਅਤੇ ਸਵੈਭਰੋਸਾ ਤੇ ਸਵੈਮਾਣ ਵਧਾਉਂਦੀਆਂ ਹਨ। ਜੇਕਰ ਕਿਸੇ ਨੂੰ ਸਮੱਸਿਆਵਾਂ 'ਚੋਂ ਦੀ ਲੰਘਣਾ ਪੈਂਦਾ ਹੈ ਤਾਂ ਉਸਨੂੰ ਸਹੀ ਸਮੇਂ ਸਹੀ ਫੈਸਲਾ ਲੈਣ ਦੀ ਜਾਚ ਆਉਂਦੀ ਹੈ। ਆਪਣੇ ਗੁਰੂਆਂ ਪੀਰਾਂ ਨੇ ਵੀ ਇਹੀ ਸਿੱਖਿਆ ਦਿੱਤੀ ਹੈ ਕਿ ਕੇਵਲ ਆਪਾਂ ਹੀ ਨਹੀਂ ਹਾਂ, ਜੋ ਦੁਖੀ ਹਨ, ਪ੍ਰੇਸ਼ਾਨ ਹਨ, ਸਮੱਸਿਆਵਾਂ ਤੇ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ, ਤਮਾਮ ਲੋਕ ਅਜਿਹੇ ਹੀ ਹਾਲਾਤ ਵਿਚੋਂ ਲੰਘ ਰਹੇ ਹਨ। ਫ਼ਰਕ ਕੇਵਲ ਇਤਨਾ ਹੈ ਕਿ ਹਰੇਕ ਦੇ ਦੁੱਖਾਂ, ਪ੍ਰੇਸ਼ਾਨੀਆਂ, ਸਮੱਸਿਆਵਾਂ ਅਤੇ ਚੁਣੌਤੀਆਂ ਦੀ ਕਿਸਮ ਵੱਖਰੀ ਹੈ। ਇਹ ਵੀ ਦੁਨਿਆਵੀ ਸੱਚਾਈ ਹੈ ਕਿ ਹਰੇਕ ਨੂੰ ਆਪਣਾ ਦੁੱਖ ਬਾਕੀਆਂ ਨਾਲੋਂ ਵੱਡਾ ਜਾਪਦਾ ਹੈ। ਪ੍ਰੇਸ਼ਾਨੀ ਦੇ ਦੌਰ ਵਿਚ ਵੀ ਜੇਕਰ ਆਪਣੀਆਂ ਮੌਜੂਦਾ ਭਾਵਨਾਵਾਂ 'ਤੇ ਕਾਬੂ ਰੱਖਦਿਆਂ ਸਮਝਦਾਰੀ ਤੋਂ ਕੰਮ ਲਿਆ ਜਾਵੇ ਤਾਂ ਆਪਾਂ ਜਾਣ ਸਕਦੇ ਹਾਂ ਕਿ ਆਪਣੇ ਨਾਲੋਂ ਵੀ ਬਹੁਤ ਦੁਖੀ ਲੋਕ ਆਪਣੇ ਆਲੇ ਦੁਆਲੇ ਹੀ ਮੌਜੂਦ ਹਨ। ਜੇਕਰ ਆਪਾਂ ਚਾਹੀਏ ਤਾਂ ਅਜਿਹੇ ਵਿਚ ਹੌਂਸਲਾ ਦੇਣ ਵਾਲਾ ਕੋਈ ਕਾਰਣ ਵੀ ਨਜ਼ਰੀਂ ਲਾਜ਼ਿਮੀ ਪੈ ਜਾਵੇਗਾ।

ਜੇਕਰ ਮੈਂ ਆਪਣੀ ਉਦਾਹਰਣ ਹੀ ਦਿਆਂ ਤਾਂ ਇੱਕ ਸਾਲ ਤੋਂ ਵਧੇਰੇ ਸਮਾਂ ਹੋ ਗਿਆ ਹੈ ਕਿ ਆਪਣੀਆਂ ਅੰਦਰੂਨੀ ਸੱਟਾਂ ਨਾਲ ਜੂਝ ਰਿਹਾ ਹਾਂ। ਚੌਂਤੇ-ਪਹਿਰ ਦਰਦ ਨਾਲ ਦੋ-ਚਾਰ ਹੁੰਦਾ ਹਾਂ। ਮਾਨਸਿਕ ਤੌਰ 'ਤੇ ਵੀ ਬਹੁਤ ਪ੍ਰੇਸ਼ਾਨ ਹਾਂ। ਇਹ ਸੱਚ ਹੈ ਕਿ ਜਿਸ ਕਾਰਨ (ਐਕਸੀਡੈਂਟ) ਕਰਕੇ ਮੈਂ ਮੌਜੂਦਾ ਦੌਰ ਵਿਚੋਂ ਲੰਘ ਰਿਹਾ ਹਾਂ, ਉਹ ਮੇਰੇ ਕੰਟਰੋਲ ਤੋਂ ਬਾਹਰ ਸੀ। ਹੁਣ ਸੁਆਲ ਇਹ ਵੀ ਪੈਦਾ ਹੁੰਦਾ ਹੈ ਕਿ ਅਜਿਹੀ ਅਵਸਥਾ ਵਿਚ ਰਹਿੰਦਿਆਂ ਆਪਣੇ ਆਪ ਵਿਚ ਸਕਾਰਤਮਿਕਤਾ ਕਿਵੇਂ ਪੈਦਾ ਕਰ ਸਕਦਾ ਹਾਂ? ਸੁਚੇਤ ਤੌਰ 'ਤੇ ਮੈਂ ਆਪਣੇ ਆਪ ਨੂੰ ਚੇਤੇ ਕਰਵਾਉਂਦਾ ਹਾਂ ਕਿ ਭਿਆਨਕ ਐਕਸੀਡੈਂਟ ਵਿਚੋਂ ਲੰਘਣ ਦੇ ਬਾਵਜੂਦ :

ਮੇਰੇ ਬਾਹਰੀ ਸੱਟਾਂ ਨਹੀਂ ਵੱਜੀਆਂ।
ਕੋਈ ਲੱਤ ਬਾਂਹ ਨਹੀਂ ਟੁੱਟੀ।
ਮੈਂ ਵਧੀਆ ਖਾਂਦਾ-ਪੀਂਦਾ ਹਾਂ।
ਮੈਂ ਤੁਰ ਫਿਰ ਲੈਂਦਾ ਹਾਂ।
ਮੈਨੂੰ ਕਿਸੇ ਦਾ ਸਹਾਰਾ ਲੈਣ ਦੀ ਲੋੜ ਨਹੀਂ ਪੈਂਦੀ। (ਕੁਝ ਕੁ ਮੌਕਿਆਂ ਨੂੰ ਛੱਡ ਕੇ)
ਮੈਂ ਚੰਗੀ ਤਰਾਂ ਸੋਚਦਾ, ਸਮਝਦਾ ਹਾਂ, ਵਿਚਾਰ ਕਰਦਾ ਹਾਂ।
ਮੇਰਾ ਚੰਗਾ ਇਲਾਜ ਵੀ ਹੋ ਰਿਹਾ ਹੈ।
ਥੋੜਾ ਬਹੁਤ ਕੰਮ ਵੀ ਕਰ ਲੈਂਦਾ ਹਾਂ, ਜੋ ਸਾਡੇ ਘਰ ਦੀ ਆਰਥਿਕਤਾ ਵਿਚ ਹਿੱਸਾ ਪਾਉਂਦਾ ਹੈ।
ਸਭ ਤੋਂ ਵੱਡੀ ਗੱਲ ਕਿ ਮੈਨੂੰ ਆਪਣੇ ਪਰਿਵਾਰ ਦਾ ਪੂਰਨ ਸਹਿਯੋਗ ਤੇ ਸਮਰਥਨ ਹਾਸਲ ਹੈ।

ਜਦੋਂ ਮੈਂ ਆਪਣੇ ਅਵਚੇਤਨ ਨੂੰ ਅਜਿਹਾ ਯਾਦ ਕਰਵਾਉਂਦਾ ਹਾਂ ਤਾਂ ਉਹ ਸਹਿਜੇ ਹੀ ਮੇਰੇ ਨਾਲ ਸਹਿਮਤ ਹੋ ਜਾਂਦਾ ਹੈ ਅਤੇ ਸ਼ੁਕਰਗੁਜ਼ਾਰ ਹੁੰਦਾ ਹੈ। ਕਈ ਵਾਰ ਕੁਝ ਲੋਕ ਅਜਿਹੀਆਂ ਗੱਲਾਂ ਨੂੰ ਕਿਤਾਬੀ ਗੱਲਾਂ ਵੀ ਕਰਾਰ ਦਿੰਦੇ ਹਨ। ਅਜਿਹੀ ਸੋਚ ਵਾਲੇ ਲੋਕ ਧਿਆਨ ਦੇਣ ਕਿ ਉਹਨਾਂ ਦੀਆਂ ਆਪਣੀਆਂ ਮੌਜੂਦਾ ਸਮੱਸਿਆਵਾਂ ਤੋਂ ਪਹਿਲਾਂ :

ਉਨਾਂ ਦੀ ਮਾਨਸਿਕਤਾ ਕਿਹੋ ਜਿਹੀ ਸੀ?
ਕੀ ਉਹ ਸਕਾਰਤਮਕ ਸੋਚ ਰੱਖਦੇ ਸਨ?
ਜ਼ਿੰਦਗੀ ਪ੍ਰਤੀ ਉਨਾਂ ਦਾ ਨਜ਼ਰੀਆ ਕਿਹੋ ਜਿਹਾ ਸੀ?
ਉਹ ਚੁਣੌਤੀਆਂ ਦਾ ਸਾਹਮਣਾ ਕਿਵੇਂ ਕਰਦੇ ਸਨ, ਰੋ-ਪਿੱਟ ਕੇ ਜਾਂ ਹੌਸਲੇ ਨਾਲ?
ਕੀ ਉਹ ਆਪਣੀਆਂ ਛੋਟੀਆਂ-ਵੱਡੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਂਦੇ ਸਨ?
ਕਿਤੇ ਉਹ ਆਪਣੀਆਂ ਛੋਟੀਆਂ ਸਮੱਸਿਆਵਾਂ ਨੂੰ ਦੂਜਿਆਂ ਸਾਹਮਣੇ ਵਧਾ-ਚੜ੍ਹਾ ਕੇ ਪੇਸ਼ ਤਾਂ ਨਹੀਂ ਸਨ ਕਰਦੇ?
ਕੀ ਉਹ ਆਪਣੇ ਦੁੱਖਾਂ ਦੀ ਕਹਾਣੀ ਕੁਝ ਖਾਸ ਵਿਅਕਤੀ (ਆਂ) ਨਾਲ ਹੀ ਤਾਂ ਸਾਂਝੀ ਨਹੀਂ ਸਨ ਕਰਦੇ?
ਜਦੋਂ ਲੋਕ ਉਨਾਂ ਨੂੰ ਹਮਦਰਦੀ ਪੇਸ਼ ਕਰਦੇ ਸਨ ਤਾਂ ਕੀ ਉਹਨਾਂ ਦਾ ਮਨ ਸ਼ਾਂਤ ਹੋ ਜਾਂਦਾ ਸੀ?

ਉਪਰੋਕਤ ਤੋਂ ਤੁਸੀਂ ਆਪਣੇ ਆਪ ਨੂੰ ਅਤੇ ਆਪਣੀ ਸ਼ਖ਼ਸ਼ੀਅਤ ਨੂੰ ਸਮਝ ਸਕਦੇ ਹੋ। ਜੇਕਰ ਮੌਜੂਦਾ ਸਮੱਸਿਆਵਾਂ ਤੋਂ ਪਹਿਲਾਂ ਤੁਹਾਡੇ ਵਿਚ ਚੁਣੌਤੀਆਂ ਦਾ ਸਾਹਮਣਾ ਕਰਨ ਦਾ ਹੌਸਲਾ ਨਹੀਂ ਸੀ, ਤੁਹਾਨੂੰ ਹਮਦਰਦੀ ਚੰਗੀ ਲੱਗਦੀ ਸੀ ਜਾਂ ਤੁਸੀਂ ਹਮਦਰਦੀ ਹਾਸਲ ਕਰਨ ਦੇ ਉਪਰਾਲੇ ਕਰਦੇ ਸੀ ਤਾਂ ਤੁਹਾਨੂੰ ਆਪਣੀ ਮਾਨਸਿਕਤਾ ਕਮਜ਼ੋਰ ਹੋਣ ਬਾਰੇ ਮੰਨ ਲੈਣਾ ਚਾਹੀਦਾ ਹੈ। ਜੇਕਰ ਤੁਸੀਂ ਆਪਣੀ ਮਾਨਸਿਕਤਾ ਦੀ ਪਛਾਣ ਕਰ ਲਈ ਹੈ ਅਤੇ ਉਸਨੂੰ ਸੱਚੇ ਦਿਲੋਂ ਸਵੀਕਾਰ ਕਰਦੇ ਹੋ ਤਾਂ ਅਜਿਹਾ ਕੀ ਹੋਵੇ, ਜੋ ਤੁਹਾਨੂੰ ਚੁਣੌਤੀਆਂ ਜਾਂ ਸਮੱਸਿਆਵਾਂ ਨਾਲ ਮੁਕਾਬਲਾ ਕਰਨ ਲਈ ਤਿਆਰ ਕਰ ਦੇਵੇ?

ਸਭ ਤੋਂ ਪਹਿਲਾ ਕਦਮ ਸ਼ਾਂਤ ਰਹਿਣ ਦਾ ਹੈ। ਜੇਕਰ ਤੁਸੀਂ ਬੇਚੈਨੀ, ਘਬਰਾਹਟ ਜਾਂ ਗੁੱਸੇ ਵਿਚ ਰਹਿੰਦੇ ਹੋ ਤਾਂ ਸਹੀ ਫੈਸਲਾ ਨਹੀਂ ਕਰ ਸਕੋਗੇ। ਮਨ ਸ਼ਾਂਤ ਕਰਨ ਦਾ ਵਧੀਆ ਤਰੀਕਾ ਆਪਣੇ ਸਾਹਾਂ 'ਤੇ ਕਾਬੂ ਪਾਉਣਾ ਹੈ। ਦਿਨ ਵਿਚ ਕਈ ਵਾਰ ਲੰਬੇ-ਲੰਬੇ ਸਾਹ ਲੈਣ, ਕੁਝ ਪਲਾਂ ਲਈ ਰੋਕਣ ਤੇ ਹੌਲੀ-ਹੌਲੀ ਸਾਹ ਬਾਹਰ ਕੱਢਣ ਦਾ ਅਭਿਆਸ ਕਰੋ। ਇਸ ਲਈ ਮੇਰੀ ਪਸੰਦੀਦਾ ਤਕਨੀਕ ਹੈ, ਚਾਰ ਸੈਕਿੰਡ ਲਈ ਸਾਹ ਅੰਦਰ ਖਿੱਚਣਾ, ਸੱਤ ਸੈਕਿੰਡ ਲਈ ਰੋਕਣਾ ਅਤੇ ਉਸੇ ਸਾਹ ਨੂੰ ਬਾਹਰ ਕੱਢਣ 'ਤੇ ਅੱਠ ਸੈਕਿੰਡ ਦਾ ਸਮਾਂ ਲਗਾਉਣਾ। ਜੇਕਰ ਸ਼ੁਰੂਆਤ ਵਿਚ ਸਾਹ ਲੈਣ 'ਤੇ ਏਨਾ ਸਮਾਂ ਨਾ ਲਗਾ ਸਕੋ ਤਾਂ ਸਮਾਂ ਅੱਧਾ ਕਰ ਦਿਓ।

ਇੱਕੋ ਵਾਰ ਕਈ ਸਮੱਸਿਆਵਾਂ ਦਾ ਹੱਲ ਲੱਭਣ ਦਾ ਯਤਨ ਨਾ ਕਰੋ। ਮੈਂ ਲਿਖਤੀ ਕਾਰਜ ਕਰਨ 'ਤੇ ਕਾਫ਼ੀ ਜ਼ੋਰ ਦਿੰਦਾ ਹਾਂ। ਆਪਣੀਆਂ ਸਾਰੀਆਂ ਸਮੱਸਿਆਵਾਂ ਤੇ ਚੁਣੌਤੀਆਂ ਨੂੰ ਵਿਸਥਾਰ ਨਾਲ ਕਾਗਜ਼ 'ਤੇ ਲਿਖੋ। ਜੇਕਰ ਉਨਾਂ ਦਾ ਕੋਈ ਸਕਾਰਾਤਮਕ ਪੱਖ ਹੈ ਤਾਂ ਉਸ ਬਾਰੇ ਵੀ ਲਿਖੋ। ਹੁਣ ਉਨਾਂ ਚੁਣੌਤੀਆਂ ਜਾਂ ਸਮੱਸਿਆਵਾਂ ਬਾਰੇ ਵਿਚਾਰੋ ਕਿ, ਕੀ ਉਹ ਸੱਚਮੁੱਚ ਏਨੀਆਂ ਵੱਡੀਆਂ ਹਨ, ਜਿੰਨਾ ਵੱਡਾ ਤੁਸੀਂ ਸਮਝਦੇ ਹੋ। ਕਿਤੇ ਅਜਿਹਾ ਤਾਂ ਨਹੀਂ ਕਿ ਕਿਸੇ ਕਾਰਣ ਤੁਸੀਂ ਉਨਾਂ ਸਮੱਸਿਆਵਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰ ਰਹੇ ਹੋਵੋ?




ਆਪਣੀਆਂ ਸਮੱਸਿਆਵਾਂ ਤੇ ਚੁਣੌਤੀਆਂ ਨੂੰ ਤਰਤੀਬ ਦਿਓ। ਜਿਹੜੀਆਂ ਚੁਣੌਤੀਆਂ ਸਭ ਤੋਂ ਵੱਡੀਆਂ ਹਨ, ਉਨਾਂ ਨੂੰ ਉਪਰ ਅਤੇ ਇੰਝ ਹੀ ਛੋਟੀਆਂ ਕ੍ਰਮਵਾਰ ਹੇਠਾਂ ਲਿਖੋ।

ਇਹ ਸਭ ਲਿਖਣ ਤੋਂ ਦੋ ਦਿਨਾਂ ਬਾਅਦ ਇਸ ਤਰਤੀਬ ਨੂੰ ਕਿਸੇ ਤੀਜੇ ਵਿਅਕਤੀ ਦੇ ਨਜ਼ਰੀਏ ਤੋਂ ਦੋਬਾਰਾ ਪੜ੍ਹੋ। ਵਿਚਾਰੋ ਕੀ ਇਹ ਸਮੱਸਿਆਵਾਂ ਤੇ ਚੁਣੌਤੀਆਂ ਸੱਚਮੁੱਚ ਏਡੀਆਂ ਵੱਡੀਆਂ ਹਨ, ਜਿਨੀਆਂ ਤੁਸੀਂ ਲਿਖਣ ਤੋਂ ਪਹਿਲਾਂ ਸਮਝ ਰਹੇ ਸੀ। ਲੋੜ ਮੁਤਾਬਿਕ ਇਸ ਤਰਤੀਬ ਨੂੰ ਬਦਲ ਦਿਓ ਅਤੇ ਗ਼ੈਰ-ਜ਼ਰੂਰੀ ਲਾਈਨਾਂ ਕੱਟ ਦਿਓ। ਕਈ ਵਾਰ ਆਪਾਂ ਜਦੋਂ ਕਿਸੇ ਸਮੱਸਿਆ ਬਾਰੇ ਮਨ ਹੀ ਮਨ ਸੋਚਦੇ ਹਾਂ ਤਾਂ ਮਨ ਫਾਲਤੂ ਦੀਆਂ ਕਹਾਣੀਆਂ ਵੀ ਨਾਲ ਜੋੜ ਦਿੰਦਾ ਹੈ ਅਤੇ ਆਪਣੀਆਂ ਸੋਚਾਂ ਵਿਚ ਹਰ ਸਮੱਸਿਆ ਵਿਕਰਾਲ ਰੂਪ ਧਾਰਨ ਕਰ ਜਾਂਦੀ ਹੈ। ਪਰ ਲਿਖਣ ਨਾਲ ਮਨ ਫਾਲਤੂ ਕਹਾਣੀਆਂ ਸਮੱਸਿਆਵਾਂ ਨਾਲ ਨਹੀਂ ਜੋੜ ਸਕਦਾ ਕਿਉਂ ਜੋ ਤੁਹਾਡਾ ਅੰਤਰਮਨ ਹੀ ਤੁਹਾਨੂੰ ਸਾਵਧਾਨ ਕਰ ਦੇਵੇਗਾ, 'ਯਾਰ! ਇਹ ਗੱਲ ਏਡੀ ਵੱਡੀ ਤਾਂ ਨਹੀਂ, ਜਿੰਨੀ ਤੂੰ ਲਿਖੀ ਹੈ ਜਾਂ ਲਿਖਣ ਜਾ ਰਿਹਾ ਹੈਂ।'

ਵਿਚਾਰ ਕਰਦੇ ਸਮੇਂ ਲੋਕਾਂ ਦੀਆਂ ਜਾਂ ਸਮਾਜਿਕ ਸਮੱਸਿਆਵਾਂ ਨੂੰ ਬਿਲਕੁੱਲ ਅੱਖੋਂ-ਪਰੋਖੇ ਕਰ ਦਿਓ। ਚੇਤੇ ਰਹੇ ਕਿ ਹੋਰਨਾਂ ਨਾਲ ਸੰਬੰਧਿਤ ਸਮੱਸਿਆਵਾਂ ਹੱਲ ਕਰਨਾ ਤੁਹਾਡੇ ਵੱਸ ਵਿਚ ਨਹੀਂ ਹੈ। ਤੁਸੀਂ ਉਨਾਂ ਦੀ ਮੱਦਦ ਤਾਂ ਕਰ ਸਕਦੇ ਹੋ ਪਰ ਮੁੱਖ ਤੌਰ 'ਤੇ ਹਿੰਮਤ ਤੇ ਮਿਹਨਤ ਉਨਾਂ ਨੂੰ ਆਪ ਹੀ ਕਰਨੀ ਪਵੇਗੀ। ਇਹ ਵੀ ਯਾਦ ਰੱਖੋ ਕਿ ਸਭ ਨੂੰ ਖ਼ੁਸ਼ ਕਰਨਾ ਸੰਭਵ ਨਹੀਂ ਹੁੰਦਾ।

ਤੁਹਾਡੇ ਮੁਤਾਬਿਕ ਆਪਣੀਆਂ ਸਮੱਸਿਆਵਾਂ ਦਾ ਸੰਭਾਵੀ ਹੱਲ ਕਾਗਜ਼ 'ਤੇ ਲਿਖੋ। ਇਹ ਵੀ ਲਿਖੋ ਕਿ ਉਹ ਹੱਲ ਤੁਹਾਡੇ ਲਈ ਸਭ ਤੋਂ ਵਧੀਆ ਕਿਉਂ ਹੈ? ਇਸ ਵਿਚ ਹੋਰਨਾਂ ਦਾ ਕੀ ਨੁਕਸਾਨ ਹੈ? ਜੇਕਰ ਤੁਸੀਂ ਹੋਰਨਾਂ ਦੇ ਨੁਕਸਾਨ ਨੂੰ ਵੀ ਧਿਆਨ ਵਿਚ ਰੱਖਦੇ ਹੋ ਤਾਂ ਇਹ ਹੱਲ ਤੁਹਾਡੇ ਲਈ ਕਿੰਨਾ ਕੁ ਫ਼ਾਇਦੇਮੰਦ ਸਾਬਿਤ ਹੋਵੇਗਾ?

ਮੁੜ ਆਪਣੇ ਪਰਿਵਾਰ, ਨਜ਼ਦੀਕੀ ਮਿੱਤਰਾਂ ਜਾਂ ਪਿਆਰ ਕਰਨ ਵਾਲਿਆਂ ਤੋਂ ਆਪਣੀ ਸਮੱਸਿਆ ਦੇ ਹੱਲ ਬਾਰੇ ਪੁੱਛੋ। ਹੋ ਸਕਦਾ ਹੈ ਕਿ ਉਨਾਂ ਦੁਆਰਾ ਦਿੱਤੇ ਗਏ ਸੁਝਾਅ ਤੁਹਾਨੂੰ ਮੁਲੋਂ ਹੀ ਚੰਗੇ ਨਾ ਲੱਗਣ। ਅਜਿਹੇ ਸਮੇਂ ਆਪਣੇ ਆਪ ਅਤੇ ਆਪਣੀਆਂ ਭਾਵਨਾਵਾਂ 'ਤੇ ਕਾਬੂ ਰੱਖੋ। ਬਹਿਸਣ ਦੀ ਬਜਾਏ ਉਨਾਂ ਨੂੰ ਚੰਗੇ ਸ਼ਬਦਾਂ ਵਿਚ ਸੁਆਲ ਪੁੱਛੋ ਅਤੇ ਆਪਣਾ ਪੱਖ ਰੱਖੋ। ਜੇਕਰ ਉਨਾਂ ਦੇ ਗਲ ਪੈਣ ਵਾਲਾ ਕੰਮ ਕਰੋਗੇ ਤਾਂ ਉਹ ਇਸ ਵਿਚਾਰ ਚਰਚਾ ਤੋਂ ਟਾਲਾ ਵੱਟ ਲੈਣਗੇ ਅਤੇ ਉਨਾਂ ਦੇ ਮਨ ਵਿਚ ਕੀ ਹੈ, ਉਹ ਬਾਹਰ ਨਹੀਂ ਆਵੇਗਾ। ਇਹ ਵੀ ਵਿਚਾਰ ਕਰੋ ਕਿ ਦਿੱਤੀ ਗਈ ਸਲਾਹ ਵਿਚ ਉਨਾਂ ਦਾ ਕੀ ਫਾਇਦਾ ਹੋ ਸਕਦਾ ਹੈ?

ਇਹ ਸਭ ਕਾਰਜ ਲਿਖਤੀ ਰੂਪ ਵਿਚ ਕਰਨ ਤੋਂ ਬਾਅਦ ਸਕਾਰਾਤਮਕ ਲਹਿਜ਼ੇ ਨਾਲ ਪੁਨਰ ਵਿਚਾਰ ਕਰੋ ਅਤੇ ਆਪਣੀਆਂ ਸਮੱਸਿਆਵਾਂ ਜਾਂ ਚੁਣੌਤੀਆਂ ਦੇ ਸਭ ਤੋਂ ਵਧੀਆ ਹੱਲ ਦੀ ਚੋਣ ਕਰੋ।

ਮੱਤ ਸੋਚੋ ਕਿ ਜ਼ਿੰਦਗੀ ਦਾ ਅੰਤ ਹੀ ਸਭ ਸਮੱਸਿਆਵਾਂ ਦਾ ਬਿਹਤਰ ਹੱਲ ਹੁੰਦਾ ਹੈ। ਅਸਲ ਵਿਚ ਇਹ ਆਪਣੀਆਂ ਚੁਣੌਤੀਆਂ ਅਤੇ ਜ਼ਿੰਮੇਵਾਰੀਆਂ ਤੋਂ ਭੱਜਣਾ ਹੁੰਦਾ ਹੈ ਅਤੇ ਕਾਇਰਤਾ ਦੀ ਨਿਸ਼ਾਨੀ ਹੈ। ਜੇਕਰ ਕੋਈ ਪਿਆਰਾ ਦੁਨੀਆ ਤੋਂ ਚਲਾ ਗਿਆ ਤਾਂ ਜਿਉਣ ਦਾ ਕੋਈ ਹੋਰ ਮਕਸਦ ਲੱਭਣ ਵਿਚ ਹੀ ਸਿਆਣਪ ਹੈ। ਜਿਉਣ ਲਈ ਹੋਰ ਬਹੁਤ ਸਾਰੇ ਅਜਿਹੇ ਕਾਰਣ ਹੋ ਸਕਦੇ ਹਨ, ਜੋ ਤੁਹਾਡੀ ਰੂਹ ਨੂੰ ਧੁਰ-ਅੰਦਰੋਂ ਸਕੂਨ ਦੇ ਸਕਦੇ ਹਨ। ਜੇਕਰ ਆਪਣੇ ਆਪ ਲਈ ਜਿਉਣ ਦਾ ਕੋਈ ਮਕਸਦ ਨਹੀਂ ਰਹਿ ਗਿਆ ਤਾਂ ਦੂਜਿਆਂ ਲਈ ਜਿਉਣਾ ਸਿੱਖੋ।

---



**ਅਮਨ ਸਿੰਘ**

ਸਮਾਂ ਬਹੁਤ ਹੀ ਬਲਵਾਨ ਹੈ ਜਿਸਨੇ ਨਿਤਾਣਿਆਂ ਤੇ ਬਲਹੀਣਾਂ ਨੂੰ ਵੱਡੀਆਂ-ਵੱਡੀਆਂ ਸਲਤਨਤਾਂ ਦੇ ਮਾਲਕ ਬਣਾ ਦਿੱਤਾ ਅਤੇ ਵੱਡੇ-ਵੱਡੇ ਬਲਸ਼ਾਲੀ ਯੋਧਿਆਂ ਨੂੰ ਵੀ ਬਲਹੀਣ ਕਰ ਦਿੱਤਾ। ਸਮੇਂ ਕਿਸੇ ਦੇ ਅਧੀਨ ਨਹੀਂ ਬਲਕਿ ਹਰ ਦ੍ਰਿਸ਼ਟਮਾਨ ਵਸਤੂ ਸਮੇਂ ਦੇ ਅਧੀਨ ਹੈ। ਬਹੁਤ ਸਲਤਨਤਾਂ ਆਈਆਂ ਰਾਜ ਕਰਨ, ਮਹਿਲ ਉਸਰੇ, ਵੱਡੇ ਵੱਡੇ ਯੋਧੇ ਪੈਦਾ ਹੋਏ, ਜੰਗਾਂ ਵਿਚ ਜੂਝੇ, ਜਿੱਤਾਂ ਪ੍ਰਾਪਤ ਕੀਤੀਆਂ ਪਰ ਅੰਤ ਨੂੰ ਸਮੇਂ ਨੇ ਆਪਣੀ ਆਗੋਸ਼ ਵਿਚ ਲੈ ਕੇ ਉਨਾਂ ਨੂੰ ਇਤਿਹਾਸ ਵਿਚ ਬਦਲ ਦਿੱਤਾ। ਸ਼ਕਤੀਸ਼ਾਲੀ ਦਰਿਆ ਵਗੇ, ਸਮੇਂ ਨੇ ਉਨਾਂ ਦੇ ਵਹਿਣ ਬਦਲਕੇ ਰੱਖ ਦਿੱਤੇ। ਜੋ ਕੋਈ ਵਸਤੂ ਅੱਜ ਨਿਗੂਣੀ ਜਾਪਦੀ ਹੈ ਕਦੇ ਉਹ ਸ਼ਕਤੀਸ਼ਾਲੀ ਹੋ ਜਾਂਦੀ ਹੈ। ਬਾਬਾ ਫਰੀਦ ਜੀ ਦਾ ਕਥਨ ਹੈ ਕਿ ਮਨੁੱਖ ਸਾਰੀ ਉਮਰ ਮਿੱਟੀ ਨੂੰ ਪੈਰਾਂ ਹੇਠ ਲਤਾੜਦਾ ਰਹਿੰਦਾ ਹੈ, ਮਿੱਟੀ ਨਿਮਾਣੀ ਬਣੀ ਰਹਿੰਦੀ ਹੈ, ਵਕਤ ਦੇ ਬੀਤਣ ਨਾਲ ਮਿੱਟੀ ਦਾ ਵੀ ਸਮਾਂ ਆਉਂਦਾ ਹੈ, ਉਹੀ ਮਿੱਟੀ ਮਨੁੱਖ ਨੂੰ ਮੌਤ ਤੋਂ ਬਾਅਦ ਵਿਚ ਆਪਣੇ ਆਗੋਸ਼ ਵਿਚ ਸਦਾ ਲਈ ਸੰਭਾਲ ਲੈਂਦੀ ਹੈ।

ਸਮਾਂ ਇਕ ਅਜਿਹਾ ਹਕੀਮ ਹੈ ਜੋ ਸਾਰੇ ਜ਼ਖ਼ਮ ਭਰ ਦਿੰਦਾ ਹੈ। ਜਿਹੜੇ ਫੱਟ ਖਾ ਕੇ ਕਈ ਵਾਰ ਇਨਸਾਨ ਆਪਣੀ ਜ਼ਿੰਦਗੀ ਨੂੰ ਖਤਮ ਕਰਨ ਬਾਰੇ ਵੀ ਸੋਚਣ ਲੱਗ ਜਾਂਦਾ ਹੈ ਪਰ ਸਮਾਂ ਤਾਂ ਉਨਾਂ ਜ਼ਖ਼ਮਾਂ ਉਤੇ ਵੀ ਮਲਮ ਲਗਾਕੇ ਭਰ ਦਿੰਦਾ ਹੈ। ਉਨਾਂ ਜ਼ਖ਼ਮਾਂ ਨੂੰ ਛੋਹਣ ਨਾਲ ਕਸਕ ਵੀ ਨਹੀਂ ਉਠਦੀ, ਜੋ ਕਿਸੇ ਸਮੇਂ ਬਹੁਤ ਗਹਿਰੇ ਫੱਟ ਸਨ ਅਤੇ ਲਾਇਲਾਜ ਜਾਪਦੇ ਸਨ।

ਸਮਾਂ ਚਲਾਕ ਵੀ ਬਹੁਤ ਹੈ ਕਿ ਪਤਾ ਹੀ ਨਹੀਂ ਚੱਲਦਾ ਕਿਉਂ ਨੁਕਸਾਨ ਕਰ ਰਿਹਾ ਹੈ ਜਾਂ ਖੁਸ਼ੀਆਂ ਦੇ ਰਿਹਾ ਹੈ। ਜਿਵੇਂ ਗੁਰਬਾਣੀ ਵਿਚ ਦਰਸਾਇਆ ਗਿਆ ਹੈ ਕਿ ਇਕ ਮਾਂ ਨੂੰ ਲੱਗਦਾ ਹੈ ਕਿ ਉਸ ਦਾ ਪੁੱਤਰ ਵੱਡਾ ਹੋ ਰਿਹਾ ਹੈ ਪਰ ਉਹ ਵਿਚਾਰੀ ਇਹ ਨਹੀਂ ਜਾਣਦੀ ਕਿ ਦਿਨੋ-ਦਿਨ ਉਸ ਦੇ ਪੁੱਤਰ ਦੀ ਉਮਰ ਵੀ ਘਟ ਰਹੀ ਹੈ।




ਹਰ ਕਾਰਜ ਨੂੰ ਕਰਨ ਲਈ ਇਕ ਸਮਾਂ ਨਿਸ਼ਚਿਤ ਹੁੰਦਾ ਹੈ। ਜੇ ਅਵੇਸਲੇ ਹੋ ਕੇ ਉਸ ਸਮੇਂ ਨੂੰ ਖੁੰਝਾ ਦੇਵਾਂਗੇ ਤਾਂ ਅੰਤ ਪਛਤਾਵਾ ਹੀ ਪੱਲੇ ਰਹਿ ਜਾਵੇਗਾ। ਇਸੇ ਸਬੰਧੀ ਬਾਬਾ ਫ਼ਰੀਦ ਜੀ ਸਮੇਂ ਨੂੰ ਸੰਭਾਲਣ ਲਈ ਆਖਦੇ ਹਨ :

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬਉ ਛਲੈ ਤਬ ਤਰਣੁ ਦੁਹੇਲਾ॥

ਸਮੇਂ ਦੀ ਬੇਪ੍ਰਵਾਹੀ ਬਾਰੇ ਭਾਈ ਵੀਰ ਸਿੰਘ ਨੇ ਬਹੁਤ ਹੀ ਖੂਬਸੂਰਤ ਸਤਰਾਂ ਲਿਖੀਆਂ ਹਨ :-

ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ।
ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ।
ਇਹ ਠਹਿਰਨ ਜਾਚ ਨਾ ਜਾਣਦਾ
ਤੇ ਲੰਘ ਗਿਆ ਮੁੜਨਾ ਆਂਵਦਾ।

ਸੋ ਸਾਨੂੰ ਸਾਰਿਆਂ ਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ। ਜੋ ਸਮਾਂ ਹੱਥ ਵਿਚ ਹੈ, ਉਸਦਾ ਸਦ-ਉਪਯੋਗ ਕਰਨਾ ਚਾਹੀਦਾ ਹੈ। ਬੁੱਧੀ ਵਿਚੋਂ ਬੀਜ ਰੂਪ ਵਿਚ ਅੰਕੁਰਿਤ ਹੋਏ ਕਿਸੇ ਸੁਪਨੇ ਨੂੰ ਹਕੀਕਤ ਵਿਚ ਬਦਲਣ ਲਈ ਵੀ ਸਮਾਂ ਬਹੁਤ ਜ਼ਰੂਰੀ ਹੈ। ਇਸ ਲਈ ਸਮੇਂ ਦੇ ਨਾਲ-ਨਾਲ ਸਹਿਜ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ। ਇਸ ਜਗਤ ਵਿਚ ਮਿਲੇ ਸਮੇਂ ਦਾ ਸਦ-ਉਪਯੋਗ ਕਰਕੇ ਆਪਣੀ ਪਤਿਸਹਿਤ ਅਗਲੇ ਸਫਰ ਲਈ ਰਵਾਨਾ ਹੋਈਏ, ਕਿਉਂਕਿ ਜਾਣ ਦਾ ਸਮਾਂ ਪ੍ਰਮਾਤਮਾ ਵੱਲੋਂ ਪਹਿਲਾਂ ਹੀ ਨਿਰਧਾਰਿਤ ਕੀਤਾ ਹੋਇਆ ਹੈ।

---

## ਵਾਏ ਸੁਣ ਵਾਏ ਅਸੀਂ ਕਿੰਨੇ ਦਰਦ ਹੰਢਾਏ....






ਮੁਰਸ਼ਦ ਸ਼ੇਖ ਫਰੀਦ ਜੀ ਜਦੋਂ ਮੁਰੀਦਾਂ ਦੇ ਤਰੁੱਠਦੇ ਤਾਂ ਆਖਦੇ 'ਰੱਬ ਤੁਹਾਡੇ ਦਿਲ ਵਿਚ ਦਰਦ ਪੈਦਾ ਕਰੇ'। ਅਸੀਂ ਆਪਾਂ ਜਣਾਉਣ ਨੂੰ ਹੀ ਸਿੱਖੀ ਸਮਝ ਲਿਆ... ਜਦਕਿ ਸਿੱਖੀ ਸਿਦਕ ਭਰੋਸਾ ਕੁਰਬਾਨੀ ਤਿਆਗ ਕਮਾਈ ਦਾ ਨਾਮ ਹੈ, ਸ਼ਹੀਦ ਭਾਈ ਸਤਵੰਤ ਸਿੰਘ ਅਗਵਾਨ ਦੇ ਭਰਾਤਾ ਇਕ ਇੰਟਰਵਿਊ ਦੌਰਾਨ ਏਨੇ ਜਿਆਦਾ ਭਾਵੁਕ ਹੋ ਗਏ...ਕਹਿਣ ਲੱਗੇ 31 ਅਕਤੂਬਰ 1984 ਦੀ ਸਵੇਰ ਤੋਂ ਬਾਅਦ ਸਾਡੇ ਮਾਤਾ ਜੀ ਅੱਠ ਦਿਨ ਘਰ ਨਹੀਂ ਵੜ ਸਕੇ, ਲੋਕਾਂ ਦੇ ਘਰਾਂ ਵਿਚ ਲੁਕ ਛਿਪ ਦਿਨ ਕੱਟਦੇ ਰਹੇ, ਸਾਡਾ ਕੀ ਬਣਨਾ ਸੀ।

ਦੂਜੇ ਪਾਸੇ ਨਿਮਰਤਾ ਦੀ ਮੂਰਤ ਭਾਈ ਸਾਹਿਬ ਭਾਈ ਈਸ਼ਰ ਸਿੰਘ ਜਿਨਾਂ ਦੇ ਚਿਹਰੇ ਤੇ ਮਹਾਂਪੁਰਸ਼ਾਂ ਦੀ ਕਮਾਈ ਦਾ ਨੂਰ ਝਲਕਦਾ ਨਜ਼ਰ ਆਉਂਦਾ ਹੈ...ਕੈਸੇ ਹਾਲਾਤ ਹੋਣਗੇ, ਘੱਲੂਘਾਰਾ 1984 ਸਮੇਂ ਜਦੋਂ ਛੋਟੀ ਜਿਹੀ ਉਮਰ ਦੇ ਵਿਚ ਪਿਤਾ ਜੀ ਸ਼ਹੀਦ ਹੋਏ ਇਕ ਦਹਾਕਾ ਰੂਪੋਸ਼ ਜ਼ਿੰਦਗੀ ਬਤੀਤ ਕੀਤੀ।

ਪਤਾ ਨਹੀਂ ਅੱਜ ਵੀ ਕਿੰਨੇ ਸਿੰਘ ਦਹਾਕਿਆਂਬੱਧੀ ਜੇਲ੍ਹਾਂ ਵਿਚ ਰੁਲ ਰਹੇ ਹਨ, ਸ਼ਮਸ਼ੇਰ ਸਿੰਘ ਵਰਗਿਆਂ ਦੇ ਘਰ ਢਹਿ ਗਏ ਜੋ ਕਦੇ ਇੰਟੈਲੀਜੈਂਸ ਵਿਭਾਗ ਵਿਚ ਸਰਕਾਰੀ ਮੁਲਾਜਮ ਸਨ, ਜੇਕਰ ਸੰਘਰਸ਼ ਦੇ ਰਾਹ ਨਾ ਪੈਂਦੇ ਅੱਜ ਅਫ਼ਸਰ ਹੁੰਦੇ।

ਸੱਚਮੁਚ ਅੱਜ ਆਤਮਿਕ ਪੱਖੋਂ ਕੰਗਾਲ ਹੋਏ ਪਏ ਹਾਂ... ਮਹਾਰਾਜ ਜੀ ਨੇ ਬਚਨ ਕੀਤਾ ਸੀ ਮਨ ਨੀਵਾਂ ਮੱਤ ਉਚੀ ਪਰ ਅੱਜ ਮਨ ਉੱਚਾ ਤੇ ਮੱਤ ਨੀਵੀਂ ਹੋਈ ਪਈ ਹੈ।

ਸਿੱਖੀ ਦੇ ਨਾਮ 'ਤੇ ਹਵਾ ਵਿਚ ਤਲਵਾਰਾਂ ਲਹਿਰਾਉਣ ਵਾਲਿਆਂ, ਧਰਨਿਆਂ ਵਾਲਿਆਂ, ਨਿੰਦਕਾਂ ਦੁਸ਼ਟਾਂ, ਗੁਰੂ ਕੀ ਗੋਲਕ ਤੇ ਪਲਣ ਵਾਲੇ ਚਾਪਲੂਸਾਂ ਨੇ ਅੱਜ ਐਸਾ ਮਾਹੌਲ ਸਿਰਜਿਆ ਹੈ ਜਿਸ ਨੂੰ ਵੇਖ ਆਮ ਸਿੱਖ ਦੇ ਪੱਲੇ ਨਿਰਾਸ਼ਾ ਹੀ ਨਿਰਾਸ਼ਾ ਬਚਦੀ ਹੈ। ਕਮਾਈ ਵਾਲੀਆਂ ਰੂਹਾਂ ਨੂੰ ਹੀ ਪਾਤਸ਼ਾਹ ਪੰਥ ਦੀ ਅਗਵਾਈ ਬਖਸ਼ਦਾ ਹੈ, ਬਾਕੀ ਜਿੰਨਿਆਂ ਮਰਜੀ ਡੀਂਗਾਂ ਮਾਰੀ ਜਾਣ ਉਹ ਕੁਝ ਚਾਹ ਕੇ ਨਹੀਂ ਕਰ ਸਕਦੇ, ਸਭ ਖੇਡਾਂ ਕਮਾਈ ਦੀਆਂ ਹਨ। ਮਹਾਰਾਜ ਜੀ ਦੇ ਅਦਬ ਭੈਅ ਭਾਵਨੀ ਵਿਚ ਜ਼ਿੰਦਗੀ ਜਿਊਣਾ ਵੀ ਇਕ ਕਮਾਈ ਹੈ, ਕੁਰਬਾਨੀ ਵਾਲੇ ਪਰਿਵਾਰਾਂ ਤੋਂ ਅਸੀਂ ਉਹ ਹੀ ਸਿੱਖ ਲਈਏ। **ਸ਼ਮਸ਼ੇਰ ਸਿੰਘ ਜੇਠੂਵਾਲ**

# ਜੰਗ ਦੇ ਸਰੋਤ ਸਰਮਾਏਦਾਰਾ ਪ੍ਰਬੰਧ ਨੂੰ ਖਤਮ ਕਰਨ ਵਾਸਤੇ ਕਿਰਤੀਆਂ ਨੂੰ ਜੰਗਾਂ ਲੜਨੀਆਂ ਪੈਣਗੀਆਂ

**ਰਵਿੰਦਰ**

ਦੁਨੀਆ ਵਿਚ ਜੋ ਕੁਝ ਵੀ ਹੈ- ਅਨਾਜ, ਕੋਲਾ, ਸੜਕਾਂ, ਤੇਲ, ਕੁਦਰਤੀ ਤੱਤਾਂ ਦੇ ਅਥਾਹ ਭੰਡਾਰ, ਇਸ ਦਾ ਮਾਲਕ ਕੌਣ ਹੈ ? ਕੀ ਮੁੱਠੀ ਭਰ ਲੋਕ ਇਸ ਦੇ ਮਾਲਕ ਹਨ ? ਇਸ ਧਰਤੀ ਨੂੰ ਵਾਹ ਸੰਵਾਰ ਕੇ ਇਸ ਨੂੰ ਮਨੁੱਖਾਂ ਰਹਿਣ ਯੋਗ ਬਣਾਉਣ ਲਈ ਸਦੀਆਂ ਦੀ ਕਿਰਤ ਦਾ ਯੋਗਦਾਨ ਹੈ। ਅਨੇਕਾਂ ਲੋਕ ਇਸ ਧਰਤੀ ਦੀ ਨੁਹਾਰ ਬਦਲਣ ਲਈ ਲਗਾਤਾਰ ਹੱਥੀਂ ਕੰਮ ਕਰਦੇ ਰਹੇ ਅਤੇ ਕਰ ਰਹੇ ਹਨ। ਫਿਰ ਵੀ ਇਸ ਸਮਾਜਿਕ ਦੌਲਤ ਨੂੰ ਤਬਾਹ ਕਰਨ ਵਾਲੇ ਮੁੱਠੀ ਭਰ ਹਾਕਮ, ਸਾਮਰਾਜੀ ਮੁਲਕਾਂ ਦੇ ਹਾਕਮ ਸਿਰਫ਼ ਮੁਨਾਫ਼ੇ ਲਈ ਦੁਨੀਆ ਭਰ ਦੇ ਲੋਕਾਂ ਨੂੰ ਜੰਗਾਂ, ਹਥਿਆਰਾਂ ਦੀ ਭੱਠੀ ਵਿਚ ਝੋਕਦੇ ਰਹਿੰਦੇ ਹਨ। ਇਸ ਵਕਤ ਸੰਸਾਰ ਦੀ ਕੁੱਲ ਘਰੇਲੂ ਪੈਦਾਵਾਰ ਦਾ ਵੱਡਾ ਹਿੱਸਾ ਨਾ ਸਿੱਖਿਆ, ਨਾ ਸਿਹਤ ਸੰਭਾਲ, ਨਾ ਹੀ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਅਤੇ ਨਾ ਹੀ ਵਾਤਾਵਰਨ ਸੰਭਾਲ 'ਤੇ ਲੱਗਦਾ ਹੈ ਸਗੋਂ ਵੱਡਾ ਹਿੱਸਾ ਹਥਿਆਰ ਬਣਾਉਣ ਤੇ ਖਰੀਦਣ, ਫ਼ੌਜੀ ਖਰਚਿਆਂ ਆਦਿ 'ਤੇ ਲੱਗਦਾ ਹੈ। ਇਹ ਹਾਕਮ ਛੋਟੇ-ਵੱਡੇ ਹਥਿਆਰਾਂ ਅਤੇ ਸਾਇਬਰ ਸੁਰੱਖਿਆ ਤੱਕ ਦੇ ਕਾਰੋਬਾਰ ਰਾਹੀਂ ਦਿਨ-ਦੁੱਗਣੀ ਰਾਤ ਚੌਗਣੀ 'ਤਰੱਕੀ' ਕਰ ਰਹੇ ਹਨ।

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ 25 ਅਪ੍ਰੈਲ 2022 ਦੀ ਰਿਪੋਰਟ ਅਨੁਸਾਰ, 2021 ਵਿਚ ਸੰਸਾਰ ਪੱਧਰ 'ਤੇ ਸਾਰੇ ਮੁਲਕਾਂ ਦਾ ਫ਼ੌਜੀ ਖ਼ਰਚਾ 21.13 ਖਰਬ ਅਮਰੀਕੀ ਡਾਲਰ ਹੋ ਗਿਆ। ਇਸ ਵਿਚ 62 ਫ਼ੀਸਦ ਹਿੱਸਾ ਸਿਰਫ਼ ਪੰਜ ਮੁਲਕਾਂ ਅਮਰੀਕਾ, ਚੀਨ, ਭਾਰਤ, ਬਰਤਾਨੀਆ ਤੇ ਰੂਸ ਦਾ ਹੈ। 2020 ਵਿਚ ਸੰਸਾਰ ਦੀ ਕੁੱਲ ਘਰੇਲੂ ਪੈਦਾਵਾਰ ਦਾ 2.3 ਫ਼ੀਸਦ ਅਤੇ 20 21 ਵਿਚ 2.2 ਫ਼ੀਸਦ ਹਿੱਸਾ ਫੌਜੀ ਖਰਚ 'ਤੇ ਲਾਇਆ ਗਿਆ ਸੀ। ਇਕੱਲੇ ਅਮਰੀਕਾ ਨੇ 2021 ਵਿਚ 801 ਅਰਬ ਡਾਲਰ ਫ਼ੌਜੀ ਖਰਚਿਆਂ ਜਿਵੇਂ ਹਥਿਆਰ ਖਰੀਦਣੇ, ਕੈਂਪ ਬਣਾਉਣੇ, ਅਫਸਰਾਂ ਦੀਆਂ ਤਨਖਾਹ ਆਦਿ 'ਤੇ ਖਰਚੇ ਜੋ ਅਮਰੀਕਾ ਦੀ ਕੁੱਲ ਘਰੇਲੂ ਪੈਦਾਵਾਰ ਦਾ 3.5 ਫ਼ੀਸਦ ਹੈ। 2012 ਤੋਂ ਲੈ ਕੇ 2021 ਤੱਕ ਫੌਜੀ ਖੋਜ ਅਤੇ ਵਿਕਾਸ 'ਤੇ ਅਮਰੀਕਾ ਨੇ 24 ਫ਼ੀਸਦ ਫੰਡਾਂ ਵਿਚ ਵਾਧਾ ਕੀਤਾ। ਅਮਰੀਕਾ ਹਥਿਆਰਾਂ ਦੀਆਂ ਨਵੀਆਂ ਕਿਸਮਾਂ ਤੇ ਤਕਨੀਕ ਉੱਤੇ ਲਗਾਤਾਰ ਕੰਮ ਕਰਦਾ ਹੈ। ਤੱਥ ਇਹੀ ਦੱਸਦੇ ਹਨ ਕਿ ਅਮਰੀਕਾ ਹਥਿਆਰ ਬਣਾਉਣ ਤੇ ਵੇਚਣ ਦਾ ਵੱਡਾ ਵਪਾਰੀ ਹੈ। ਸਮਾਜਿਕ ਸਾਮਰਾਜੀ ਰੂਸ ਨੇ ਵੀ 2021 ਵਿਚ ਆਪਣੇ ਫੌਜੀ ਖਰਚਿਆਂ ਵਿਚ 2.9 ਫ਼ੀਸਦ ਦਾ ਵਾਧਾ ਕਰਕੇ ਸੁਰੱਖਿਆ ਖਰਚ 65.9 ਅਰਬ ਡਾਲਰ ਕਰ ਦਿੱਤਾ ਹੈ।

ਰੂਸ ਲਗਾਤਾਰ ਤਿੰਨ ਸਾਲਾਂ ਤੋਂ ਫੌਜੀ ਖਰਚ ਵਧਾ ਰਿਹਾ ਹੈ। 2021 ਵਿਚ ਇਹ ਖਰਚ ਕੁੱਲ ਘਰੇਲੂ ਪੈਦਾਵਾਰ ਦਾ 4.1 ਫ਼ੀਸਦ ਸੀ। ਦੁਨੀਆ ਦਾ ਦੂਜਾ ਸਭ ਤੋਂ ਵੱਡਾ ਖਰਚ ਕਰਨ ਵਾਲਾ ਮੁਲਕ ਚੀਨ ਹੈ ਜਿਸ ਨੇ 2021 ਵਿਚ ਆਪਣੀ ਫੌਜ ਲਈ ਅੰਦਾਜ਼ਨ 293 ਅਰਬ ਡਾਲਰ ਅਲਾਟ ਕੀਤੇ ਸਨ ਜੋ 2020 ਦੇ ਮੁਕਾਬਲੇ 4.7 ਫ਼ੀਸਦ ਵੱਧ ਸਨ। ਚੀਨ ਦਾ ਫੌਜੀ ਖਰਚ ਲਗਾਤਾਰ 27 ਸਾਲਾਂ ਤੋਂ ਵਧ ਰਿਹਾ ਹੈ।

ਇਹ ਮੁਲਕ ਆਪਣੀ ਤਾਕਤ ਬਣਾਈ ਰੱਖਣ ਲਈ ਦੁਨੀਆ ਭਰ ਦੇ ਕੁਦਰਤੀ ਸਰੋਤਾਂ ਤੇ ਸਸਤੀ ਕਿਰਤ ਸ਼ਕਤੀ ਦੀ ਲੁੱਟ ਅਤੇ ਮੰਡੀਆਂ ਲਈ ਆਪਣਾ ਪ੍ਰਭਾਵ ਖੇਤਰ ਵਧਾਉਣ ਲਈ ਜੰਗਾਂ ਲਾਉਂਦੇ ਹਨ। ਇਸ ਤੋਂ ਬਿਨਾਂ ਹਥਿਆਰਾਂ ਦਾ ਵਪਾਰ ਸਾਮਰਾਜੀ ਮੁਲਕਾਂ ਦੇ ਮੁਨਾਫ਼ਿਆਂ ਦਾ ਵੱਡਾ ਸੋਮਾ ਹੈ। ਜੰਗਾਂ ਲਾ ਕੇ ਜਿੱਥੇ ਇਹ ਆਪਣੇ ਹਥਿਆਰਾਂ ਦੀ ਪਰਖ ਕਰ ਲੈਂਦੇ ਹਨ, ਉੱਥੇ ਜੰਗੀ ਵਾਤਾਵਰਨ ਬਣਾ ਕੇ ਇਹ ਆਪਣੇ ਗਾਹਕਾਂ ਵਿਚ ਹਥਿਆਰਾਂ ਦੀ ਜ਼ਰੂਰਤ ਵੀ ਪੈਦਾ ਕਰਦੇ ਹਨ। ਹਥਿਆਰਾਂ ਦੇ ਕਰੋਬਾਰ ਵਿਚ ਅਮਰੀਕਾ ਸੰਸਾਰ ਦੇ ਸਭ ਮੁਲਕਾਂ ਤੋਂ ਮੋਹਰੀ ਹੈ। ਹਥਿਆਰ ਬਣਾਉਣ ਵਾਲ਼ੀਆਂ ਸੰਸਾਰ ਦੀਆਂ 10 ਵੱਡੀਆਂ ਕੰਪਨੀਆਂ ਵਿਚੋਂ 7 ਅਮਰੀਕੀ ਹਨ। ਵੱਖ ਵੱਖ ਮੁਲਕਾਂ ਵਿਚ ਫੌਜੀ ਅੱਡੇ ਬਣਾਉਣ ਵਿਚ ਵੀ ਅਮਰੀਕਾ ਮੋਹਰੀ ਹੈ। ਹਥਿਆਰ ਬਣਾਉਣ ਵਾਲੀਆਂ ਇਹ ਕੰਪਨੀਆਂ ਅਮਰੀਕੀ ਸਿਆਸਤ ਨੂੰ ਵੀ ਬਹੁਤ ਪ੍ਰਭਾਵਿਤ ਕਰਦੀਆਂ ਹਨ, ਇਹ ਸੰਸਾਰ ਪੱਧਰ 'ਤੇ ਵਾਤਾਵਰਨ, ਸ਼ਾਂਤੀ, ਜਮਹੂਰੀਅਤ ਆਦਿ ਅਨੇਕਾਂ ਐੱਨਜੀਓ ਸੰਸਥਾਵਾਂ ਨੂੰ ਸਿੱਧੇ ਅਸਿੱਧੇ ਰੂਪ ਵਿਚ ਫੰਡ ਦਿੰਦੀਆਂ ਹਨ ਜਿਨਾਂ ਵਿਚ ਨਾਮੀ ਸ਼ਾਂਤੀ ਸੰਸਥਾਵਾਂ ਵੀ ਸ਼ਾਮਲ ਹਨ। ਇਸੇ ਲਈ ਅਮਰੀਕਾ 'ਸ਼ਾਂਤੀ ਦੂਤ' ਬਣ ਕੇ ਕਦੇ ਇਰਾਕ ਦੇ ਪਰਮਾਣੂ ਹਥਿਆਰਾਂ ਤੋਂ ਸੰਸਾਰ ਨੂੰ ਖ਼ਤਰੇ ਦੀ ਗੱਲ ਕਰਦਾ ਹੈ, ਕਦੇ ਸੰਸਾਰ ਪੱਧਰ 'ਤੇ ਦਹਿਸ਼ਤਗਰਦੀ ਦਾ ਹਊਆ ਖੜਾ ਕਰਕੇ ਜੰਗਾਂ ਨੂੰ ਅੰਜਾਮ ਦਿੰਦਾ ਹੈ ਤੇ ਕਦੇ ਅਲੱਗ ਅਲੱਗ ਮੁਲਕਾਂ ਵਿਚ ਮਾਸੂਮਾਂ ਦਾ ਕਤਲ ਕਰਦਾ ਹੈ ਅਤੇ ਦਹਿਸ਼ਤਗਰਦ ਕਹਿ ਕੇ ਜ਼ੁਲਮ 'ਤੇ ਮਿੱਟੀ ਪਾ ਦਿੰਦਾ ਹੈ। ਦੋ ਮੁਲਕਾਂ ਦੇ ਆਪਸੀ ਭੇੜ ਜਾਂ ਕਿਸੇ ਮੁਲਕ ਅੰਦਰਲੇ ਭੇੜਾਂ ਦਾ ਫਾਇਦਾ ਆਪਣੇ ਹਥਿਆਰ ਵੇਚਣ ਲਈ ਅਕਸਰ ਅਮਰੀਕਾ ਲੈਂਦਾ ਹੈ, ਜਿਵੇਂ ਇਰਾਨ ਤੇ ਇਰਾਕ, ਇਜ਼ਰਾਈਲ ਤੇ ਫ਼ਲਸਤੀਨ, ਭਾਰਤ ਤੇ ਪਾਕਿਸਤਾਨ, ਉੱਤਰੀ ਤੇ ਦੱਖਣੀ ਕੋਰੀਆ ਦੇ ਝਗੜੇ ਆਦਿ।

ਇਕੱਲਾ ਅਮਰੀਕਾ ਨਹੀਂ, ਕਿਸੇ ਵੀ ਸਾਮਰਾਜੀ ਮੁਲਕ ਦੇ ਹਾਕਮ ਇਹ ਮੌਕਾ ਹੱਥੋਂ ਜਾਣ ਨਹੀਂ ਦਿੰਦੇ। ਉਂਝ, ਇਕੱਲੇ ਸਾਮਰਾਜੀ ਮੁਲਕ ਹੀ ਨਹੀਂ, ਹੋਰ ਮੁਲਕ ਵੀ ਕੁੱਲ ਘਰੇਲੂ ਪੈਦਾਵਾਰ ਦਾ ਵੱਡਾ ਹਿੱਸਾ ਹਥਿਆਰਾਂ 'ਤੇ ਲਾਉਂਦੇ ਹਨ। ਭਾਰਤ ਵੀ ਇਨਾਂ ਵਿਚ ਆਉਂਦਾ ਹੈ। ਭਾਰਤ ਜਿੱਥੇ ਹਰ ਰੋਜ਼ 20 ਕਰੋੜ ਲੋਕ ਭੁੱਖੇ ਸੌਂਦੇ ਹਨ, 4000 ਬੱਚਾ ਕੁਪੋਸ਼ਣ ਦਾ ਸ਼ਿਕਾਰ ਹੋ ਕੇ ਮਰਦਾ ਹੈ, ਉੱਥੋਂ ਦੇ ਹਾਕਮ ਫੌਜੀ ਖਰਚ 'ਤੇ 76.6 ਅਰਬ ਡਾਲਰ ਇੱਕ ਸਾਲ (2021) ਵਿਚ ਖਰਚਦੇ ਹਨ। 2012 ਤੋਂ 9 ਸਾਲਾਂ ਵਿਚ ਇਹ 33% ਦਾ ਵਾਧਾ ਹੈ। ਦੁਨੀਆ ਵਿਚ ਫੌਜੀ ਖਰਚੇ ਲਈ ਭਾਰਤ ਤੀਜੇ ਨੰਬਰ 'ਤੇ ਹੈ। ਇਸੇ ਤਰਾਂ ਜਾਪਾਨ ਸਰਕਾਰ ਨੇ ਫੌਜੀ ਖਰਚਿਆਂ 'ਤੇ 2021 ਵਿਚ 7.0 ਅਰਬ ਡਾਲਰ ਲਾਏ। 20 21 ਵਿਚ ਆਸਟਰੇਲੀਆ ਦੇ ਫੌਜੀ ਖਰਚੇ ਵੀ 4.0 ਫ਼ੀਸਦ ਵਧ ਕੇ 31.8 ਅਰਬ ਡਾਲਰ ਤੱਕ ਪਹੁੰਚ ਗਏ। ਜਰਮਨੀ ਮੱਧ ਅਤੇ ਪੱਛਮੀ ਯੂਰੋਪ ਵਿਚ ਤੀਜਾ ਸਭ ਤੋਂ ਵੱਡਾ ਖਰਚ ਕਰਨ ਵਾਲਾ ਮੁਲਕ ਹੈ। ਇਸ ਨੇ 2021 ਵਿਚ ਫੌਜ 'ਤੇ 56.0 ਅਰਬ ਡਾਲਰ ਖਰਚ ਕੀਤੇ।

ਇਹ ਤੱਥ ਗਵਾਹ ਹਨ ਕਿ ਇਨਾਂ ਮੁਲਕਾਂ ਦੇ ਸਾਲਾਨਾ ਬਜਟ ਵਿਚ ਸਿੱਖਿਆ, ਸਿਹਤ, ਹੋਰ ਭਲਾਈ ਯੋਜਨਾਵਾਂ ਲਈ ਬਜਟ ਹਰ ਸਾਲ ਘਟਦਾ ਜਾਂਦਾ ਹੈ; ਦੂਜਾ ਕੁੱਲ ਘਰੇਲੂ ਪੈਦਾਵਾਰ ਦਾ ਇਨਾਂ ਯੋਜਨਾਵਾਂ ਲਈ 0.2%, 0.40% ਆਦਿ ਨਗੂਣਾ ਹਿੱਸਾ ਹੁੰਦਾ ਹੈ। ਮੁਲਕ ਜੋ ਆਮ ਲੋਕਾਂ ਨਾਲ ਬਣਦਾ ਹੈ, ਉਹ ਤਾਂ ਫਾਕੇ ਕੱਟਦੇ ਹਨ ਪਰ ਹਾਕਮ, ਲੋਕਾਂ ਦਾ ਪੈਸਾ ਲੋਕਾਂ 'ਤੇ ਲਾਉਣ ਦੀ ਥਾਂ ਹਥਿਆਰਾਂ 'ਤੇ ਲਾਉਂਦੇ ਹਨ। ਅਜਿਹਾ ਕਿਉਂ ?

ਪਹਿਲਾ ਕਾਰਨ ਹੈ ਸਾਮਰਾਜੀਆਂ ਵਿਚਕਾਰ ਸੰਸਾਰ ਦੇ ਕੁਦਰਤੀ ਤੇ ਮਨੁੱਖੀ ਸਾਧਨਾਂ ਦੀ ਲੁੱਟ ਅਤੇ ਪ੍ਰਭਾਵ ਖੇਤਰ ਵਧਾਉਣ ਲਈ ਆਪਸੀ ਟਕਰਾਅ; ਭਾਵ, ਮੁਨਾਫੇ ਦੀ ਲੁੱਟ-ਖੋਹ ਲਈ ਜੰਗਾਂ। ਜਦੋਂ ਸਰਮਾਏਦਾਰੀ ਸਮਾਜ ਵਿਚ ਇਜਾਰੇਦਾਰਾ ਭੇੜ ਤਿੱਖਾ ਹੋ ਜਾਂਦਾ ਹੈ ਤਾਂ ਫਿਰ ਸੰਸਾਰ ਦੇ ਵੱਡੇ ਸਾਮਰਾਜੀਆਂ ਦੇ ਆਪਸੀ ਹਿੱਤਾਂ ਦਾ ਟਕਰਾਅ ਤੇਜ਼ ਹੁੰਦਾ ਹੈ ਜਿਸ ਕਾਰਨ ਉਹ ਸੰਸਾਰ ਮੰਡੀ ਦੀ ਵੰਡ ਲਈ ਲੜਦੇ ਹਨ (ਜਿਵੇਂ ਰੂਸ, ਅਮਰੀਕਾ ਦਾ ਭੇੜ)। ਦੂਜਾ ਕਾਰਨ ਹੈ ਕਿ ਹਥਿਆਰਾਂ ਦਾ ਵਪਾਰ ਮੁਨਾਫ਼ੇ ਦਾ ਅਥਾਹ ਸੋਮਾ ਹੈ। ਸਭ ਮੁਲਕਾਂ ਦੀਆਂ ਸਰਕਾਰਾਂ ਲੋਕਾਂ ਦੇ ਪੈਸੇ ਨੂੰ ਬੇਲੋੜੇ ਹਥਿਆਰ ਖਰੀਦਣ ਤੇ ਹੋਰ ਫੌਜੀ ਖਰਚਿਆਂ ਵਿਚ ਬਰਬਾਦ ਕਰ ਰਹੀਆਂ ਹਨ ਤਾਂ ਜੋ ਹਥਿਆਰ ਆਦਿ ਬਣਾਉਣ ਵਾਲੇ ਸਰਮਾਏਦਾਰਾਂ ਦੇ ਝੋਲੇ ਮੁਨਾਫੇ ਨਾਲ ਭਰੇ ਜਾਣ। ਤੀਜਾ ਕਾਰਨ ਹੈ ਲੋਕ ਉਭਾਰਾਂ ਦਾ ਡਰ। ਅੱਜ ਸਰਮਾਏਦਾਰੀ ਢਾਂਚਾ ਆਰਥਿਕ ਸੰਕਟ ਵਿਚੋਂ ਲੰਘ ਰਿਹਾ ਹੈ। ਇਸ ਦੇ ਸਤਾਏ ਲੋਕ ਗੁੱਸੇ ਵਿਚ ਸੜਕਾਂ 'ਤੇ ਉੱਤਰ ਰਹੇ ਹਨ। ਜਿੱਥੇ ਲੋਕ ਜਥੇਬੰਦ ਹੋਣਗੇ, ਉੱਥੇ ਭਵਿੱਖ ਵਿਚ ਹਾਕਮਾਂ ਦੇ ਤਖ਼ਤੇ ਉਲਟਾਉਣਗੇ। ਇਸੇ ਕਰਕੇ ਲੋਕ ਲਹਿਰਾਂ ਦਾ ਡਰ ਹਾਕਮਾਂ ਦੀ ਵੀ ਨੀਂਦ ਉਡਾ ਰਿਹਾ ਹੈ। ਇਨਾਂ ਲਹਿਰਾਂ ਨੂੰ ਕੁਚਲਣ ਲਈ ਹਾਕਮ ਹਥਿਆਰਾਂ ਦੇ ਅੰਬਾਰ ਜਮਾਂ ਰੱਖਦਾ ਹੈ।

ਕਿਰਤੀਆਂ ਉੱਪਰ ਥੋਪੀ ਇਸ ਜੰਗ ਨਾਲ ਲੜਨ ਲਈ ਲੋਕਾਂ ਨੂੰ ਵੀ ਜੂਝਣਾ ਪਵੇਗਾ। ਇਤਿਹਾਸ ਗਵਾਹ ਹੈ, ਜਦੋਂ ਅਮਰੀਕਾ ਨੇ ਵੀਅਤਨਾਮ ਦੇ ਲੋਕਾਂ 'ਤੇ ਜੰਗ ਥੋਪੀ ਤਾਂ ਲੋਕਾਂ ਨੇ ਜਵਾਬੀ ਜੰਗ ਨਾਲ ਜ਼ੁਲਮ ਦਾ ਸਾਹਮਣਾ ਕੀਤਾ ਸੀ। ਸੰਸਾਰ ਤੋਂ ਜੰਗਾਂ ਦੇ ਖਾਤਮੇ ਅਤੇ ਜੰਗ ਦੇ ਸਰੋਤ ਸਰਮਾਏਦਾਰਾ ਪ੍ਰਬੰਧ ਨੂੰ ਖਤਮ ਕਰਨ ਵਾਸਤੇ ਕਿਰਤੀ ਲੋਕਾਈ ਨੂੰ ਜੁਝਾਰੂ ਜੰਗਾਂ ਲੜਨੀਆਂ ਪੈਣਗੀਆਂ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

## ਸਲੋਕ ਬਾਬਾ ਵਜੀਦ

1.
ਦੁਇ ਦੁਇ ਭਾਰ ਉਠਾਇ ਚਲਦਾ ਸਭਨਾ ਦੇ ਮੁਹੁ ਭਰ।
ਢੱਠਾ ਹੋਇਆ ਉਠ ਨਾ ਚਲਦਾ ਦੇਹੁ ਧਰ।
ਨਿਕਲ ਗਿਆ ਈ ਭੌਰ ਨਾ ਆਇਆ ਵਤ ਘਰ।
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

2.
ਦੇਖ ਤਮਾਸਾ ਅਜਬ ਕਾਨੀ ਲਗੀ ਪਠਾਣ ਨੂੰ।
ਹੋਇਆ ਖੜਾ ਨਿਹੰਗ ਪਕੜ ਗਿਆਨ ਨੂੰ।
ਖੜਿਆ ਖੜਿਆ ਲੁਟਾਈ ਅਪਣੀ ਸਭ ਜਰ।
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

3.
ਗਨਕਾ ਚੜੀ ਬਿਮਾਨ, ਕਮਾਈ ਕਿਆ ਕਰੀ
ਅਜਾਮਲ ਕੌਣ ਪੁਨੀਤ, ਜੋ ਗਿਆ ਸੁਰਗਪੁਰੀ
ਹਰੀਚੰਦ ਵਿਕਾਣਾ ਜਾਇ ਚੰਡਾਲ ਘਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

4.
ਮੂਰਖ ਨੂੰ ਅਸਵਾਰੀ ਹਾਥੀ ਘੋੜਿਆਂ
ਪੰਡਤ ਪੈਰ ਪਿਆਦੇ ਪਾਟੇ ਜੋੜਿਆਂ
ਕਰਦੇ ਸੁਘੜ ਮਜੂਰੀ ਮੂਰਖ ਦੇ ਜਾਇ ਘਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

5.
ਕੀਓਸੁ ਮੇਰੁ ਮਧਾਣਾ, ਬਾਸਕ ਡਾਲ ਕਰ
ਖਾਰਾ ਕੀਓ ਸਮੁੰਦਰ, ਰਤਨ ਨਿਕਾਲ ਕਰ
ਚੰਦ ਕਲੰਕ ਲਗਾਇਆ, ਸਿਆਹੀ ਵਿਚ ਧਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

6.
ਉਤਪਤ ਸਭੇ ਪੈਦਾਇਸ ਇਕਸੇ ਰਬ ਦੀ।
ਇਕ ਸਾਹਿਬ ਦੁਇ ਰਚੀ ਰੂਹ ਸਭ ਦੀ।
ਇਕਨਾ ਰਾਹ ਸਰੀਅਤ ਇਕਨਾ ਰਾਮ ਹਰਿ।
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

7. ਗਊਆਂ ਦੇਂਦਾ ਘਾਹੁ ਮਲੀਦਾ ਕੁੱਤਿਆਂ
ਜਾਗਦਿਆਂ ਤੋਂ ਖੋਹੁ, ਦੇਂਦਾ ਸੁੱਤਿਆਂ
ਚਹੁੰ ਕੂਟਾ ਹੈ ਪਾਣੀ, ਤਾਲ ਸਰ ਬਸਰ
ਵਜੀਦਾ ਕੌਣ ਸਾਹਿਬ ਨੋ ਆਖੇ ਇੰਵ ਨਹੀ ਇੰਵ ਕਰ

8. ਏਤਾ ਮਾਣ ਨਾ ਕਰੀਏ ਡਰੀਏ ਕਾਦਰੋਂ
ਕੇਤੀ ਭਰ ਭਰ ਗਈ ਸਮੁੰਦਰੋਂ ਸਾਗਰੋਂ
ਅਨਲੁੜੀਂਦੇ ਢੇਰ ਲੁੜੀਂਦੇ ਜਾਣ ਮਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

9. ਸਾਹ ਸਿਕੰਦਰ ਢੂੰਡੇ ਆਬ ਹਿਯਾਤ ਨੂੰ।
ਵਿਚਿ ਪਹਾੜਾਂ ਫਿਰਦਾ ਦਿਨ ਤੇ ਰਾਤ ਨੂੰ।
ਪੀਤੋਸੁ ਨਾਹਿੰ ਪਿਯਾਲਾ ਆਪਣੇ ਦਸਤ ਭਰ।
(ਆਈ ਆਬ ਹਿਯਾਤ ਨਾ ਪੀਤਾ ਬੁਕ ਭਰ।)
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

10.
ਰਾਵਣ ਵਡਾ ਹੰਕਾਰੀ ਲੰਕਾ ਜਿਤ ਘਰ।
ਕੋਟ ਤੇਤੀਸ ਦੇਵ ਬੰਦੀ ਜਿਤਿ ਘਰ।
ਦਿਤੋਸੁ ਖਾਕ ਰਲਾਇ ਇਕਸੇ ਪਲਕ ਭਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

11.
ਦੁਰਜੋਧਨ ਵਡਾ ਹੰਕਾਰੀ ਕਿਸੈ ਨ ਜਾਣਦਾ
ਕ੍ਰਿਸਨ ਫਿਰੈ ਰੈਬਾਰੀ ਸੁਲਹ ਕਰਾਇਦਾ
ਤਾਕੀ ਦੇਹੀ ਗਿਰਝ ਨ ਖਾਈ ਈਵੇ ਗਈ ਸੜ।
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

12. ਚੋਰਾਂ ਦੇ ਘਰ ਵਗ ਜੁ ਮਾਨਸ ਘਾਇਦੇ
ਖੁਸੀਆਂ ਮਾਣਨ ਠਗ ਜੁ ਫਾਹੇ ਪਾਇਦੇ
ਏਹ ਕੁਦਰਤ ਵਰਤੈ ਤੇਰੀ ਰੱਬਾ ਤੁੱਧ ਘਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

13. ਚੋਰ ਜੋ ਕਰਦੇ ਚੋਰੀ ਲਿਆਵਣ ਲੁੱਟ ਘਰ
ਖਾਂਦੇ ਦੁੱਧ ਮਲਾਈਆ ਮਲੀਦੇ ਕੁੱਟ ਕਰ
ਜੋ ਰਹਿੰਦੇ ਤੇਰੀ ਆਸ, ਸੁ ਜਾਂਦੇ ਭੁਖੇ ਮਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

14. ਲਉਬਾਲੀ ਦਰਗਾਹਿ ਅੰਤ ਹਿਸਾਬ ਹੈ
ਜਿਨਿ ਜਿਨਿ ਓੜਕ ਸਾਧਿਆ ਤੇਈ ਖਰਾਬ ਹੈ
ਕੇਤੀ ਗਈ ਵਜਾਇ ਨ ਆਇਉ ਵਤਿ ਫਿਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

15. ਨਬੀਆਂ ਦਾ ਸਿਰਦਾਰ ਰਸੂਲ ਖ਼ੁਦਾਇ ਦਾ
ਸਭਨਾ ਦਾ ਮਕਬੂਲ ਥੰਮ ਦਰਗਾਹਿ ਦਾ
ਉੱਮਤ ਦੇ ਪੁੱਤਰ ਜੀਵਨ, ਉਸ ਦੇ ਜਾਣ ਮਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

16.
ਇਕਨਾ ਮਹਿਲ ਉਸਾਰੇ ਮਮਟ ਮਾੜੀਆਂ
ਇਕ ਬੰਨਣ ਸਿਰ ਤੇ ਭਾਰ ਉਠਾਇਨ ਖਾਰੀਆਂ
ਇਕਨਾ ਦੇ ਹੇਠ ਤੁਰੇ ਇਕ ਫਿਰਦੇ ਦਰਬਦਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

17. ਘੜੀ ਘੜੀ ਘੜਿਆਲ ਕਿ ਵਾਜੇ ਕਹਿਤ ਹੈ
ਬਹੁਤੀ ਗਈ ਵਿਹਾਇ ਕਿ ਥੋੜੀ ਰਹਿਤ ਹੈ
ਸਾਈ ਬੇਗਿ ਸਮਾਲ ਕਿ ਜਮ ਕੀ ਰਾਰ ਹੈ
ਵਜੀਦਾ ਜਮ ਕੈ ਹਾਥ ਗੁਲੇਲ ਪਟਾਕਾ ਪਾਰ ਹੈ।

18.
ਸੁਦਾਮਾ ਕੋ ਧਨ ਦੀਆ ਬਿਪਤ ਦਿਖਾਲ ਕਰ
ਬਧਕ ਮੁਕਤ ਪਠਾਇਆ ਖੰਭ ਪਰਹਾਰ ਕਰ
ਗੋਲਾ ਬਿਦਰ ਉਧਾਰਿਆ ਭਾਜੀ ਖਾਇ ਕਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

19. ਰਵਦਾਸ ਭਗਤ ਅਰਾਧਿਆ ਕੇਵਲ ਕ੍ਰਿਸਨ ਹਰਿ
ਵਾ ਕੀ ਦਮੜੀ ਲੀਨੀ ਗੰਗਾ ਭੁਜਾ ਪਸਾਰ ਕਰਿ
ਨਾਈ ਸੈਣ ਧਿਆਇਆ ਸੰਤਾ ਸੇਵ ਕਰਿ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

20.
ਧੰਨੇ ਠਾਕੁਰ ਪਾਇਆ ਪਹਿਰ ਅਰਾਧ ਕਰ
ਗਜਪਤਿ ਸੁਰਗੁ ਸਿਧਾਰਿਆ ਇਕ ਖਿਨ ਚੇਤ ਹਰਿ
ਅਟਲ ਰਾਜ ਧਰੂ ਪਾਇਆ ਜਾਇ ਕੈਲਾਸ ਪਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

21.
ਪ੍ਰਹਿਲਾਦ ਭਗਤ ਕੀ ਰਖਿਆ ਕੀਨੀ ਆਪ ਹਰਿ
ਹਰਨਾਖਸ ਨਖਹਿ ਬਿਦਾਰਿਆ ਨਰਸਿੰਘ ਰੂਪ ਧਰ
ਦਰੁਪਤਿ ਸੁਤਾ ਕੇ ਕਾਰਨ ਨ ਲਾਇਉ ਬਿਲਮ ਹਰਿ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

22.
ਭਗਤ ਪਈ ਪਰਵਾਨ ਸਿੰਘਾਸਨ ਆਇਆ
ਹਰੀਚੰਦ ਸਣੇ ਕੁਟੰਬ ਸੁਰਗ ਸਿਧਾਇਆ
ਮਨ ਵਿਚਿ ਕੀਆ ਗੁਮਾਨ ਅਧਵਾਟੇ ਰਹਿਆ ਅੜ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

23. ਕੰਜਰੀਆਂ ਅਤੇ ਭੰਡਾਂ ਮਿਲਦੇ ਮਾਲ ਜਰ
ਬੈਲ ਉਠਾਵਨ ਭਾਰ ਤੁਰੇ ਖਾਨ ਘਰ
ਬ੍ਰਾਹਮਣ ਅਤੇ ਸਈਅਦ ਫਿਰਦੇ ਦਰਬਦਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

24. ਘਿਉ ਸ਼ੱਕਰ ਤੇ ਮਲੀਦਾ ਮਿਲੇ ਭਿਰਾਈਆਂ
ਕੌਡੀ ਕੌਡੀ ਮਿਲੇ ਗੁਰਾਂ ਗੁਸਾਈਆਂ
ਗੰਗਾ ਨੀਰ ਤਿਆਗਣ ਪੂਜਣ ਹੋਰ ਸਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

25. ਦਾਸ ਕਬੀਰ ਜੁਲਾਹੇ ਅਰਾਧਿਆ ਇਕ ਹਰਿ
ਨਾਮਦੇਵ ਛੀਂਬੇ ਧਿਆਇਆ ਇਕ ਚਿਤ ਲਾਇ ਕਰ
ਬਾਲਮੀਕ ਜੋ ਜੰਮਿਆਂ ਜਾਇ ਚੰਡਾਲ ਘਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

26. ਜ਼ਕਰੀਏ ਆਪ ਚਿਰਾਇਆ ਸਿਰ ਸਿਰ ਕਲਵਤ ਧਰ
ਸੁਲੇਮਾਨ ਮਲੀਹੁ ਉਠਾਇਆ, ਆਪਣੇ ਸੀਸ ਪਰ
ਹਜ਼ਰਤ ਦਾ ਦਾਮਾਦ, ਰੁਲਾਇਆ ਖ਼ਾਕ ਪਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

27.
ਭਜ ਲੇ ਹਰਿ ਕਾ ਨਾਮ ਸੂਆ ਤਾਕ ਮੈ।
ਤੇਰਾ ਦਿਨਸ ਚਾਰ ਮੋ ਰੰਗ ਮਿਲੈਗਾ ਖਾਕ ਮੈ।
ਸਾਈ ਬੇਗ ਸਮਾਲ ਕਿ ਜਮ ਸੋ ਰਾਰ ਹੈ।
ਵਜੀਦਾ ਜਮ ਕੇ ਹਾਥ ਗੁਲੇਲ ਪਟਾਕਾ ਪਾਰ ਹੈ।

28. ਨਾ ਕਰ ਖੁਦੀ ਗੁਮਾਨ ਜੁਆਨ ਮਰ ਜਾਇੰਗਾ
ਧੰਨ ਜੋਬਨ ਥਿਰ ਨਾਹਿ ਅੰਤ ਪਛੁਤਾਹਿੰਗਾ
ਜੈਸੀ ਕਚ ਕੀ ਚੂੜੀ, ਤੈਸੀ ਦੇਹ ਹੈ
ਵਜੀਦਾ ਥਿਰ ਸਾਹਿਬ ਦਾ ਨਾਮ, ਹੋਰ ਸਭ ਖੇਹ ਹੈ

29. ਸ਼ਾਹਾਂ ਦੇ ਪੁੱਤ ਫਕੀਰ ਫਕੀਰਾਂ ਦੇ ਦੁਨੀਦਾਰ।
ਮੁਗਲ ਪਠਾਣਾਂ ਰੈਯਤ ਖਤਰੀ ਫੌਜਦਾਰ।
ਕੰਚਨ ਕੀਚੈ ਵਸਿ ਲੇਹ ਸੰਗਿ ਤੋੜੀਐ।
ਵਜੀਦਾ ਕਲਮ ਰਬਾਣੀ ਵਗੀ ਕਿਨੇ ਨਹਿ ਮੋੜੀਐ।

30.
ਜੈਸੀ ਬੋਲਹੁ ਬਾਣੀ ਤੈਸੀ ਬਹੁੜ ਹੋ।
ਅੰਤਰਿ ਵਸੈ ਕਪਟ ਕਿ ਮੁਹੁ ਸੇ ਕਿਆ ਕਹੋ।
ਕਹੀ ਸੁਣਾਈ ਬਾਤ ਜੁ ਬੋਲਹੁ ਪੀਆ ਕੀ।
ਵਜੀਦਾ ਕਹਿਣੇ ਕੋ ਇਹ ਬਾਤ ਫਲੇਗੀ ਜੀਆ ਕੀ।

31
ਕੇਤੇ ਹੋਏ ਪਾਤਿਸਾਹਿ ਕੇਤੇ ਹੋ ਜਾਣਗੇ।
ਕੇਤੇ ਰਾਣੇ ਰਾਉ ਕਮਾਈ ਖਾਣਗੇ।
ਕੇਤੇ ਲਈਅਨ ਗੜ ਕੋਟ ਲਾਇ ਕੇਤੇ ਜਾਮ ਕੀ।
ਵਜਦਾ ਤੀਨ ਲੋਕ ਨਵ ਖੰਡ ਦੁਹਾਈ ਰਾਮ ਕੀ।

32.
ਕਿਆ ਸਮਝਾਈਐ ਗਿਆਨ ਅਗਿਆਨੀ ਜੀਉ ਕਉ।
ਪੜੀ ਭਰਮ ਕੀ ਚੂਕ ਭਜੇ ਨਹੀਂ ਪੀਉ ਕਉ।
ਨਿੰਮ ਨਾ ਮੀਠੀ ਹੋਇ ਸਿੰਚ ਗੁੜ ਘੀਉ ਸਿਉ।
ਵਜੀਦਾ ਜੈਸਾ ਹੋਇ ਸੁਭਾਉ ਜਾਇਗਾ ਜੀਉ ਸਿਉ।

33.
ਦੋ ਦੋ ਦੀਵੈ ਬਾਲ ਮਹਿਲ ਮਹਿ ਸੋਵਤੇ।
ਪਰ ਨਾਰੀ ਕਾ ਸੰਗ ਪਲਕ ਨਹੀਂ ਮੋਵਤੇ।
ਚੋਆ ਚੰਦਨ ਲਾਇਕੇ ਦੇਹੀ ਚਾਮ ਕੀ।
ਵਜੀਦਾ ਗਰਦ ਮਰਦ ਹੋਇ ਜਾਰੁ ਦੁਹਾਈ ਰਾਮ ਕੀ।

34.
ਕਹਿਓ ਸਤਿ ਸਲਾਮ ਹਮਾਰੀ ਰਾਮ ਕਉ।
ਰਹੇ ਨੈਣ ਝਰ ਲਾਇ ਤੁਮਾਰੇ ਨਾਮ ਸਿਉ।
ਥੋੜੀ ਕਰੀ ਹੈ ਟਹਿਲ ਬਹੁਤ ਕਰਿ ਜਾਨੀਏ।
ਵਜੀਦਾ ਬੰਦਾ ਖਿਜਮਤਗਾਰ ਨਫਰ ਕਰ ਮਾਨੀਏ।

35.
ਘੜੀ ਘੜੀ ਘੜਿਆਲ ਪੁਕਾਰੇ ਕਹਿਤ ਹੈ।
ਬਹੁਤੀ ਗਈ ਵਿਹਾਇ ਅਲਪ ਸੀ ਰਹਿਤ ਹੈ।
ਸਾਈ ਬੇਗ ਸਮਾਲ ਕਿ ਜਮਾ ਸਿਉ ਰਾਰ ਹੈ।
ਵਜੀਦਾ ਜਮ ਕੇ ਹਾਥ ਕਮਾਣ ਪਟਾਕਾ ਪਾਰ ਹੈ।

36.
ਵਜੀਦਾ ਪੂਤ ਪਠਾਣ ਕੇ ਦੇਤੇ ਦਲਾਂ ਕਉ ਮੋੜ।
ਅਬ ਸਰਣਿ ਪਰੇ ਗੋਪਾਲ ਕੀ ਸਕੇ ਨਾ ਤਿਨਕਾ ਤੋੜ।

37.
ਸਮਝ ਦੇਖਿ ਮਨ ਮੂੜ ਧੂੜ ਹੋਇ ਜਾਹਿਗਾ।
ਕਿਆ ਲਪਟਾਵਹਿ ਝੂਠ ਅੰਤ ਪਛੁਤਾਹਿਗਾ।
ਇਹ ਜਗ ਬਿਨਸਿ ਜਾਇਗਾ ਦੇਖਹੁ ਨੈਣ ਸਿਉ।
ਵਜੀਦਾ ਚਾਰ ਦਿਨਸੁ ਮਜਮਾਨ ਵਿਗਾੜਹੁ ਕਉਣ ਸਿਉ।

38. ਇਕਨਾ ਦੇ ਧਨ ਪੱਲੇ ਸ਼ਾਹ ਸਦਾਇੰਦੇ
ਪਹਿਰਨ ਮਲਮਲ ਖਾਸਾ ਮੁਸ਼ਕ ਹੰਢਾਇੰਦੇ
ਇਕਨਾ ਭੀਖ ਨਾ ਪੈਂਦੀ ਫਿਰਦੇ ਦਰ ਬਦਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

39. ਇਕਨਾਂ ਨੂੰ ਘਿਉ ਖੰਡ ਨਾ ਮੈਦਾ ਭਾਵਈ
ਬਹੁਤੀ ਬਹੁਤੀ ਮਾਇਆ ਚੱਲੀ ਆਵਈ
ਇਕਨਾਂ ਨਹੀਂ ਸਾਗ ਅਲੂਣਾ ਪੇਟ ਭਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀ ਇੰਵ ਕਰ

40.
ਦਰਦਵੰਦ ਦਰਵੇਸ਼ ਮੁਖਹੁ ਨਹੀਂ ਬੋਲਦੇ।
ਹਿਕ ਆਵੇ ਪਾ ਆਨਾਜ ਤਾਂ ਰੋਜਾ ਖੋਲਦੇ।
ਚੋਰ ਉਚੱਕੇ ਖਾਣ ਮਲੀਦਾ ਤਰਬਤਰ।
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ।

41.
ਕਾਬਲ ਬਹੁਤਾ ਮੇਵਾ ਮੁਗ਼ਲਾਂ ਖਾਵਣਾ
ਸੋਨਾ ਤੇ ਚੌਤਾਰਾ ਅੰਗ ਹੰਢਾਵਨਾ
ਬਿੰਦਰਾਬਨ ਵਿੱਚ ਪੀਲੂ, ਜਿਥੇ ਆਪ ਹਰਿ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

42.
ਘਿਉ ਤੇ ਸਕਰ ਮੈਦਾ ਮਿਲਦਾ ਕੁੱਤਿਆਂ।
ਜਿਨਾ ਦਾ ਪੀਂਦੇ ਦੁਧੁ ਸੁ ਮਰਦਾ ਭੁੱਖਿਆਂ।
ਬੀਜਣ ਗਾਹਣ ਵਾਹਣ ਮੌਰ ਬੰਨ ਕਰ।
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ।

43.
ਪਰ ਨਾਰੀ ਕੋ ਦੇਖ ਚਿਤੁ ਨਾ ਲਾਈਐ।
ਜੇ ਲਗਾ ਹੋਵੇ ਚਿਤੁ ਤਾਂ ਨਿਤੁ ਨਾ ਜਾਈਐ।
ਜੇ ਜਾਣਾ ਹੋਵੇ ਨਿਤੁ ਤਾਂ ਰੈਣ ਨਾ ਸੋਈਐ।
ਵਜੀਦਾ ਅਲਗਰਜ ਜੋ ਮਾਰਿਆ ਜਾਇ ਬਹੁੜਿ ਕਿਉਂ ਰੋਈਐ।

44. ਇਕਨਾ ਨੂੰ ਰੱਬ ਦੌਲਤ ਦਿੱਤੀ ਅਗਲੀ
ਇਕ ਮੂੰਹੋਂ ਜੋ ਆਖਨ ਸੱਚ ਹਿਰਦੇ ਨਹੀਂ ਲਗਦੀ
ਇਕ ਮੂੰਹੋਂ ਆਖਣ ਝੂਠ ਜੋ ਮੰਨਦੇ ਸੱਚ ਕਰ
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ

45.
ਇਕਨਾ ਦੇ ਘਰ ਪੁੱਤ, ਪੁੱਤਾਂ ਘਰ ਪੋਤਰੇ
ਇਕਨਾਂ ਦੇ ਘਰ ਧੀਆਂ, ਧੀਆਂ ਘਰ ਦੋਹਤਰੇ
ਇਕਨਾਂ ਦੇ ਘਰ ਇਕ ਹੀ, ਜੰਮ ਕੇ ਜਾਏ ਮਰ
ਵਜੀਦਾ ਕੌਣ ਸਾਹਿਬ ਨੋਂ ਆਖੇ ਇੰਵ ਨਹੀਂ ਇੰਵ ਕਰ

46.
ਇਕ ਕਰਦੇ ਜੁਹਦ ਮਸਕਤ ਕਰਨ ਮਜੂਰੀਆਂ।
ਇਕ ਘਰਿ ਹੀ ਬੈਠੇ ਖਾਣ ਕੁਟ ਕੁਟ ਚੂਰੀਆਂ।
ਤਿਨਾ ਗਰੀਬਾਂ ਨੂੰ ਲੈ ਆਵਣ ਬੰਨ ਕਰ।
ਵਜੀਦਾ ਕੌਣ ਸਾਹਿਬ ਨੂੰ ਆਖੇ ਇੰਵ ਨਹੀਂ ਇੰਵ ਕਰ।

(ਨੋਟ: ਬਾਬਾ ਵਜੀਦ ਦੀ ਰਚਨਾ ਦੇ ਉਤਾਰਿਆਂ ਵਿਚ ਪਾਠ ਭੇਦ ਬਹੁਤ ਹੈ। ਇੰਵ ਦੀ ਥਾਂ ਐਉਂ, ਅੰਵ ਅਤੇ ਸਾਹਿਬ ਦੀ ਥਾਂ ਸਾਈਂ ਸ਼ਬਦ ਲਿਖਿਆ ਮਿਲਦਾ ਹੈ।)



## ਕਾਵਿ ਸੰਸਾਰ

# ਫਿਲਮੀ ਕਲਾਕਾਰ ਸ਼ਾਂਤੀ ਮਧੋਕ

**ਮਨਦੀਪ ਸਿੰਘ ਸਿੱਧੂ**

ਸ਼ਾਂਤੀ ਉਰਫ਼ ਸ਼ਾਂਤੀ ਮਧੋਕ ਦੀ ਪੈਦਾਇਸ਼ 15 ਜਨਵਰੀ 1931 ਨੂੰ ਗੁੱਜਰਾਂਵਾਲਾ ਦੇ ਪੰਜਾਬੀ ਪੰਡਤ ਪਰਿਵਾਰ ਵਿੱਚ ਹੋਈ। ਮੁੱਢਲਾ ਵੇਲਾ ਉਸ ਨੇ ਰਿਆਸਤ ਜੰਮੂ ਵਿੱਚ ਲੰਘਾਇਆ ਤੇ ਇਬਤਿਦਾਈ ਤਾਲੀਮ ਵੀ ਉੱਥੋਂ ਹੀ ਹਾਸਲ ਕੀਤੀ। ਫਿਰ ਉਹ ਲਾਹੌਰ ਆ ਗਈ, ਜਿੱਥੋਂ ਉਸ ਨੇ ਦਸਵੀਂ ਤੱਕ ਤਾਲੀਮ ਪ੍ਰਾਪਤ ਕੀਤੀ। ਬਾਲ ਉਮਰੇ ਹੀ ਉਸ ਨੂੰ ਫਿਲਮਾਂ ਨਾਲ ਉਲਫ਼ਤ ਹੋ ਗਈ। 9 ਸਾਲਾਂ ਦੀ ਉਮਰ ਵਿੱਚ ਉਹ ਰਾਤਾਂ ਨੂੰ ਤਾਰਿਆਂ ਦੀ ਲੋਅ ਵਿੱਚ ਫਿਲਮਾਂ ਬਾਰੇ ਸੋਚਦੀ ਰਹਿੰਦੀ ਸੀ। ਉਹ ਅੰਗਰੇਜ਼ੀ ਫਿਲਮਾਂ ਵੇਖਣ ਦੀ ਸ਼ੌਕੀਨ ਤੇ ਨਾਚ ਕਲਾ ਦੀ ਬੜੀ ਦੀਵਾਨੀ ਸੀ।

ਸਤੰਬਰ 1944 ਵਿੱਚ ਫਿਲਮਸਾਜ਼ ਦਲਸੁਖ ਐੱਮ. ਪੰਚੋਲੀ ਨੇ ਆਪਣੇ ਜ਼ਾਤੀ ਅਦਾਰੇ ਪੰਚੋਲੀ ਆਰਟ ਪਿਕਚਰਜ਼, ਲਾਹੌਰ ਦੇ ਬੈਨਰ ਹੇਠ ਰੁਮਾਨੀ ਤਾਰੀਖ਼ੀ ਫ਼ਿਲਮ 'ਸ਼ੀਰੀ ਫ਼ਰਹਾਦ' (1945) ਸ਼ੁਰੂ ਕੀਤੀ। ਹਿਦਾਇਤਕਾਰੀ ਦੇ ਫ਼ਰਜ਼ ਮਾਰੂਫ਼ ਫੋਟੋਗ੍ਰਾਫਰ ਪ੍ਰਹਿਲਾਦ ਦੱਤ (ਸਹਾਇਕ ਨਾਜ਼ਿਮ ਪਾਣੀਪਤੀ ਤੇ ਕ੍ਰਿਸ਼ਨ ਚੰਦਰ) ਨੇ ਅਦਾ ਕੀਤੇ। ਫਿਲਮ ਦੇ ਮਰਕਜ਼ੀ ਕਿਰਦਾਰ ਵਿੱਚ ਰਾਗਿਨੀ (ਸ਼ੀਰੀ) ਤੇ ਜੇਯੰਤ (ਫ਼ਰਹਾਦ) ਮੌਜੂਦ ਸਨ। ਫਿਲਮ ਦੇ ਮੁਸੱਨਫ਼ ਤੇ ਨਗ਼ਮਾਨਿਗਾਰ ਪੰਡਤ ਦੀਨਾ ਨਾਥ ਮਧੋਕ ਨੇ ਆਪਣੇ ਸ਼ਹਿਰ ਗੁੱਜਰਾਂਵਾਲਾ ਦੀ 14 ਸਾਲਾ ਕੁੜੀ ਸ਼ਾਂਤੀ ਮਧੋਕ ਨੂੰ ਨਵੇਂ ਚਿਹਰੇ ਵਜੋਂ ਮੁਤਆਰਿਫ਼ ਕਰਵਾਇਆ। ਸ਼ਾਂਤੀ ਨੇ ਫਿਲਮ ਵਿੱਚ ਛੋਟਾ ਜਿਹਾ ਕਿਰਦਾਰ ਤਾਂ ਜ਼ਰੂਰ ਨਿਭਾਇਆ, ਪਰ ਉਹ ਇਸ ਸਿਲਸਿਲੇ ਨੂੰ ਕਾਇਮ ਨਾ ਰੱਖ ਸਕੀ। ਇਸ ਤੋਂ ਬਾਅਦ ਉਹ ਐੱਫ. ਡੀ. ਐੱਸ. ਵਿੱਚ ਭਰਤੀ ਹੋ ਕੇ ਡਾਂਸਿੰਗ ਪਾਰਟੀ ਨਾਲ ਭਾਰਤ ਦੇ ਦੌਰੇ ਉੱਤੇ ਨਿਕਲ ਗਈ।

ਜਦੋਂ ਉਸ ਦਾ ਨਾਚ ਕਲਾ ਤੋਂ ਦਿਲ ਭਰ ਗਿਆ ਤਾਂ ਲਾਹੌਰ ਛੱਡ ਕੇ ਬੰਬਈ ਵਿੱਚ ਪੱਕੀ ਰਿਹਾਇਸ਼ ਕਰ ਲਈ ਕਿਉਂਕਿ ਉਸ ਵੇਲੇ ਬੰਬਈ ਫਿਲਮਾਂ ਦਾ ਸਭ ਤੋਂ ਵੱਡਾ ਮਰਕਜ਼ ਸੀ। ਲਿਹਾਜ਼ਾ ਫਿਲਮਾਂ ਨਾਲ ਦਿਲਚਸਪੀ ਦੇ ਚੱਲਦਿਆਂ ਉਹ ਦੁਬਾਰਾ ਫਿਲਮਾਂ ਨਾਲ ਆ ਜੁੜੀ। ਫਿਲਮਾਂ ਵਿੱਚ ਸ਼ਾਂਤੀ ਮਧੋਕ ਸਾਥੀ ਅਦਾਕਾਰਾ, ਰੱਕਾਸਾ (ਡਾਂਸਰ) ਅਦਾਕਾਰਾ ਦੀ ਹੈਸੀਅਤ ਨਾਲ ਕੰਮ ਕਰਦੀ ਰਹੀ।

ਜਦੋਂ ਗੁਜਰਾਂਵਾਲਾ ਦੇ ਜੈਮਿਨੀ ਦੀਵਾਨ (ਭਰਾ ਕਰਨ ਦੀਵਾਨ) ਨੇ ਆਪਣੇ ਫਿਲਮਸਾਜ਼ ਅਦਾਰੇ ਜਮੁਨਾ ਪ੍ਰੋਡਕਸ਼ਨਜ਼, ਬੰਬੇ ਦੇ ਬੈਨਰ ਹੇਠ ਦਵਾਰਕਾ ਖੋਸਲਾ ਦੀ ਹਿਦਾਇਤਕਾਰੀ ਵਿੱਚ ਫਿਲਮ 'ਗਾਓਂ' (1947) ਬਣਾਈ ਤਾਂ ਮਿਸ ਸ਼ਾਂਤੀ ਨੂੰ ਸਾਥੀ ਅਦਾਕਾਰਾ ਵਜੋਂ ਪੇਸ਼ ਕੀਤਾ। ਫਿਲਮ ਦੇ ਮਰਕਜ਼ੀ ਕਿਰਦਾਰ ਵਿੱਚ ਅਦਾਕਾਰਾ ਇੰਦੂ ਤੇ ਕਰਨ ਦੀਵਾਨ ਆਪਣੇ ਫ਼ਨ ਦੀ ਨੁਮਾਇਸ਼ ਕਰ ਰਹੇ ਸਨ।

1946 ਵਿੱਚ ਫਿਲਮਸਾਜ਼ ਐੱਮ. ਐੱਲ. ਗੁਪਤਾ ਨੇ ਅਪਰ ਇੰਡੀਆ ਸਟੂਡੀਓਜ਼ ਵਿੱਚ ਫਿਲਮਸਾਜ਼ ਅਦਾਰੇ ਨੈਸ਼ਨਲ ਫਿਲਮ ਪ੍ਰੋਡਿਊਸਰਜ਼, ਲਾਹੌਰ ਹੇਠ ਕੈਲਾਸ਼ ਭੰਡਾਰੀ ਦੀ ਹਿਦਾਇਤਕਾਰੀ ਵਿੱਚ ਹਿੰਦੀ ਫਿਲਮ 'ਬਿਰਹਨ' (1948) ਸ਼ੁਰੂ ਕੀਤੀ। ਫਿਲਮ ਵਿੱਚ ਅਦਾਕਾਰਾ ਰੂਪਾ ਨੇ 'ਕਿਰਨ' ਦਾ, ਪ੍ਰਾਣ ਨੇ 'ਮੁਣਸ਼ੀ' ਦਾ, ਬੇਗ਼ਮ ਪਰਵੀਨ ਨੇ 'ਨਿਰਮਲਾ' ਦਾ ਜਦੋਂਕਿ ਸਹਾਇਕ ਅਦਾਕਾਰਾ ਵਜੋਂ ਸ਼ਾਂਤੀ ਮਧੋਕ ਮੌਜੂਦ ਸੀ। ਕਹਾਣੀ ਬੇਕਲ 'ਅੰਮ੍ਰਿਤਸਰੀ', ਗੀਤ ਸਰਸ਼ਾਰ ਸੈਲਾਨੀ ਤੇ ਬੇਕਲ 'ਅੰਮ੍ਰਿਤਸਰੀ', ਮੁਕਾਲਮੇ ਆਜ਼ਮ ਮਿਰਜ਼ਾ, ਮੰਜ਼ਰਨਾਮਾ ਵਿਜੈ ਮਹਾਤਰੇ ਅਤੇ ਸੰਗੀਤਕਾਰ ਲੱਛੀ ਰਾਮ ਸਨ। 1947 ਵਿੱਚ ਪੰਜਾਬ 'ਚ ਸ਼ੁਰੂ ਹੋਏ ਫ਼ਿਰਕੂ-ਫਸਾਦ ਤੋਂ ਪਰੇਸ਼ਾਨ ਹੋਇਆ ਗੁਪਤਾ ਇਸ ਦਾ ਮੁਕੰਮਲ ਨੈਗੇਟਿਵ ਲੈ ਕੇ ਬੰਬਈ ਟੁਰ ਗਿਆ। ਬੰਬਈ ਵਿੱਚ ਇਸ ਫਿਲਮ ਦੇ ਪ੍ਰਿੰਟ ਕਢਵਾਏ ਗਏ। ਇਸ ਤਰਾਂ ਇਹ ਫਿਲਮ 25 ਅਪਰੈਲ 1947 ਨੂੰ ਕਰਾਚੀ ਵਿੱਚ ਨੁਮਾਇਸ਼ ਲਈ ਪੇਸ਼ ਕਰ ਦਿੱਤੀ ਗਈ। ਇਸ ਤਰਾਂ ਦੁਬਾਰਾ ਫਿਲਮ 'ਬਿਰਹਨ' 1948 ਵਿੱਚ ਬੰਬੇ ਰਿਲੀਜ਼ ਕੀਤੀ ਗਈ। ਵਿਕਟਰੀ ਪਿਕਚਰਜ਼, ਬੰਬੇ ਦੀ ਮੁਹੰਮਦ ਹੁਸੈਨ ਨਿਰਦੇਸ਼ਿਤ ਸਟੰਟ ਫਿਲਮ 'ਦਿ ਡੇਰਿੰਗ ਡਿਟੈੱਕਟਿਵ' (1948) ਅਦਾਕਾਰ ਅਰਵਿੰਦ ਕੁਮਾਰ, ਮੇਹਰੂਨਿਸਾ, ਹਬੀਬ ਆਦਿ ਨਾਲ ਸਾਥੀ ਅਦਾਕਾਰਾ ਵਜੋਂ ਕੰਮ ਕਰ ਰਹੀ ਸੀ।

ਡੀ. ਡੀ. ਕਸ਼ਯਪ ਦੇ ਫਿਲਮਸਾਜ਼ ਅਦਾਰੇ ਫੇਮਸ ਪਿਕਚਰਜ਼, ਬੰਬੇ ਦੀ ਡੀ. ਡੀ. ਕਸ਼ਯਪ ਨਿਰਦੇਸ਼ਿਤ ਫਿਲਮ 'ਬੜੀ ਬਹਿਨ' (1949) ਵਿੱਚ ਸ਼ਾਂਤੀ ਨੇ ਨਾਚ ਅਦਾਕਾਰਾ ਦਾ ਸੋਹਣਾ ਪਾਰਟ ਅਦਾ ਕੀਤਾ। ਪੰਡਤ ਹੁਸਨ ਲਾਲ-ਭਗਤ ਰਾਮ ਦੇ

## ਫਿਲਮ ਸੰਸਾਰ

ਸੰਗੀਤ ਵਿੱਚ ਰਜਿੰਦਰ ਕ੍ਰਿਸ਼ਨ (ਜਲਾਲਾਪੁਰ ਜੱਟਾਂ) ਦੇ ਲਿਖੇ ਤੇ ਸ਼ਾਂਤੀ ਮਧੋਕ 'ਤੇ ਫਿਲਮਾਏ 'ਚੁੱਪ-ਚੁੱਪ ਖੜੇ ਹੋ ਜ਼ਰੂਰ ਕੋਈ ਬਾਤ ਹੈ ਪਹਿਲੀ ਮੁਲਕਾਤ ਹੈ ਯੇ ਪਹਿਲੀ ਮੁਲਾਕਾਤ ਹੈ' (ਪ੍ਰੇਮ ਲਤਾ, ਲਤਾ ਮੰਗੇਸ਼ਕਰ) ਤੇ ਦੂਸਰਾ 'ਜੋ ਦਿਲ ਮੇਂ ਖ਼ੁਸ਼ੀ ਬਨ ਕਰ ਆਏ ਵੋਹ ਦਰਦ ਬਸਾ ਕਰ ਚਲੇ ਗਏ' (ਲਤਾ ਮੰਗੇਸ਼ਕਰ) ਗੀਤਾਂ ਨੇ ਹੱਦ ਦਰਜਾ ਮਕਬੂਲੀਅਤ ਹਾਸਲ ਕੀਤੀ। ਸ਼ਾਂਤੀ ਨੂੰ 'ਬੜੀ ਬਹਿਨ' ਦੀ ਸਿਲਵਰ ਜੁਬਲੀ ਉੱਤੇ ਚਾਂਦੀ ਦੇ ਮੈਡਲ ਨਾਲ ਸਰਫ਼ਰਾਜ਼ ਕੀਤਾ ਗਿਆ।

ਇਸ ਤੋਂ ਇਲਾਵਾ ਸ਼ਾਂਤੀ ਮਧੋਕ ਨੇ ਭਵਨਾਨੀ ਪ੍ਰੋਡਕਸ਼ਨਜ਼, ਬੰਬੇ ਦੀ 'ਅਜੀਤ' ਉਰਫ਼ 'ਰੰਗੀਨ ਜ਼ਮਾਨਾ' (1948), ਸੁਰੇਸ਼ ਪਿਕਚਰਜ਼, ਬੰਬੇ ਦੀ ਵਿਜੈ ਮੋਹਨ ਗੁਪਤਾ ਨਿਰਦੇਸ਼ਿਤ 'ਜੀਵਨ ਜਿਓਤੀ' (1949), ਪ੍ਰਤਿਮਾ ਦਾਸ ਗੁਪਤਾ ਦੇ ਫ਼ਿਲਮਸਾਜ਼ ਅਦਾਰੇ ਪ੍ਰਤਿਮਾ ਪ੍ਰੋਡਕਸ਼ਨਸ, ਬੰਬੇ ਦੀ ਪ੍ਰਤਿਮਾਦਾਸ ਗੁਪਤਾ ਨਿਰਦੇਸ਼ਿਤ ਫਿਲਮ 'ਝਰਨਾ' (1948), ਓਰੀਐਂਟਲ ਸਾਊਂਡ ਸਟੂਡੀਓਜ਼, ਬੰਬੇ ਦੀ ਮੁਰਤਜ਼ਾ ਚੰਗੇਜ਼ੀ ਨਿਰਦੇਸ਼ਿਤ ਫਿਲਮ 'ਜੰਨਤ' ਉਰਫ਼ 'ਗੁਲਸ਼ਨ' ਉਰਫ਼ 'ਚਿਲਮਨ' (1949), ਮੈਰੀਨਾ ਪਿਕਚਰਜ਼, ਬੰਬੇ ਦੀ ਸੀ. ਐੱਮ. ਆਮਲਾ ਨਿਰਦੇਸ਼ਿਤ ਫਿਲਮ 'ਬਾਨੂ' (1949), ਨਿਗਾਰਸਤਾਨ ਫਿਲਮਜ਼, ਬੰਬੇ ਦੀ ਰਾਮ ਨਾਰਾਯਣ ਦਵੇ ਨਿਰਦੇਸ਼ਿਤ ਫਿਲਮ 'ਬਾਂਸਰੀਆ' (1949), ਰੂਪ ਮੰਦਿਰ, ਬੰਬੇ ਦੀ



ਜਸਵੰਤ ਝਾਵੇਰੀ ਨਿਰਦੇਸ਼ਿਤ ਮਜ਼ਾਹੀਆ ਫਿਲਮ 'ਭੋਲੇ ਪੀਆ' (1949), ਫੇਮਸ ਪਿਕਚਰਜ਼ ਲਿਮਟਿਡ, ਬੰਬੇ ਦੀ ਓ. ਪੀ. ਦੱਤਾ ਨਿਰਦੇਸ਼ਿਤ ਫਿਲਮ 'ਹਮਾਰੀ ਮੰਜ਼ਿਲ' (1949), ਐੱਮ. ਐਂਡ ਟੀ. ਫ਼ਿਲਮਜ਼, ਬੰਬੇ ਦੀ ਹੀਰਾ ਸਿੰਘ ਨਿਰਦੇਸ਼ਿਤ ਫਿਲਮ 'ਨਮੂਨਾ' (1949), ਦਿਲਜੀਤ ਚਿੱਤਰ, ਬੰਬੇ ਦੀ ਰਮਨ ਬੀ. ਦੇਸਾਈ ਨਿਰਦੇਸ਼ਿਤ ਪੁਰਾਣਿਕ ਫਿਲਮ 'ਨਾਰਦ ਮੁਨੀ' (1949), ਸੈਂਟਰਲ ਇੰਡੀਆ ਪਿਕਚਰਜ਼, ਬੰਬੇ ਦੀ ਏ. ਐੱਲ. ਰਾਮੇਸ਼ ਨਿਰਦੇਸ਼ਿਤ ਫਿਲਮ 'ਸਰੋਜਿਨੀ' (1949), ਰਣਜੀਤ ਮੂਵੀਟੋਨ, ਬੰਬੇ ਦੀ ਪ੍ਰਹਿਲਾਦ ਦੱਤ ਨਿਰਦੇਸ਼ਿਤ ਫਿਲਮ 'ਨਜ਼ਾਰੇ' (1949), ਕੇ. ਪਿਕਚਰਜ਼, ਬੰਬੇ ਦੀ ਏ. ਜੀ. ਸੂਰਮਾ ਨਿਰਦੇਸ਼ਿਤ ਫਿਲਮ 'ਪਰਦਾ' (1949), ਇੰਡੀਅਨ ਪਿਕਚਰਜ਼, ਬੰਬੇ ਦੀ ਸਟੀਵਨ ਨਿਰਦੇਸ਼ਿਤ ਸਟੰਟ ਫਿਲਮ 'ਚਾਕਲੇਟ' (1940), ਸਿੰਘ ਆਰਟਸ, ਬੰਬੇ ਦੀ ਏ. ਪੀ. ਕਪੂਰ ਨਿਰਦੇਸ਼ਿਤ ਫਿਲਮ 'ਚੋਰ' (1950), ਨਿਊ ਲਾਈਟ ਫਿਲਮਜ਼, ਬੰਬੇ ਦੀ ਸਗੀਰ ਉਸਮਾਨੀ ਨਿਰਦੇਸ਼ਿਤ ਫਿਲਮ 'ਮਾਂਗ' (1950), ਏ. ਐਂਡ ਟੀ. ਫ਼ਿਲਮਜ਼, ਬੰਬੇ ਦੀ ਦਬਿੰਦਰ ਮੁਖਰਜੀ ਨਿਰਦੇਸ਼ਿਤ ਫਿਲਮ 'ਨਿਰਾਲਾ' (1950), ਅਜੀਤ ਪਿਕਚਰਜ਼, ਬੰਬੇ ਦੀ ਰੱਤੀਭਾਈ ਪੁਨਾਤਰ ਨਿਰਦੇਸ਼ਿਤ ਫਿਲਮ 'ਮਨ ਕਾ ਮੀਤ' (1950), ਰਾਮ ਗਾਂਗੁਲੀ ਪ੍ਰੋਡਕਸ਼ਨਜ਼, ਬੰਬੇ ਦੀ ਚੰਦਰ ਸ਼ੇਖਰ ਨਿਰਦੇਸ਼ਿਤ ਫਿਲਮ 'ਦੀਪਕ' (1951), ਜਵੇਲ ਪਿਕਚਰਜ਼, ਬੰਬੇ ਦੀ ਨੋਸ਼ੀਰ ਇੰਜੀਨੀਅਰ ਨਿਰਦੇਸ਼ਿਤ ਫਿਲਮ 'ਸ਼ਮਸ਼ੀਰਬਾਜ਼' (1953), ਐੱਮ. ਪੀ. ਫ਼ਿਲਮਜ਼, ਬੰਬੇ ਦੀ ਨਾਨੂੰਭਾਈ ਵਕੀਲ ਨਿਰਦੇਸ਼ਿਤ ਫਿਲਮ 'ਗੁਲ ਬਹਾਰ' (1954), ਜਵੇਲ ਪਿਕਚਰਜ਼ ਦੀ ਹੀ ਨੋਸ਼ੀਰ ਨਿਰਦੇਸ਼ਿਤ ਸਟੰਟ ਫਿਲਮ 'ਕਾਰਨੀਵਾਲ ਕਵੀਨ' (1955), ਬਹਾਰੀਸਤਾਨ ਪ੍ਰੋਡਕਸ਼ਨਜ਼, ਬੰਬੇ ਦੀ ਨਾਨੂਭਾਈ ਵਕੀਲ ਨਿਰਦੇਸ਼ਿਤ ਫਿਲਮ 'ਸ਼ਾਹ ਬਹਰਾਮ' (1955), ਪੀਪੁਲ ਪਿਕਚਰਜ਼, ਬੰਬੇ ਦੀ ਬੀ. ਜੇ. ਪਟੇਲ ਨਿਰਦੇਸ਼ਿਤ ਐਕਸ਼ਨ ਫਿਲਮ 'ਸਿਲਵਰ ਕਿੰਗ' (1957) ਆਦਿ ਫਿਲਮਾਂ ਵਿੱਚ ਸਾਥੀ ਅਦਾਕਾਰਾ, ਨਾਚ ਅਦਾਕਾਰਾ ਵਜੋਂ ਆਪਣੇ ਫ਼ਨ ਦੀ ਬਿਹਤਰੀਨ ਨੁਮਾਇਸ਼ ਕੀਤੀ। ਇਨਾਂ ਫਿਲਮਾਂ 'ਚੋਂ ਕੁਝ ਕੁ ਫਿਲਮਾਂ ਵਿਚ ਉਸ 'ਤੇ ਫਿਲਮਾਏ ਗੀਤ ਵੀ ਬੜੇ ਹਿੱਟ ਹੋਏ ਸਨ ਜੋ ਅੱਜ ਵੀ ਸੰਗੀਤ ਮੱਦਾਹਾਂ ਦੀ ਪਹਿਲੀ ਪਸੰਦ ਹਨ।

ਹਿੰਦੀ ਤੋਂ ਇਲਾਵਾ ਸ਼ਾਂਤੀ ਮਧੋਕ ਨੇ ਪੰਜਾਬੀ ਫਿਲਮਾਂ ਵਿੱਚ ਵੀ ਅਦਾਕਾਰੀ ਕੀਤੀ। ਜਦੋਂ ਆਰ. ਐੱਲ. ਭਾਖੜੀ ਤੇ ਕੁਲਦੀਪ ਸਹਿਗਲ ਨੇ ਆਪਣੇ ਫਿਲਮਸਾਜ਼ ਅਦਾਰੇ ਕੁਲਦੀਪ ਪਿਕਚਰਜ਼ ਲਿਮਟਿਡ, ਬੰਬੇ ਦੇ ਬੈਨਰ ਹੇਠ ਰਾਜਿੰਦਰ ਸ਼ਰਮਾ (ਸਹਾਇਕ ਕੈਲਾਸ਼ ਭੰਡਾਰੀ ਤੇ ਐੱਮ. ਸਾਦਿਕ) ਦੀ ਹਿਦਾਇਤਕਾਰੀ ਵਿੱਚ ਪੰਜਾਬੀ ਫਿਲਮ 'ਲੱਛੀ' (1949) ਬਣਾਈ ਤਾਂ ਸ਼ਾਂਤੀ ਮਧੋਕ ਨੂੰ ਵੀ ਸਾਥੀ ਅਦਾਕਾਰਾ ਦਾ ਅਹਿਮ ਕਿਰਦਾਰ ਮਿਲਿਆ। ਟਾਈਟਲ ਰੋਲ ਲਾਹੌਰ ਦੀ ਪੰਜਾਬਣ ਮੁਟਿਆਰ ਮਨੋਰਮਾ ਅਦਾ ਕਰ ਰਹੀ ਸੀ, ਜਿਸ ਦੇ ਹਮਰਾਹ ਵਾਸਤੀ ਮੌਜੂਦ ਸੀ। ਮੰਜ਼ਰਨਾਮਾ ਤੇ ਮੁਕਾਲਮੇ ਮੁਲਕਰਾਜ ਭਾਖੜੀ, ਗੀਤ ਵਰਮਾ ਮਲਿਕ, ਐੱਮ. ਆਰ. ਭਾਖੜੀ ਤੇ ਨਾਜ਼ਿਮ ਪਾਣੀਪਤੀ ਤੇ ਮੌਸੀਕੀ ਹੰਸ ਰਾਜ ਬਹਿਲ ਨੇ ਮੁਰੱਤਿਬ ਕੀਤੀ। 158 ਮਿੰਟ ਦੀ ਇਹ ਫਿਲਮ 5 ਅਪ੍ਰੈਲ 1949 ਨੂੰ ਸੈਂਸਰ ਤੇ 8 ਅਪ੍ਰੈਲ 1949 ਨੂੰ ਮੋਗੇ ਦੇ ਰੀਗਲ ਸਿਨਮਾ 'ਚ ਨੁਮਾਇਸ਼ ਹੋਈ। ਮੁਲਕਰਾਜ ਭਾਖੜੀ ਦੇ ਫਿਲਮਸਾਜ਼ ਅਦਾਰੇ ਨਿਗਾਰਸਤਾਨ (ਇੰਡੀਆ) ਫਿਲਮਜ਼, ਬੰਬੇ ਦੀ ਸ਼ੰਕਰ ਮਹਿਤਾ ਨਿਰਦੇਸ਼ਿਤ ਮਜ਼ਾਹੀਆ ਫਿਲਮ 'ਛਈ' (1950) ਵਿਚ ਸ਼ਾਂਤੀ ਮਧੋਕ ਨੇ ਸਾਥੀ ਅਦਾਕਾਰਾ ਵਜੋਂ 'ਗੁਲਾਬੋ' ਦਾ ਸੋਹਣਾ ਪਾਰਟ ਅਦਾ ਕੀਤਾ, ਜਿਸ ਦੇ ਰੂਬਰੂ ਖ਼ੈਰਾਤੀ ਭੈਂਗਾ ਨੇ 'ਪਸ਼ੌਰੀ ਮੱਲ' ਦਾ ਪਾਰਟ ਅਦਾ ਕੀਤਾ। ਹੰਸ ਰਾਜ ਬਹਿਲ ਦੇ ਸੰਗੀਤ ਵਿੱਚ ਵਰਮਾ ਮਲਿਕ ਦੇ ਲਿਖੇ 'ਅਜੀ ਓਹ ਮੁੰਡਾ ਮੋਹ ਲਿਆ ਤਵੀਤਾਂ ਵਾਲਾ ਨੀਂ ਦੰਮੜੀ ਦਾ ਸੱਕ ਮਲ ਕੇ' (ਮੁਹੰਮਦ ਰਫ਼ੀ) ਤੇ ਇੱਕ ਕੱਵਾਲੀ ਗੀਤ 'ਮੈਨੂੰ ਮਾਹੀ ਨਾਲ ਹੋ ਗਿਆ ਪਿਆਰ ਹੌਲੀ ਹੌਲੀ' (ਸ਼ਮਸ਼ਾਦ ਬੇਗ਼ਮ, ਐੱਸ. ਡੀ. ਬਾਤਿਸ਼) ਗੀਤ ਸ਼ਾਂਤੀ ਮਧੋਕ ਤੇ ਸਾਥੀ ਅਦਾਕਾਰਾਂ 'ਤੇ ਫਿਲਮਾਏ ਗਏ ਸਨ। 20 ਜੂਨ 1950 ਨੂੰ ਸੈਂਸਰ ਹੋਈ 121 ਮਿੰਟ ਦੀ ਇਹ ਫਿਲਮ 30 ਜੂਨ 1950 ਨੂੰ ਅੰਮ੍ਰਿਤ ਟਾਕੀਜ਼, ਅੰਮ੍ਰਿਤਸਰ ਵਿਖੇ ਪਰਦਾਪੇਸ਼ ਹੋਈ। ਨਿਗਾਰਸਤਾਨ (ਇੰਡੀਆ) ਫਿਲਮਜ਼, ਬੰਬੇ ਦੀ ਰਾਜਿੰਦਰ ਸ਼ਰਮਾ (ਰੂਪ ਸਕਸੈਨਾ ਤੇ ਇੰਦਰ ਨਾਥ ਸ਼ਰਮਾ) ਨਿਰਦੇਸ਼ਿਤ ਫਿਲਮ 'ਜੁਗਨੀ' (1953) 'ਚ ਸ਼ਾਂਤੀ ਮਧੋਕ ਨੇ ਕੋਠੇ ਵਾਲੀ ਨਾਚੀ 'ਲੱਛੀ' ਦਾ ਖ਼ੂਬਸੂਰਤ ਪਾਰਟ ਨਿਭਾਇਆ, ਜਿਸ ਦੇ ਸਨਮੁੱਖ ਮਜਨੂੰ ਉਰਫ਼ ਹੈਰੋਲਡ ਲੂਈਸ 'ਛਾਂਗਾ' ਦਾ ਪਾਤਰ ਅਦਾ ਕਰ ਰਿਹਾ ਸੀ। ਫ਼ਸਾਨਾ ਮੁਲਕਰਾਜ ਭਾਖੜੀ, ਗੀਤ ਵਰਮਾ ਮਲਿਕ ਤੇ ਸੰਗੀਤ ਹੰਸ ਰਾਜ ਬਹਿਲ ਨੇ ਤਾਮੀਰ ਕੀਤਾ। ਫਿਲਮ ਦਾ ਪਹਿਲਾ ਦਿਲਕਸ਼ ਗੀਤ 'ਅੱਗ ਪਿਆਰ ਦੀ ਕਿਤੇ ਨਾ ਬੁਝ ਜਾਵੇ ਤੇ ਹੌਂਕਿਆਂ ਵਿਚ ਝੱਲਾਂ ਪੱਖੀਆਂ' (ਸ਼ਮਸ਼ਾਦ ਬੇਗ਼ਮ) ਸ਼ਾਂਤੀ ਮਧੋਕ 'ਤੇ ਫਿਲਮਾਇਆ ਗਿਆ ਸੀ, ਜਿਸ ਦੇ ਪਸਮੰਜ਼ਰ ਵਿੱਚ ਮਜਨੂੰ, ਭਾਗ ਸਿੰਘ ਤੇ ਪਾਲ ਸ਼ਰਮਾ ਮੌਜੂਦ ਸਨ। 29 ਦਸੰਬਰ 1953 ਨੂੰ ਸ਼ੈਂਸਰਸ਼ੁਦਾ ਇਹ ਫਿਲਮ 28 ਜਨਵਰੀ 1955 ਨੂੰ ਸਿਟੀ ਲਾਈਟ ਸਿਨਮਾ, ਅੰਮ੍ਰਿਤਸਰ ਵਿਖੇ ਰਿਲੀਜ਼ ਹੋਈ।

ਹਿੰਦੀ ਤੇ ਪੰਜਾਬੀ ਫਿਲਮਾਂ ਤੋਂ ਇਲਾਵਾ ਪੰਜਾਬਣ ਅਦਾਕਾਰਾ ਸ਼ਾਂਤੀ ਮਧੋਕ ਨੇ 2 ਗੁਜਰਾਤੀ ਫਿਲਮਾਂ 'ਸੱਤਯਾਵਾਦੀ ਰਾਜਾ ਹਰੀਸ਼ਚੰਦਰ' (1948) ਤੇ 'ਮੰਗਲ ਫੇਰਾ' (1949) ਵਿੱਚ ਵੀ ਅਦਾਕਾਰੀ ਕੀਤੀ ਸੀ। ਫਿਲਮ 'ਮੰਗਲਾ ਫੇਰਾ' ਵਿੱਚ ਨਿਭਾਏ 'ਮੀਨਾ' ਦੇ ਸ਼ਾਨਦਾਰ ਕਿਰਦਾਰ ਸਦਕਾ ਉਸ ਨੂੰ ਸੋਨੇ ਦੇ ਮੈਡਲ ਨਾਲ ਨਿਵਾਜਿਆ ਗਿਆ ਸੀ।

ਸ਼ਾਂਤੀ ਮਧੋਕ ਬੜੀ ਹਲੀਮ ਨਿਵਾਜ਼ ਅਦਾਕਾਰਾ ਸੀ ਜੋ ਸਾਫ਼ ਜ਼ੁਬਾਨ ਲੋਕਾਂ ਨੂੰ ਬੜਾ ਪਸੰਦ ਕਰਦੀ ਸੀ। ਉਹ ਫਿਲਮਾਂ ਵਿੱਚ ਕੰਮ ਤਾਂ ਜ਼ਰੂਰ ਕਰਦੀ ਸੀ, ਪਰ ਇੰਟਰਵਿਊਜ਼ ਦੇਣ ਤੋਂ ਬੜਾ ਘਬਰਾਉਂਦੀ ਸੀ। ਉਹ ਅਣਜਾਣ ਲੋਕਾਂ ਨੂੰ ਮਿਲਣਾ ਪਸੰਦ ਨਹੀਂ ਕਰਦੀ ਸੀ। ਫਿਲਮਾਂ ਵਿਚੋਂ ਵਿਹਲ ਮਿਲਦਿਆਂ ਹੀ ਉਹ ਕਸੀਦਾਕਾਰੀ ਕਰਦੀ। ਉਹ ਮੋਟਰਕਾਰਾਂ ਦੀ ਵੀ ਬੜੀ ਦੀਵਾਨੀ ਸੀ। ਉਹ ਅਕਸਰ ਕਹਿੰਦੀ ਹੁੰਦੀ ਸੀ ਕਿ ਨਵੀਂ ਮੋਟਰ ਹੋਵੇ ਸਿੱਧੀ ਤੇ ਸਾਫ਼ ਸੜਕ ਹੋਵੇ ਤਾਂ ਬੜਾ ਲੁਤਫ਼ ਆਉਂਦਾ ਹੈ। ਸ਼ਾਂਤੀ ਮਧੋਕ ਦੀ ਆਖ਼ਰੀ ਹਿੰਦੀ ਫਿਲਮ ਨੌਸ਼ੀਰ ਇੰਜੀਨੀਅਰ ਦੇ ਫਿਲਮਸਾਜ਼ ਅਦਾਰੇ ਨੌਸ਼ੇਰਵਾਂ ਮੂਵੀਟੋਨ, ਬੰਬੇ ਦੀ ਕਾਲਪਨਿਕ ਫਿਲਮ 'ਚੀਨੀ ਜਾਦੂਗਰ' (1959) ਸੀ। ਫਿਲਮ ਦੀ ਮੁੱਖ ਭੂਮਿਕਾ ਵਿੱਚ ਕਾਮਰਾਨ ਤੇ ਕ੍ਰਿਸ਼ਨਾ ਕੁਮਾਰੀ ਉਰਫ਼ ਰਜਿੰਦਰ ਕੌਰ ਤੇ ਸਾਥੀ ਅਦਾਕਾਰਾ ਵਜੋਂ ਸ਼ਾਂਤੀ ਮੌਜੂਦ ਸੀ।

ਇਸ ਫਿਲਮ ਦੀ ਨੁਮਾਇਸ਼ ਤੋਂ ਬਾਅਦ ਸ਼ਾਂਤੀ ਮਧੋਕ ਨਾ ਕਿਸੇ ਹਿੰਦੀ ਤੇ ਨਾ ਹੀ ਕਿਸੇ ਪੰਜਾਬੀ ਫਿਲਮ ਵਿੱਚ ਵਿਖਾਈ ਦਿੱਤੀ। ਫਿਰ ਉਹ ਕਿੱਥੇ ਚਲੀ ਗਈ ? ਉਸ ਦਾ ਪਰਿਵਾਰ ਕਿੱਥੇ ਹੈ ? ਕਾਫ਼ੀ ਤਹਿਕੀਕ ਕਰਨ ਤੋਂ ਬਾਅਦ ਵੀ ਕੁਝ ਪਤਾ ਨਹੀ ਲੱਗ ਸਕਿਆ। ਫਿਲਮ ਤਾਰੀਖ਼ ਵਿੱਚ ਉਹ ਆਪਣੀ ਨਾਚ ਕਲਾ ਤੇ ਅਦਾਕਾਰੀ ਦੇ ਤੁਫ਼ੈਲ ਹਮੇਸ਼ਾ ਯਾਦ ਕੀਤੀ ਜਾਂਦੀ ਰਹੇਗੀ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**






**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**




## ਪਾਠਕਾਂ ਦਾ ਨਜ਼ਰੀਆ

### ਯੂਨੀਵਰਸਿਟੀਆਂ ਦੀ ਖ਼ੁਦਮੁਖਤਿਆਰੀ

ਸਮੂਹ ਰਾਜਾਂ ਵਿਚ ਸਥਾਪਿਤ ਰਾਜ ਯੂਨੀਵਰਸਿਟੀਆਂ ਥੋੜ੍ਹੇ-ਬਹੁਤ ਆਰਥਿਕ ਸੰਕਟ ਨਾਲ ਜੂਝ ਰਹੀਆਂ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਭਾਰਤ ਦੇ ਬਹੁਤੇ ਰਾਜ ਆਰਥਿਕ ਸੰਕਟ ਦਾ ਸ਼ਿਕਾਰ ਹਨ ਅਤੇ ਸਰਕਾਰਾਂ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਕਰਨ ਲਈ ਬਜਟ ਮਸਾਂ ਜੁੜਦਾ ਹੈ, ਇਸ ਲਈ ਆਮ ਲੋਕਾਂ ਤੇ ਹੋਣ ਵਾਲੇ ਖਰਚ ਲਈ ਤੰਗੀ ਪੈਦਾ ਹੋ ਜਾਂਦੀ ਹੈ।

ਦੁਨੀਆਂ ਦੀ ਕੋਈ ਵੀ ਯੂਨੀਵਰਸਿਟੀ ਆਪਣੇ ਅਜਿਹੇ ਸਰੋਤ ਪੈਦਾ ਨਹੀਂ ਕਰ ਸਕਦੀ ਜਿਹੜੀ ਉਸਨੂੰ ਮਾਇਕ ਵਸੀਲੇ ਜੁਟਾਉਣ ਲਈ ਸਹਾਈ ਸਿੱਧ ਹੋਣ। ਜਿਹੜੀਆਂ ਯੂਨੀਵਰਸਿਟੀਆਂ ਹੀ ਸਰਕਾਰ ਨੇ ਆਪ ਸਥਾਪਿਤ ਕੀਤੀਆਂ ਹੋਣ ਅਤੇ ਵੋਟਾਂ ਵੇਲੇ ਯੂਨੀਵਰਸਿਟੀ ਖੋਲਣ ਨੂੰ ਵੱਡੀ ਪ੍ਰਾਪਤੀ ਵੱਜੋਂ ਪ੍ਰਚਾਰਿਆ ਹੋਵੇ ਤਾਂ ਉਸ ਨੂੰ ਸੁਯੋਗ ਢੰਗ ਨਾਲ ਚਲਾਉਣ ਦੀ ਜ਼ਿੰਮੇਵਾਰੀ ਵੀ ਸਰਕਾਰ ਦੀ ਹੀ ਹੁੰਦੀ ਹੈ।

ਪੰਜਾਬੀ ਯੂਨੀਵਰਸਿਟੀ ਵਿਖੇ ਕਾਰਜ ਕਰਦਿਆਂ ਇਸ ਦੀ ਵਿੱਤੀ ਸਥਿਤੀ ਵਿਚ ਕਈ ਵਾਰੀ ਉਤਰਾਅ-ਚੜ੍ਹਾਅ ਦੇਖਣ ਦਾ ਮੌਕਾ ਮਿਲਿਆ ਹੈ ਪਰ ਜਿਹੜੀ ਸਥਿਤੀ ਮੌਜੂਦਾ ਸਮੇਂ ਵਿਚ ਪੈਦਾ ਹੋਈ ਹੈ, ਉਹ ਪਹਿਲਾਂ ਕਦੇ ਵੀ ਦੇਖਣ ਨੂੰ ਨਹੀਂ ਮਿਲੀ ਪਰ ਫਿਰ ਵੀ ਇਹ ਕਹਿਣ ਵਿਚ ਸੰਕੋਚ ਨਹੀਂ ਕਿ ਮੌਜੂਦਾ ਸਥਿਤੀ ਲਈ ਪਿਛਲੀਆਂ ਪ੍ਰਸਥਿਤੀਆਂ ਵੀ ਜ਼ਿੰਮੇਵਾਰ ਹਨ।

ਯੂਨੀਵਰਸਿਟੀ ਲਈ ਵਿੱਤੀ ਸਾਧਨ ਜੁਟਾਉਣਾ ਕੇਵਲ ਵਾਈਸ ਚਾਂਸਲਰ ਦੀ ਜ਼ਿੰਮੇਵਾਰੀ ਹੀ ਸਮਝੀ ਜਾਂਦੀ ਹੈ ਪਰ ਪਿਛਲੇ ਸਮੇਂ ਦੌਰਾਨ ਯੂਨੀਵਰਸਿਟੀ ਦੇ ਅਧਿਆਪਕ, ਵਿਦਿਆਰਥੀ ਅਤੇ ਕਰਮਚਾਰੀ ਵੀ ਇਸ ਦਿਸ਼ਾ ਵਿਚ ਚੇਤੰਨ ਹੋਏ ਹਨ। ਯੂਨੀਵਰਸਿਟੀ ਨੂੰ ਬਚਾਉਣ ਲਈ ਨਿਰੰਤਰ ਯਤਨ ਕਰ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਤੋਂ ਜਦੋਂ ਕੋਈ ਖ਼ਬਰ ਬਾਹਰ ਜਾਂਦੀ ਹੈ ਤਾਂ ਖ਼ਬਰਾਂ ਰਾਹੀਂ ਇਹ ਪ੍ਰਭਾਵ ਸਿਰਜਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਯੂਨੀਵਰਸਿਟੀ ਦੇ ਅਧਿਆਪਕ ਤਨਖਾਹਾਂ ਲਈ ਹੜਤਾਲ ਤੇ ਬੈਠੇ ਹਨ। ਨਿਸ਼ਚਿਤ ਰੂਪ ਵਿਚ ਅਜਿਹਾ ਕੋਈ ਵੀ ਪ੍ਰਭਾਵ ਯੂਨੀਵਰਸਿਟੀ ਦੇ ਅਕਾਦਮਿਕ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਅਕਾਦਮਿਕ ਕਾਰਜਾਂ ਲਈ ਯੂਨੀਵਰਸਿਟੀ ਹਮੇਸ਼ਾ ਕਾਰਜਸ਼ੀਲ ਰਹੀ ਹੈ ਅਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਬਚਾਉਣ ਅਤੇ ਅੱਗੇ ਲਿਜਾਣ ਵਿਚ ਇੱਥੋਂ ਦੀ ਫੈਕਲਟੀ ਅਤੇ ਵਿਦਿਆਰਥੀਆਂ ਦੁਆਰਾ ਪਾਏ ਗਏ ਯੋਗਦਾਨ ਨੂੰ ਅੱਖੋਂ ਪਰੋਖੇ ਕਰਕੇ ਨਹੀਂ ਦੇਖਿਆ ਜਾ ਸਕਦਾ।

ਪਿਛਲੀ ਵਾਰੀ ਨੈਕ ਦੀ ਟੀਮ ਨੇ ਯੂਨੀਵਰਸਿਟੀ ਦੀ ਇਸ ਗੱਲ ਤੋਂ ਪ੍ਰਸੰਸਾ ਕੀਤੀ ਸੀ ਕਿ ਜਿਸ ਉਦੇਸ਼ ਨੂੰ ਲੈ ਕੇ ਇਸ ਯੂਨੀਵਰਸਿਟੀ ਦੀ ਸਥਾਪਨਾ ਹੋਈ ਸੀ, ਇਹ ਨਿਰੰਤਰ ਉਸੇ ਦਿਸ਼ਾ ਵਿਚ ਕਾਰਜ ਕਰ ਰਹੀ ਹੈ। ਇਸਦੇ ਨਾਲ ਇਹ ਦੱਸਣਾ ਵੀ ਉਚਿਤ ਹੋਵੇਗਾ ਕਿ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਕਾਰਜ ਕਰਨ ਵਾਲੇ ਪ੍ਰਮੁੱਖ ਵਿਭਾਗ ਫੈਕਲਟੀ ਤੋਂ ਸੱਖਣੇ ਹੁੰਦੇ ਜਾ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਨਾਵਾਂ ਦੇ ਖੇਤਰ ਵਿਚ ਲਗ-ਪਗ 2500 ਤੋਂ ਵਧੇਰੇ ਪੁਸਤਕਾਂ ਦੀ ਸਿਰਜਨਾ ਕੀਤੀ ਹੈ ਜਿਹੜੀਆਂ ਕਿ ਪੰਜਾਬ ਦੀ ਕਿਸੇ ਵੀ ਯੂਨੀਵਰਸਿਟੀ ਤੋਂ ਵਧੇਰੇ ਹਨ। ਮੌਜੂਦਾ ਸਮੇਂ ਵਿਚ ਵੀ ਸੀਮਿਤ ਸਾਧਨਾ ਰਾਹੀਂ ਗੁਜ਼ਾਰਾ ਕਰਨ ਵਾਲੇ ਯੂਨੀਵਰਸਿਟੀ ਦੇ ਅਧਿਆਪਕ ਅਕਾਦਮਿਕ ਕਾਰਜਾਂ ਵਿਚ ਨਿਰੰਤਰ ਕਾਰਜਸ਼ੀਲ ਹਨ।

ਯੂਨੀਵਰਸਿਟੀ ਦੇ ਸਮੂਹ ਅਧਿਆਪਕ, ਵਿਦਿਆਰਥੀ ਅਤੇ ਕਰਮਚਾਰੀ ਯੂਨੀਵਰਸਿਟੀ ਨੂੰ ਬਚਾਉਣਾ ਚਾਹੁੰਦੇ ਹਨ ਜਿਹੜੀ ਕਿ ਮੁਢਲੇ ਦੌਰ ਵਿਚ 10 ਕਿਲੋਮੀਟਰ ਦੇ ਘੇਰੇ ਵਿਚ ਸਥਾਪਿਤ ਕੀਤੀ ਗਈ ਸੀ ਪਰ ਮੌਜੂਦਾ ਸਮੇਂ ਵਿਚ 10 ਤੋਂ ਵਧੇਰੇ ਜ਼ਿਲਿਆਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰ ਰਹੀ ਹੈ। ਇਸ ਯੂਨੀਵਰਸਿਟੀ ਨੇ ਹਜ਼ਾਰਾਂ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕੀਤੀ ਹੈ ਜਿਹੜੇ ਕਿ ਦੇਸ਼-ਵਿਦੇਸ਼ ਵਿਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।

ਅਕਾਦਮਿਕ ਮਾਹਿਰ ਇਹ ਮੰਨਦੇ ਹਨ ਕਿ ਜੇਕਰ ਯੂਨੀਵਰਸਿਟੀ ਨੂੰ ਬਚਾਉਣਾ ਹੈ ਤਾਂ ਇਸ ਨੂੰ ਲੋੜੀਂਦੀ ਮਾਇਕ ਰਾਸ਼ੀ ਨਿਰੰਤਰ ਅਤੇ ਨਿਰਵਿਘਨ ਪ੍ਰਾਪਤ ਹੋਣੀ ਚਾਹੀਦੀ ਹੈ ਅਤੇ ਨਾਲ ਹੀ ਇਸ ਨੂੰ ਰਾਜਨੀਤਿਕ ਦਖ਼ਲ ਤੋਂ ਮੁਕਤ ਕਰਨਾ ਚਾਹੀਦਾ ਹੈ।

**ਪਰਮਵੀਰ ਸਿੰਘ**

### ਨਵੀਂ ਪੀੜ੍ਹੀ ਵਿਚ ਕਿਤਾਬਾਂ ਪੜ੍ਹਨ ਦਾ ਘਟਦਾ ਰੁਝਾਨ

ਕਿਤਾਬਾਂ ਪੜ੍ਹਨਾਂ ਅਤੇ ਕਿਤਾਬਾਂ ਪੜ੍ਹਨ ਲਈ ਉਤਸ਼ਾਹਿਤ ਕਰਨਾ, ਇਹ ਦੋਵੇਂ ਤਰਾਂ ਦੇ ਰੁਝਾਨ ਅੱਜ ਦੇ ਜ਼ਮਾਨੇ ਵਿਚ ਘਟ ਰਹੇ ਜਾਪਦੇ ਹਨ, ਕਿਉਂਕਿ ਖਾਲੀ ਸਮੇਂ ਨੂੰ ਬਤੀਤ ਕਰਨ ਦਾ ਜ਼ਰੀਆ ਤਕਨਾਲੋਜੀ ਬਣ ਗਈ ਹੈ। ਮੋਬਾਈਲ ਫੋਨ ਨੇ ਤਾਂ ਇਸ ਕੰਮ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਬੱਚੇ ਤੋਂ ਲੈ ਕੇ ਮਾਂ-ਬਾਪ ਤੱਕ, ਜਦੋਂ ਵੀ ਵਕਤ ਮਿਲਦਾ ਹੈ ਉਨਾਂ ਦੀਆਂ ਅੱਖਾਂ ਅਤੇ ਉਂਗਲੀਆਂ ਮੋਬਾਈਲ ਤੋਂ ਨਹੀਂ ਹਟਦੀਆਂ। ਬੱਚਿਆਂ ਨੂੰ ਇਹ ਬਹੁਤ ਘੱਟ ਪਤਾ ਹੈ ਕਿ ਉਨਾਂ ਦੇ ਪਾਠਕ੍ਰਮ ਤੋਂ ਇਲਾਵਾ ਵੀ ਕਿਤਾਬਾਂ ਪੜ੍ਹਨਾ ਬੇਹੱਦ ਜ਼ਰੂਰੀ ਹੈ। ਹਰ ਕੋਈ ਆਪਣਾ ਖਾਲੀ ਸਮਾਂ ਆਪਣੇ ਨਵੇਂ ਬਣੇ ਮਸ਼ੀਨੀ ਦੋਸਤ (ਮੋਬਾਈਲ) ਨਾਲ ਹੀ ਬਿਤਾਉਣਾ ਪਸੰਦ ਕਰਦਾ ਹੈ। ਇਹ ਜ਼ਿੰਦਗੀ ਦਾ ਬਹੁਤ ਮੁਸ਼ਕਿਲ ਦੌਰ ਹੈ, ਜਿੱਥੇ ਅਸੀਂ ਤਕਨਾਲੋਜੀ ਦੇ ਗੁਲਾਮ ਬਣਦੇ ਜਾ ਰਹੇ ਹਾਂ।

ਬੇਸ਼ੱਕ ਇੰਟਰਨੈੱਟ ਦੇ ਜ਼ਰੀਏ ਸਾਨੂੰ ਕਾਫੀ ਜਾਣਕਾਰੀ ਮੋਬਾਈਲ ਜਾਂ ਕੰਪਿਊਟਰ ਤੋਂ ਪ੍ਰਾਪਤ ਹੋ ਜਾਂਦੀ ਹੈ ਪਰ ਇਸ ਦੇ ਨਾਲ-ਨਾਲ ਕਿਤਾਬਾਂ ਨੂੰ ਪੜ੍ਹਨਾ, ਸਮਝਣਾ ਤੇ ਆਪਣੇ ਕੀਮਤੀ ਵਕਤ ਦਾ ਸਦਉਪਯੋਗ ਸਹੀ ਤਰੀਕੇ ਨਾਲ ਕਰਨ ਦਾ ਸਭ ਤੋਂ ਬਿਹਤਰ ਸਾਧਨ ਕਿਤਾਬਾਂ ਪੜ੍ਹਨਾ ਹੀ ਹੈ। ਜਿਵੇਂ ਸਾਡੇ ਤਨ ਨੂੰ ਤੰਦਰੁਸਤ ਰੱਖਣ ਲਈ ਭੋਜਨ ਦੀ ਲੋੜ ਹੈ, ਬਿਲਕੁਲ ਉਸੇ ਤਰਾਂ ਮਨ ਨੂੰ ਤੰਦਰੁਸਤ ਰੱਖਣ ਲਈ ਅਤੇ ਦਿਮਾਗ ਨੂੰ ਹੋਰ ਤੇਜ਼ ਕਰਨ ਲਈ ਕਿਤਾਬਾਂ ਪੜ੍ਹਨ ਤੋਂ ਵਧੀਆ ਖ਼ੁਰਾਕ ਹੋਰ ਕੋਈ ਨਹੀਂ ਹੋ ਸਕਦੀ। ਕਹਿੰਦੇ ਹਨ ਕਿ ਚੰਗੀਆਂ ਕਿਤਾਬਾਂ ਰਤਨਾਂ ਤੋਂ ਵੀ ਅਨਮੋਲ ਹੁੰਦੀਆਂ ਹਨ। ਇਹ ਮਨੁੱਖ ਦੀਆਂ ਸੱਚੀਆਂ ਸਾਥੀ ਹਨ। ਪੜ੍ਹਿਆ ਹੋਇਆ ਗਿਆਨ ਕਿਸੇ ਵੀ ਸਮੇਂ ਅਤੇ ਕਿਸੇ ਵੀ ਹਾਲਤ ਵਿਚ ਸਾਡੇ ਤੋਂ ਦੂਰ ਨਹੀਂ ਜਾ ਸਕਦਾ। ਕਿਸੇ ਨੇ ਬਿਲਕੁਲ ਸਹੀ ਕਿਹਾ ਹੈ:

'ਚੰਗੀਆਂ ਕਿਤਾਬਾਂ ਅਤੇ ਚੰਗੇ ਲੋਕ ਜਲਦੀ ਸਮਝ ਵਿਚ ਨਹੀਂ ਆਉਂਦੇ, ਉਨਾਂ ਨੂੰ ਪੜ੍ਹਨਾ ਪੈਂਦਾ ਹੈ।'

ਚੰਗੀਆਂ ਕਿਤਾਬਾਂ ਸਾਡੇ ਚਰਿੱਤਰ ਦਾ ਨਿਰਮਾਣ ਕਰਨ ਵਿਚ ਬਹੁਤ ਸਹਾਈ ਹੁੰਦੀਆਂ ਹਨ, ਸਾਨੂੰ ਮਹਾਨ ਸ਼ਖ਼ਸੀਅਤਾਂ ਨਾਲ ਮਿਲਾਉਂਦੀਆਂ ਹਨ। ਸਾਨੂੰ ਸਾਡੇ ਅਮੀਰ ਵਿਰਸੇ ਬਾਰੇ ਭਰਪੂਰ ਜਾਣਕਾਰੀ ਦੇ ਕੇ ਸਾਡੀ ਸ਼ਖ਼ਸੀਅਤ ਨੂੰ ਹੋਰ ਨਿਖਾਰਦੀਆਂ ਹਨ। ਸਾਨੂੰ ਸੱਭਿਆ ਅਤੇ ਸੁਲਝਿਆ ਹੋਇਆ ਇਨਸਾਨ ਬਣਨ ਵਿਚ ਬਹੁਤ ਮਦਦਗਾਰ ਸਾਬਤ ਹੁੰਦੀਆਂ ਹਨ।

ਕਿਤਾਬਾਂ ਦੀ ਚੋਣ ਆਪੋ-ਆਪਣੀ ਦਿਲਚਸਪੀ ਦੇ ਮੁਤਾਬਿਕ ਕੀਤੀ ਜਾ ਸਕਦੀ ਹੈ। ਕਿਤਾਬਾਂ ਸਾਨੂੰ ਵੱਖੋ-ਵੱਖਰੀਆਂ ਅਦਭੁੱਤ ਅਤੇ ਮਨੋਰੰਜਕ ਸਥਾਨਾਂ ਦੀ ਸੈਰ ਵੀ ਕਰਵਾਉਂਦੀਆਂ ਹਨ। ਚੰਗੀਆਂ ਕਿਤਾਬਾਂ ਰੂਹ ਲਈ ਖੁਰਾਕ ਦਾ ਕੰਮ ਕਰਦੀਆਂ ਹਨ। ਸਾਡੇ ਵਿਚਾਰਾਂ ਨੂੰ ਸਾਕਾਰਾਤਮਿਕ ਅਤੇ ਉੱਤਮ ਬਣਾਉਂਦੀਆਂ ਹਨ।

ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਜ਼ਿਆਦਾਤਰ ਸਕੂਲਾਂ ਅਤੇ ਕਾਲਜਾਂ ਵਿਚ ਅੱਜ ਕੱਲ ਕਿਤਾਬਾਂ ਸਿਰਫ ਸ਼ੀਸ਼ੇ ਦੀਆਂ ਅਲਮਾਰੀਆਂ ਦਾ ਸ਼ਿੰਗਾਰ ਬਣ ਕੇ ਰਹਿ ਜਾਂਦੀਆਂ ਹਨ। ਨਿਯਮਾਂ ਦੇ ਅਨੁਸਾਰ ਕਿਤਾਬਾਂ ਦੀ ਗਿਣਤੀ ਤਾਂ ਲਾਇਬ੍ਰੇਰੀਆਂ ਵਿਚ ਪੂਰੀ ਕੀਤੀ ਜਾਂਦੀ ਹੈ ਪਰ ਬੱਚਿਆਂ ਨੂੰ ਇਨਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਨਹੀਂ ਕੀਤਾ ਜਾਂਦਾ। ਬੱਚਿਆਂ ਵਿਚ ਇਹ ਰੁਚੀ ਪੈਦਾ ਕਰਨ ਦੀ ਜ਼ਿੰਮੇਵਾਰੀ ਮਾਤਾ-ਪਿਤਾ ਅਤੇ ਅਧਿਆਪਕਾਂ ਦੀ ਸਾਂਝੀ ਹੈ। ਅਸੀਂ ਆਪਣੀ ਜ਼ਿੰਮੇਵਾਰੀ ਨੂੰ ਤਾਂ ਹੀ ਨਿਭਾਅ ਸਕਾਂਗੇ ਜੇਕਰ ਖ਼ੁਦ ਵਿਚ ਇਹ ਰੁਚੀ ਪੈਦਾ ਕਰਾਂਗੇ। ਇਸ ਦਾ ਸਭ ਤੋਂ ਵੱਡਾ ਲਾਭ ਜੋ ਸਾਨੂੰ ਮਿਲ ਸਕਦਾ ਹੈ ਉਹ ਇਹ ਹੈ ਕਿ ਅਸੀਂ ਆਪਣੇ ਬੱਚਿਆਂ ਦਾ ਰੁਝਾਨ ਮੋਬਾਈਲ ਫੋਨ ਦੀ ਵਰਤੋਂ ਤੋਂ ਘਟਾ ਸਕਦੇ ਹਾਂ, ਉਨਾਂ ਨੂੰ ਮੋਬਾਈਲ ਤੇ ਗੇਮਾਂ ਖੇਡਣ ਤੋਂ ਹਟਾ ਕੇ ਉਨਾਂ ਦੀ ਸਿਹਤ ਅਤੇ ਅੱਖਾਂ ਦੀ ਨਜ਼ਰ ਨੂੰ ਬਚਾ ਸਕਦੇ ਹਾਂ।

ਬੱਚਿਆਂ ਵਿਚ ਉਨਾਂ ਦੇ ਮਨਪਸੰਦ ਵਿਸ਼ਿਆਂ ਦੀਆਂ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰਕੇ ਅਸੀਂ ਖ਼ੁਦ ਵੀ ਆਪਣੇ ਪ੍ਰਤੀ ਬਣਦੀ ਇਕ ਵੱਡੀ ਜ਼ਿੰਮੇਵਾਰੀ ਨੂੰ ਨਿਭਾਅ ਸਕਦੇ ਹਾਂ। ਬੱਚਿਆਂ ਨੂੰ ਸਹੀ ਦਿਸ਼ਾ ਦੇ ਕੇ ਅਸੀਂ ਸਮਾਜ ਨੂੰ ਵਧੀਆ ਨਾਗਰਿਕ ਦੇਣ ਦਾ ਕਰਤੱਵ ਵੀ ਪੂਰਾ ਕਰਦੇ ਹਾਂ। ਕਿਤਾਬਾਂ ਤੋਂ ਮਿਲੇ ਗਿਆਨ ਨਾਲ ਬੱਚੇ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਵਿਚ ਸੰਭਲ ਜਾਂਦੇ ਹਨ ਅਤੇ ਸੂਝ-ਬੂਝ ਨਾਲ ਅੱਗੇ ਵਧਦੇ ਹਨ। ਉਸ ਗਿਆਨ ਨੂੰ ਬਾਕੀਆਂ ਨਾਲ ਸਾਂਝ ਕਰਕੇ ਆਤਮ-ਵਿਸ਼ਵਾਸ ਨਾਲ ਭਰ ਜਾਂਦੇ ਹਨ। ਇਹ ਕਦਮ ਮਾਨਵਤਾ ਦੀ ਬਿਹਤਰੀ ਲਈ ਬੇਹੱਦ ਜ਼ਰੂਰੀ ਹੈ। ਬੱਚਿਆਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨ ਦੇ ਹੋਰ ਵੀ ਤਰੀਕੇ ਹਨ ਪਰ ਗਿਆਨ ਨਾਲ ਭਰਪੂਰ ਦਿਮਾਗ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿਚ ਡਗਮਗਾਉਂਦਾ ਨਹੀਂ।

ਸਾਰੇ ਮਾਪਿਆਂ ਨੂੰ ਇਹੀ ਬੇਨਤੀ ਹੈ ਕਿ ਖ਼ੁਦ ਵੀ ਵੱਧ ਤੋਂ ਵੱਧ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰੋ ਅਤੇ ਬੱਚਿਆਂ ਨੂੰ ਵੀ ਉਤਸ਼ਾਹਿਤ ਕਰੋ ਤਾਂ ਕਿ ਉਨਾਂ ਦੀ ਸੋਚ ਹਮੇਸ਼ਾ ਸਾਕਾਰਾਤਮਿਕ ਬਣੀ ਰਹੇ।

**ਅਮਰਦੀਪ ਕੌਰ**

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਤਰੱਕੀਪਸੰਦ



## ਸਆਦਤ ਹਸਨ ਮੰਟੋ

ਜੋਗਿੰਦਰ ਸਿੰਘ ਦੀਆਂ ਕਹਾਣੀਆਂ ਜਦੋਂ ਲੋਕਪ੍ਰਿਯ ਹੋਣ ਲੱਗੀਆਂ ਤਾਂ ਉਹਦੇ ਮਨ ਵਿਚ ਇਹ ਇੱਛਾ ਪੈਦਾ ਹੋਈ ਕਿ ਉਹ ਉਘੇ ਸਾਹਿਤਕਾਰਾਂ ਅਤੇ ਸ਼ਾਇਰਾਂ ਨੂੰ ਆਪਣੇ ਘਰ ਬੁਲਾਏ ਅਤੇ ਉਨਾਂ ਦੀ ਦਾਅਵਤ ਕਰੇ। ਉਹਦਾ ਖਿਆਲ ਸੀ ਕਿ ਉਹਦੀ ਸ਼ੁਹਰਤ ਤੇ ਲੋਕਪ੍ਰਿਅਤਾ ਹੋਰ ਵੀ ਵਧੇਰੇ ਹੋ ਜਾਵੇਗੀ। ਜੋਗਿੰਦਰ ਸਿੰਘ ਨੂੰ ਆਪਣੀ ਰਚਨਾ ਬਾਰੇ ਬੜੀ ਖੁਸ਼ਫਹਿਮੀ ਸੀ। ਮਸ਼ਹੂਰ ਸਾਹਿਤਕਾਰਾਂ ਤੇ ਸ਼ਾਇਰਾਂ ਨੂੰ ਆਪਣੇ ਘਰ ਬੁਲਾ ਕੇ ਅਤੇ ਉਨਾਂ ਦੀ ਆਉਭਗਤ ਕਰਕੇ ਜਦੋਂ ਉਹ ਆਪਣੀ ਪਤਨੀ ਅੰਮ੍ਰਿਤ ਕੌਰ ਕੋਲ ਬਹਿੰਦਾ ਤਾਂ ਕੁਝ ਚਿਰ ਲਈ ਬਿਲਕੁਲ ਹੀ ਭੁੱਲ ਜਾਂਦਾ ਕਿ ਉਹਦਾ ਕੰਮ ਡਾਕਖਾਨੇ ਵਿਚ ਚਿੱਠੀਆਂ ਦੀ ਦੇਖਭਾਲ ਕਰਨਾ ਹੈ। ਆਪਣੀ ਤਿੰਨ ਗਜ਼ ਦੀ ਪਟਿਆਲਾ ਫੈਸ਼ਨ ਦੀ ਰੰਗੀ ਹੋਈ ਪਗੜੀ ਲਾਹ ਕੇ ਜਦੋਂ ਉਹ ਇਕ ਪਾਸੇ ਧਰ ਦਿੰਦਾ ਤਾਂ ਉਹਨੂੰ ਮਹਿਸੂਸ ਹੁੰਦਾ ਕਿ ਉਹਦੇ ਲੰਮੇ-ਲੰਮੇ ਕਾਲੇ ਕੇਸਾਂ ਹੇਠ ਜਿਹੜਾ ਛੋਟਾ ਜਿਹਾ ਸਿਰ ਛੁਪਿਆ ਹੋਇਆ ਹੈ ਉਹਦੇ ਵਿਚ ਔਗੇ-ਵਧੂ ਸਾਹਿਤ ਕੁੱਟ ਕੁੱਟ ਕੇ ਭਰਿਆ ਪਿਆ ਹੈ। ਇਸ ਅਹਿਸਾਸ ਨਾਲ ਉਹਦੇ ਦਿਲ ਤੇ ਦਿਮਾਗ ਵਿਚ ਹਉਂ ਦੀ ਇਕ ਅਜੀਬ ਜਿਹੇ ਮਹੱਤਵ ਵਾਲੀ ਭਾਵਨਾ ਪੈਦਾ ਹੋ ਜਾਂਦੀ ਤੇ ਉਹ ਇਹ ਸਮਝਦਾ ਕਿ ਦੁਨੀਆਂ ਵਿਚ ਜਿੰਨੇ ਕਹਾਣੀਕਾਰ ਤੇ ਨਾਵਲਕਾਰ ਹਨ, ਸਾਰੇ ਦੇ ਸਾਰੇ ਉਹਦੇ ਨਾਲ ਬੜੇ ਹੀ ਮਿੱਠੇ ਜਿਹੇ ਰਿਸ਼ਤੇ ਵਿਚ ਬੱਧੇ ਹੋਏ ਹਨ।

ਅੰਮ੍ਰਿਤ ਕੌਰ ਦੀ ਸਮਝ ਵਿਚ ਇਹ ਗੱਲ ਨਹੀਂ ਸੀ ਆਉਂਦੀ ਕਿ ਉਹਦਾ ਪਤੀ ਲੋਕਾਂ ਨੂੰ ਸੱਦਾ ਭੇਜਣ ਵੇਲੇ ਹਰ ਵਾਰ ਇਹ ਕਿਉਂ ਆਖਦਾ ਹੈ : 'ਅੰਮ੍ਰਿਤ, ਇਹ ਜਿਹੜੇ ਅੱਜ ਚਾਹ 'ਤੇ ਆ ਰਹੇ ਨੇ, ਹਿੰਦੁਸਤਾਨ ਦੇ ਵੱਡੇ ਸ਼ਾਇਰ ਹਨ ਸਮਝ ਗਈ, ਨਾ ?'

'ਵੇਖੀਂ, ਇਨਾਂ ਦੀ ਆਉਭਗਤ ਤੇ ਖਾਤਰਦਾਰੀ ਵਿਚ ਕੋਈ ਕਸਰ ਨਾ ਰਹਿ ਜਾਵੇ।'

ਆਉਣ ਵਾਲਾ ਕਦੇ ਹਿੰਦੁਸਤਾਨ ਦਾ ਵੱਡਾ ਸ਼ਾਇਰ ਹੁੰਦਾ ਜਾਂ ਬੜਾ ਵੱਡਾ ਕਹਾਣੀਕਾਰ। ਇਸ ਤੋਂ ਘੱਟ ਦਰਜੇ ਵਾਲੇ ਆਦਮੀ ਨੂੰ ਤਾਂ ਉਹ ਕਦੇ ਬੁਲਾਉਂਦਾ ਹੀ ਨਹੀਂ ਸੀ-ਦਾਅਵਤ ਵੇਲੇ ਉਚੀਆਂ ਉਚੀਆਂ ਸੁਰਾਂ ਵਿਚ ਗੱਲਾਂ ਹੁੰਦੀਆਂ, ਜਿਹਦਾ ਮਤਲਬ ਉਹ ਅੱਜ ਤੱਕ ਨਹੀਂ ਸਮਝ ਸਕੀ ਸੀ। ਗੱਲਾਂਬਾਤਾਂ ਦੇ ਦੌਰਾਨ 'ਤਰੱਕੀਪਸੰਦ' ਦਾ ਜ਼ਿਕਰ ਆਮ ਤੌਰ 'ਤੇ ਹੁੰਦਾ ਸੀ। ਇਸ 'ਤਰੱਕੀਪਸੰਦੀ' ਦਾ ਮਤਲਬ ਅੰਮ੍ਰਿਤ ਕੌਰ ਨੂੰ ਮਲੂਮ ਨਹੀਂ ਸੀ। ਇਕ ਵਾਰ ਜੋਗਿੰਦਰ ਸਿੰਘ ਇਕ ਬੜੇ ਵੱਡੇ ਕਹਾਣੀਕਾਰ ਨੂੰ ਚਾਹ ਪਿਲਾ ਕੇ ਵਿਹਲਾ ਹੋ ਅੰਦਰ ਰਸੋਈ ਵਿਚ ਆ ਕੇ

ਬੈਠਾ ਤਾਂ ਅੰਮ੍ਰਿਤ ਨੇ ਪੁੱਛਿਆ, 'ਇਹ ਮੋਈ 'ਤਰੱਕੀਪਸੰਦੀ' ਕੀ ਏ ?'

ਜੋਗਿੰਦਰ ਸਿੰਘ ਨੇ ਪਗੜੀ ਸਣੇ ਆਪਣੇ ਸਿਰ ਨੂੰ ਸਹਿਜੇ ਜਿਹੇ ਹਿਲਾਇਆ ਤੇ ਕਿਹਾ, 'ਤਰੱਕੀਪਸੰਦੀ ? ਇਹਦਾ ਮਤਲਬ ਤੂੰ ਤੁਰੰਤ ਹੀ ਨਹੀਂ ਸਮਝ ਸਕਣ ਲੱਗੀ। 'ਤਰੱਕੀਪਸੰਦ' ਉਹਨੂੰ ਆਖਦੇ ਹਨ ਜੋ ਤਰੱਕੀ ਨੂੰ ਪਸੰਦ ਕਰੇ। ਇਹ ਸ਼ਬਦ ਫਾਰਸੀ ਦਾ ਹੈ ਤੇ ਅੰਗ੍ਰੇਜ਼ੀ ਵਿਚ 'ਤਰੱਕੀਪਸੰਦ' ਨੂੰ 'ਪ੍ਰੋਗ੍ਰੈਸਿਵ' ਕਹਿੰਦੇ ਹਨ। ਉਹ ਕਹਾਣੀਕਾਰ ਜੋ ਕਹਾਣੀਆਂ ਵਿਚ ਤਰੱਕੀ ਚਾਹੁੰਦੇ ਹਨ, ਉਨਾਂ ਨੂੰ ਤਰੱਕੀਪਸੰਦ ਜਾਂ ਅਗੇਵਧੂ ਕਹਾਣੀਕਾਰ ਸੱਦੇਂਦੇ ਹਨ। ਇਸ ਵੇਲੇ ਹਿੰਦੋਸਤਾਨ ਵਿਚ ਸਿਰਫ ਤਿੰਨ-ਚਾਰ ਤਰੱਕੀਪਸੰਦ ਕਹਾਣੀਕਾਰ ਹਨ ਜਿਨਾਂ ਵਿਚ ਮੇਰਾ ਨਾਂ ਵੀ ਸ਼ਾਮਿਲ ਹੈ।'

ਜੋਗਿੰਦਰ ਸਿੰਘ ਦੀ ਆਦਤ ਸੀ ਕਿ ਉਹ ਅੰਗ੍ਰੇਜ਼ੀ ਸ਼ਬਦਾਂਨਾਲ ਆਪਣੇ ਵਿਚਾਰ ਪ੍ਰਗਟ ਕੀਤਾ ਕਰਦਾ ਸੀ।

ਉਹਦੀ ਇਹੀ ਆਦਤ ਹੁਣ ਪੱਕ ਕੇ ਉਹਦਾ ਸੁਭਾਅ ਬਣ ਗਈ ਸੀ। ਇਸ ਲਈ ਉਹ ਬਿਨਾਂ ਝਕੇ ਇਕ ਅਜਿਹੀ ਅੰਗਰੇਜ਼ੀ ਭਾਸ਼ਾ ਵਿਚ ਸੋਚਦਾ ਸੀ ਜਿਹੜੀ ਕੁਝ ਉਘੇ ਅੰਗ੍ਰੇਜ਼ੀ ਨਾਵਲਕਾਰਾਂ ਦੇ ਚੰਗੇ ਚੰਗੇ ਚੁਸਤ ਵਿਕਰਿਆਂ 'ਤੇ ਆਧਾਰਤ ਸੀ। ਆਮ ਗੱਲਬਾਤ ਵਿਚ ਉਹ 50% ਅੰਗ੍ਰੇਜ਼ੀ ਸ਼ਬਦਾਂ ਅਤੇ ਅੰਗ੍ਰੇਜ਼ੀ ਕਿਤਾਬਾਂ 'ਚੋਂ ਚੁਣੇ ਵਾਕਾਂ ਦੀ ਵਰਤੋਂ ਕਰਦਾ ਸੀ। 'ਅਫਲਾਤੂਨ' ਨੂੰ ਉਹ ਸਦਾ 'ਪਲੇਟੋ' ਕਹਿੰਦਾ ਸੀ। ਇਵੇਂ ਹੀ 'ਅਰਸਤੂ' ਨੂੰ 'ਅਰਾਸਟੋਟਿਲ'। ਡਾ. ਸਿਗਮੰਡ ਫਰਾਇਡ, ਸ਼ੋਪੇਨਹਾਵਰ ਤੇ ਨੀਤਸ਼ੇ ਦੀ ਚਰਚਾ ਉਹ ਆਪਣੀ ਹਰ ਮਹੱਤਵਪੂਰਨ ਗੱਲਬਾਤ ਵਿਚ ਕੀਤਾ ਕਰਦਾ ਸੀ ਅਤੇ ਪਤਨੀ ਨਾਲ ਗੱਲ ਕਰਨ ਵੇਲੇ ਉਹ ਇਸ ਗੱਲ ਦਾ ਖਾਸ ਧਿਆਨ ਰੱਖਦਾ ਸੀ ਕਿ ਗੱਲਬਾਤ ਵਿਚ ਅੰਗ੍ਰੇਜ਼ੀ ਸ਼ਬਦ ਅਤੇ ਇਹ ਫਲਸਫੀ ਦਾਖਲ ਨਾ ਹੋਣ।

ਜੋਗਿੰਦਰ ਸਿੰਘ ਤੋਂ ਜਦੋਂ ਉਹਦੀ ਪਤਨੀ ਨੇ ਤਰੱਕੀਪਸੰਦੀ ਦਾ ਮਤਲਬ ਸਮਝਿਆ ਤਾਂ ਉਹਨੂੰ ਬੜੀ ਨਿਰਾਸ਼ਾ ਹੋਈ ਕਿਉਂਕਿ ਉਹਦਾ ਖ਼ਿਆਲ ਸੀ ਕਿ ਤਰੱਕੀਪਸੰਦੀ ਕੋਈ ਬੜੀ ਵੱਡੀ ਚੀਜ਼ ਹੋਵੇਗੀ ਜਿਸ ਬਾਰੇ ਵੱਡੇ-ਵੱਡੇ ਸ਼ਾਇਰ ਤੇ ਕਹਾਣੀਕਾਰ ਉਹਦੇ ਪਤੀ ਨਾਲ ਮਿਲ ਕੇ ਬਹਿਸ ਕਰਦੇ ਰਹਿੰਦੇ ਹਨ ਪਰ ਜਦੋਂ ਉਹਨੇ ਇਹ ਸੋਚਿਆ ਕਿ ਹਿੰਦੋਸਤਾਨ ਵਿਚ ਸਿਰਫ ਤਿੰਨ-ਚਾਰ ਤਰੱਕੀਪਸੰਦ ਕਹਾਣੀਕਾਰ ਹੀ ਹਨ ਤਾਂ ਉਹਦੀਆਂ ਅੱਖਾਂ ਵਿਚ ਚਮਕ ਪੈਦਾ ਹੋ ਗਈ।

ਇਹ ਚਮਕ ਵੇਖ ਕੇ ਜੋਗਿੰਦਰ ਸਿੰਘ ਦੇ ਮੁੱਛਾਂ-ਭਰੇ ਬੁਲ, ਇਕ ਦੱਬੀ-ਦੱਬੀ ਜਿਹੀ ਮੁਸਕਰਾਹਟ ਵਿਚ, ਕੰਬੇ, 'ਅੰਮ੍ਰਿਤ, ਤੈਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ ਹਿੰਦੋਸਤਾਨ ਦਾ ਇਕ ਬਹੁਤ ਵੱਡਾ ਆਦਮੀ ਮੈਨੂੰ ਮਿਲਣ ਦਾ ਚਾਹਵਾਨ ਹੈ। ਉਹਨੇ ਮੇਰੀਆਂ ਕਹਾਣੀਆਂ ਪੜੀਆਂ ਹਨ ਤੇ ਬਹੁਤ ਪਸੰਦ ਕੀਤੀਆਂ ਹਨ।'

ਅੰਮ੍ਰਿਤ ਕੌਰ ਨੇ ਪੁੱਛਿਆ, 'ਇਹ ਵੱਡਾ ਆਦਮੀ ਕੋਈ ਅਸਲੋਂ ਹੀ ਵੱਡਾ ਆਦਮੀ ਹੈ ਜਾਂ ਤੁਹਾਡੇ ਵਾਂਗ ਸਿਰਫ ਕਹਾਣੀਆਂ ਲਿਖਣ ਵਾਲਾ ਹੈ ?'

ਜੋਗਿੰਦਰ ਸਿੰਘ ਨੇ ਜੇਬ ਵਿਚੋਂ ਇਕ ਲਿਫਾਫਾ ਕਢਿਆ ਅਤੇ ਦੂਜੇ ਪੁਠੇ ਹੱਥ ਨਾਲ ਥਪਥਪਾਂਦਿਆਂ ਆਖਿਆ, 'ਕਹਾਣੀਕਾਰ ਤਾਂ ਹੈ ਹੀ ਪਰ ਉਹਦੀ ਸਭ ਤੋਂ ਵੱਡੀ ਖੂਬੀ ਜੋ ਉਹਦੀ ਅਮਿੱਟ ਪ੍ਰਸਿੱਧੀ ਦੇ ਪਿੱਛੇ ਮੌਜੂਦ ਹੈ, ਕੁਝ ਹੋਰ ਈ ਏ।'

'ਕਿਹੜੀ ਖੂਬੀ ਏ ?'

'ਉਹ ਇਕ ਅਵਾਰਾਗਰਦ ਹੈ।'

'ਅਵਾਰਾਗਰਦ ?'

'ਹਾਂ, ਉਹ ਇਕ ਅਵਾਰਾਗਰਦ ਹੈ ਜੀਹਨੇ ਅਵਾਰਾਗਰਦੀ ਨੂੰ ਆਪਣੇ ਜੀਵਨ ਦਾ ਮਨੋਰਥ ਬਣਾ ਲਿਆ ਹੈ। ਉਹ ਸਦਾ ਘੁੰਮਦਾ ਰਹਿੰਦਾ ਹੈ, ਕਦੇ ਕਸ਼ਮੀਰ ਦੀਆਂ ਠੰਡੀਆਂ ਘਾਟੀਆਂ ਵਿਚ ਹੁੰਦਾ ਹੈ ਤੇ ਕਦੇ ਮੁਲਤਾਨ ਦੇ ਤਪਦੇ ਮੈਦਾਨਾਂ ਵਿਚ, ਕਦੇ ਲੰਕਾ ਵਿਚ ਤੇ ਕਦੇ ਤਿੱਬਤ ਵਿਚ।'

ਅੰਮ੍ਰਿਤ ਕੌਰ ਦੀ ਦਿਲਚਸਪੀ ਵਧ ਗਈ, 'ਪਰ ਉਹ ਕਰਦਾ ਕੀ ਏ ?'

'ਉਹ ਗੀਤ ਇਕੱਠੇ ਕਰਦਾ ਏ, ਹਿੰਦੋਸਤਾਨ ਦੇ ਹਰ ਸੂਬੇ ਦੇ ਗੀਤ-ਪੰਜਾਬੀ, ਗੁਜਰਾਤੀ, ਮਰਾਠੀ, ਪਿਸ਼ੌਰੀ, ਕਸ਼ਮੀਰੀ, ਮਾਰਵਾੜੀ, ਹਿੰਦੋਸਤਾਨ ਵਿਚ ਜਿੰਨੀਆਂ ਵੀ ਬੋਲੀਆਂ ਬੋਲੀਆਂ ਜਾਂਦੀਆਂ ਹਨ, ਉਨਾਂ ਦੇ ਜਿੰਨੇ ਵੀ ਗੀਤ ਉਹਨੂੰ ਮਿਲਦੇ ਹਨ, ਉਹ ਇਕੱਠੇ ਕਰ ਲੈਂਦਾ ਹੈ।'

'ਏਨੇ ਗੀਤ ਇਕੱਠੇ ਕਰਕੇ ਉਹ ਕੀ ਕਰੇਗਾ ?'

'ਕਿਤਾਬਾਂ ਛਾਪਦਾ ਹੈ, ਲੇਖ ਲਿਖਦਾ ਹੈ ਤਾਂ ਜੁ ਦੂਜੇ ਵੀ ਇਹ ਗੀਤ ਪੜ ਸਕਣ। ਕਈ ਅੰਗ੍ਰੇਜ਼ੀ ਰਸਾਲਿਆਂ ਵਿਚ ਉਹਦੇ ਲੇਖ ਛਪ ਚੁੱਕੇ ਹਨ। ਗੀਤ ਇਕੱਠੇ ਕਰਨਾ ਤੇ ਸਲੀਕੇ ਨਾਲ ਉਨਾਂ ਨੂੰ ਪੇਸ਼ ਕਰਨਾ ਕੋਈ ਮਾਮੂਲੀ ਕੰਮ ਨਹੀਂ। ਉਹ ਬਹੁਤ ਵੱਡਾ ਆਦਮੀ ਹੈ, ਸਮਝੀ, ਬਹੁਤ ਵੱਡਾ ਆਦਮੀ, ਤੇ ਵੇਖ, ਉਹਨੇ ਮੈਨੂੰ, ਕਿਹੋ ਜਿਹਾ ਖਤ ਲਿਖਿਐ।'

ਇਹ ਕਹਿ ਕੇ, ਜੋਗਿੰਦਰ ਸਿੰਘ ਨੇ ਆਪਣੀ ਪਤਨੀ ਨੂੰ ਉਹ ਪੱਤਰ ਪੜ ਕੇ ਸੁਣਾਇਆ ਜਿਹੜਾ ਹਰੇਂਦਰ ਨਾਥ ਤ੍ਰਿਪਾਠੀ ਨੇ ਆਪਣੇ ਪਿੰਡੋਂ ਉਹਨੂੰ ਭੇਜਿਆ ਸੀ। ਉਸ ਪੱਤਰ ਵਿਚ ਹਰੇਂਦਰ ਨਾਥ ਤ੍ਰਿਪਾਠੀ ਨੇ ਬੜੀ ਮਿੱਠੀ ਬੋਲੀ ਵਿਚ ਜੋਗਿੰਦਰ ਸਿੰਘ ਦੀਆਂ ਕਹਾਣੀਆਂ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਸੀ ਕਿ ਤੁਸੀਂ ਹਿੰਦੋਸਤਾਨ ਦੇ ਤਰੱਕੀਪਸੰਦ ਕਹਾਣੀਕਾਰ ਹੋ।

ਇਹ ਵਾਕ ਜੋਗਿੰਦਰ ਸਿੰਘ ਨੇ ਪੜ ਕੇ ਕਿਹਾ, 'ਲੈ ਵੇਖ, ਤ੍ਰਿਪਾਠੀ ਸਾਹਿਬ ਵੀ ਲਿਖਦੇ ਨੇ ਕਿ ਮੈਂ ਤਰੱਕੀਪਸੰਦ ਹਾਂ।'

ਜੋਗਿੰਦਰ ਸਿੰਘ ਨੇ ਪੂਰਾ ਪੱਤਰ ਪੜਨ ਪਿਛੋਂ ਇਕ ਦੋ ਛਿਣ ਆਪਣੀ ਪਤਨੀ ਵਲ ਤੱਕਿਆ ਤੇ ਉਹਦਾ ਅਸਰ ਜਾਣਨ ਲਈ ਕਿਹਾ, 'ਕਿਉਂ ?'

ਅੰਮ੍ਰਿਤ ਕੌਰ ਪਤੀ ਦੀ ਤਿੱਖੀ ਨਜ਼ਰ ਕਾਰਨ ਕੁਝ ਝੇਂਪ ਜਿਹੀ ਗਈ ਤੇ ਮੁਸਕਰਾ ਕੇ ਕਹਿਣ ਲੱਗੀ, 'ਮੈਂ ਕੀ ਜਾਣਾਂ, ਵੱਡੇ ਆਦਮੀਆਂ ਦੀਆਂ ਗੱਲਾਂ ਵੱਡੇ ਆਦਮੀ ਹੀ ਸਮਝ ਸਕਦੇ ਨੇ।'

ਜੋਗਿੰਦਰ ਸਿੰਘ ਨੇ ਆਪਣੀ ਪਤਨੀ ਦੀ ਏਸ ਅਦਾ 'ਤੇ ਗਹੁ ਨਹੀਂ ਕੀਤਾ। ਉਹ ਅਸਲ ਵਿਚ ਹਰੇਂਦਰ ਨਾਥ ਤ੍ਰਿਪਾਠੀ ਨੂੰ ਆਪਣੇ ਘਰ ਬੁਲਾਉਣ ਤੇ ਉਹਨੂੰ ਕੁਝ ਦਿਨ ਠਹਿਰਾਉਣ ਬਾਰੇ ਸੋਚ ਰਿਹਾ ਸੀ, 'ਅੰਮ੍ਰਿਤ ਮੈਂ ਕਹਿੰਦਾ ਹਾਂ, ਤ੍ਰਿਪਾਠੀ ਸਾਹਿਬ ਨੂੰ ਦਾਅਵਤ ਦੇ ਹੀ ਦਿੱਤੀ ਜਾਵੇ। ਕੀ ਖਿਆਲ ਹੈ ਤੇਰਾ ਪਰ ਮੈਂ ਸੋਚਦਾ ਇਹ ਹਾਂ ਕਿ ਕੀ ਜਾਣਾਂ, ਉਹ ਕਿਤੇ ਇਨਕਾਰ ਹੀ ਨਾ ਕਰ ਦਏ। ਬਹੁਤ ਵੱਡਾ ਆਦਮੀ ਹੈ। ਹੋ ਸਕਦੈ ਉਹ ਸਾਡੀ ਏਸ ਦਾਅਵਤ ਨੂੰ ਖੁਸ਼ਾਮਦ ਸਮਝੇ।'

ਅਜਿਹੇ ਮੌਕਿਆਂ 'ਤੇ ਉਹ ਪਤਨੀ ਨੂੰ ਆਪਣੇ ਨਾਲ ਸ਼ਾਮਿਲ ਕਰ ਲਿਆ ਕਰਦਾ ਸੀ ਤਾਂ ਜੁ ਦਾਅਵਤ ਦਾ ਭਾਰ ਦੋ ਬੰਦਿਆਂ ਵਿਚ ਵੰਡਿਆ ਜਾਵੇ। ਇਸੇ ਲਈ ਜਦੋਂ ਉਹਨੇ 'ਸਾਡੀ' ਆਖਿਆ ਤਾਂ ਅੰਮ੍ਰਿਤ ਕੌਰ ਨੇ, ਜਿਹੜੀ ਆਪਣੇ ਪਤੀ ਵਾਂਗ ਬਹੁਤ ਭੋਲੀ ਸੀ, ਹਰੇਂਦਰ ਨਾਥ ਤ੍ਰਿਪਾਠੀ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਭਾਵੇਂ ਉਹਦਾ ਨਾਂ ਹੀ ਉਹਦੇ ਲਈ ਸਮਝੋਂ ਬਾਹਰ ਸੀ ਅਤੇ ਇਹ ਗੱਲ ਵੀ ਉਹਦੀ ਸਮਝ ਤੋਂ ਬਾਹਰ ਸੀ ਕਿ ਇਕ ਅਵਾਰਾਗਰਦ, ਗੀਤ ਇਕੱਠੇ ਕਰ ਕੇ, ਕਿਵੇਂ ਬਹੁਤ ਵੱਡਾ ਆਦਮੀ ਬਣ ਸਕਦਾ ਹੈ। ਜਦੋਂ ਉਹਨੂੰ ਇਹ ਦੱਸਿਆ ਗਿਆ ਸੀ ਕਿ ਤ੍ਰਿਪਾਠੀ ਗੀਤ ਇਕੱਠੇ ਕਰਦਾ ਹੈ ਤਾਂ ਉਹਨੂੰ ਆਪਣੇ ਪਤੀ ਦੀ ਇਕ ਗੱਲ ਯਾਦ ਆ ਗਈ ਕਿ ਵਲਾਇਤ ਵਿਚ ਲੋਕ ਤਿਤਲੀਆਂ ਫੜਨ ਦਾ ਕੰਮ ਕਰਦੇ ਹਨ ਤੇ ਇਸ ਤਰਾਂ ਕਾਫੀ ਪੈਸਾ ਕਮਾ ਲੈਂਦੇ ਹਨ। ਇਸੇ ਲਈ ਉਹਦਾ ਇਹ ਖਿਆਲ ਸੀ ਕਿ ਸ਼ਾਇਦ ਤ੍ਰਿਪਾਠੀ ਨੇ ਗੀਤ ਇਕੱਠੇ ਕਰਨ ਦਾ ਕੰਮ ਵਲਾਇਤ ਦੇ ਕਿਸੇ ਆਦਮੀ ਤੋਂ ਸਿੱਖਿਆ ਹੋਵੇਗਾ।

ਜੋਗਿੰਦਰ ਸਿੰਘ ਨੇ ਆਪਣਾ ਸ਼ੱਕ ਪ੍ਰਗਟਾਇਆ, 'ਹੋ ਸਕਦੈ ਉਹ ਸਾਡੀ ਏਸ ਦਾਅਵਤ ਨੂੰ ਖੁਸ਼ਾਮਦ ਸਮਝ ਲਏ।'

'ਇਹਦੇ 'ਚ ਖੁਸ਼ਾਮਦ ਦੀ ਕਿਹੜੀ ਗੱਲ ਹੈ ? ਹੋਰ ਵੀ ਤਾਂ ਕਈ ਵੱਡੇ ਆਦਮੀ ਸਾਡੇ ਘਰ ਆਉਂਦੇ ਨੇ। ਤੁਸੀਂ ਉਨਾਂ ਨੂੰ ਚਿੱਠੀ ਪਾ ਦਿਓ। ਮੇਰਾ ਖਿਆਲ ਹੈ ਕਿ ਉਹ ਤੁਹਾਡੀ ਦਾਅਵਤ ਜ਼ਰੂਰ ਕਬੂਲ ਕਰ ਲੈਣਗੇ। ਨਾਲੇ ਉਨਾਂ ਨੂੰ ਵੀ ਤਾਂ ਤੁਹਾਨੂੰ ਮਿਲਣ ਦਾ ਬਹੁਤ ਚਾਅ ਹੈ। ਹਾਂ, ਇਹ ਤਾਂ ਦੱਸੋ ਕੀ ਉਨਾਂ ਦੇ ਬਾਲ-ਬੱਚੇ ਹਨ ?'

'ਬਾਲ-ਬੱਚੇ,' ਜੋਗਿੰਦਰ ਸਿੰਘ ਉਠਿਆ। ਚਿੱਠੀ ਦਾ ਮਜ਼ਮੂਨ ਅੰਗ੍ਰੇਜ਼ੀ ਭਾਸ਼ਾ ਵਿਚ ਸੋਚਦਿਆਂ ਬੋਲਿਆ, 'ਹੋਣਗੇ, ਜ਼ਰੂਰ ਹੋਣਗੇ। ਹਾਂ ਹਨ। ਮੈਂ ਉਨਾਂ ਦੇ ਇਕ ਲੇਖ ਵਿਚ ਪੜਿਆ ਸੀ, ਉਨਾਂ ਦੀ ਪਤਨੀ ਵੀ ਹੈ ਤੇ ਇਕ ਬੱਚੀ ਵੀ।'

ਇਹ ਕਹਿ ਕੇ ਉਹ ਉਠਿਆ, ਚਿੱਠੀ ਦਾ ਮਜ਼ਮੂਨ ਉਹਦੇ ਦਿਮਾਗ ਵਿਚ ਪੂਰਾ ਹੋ ਚੁੱਕਿਆ ਸੀ। ਦੂਜੇ ਕਮਰੇ ਵਿਚ ਜਾ ਕੇ ਉਹਨੇ ਛੋਟੇ ਸਾਈਜ਼ ਦਾ ਉਹ ਪੈਡ ਕਢਿਆ ਜਿਸ ਉਤੇ ਉਹ ਖਾਸ-ਖਾਸ ਆਦਮੀਆਂ ਨੂੰ ਚਿੱਠੀਆਂ ਲਿਖਿਆ ਕਰਦਾ ਸੀ ਅਤੇ ਹਰੇਂਦਰ ਨਾਥ ਤ੍ਰਿਪਾਠੀ ਦੇ ਨਾਂ ਉਰਦੂ ਵਿਚ ਦਾਅਵਤਨਾਮਾ ਲਿਖਿਆ। ਇਹ ਉਸ ਮਜ਼ਮੂਨ ਦਾ ਅਨੁਵਾਦ ਸੀ ਜਿਹੜਾ ਉਹਨੇ ਆਪਣੀ ਪਤਨੀ ਨਾਲ ਗੱਲ ਕਰਨ ਵੇਲੇ ਅੰਗ੍ਰੇਜ਼ੀ ਵਿਚ ਸੋਚਿਆ ਸੀ।

ਤੀਜੇ ਦਿਨ ਹਰੇਂਦਰ ਨਾਥ ਤ੍ਰਿਪਾਠੀ ਦਾ ਉਤਰ ਆ ਗਿਆ। ਜੋਗਿੰਦਰ ਸਿੰਘ ਨੇ ਧੜਕਦੇ ਦਿਲ ਨਾਲ ਲਿਫਾਫਾ ਖੋਲਿਆ। ਜਦੋਂ ਪੜਿਆ ਕਿ ਉਹਦੀ ਦਾਅਵਤ ਮਨਜ਼ੂਰ ਕਰ ਲਈ ਗਈ ਹੈ, ਉਹਦਾ ਦਿਲ ਹੋਰ ਵੀ ਤੇਜ਼ ਧੜਕਣ ਲੱਗਾ। ਪਤਨੀ ਅੰਮ੍ਰਿਤ ਕੌਰ ਧੁੱਪੇ ਆਪਣੇ ਛੋਟੇ ਬੱਚੇ ਦੇ ਕੇਸਾਂ ਵਿਚ ਦਹੀਂ ਪਾ ਕੇ ਮਲ ਰਹੀ ਸੀ ਕਿ ਉਹ ਲਫ਼ਾਫ਼ਾ ਫੜੀ ਉਹਦੇ ਕੋਲ ਆਇਆ।

'ਉਨਾਂ ਨੇ ਸਾਡੀ ਦਾਅਵਤ ਕਬੂਲ ਕਰ ਲਈ ਹੈ। ਲਿਖਦੇ ਨੇ ਕਿ ਉਹ ਲਾਹੌਰ ਵੈਸੇ ਵੀ ਕਿਸੇ ਜ਼ਰੂਰੀ ਕੰਮ ਆ ਰਹੇ ਸਨ। ਆਪਣੀ ਨਵੀਂ ਕਿਤਾਬ ਛਪਵਾਉਣਾ ਚਾਹੁੰਦੇ ਸਨ। ਤੇ ਹਾਂ, ਉਨਾਂ ਨੇ ਤੈਨੂੰ ਪ੍ਰਣਾਮ ਲਿਖਿਆ ਏ।'

ਅੰਮ੍ਰਿਤ ਕੌਰ ਨੂੰ ਇਸ ਖਿਆਲ ਤੋਂ ਬਹੁਤ ਖੁਸ਼ੀ ਹੋਈ ਕਿ ਏਡੇ ਵੱਡੇ ਆਦਮੀ ਨੇ ਜਿਸ ਦਾ ਕੰਮ ਗੀਤ ਇਕੱਠੇ ਕਰਨਾ ਹੈ, ਉਹਨੂੰ 'ਪ੍ਰਣਾਮ' ਭੇਜਿਆ ਹੈ। ਉਹਨੇ ਮਨ ਹੀ ਮਨ ਵਿਚ ਵਾਹਿਗੁਰੂ ਦਾ ਧੰਨਵਾਦ ਕੀਤਾ ਕਿ ਉਹਦਾ ਵਿਆਹ ਅਜਿਹੇ ਆਦਮੀ ਨਾਲ ਹੋਇਆ ਹੈ ਜਿਸ ਨੂੰ ਹਿੰਦੋਸਤਾਨ ਦਾ ਹਰ ਵੱਡਾ ਆਦਮੀ ਜਾਣਦਾ ਹੈ। ਸਿਆਲ ਦੀ ਰੁੱਤ ਸੀ, ਦਸੰਬਰ ਦੇ ਪਹਿਲੇ ਦਿਨ ਸਨ। ਜੋਗਿੰਦਰ ਸਿੰਘ ਸਵੇਰੇ ਸਤ ਵਜੇ ਜਾਗਿਆ ਪਰ ਦੇਰ ਤਕ ਬਿਸਤਰੇ ਵਿਚ ਹੀ ਅੱਖਾਂ ਖੋਹਲੀਂ ਲੰਮਾ ਪਿਆ ਰਿਹਾ- ਉਹਦੀ ਪਤਨੀ ਅੰਮ੍ਰਿਤ ਕੌਰ ਤੇ ਉਹਦਾ ਬੱਚਾ-ਦੋਵੇਂ ਰਜਾਈ ਵਿਚ ਲਿਪਟੇ ਲਾਗਲੇ ਮੰਜੇ ਉਤੇ ਪਏ ਸਨ। ਜੋਗਿੰਦਰ ਸਿੰਘ ਸੋਚਣ ਲੱਗਿਆ, 'ਤ੍ਰਿਪਾਠੀ ਸਾਹਬ ਨੂੰ ਮਿਲ ਕੇ ਕੇਡੀ ਖੁਸ਼ੀ ਹੋਵੇਗੀ। ਖੁਦ ਤ੍ਰਿਪਾਠੀ ਸਾਹਬ ਵੀ ਉਹਨੂੰ ਮਿਲ ਕੇ ਬਹੁਤ ਪ੍ਰਸੰਨ ਹੋਣਗੇ ਕਿਉਂ ਜੁ ਉਹ ਹਿੰਦੋਸਤਾਨ ਦਾ ਨੌਜਵਾਨ ਕਹਾਣੀਕਾਰ ਅਤੇ ਤਰੱਕੀਪਸੰਦ ਲੇਖਕ ਹੈ, ਤ੍ਰਿਪਾਠੀ ਸਾਹਿਬ ਨਾਲ ਉਹ ਹਰ ਵਿਸ਼ੇ ਉਤੇ ਗੱਲਬਾਤ ਕਰੇਗਾ, ਗੀਤਾਂ 'ਤੇ, ਪੇਂਡੂ ਬੋਲੀਆਂ 'ਤੇ, ਕਹਾਣੀਆਂ 'ਤੇ ਅਤੇ ਤਾਜ਼ਾ ਜੰਗੀ ਹਾਲਾਤ 'ਤੇ। ਉਹ ਉਨਾਂ ਨੂੰ ਦੱਸੇਗਾ ਕਿ ਇਕ ਕਲਰਕ ਹੁੰਦਿਆਂ ਵੀ ਉਹ ਕਿਵੇਂ ਵਧੀਆ ਕਹਾਣੀਕਾਰ ਬਣ ਸਕਿਆ। ਕੀ ਇਹ ਅਜੀਬ ਗੱਲ ਨਹੀਂ ਕਿ ਡਾਕਖਾਨੇ ਵਿਚ ਚਿੱਠੀਆਂ ਦੀ ਦੇਖਭਾਲ ਕਰਨ ਵਾਲਾ ਬੰਦਾ ਕਲਾਕਾਰ ਹੋਵੇ। ਜੋਗਿੰਦਰ ਸਿੰਘ ਨੂੰ ਇਸ ਗੱਲ ਦਾ ਬੜਾ ਮਾਣ ਸੀ ਕਿ ਡਾਕਖਾਨੇ ਵਿਚ ਮਜ਼ਦੂਰਾਂ ਵਾਂਗ-ਛੇ-ਸਤ ਘੰਟੇ ਕੰਮ ਕਰਨ ਪਿੱਛੋਂ ਵੀ ਉਹ ਏਨਾ ਵਕਤ ਕੱਢ ਲੈਂਦਾ ਹੈ ਕਿ ਇਕ ਮਾਸਕ ਰਸਾਲਾ ਸੰਪਾਦਤ ਕਰਦਾ ਹੈ ਅਤੇ ਦੋ-ਤਿੰਨ ਰਸਾਲਿਆਂ ਲਈ ਹਰ ਹਫਤੇ ਜਿਹੜੇ ਲੰਬੇ ਲੰਬੇ ਪੱਤਰ ਲਿਖੇ ਜਾਂਦੇ ਹਨ, ਉਹ ਵੱਖਰੇ। ਦੇਰ ਤਕ ਬਿਸਤਰੇ ਵਿਚ ਪਿਆ ਉਹ ਹਰੇਂਦਰ ਨਾਥ ਤ੍ਰਿਪਾਠੀ ਨਾਲ ਆਪਣੀ ਪਹਿਲੀ ਮੁਲਾਕਾਤ ਲਈ ਮਨ ਵਿਚ ਤਿਆਰੀਆਂ ਕਰਦਾ ਰਿਹਾ।

ਜੋਗਿੰਦਰ ਸਿੰਘ ਨੇ ਹਰੇਂਦਰ ਨਾਥ ਤ੍ਰਿਪਾਠੀ ਦੀਆਂ ਕਹਾਣੀਆਂ ਤੇ ਲੇਖ ਪੜੇ ਹੋਏ ਸਨ, ਉਹਦੀ ਫੋਟੋ ਵੇਖ ਕੇ ਉਹ ਆਮ ਤੌਰ 'ਤੇ ਇਹ ਮਹਿਸੂਸ ਕਰਦਾ ਸੀ ਕਿ ਉਹਨੇ ਉਸ ਬੰਦੇ ਨੂੰ ਚੰਗੀ ਤਰਾਂ ਜਾਣ ਲਿਆ ਹੈ। ਪਰ ਹਰੇਂਦਰ ਨਾਥ ਤ੍ਰਿਪਾਠੀ ਦੇ ਮਾਮਲੇ ਵਿਚ ਉਹਨੂੰ ਆਪਣੇ ਉੱਤੇ ਭਰੋਸਾ ਨਹੀਂ ਸੀ। ਉਹ ਆਖਦਾ ਸੀ ਕਿ ਹਰੇਂਦਰ ਨਾਥ ਤ੍ਰਿਪਾਠੀ ਉਹਦੇ ਲਈ ਬਿਲਕੁਲ ਅਜਨਬੀ ਹੈ-ਜੋਗਿੰਦਰ ਸਿੰਘ ਦੇ ਕਹਾਣੀਕਾਰ ਦਿਮਾਗ ਵਿਚ ਕਈ ਵਾਰ ਹਰੇਂਦਰ ਨਾਥ ਤ੍ਰਿਪਾਠੀ ਇਕ ਅਜਿਹੇ ਆਦਮੀ ਦੇ ਰੂਪ ਵਿਚ ਸਾਹਮਣੇ ਆਉਂਦਾ ਜੀਹਨੇ ਕੱਪੜਿਆਂ ਦੀ ਥਾਂ ਆਪਣੇ ਪਿੰਡੇ ਉਤੇ ਕਾਗਜ਼ ਲਪੇਟੇ ਹੋਏ ਹੋਣ, ਤੇ ਜਦੋਂ ਉਹ ਕਾਗਜ਼ਾਂ ਬਾਰੇ ਸੋਚਦਾ ਤਾਂ ਉਹਨੂੰ ਅਨਾਰਕਲੀ ਦੀ ਉਹ ਕੰਧ ਯਾਦ ਆ ਜਾਂਦੀ, ਜਿਸ ਉਤੇ ਸਿਨੇਮੇ ਦੇ ਇਸ਼ਤਿਹਾਰ ਏਡੀ ਵੱਡੀ ਗਿਣਤੀ ਵਿਚ ਇਕ ਦੂਜੇ 'ਤੇ ਚਿਪਕੇ ਹੋਏ ਸਨ ਕਿ ਕੰਧ ਉਪਰ ਇਕ ਹੋਰ ਕੰਧ ਬਣ ਗਈ ਸੀ। ਬਿਸਤਰੇ ਵਿਚ ਪਿਆ ਉਹ ਦੇਰ ਤਕ ਸੋਚਦਾ ਰਿਹਾ ਕਿ ਜੇ ਹਰੇਂਦਰ ਨਾਥ ਤ੍ਰਿਪਾਠੀ ਅਜਿਹਾ ਹੀ ਆਦਮੀ ਹੋਇਆ ਤਾਂ ਉਹਨੂੰ ਸਮਝ ਸਕਣਾ ਬੜਾ ਹੀ ਮੁਸ਼ਕਲ ਹੋਵੇਗਾ। ਪਰ ਫੇਰ ਉਹਨੂੰ ਆਪਣੀ ਸਿਆਣਪ ਦਾ ਖਿਆਲ ਆਇਆ ਅਤੇ ਉਹਦੀਆਂ ਮੁਸ਼ਕਲਾਂ ਆਸਾਨ ਹੋ ਗਈਆਂ ਤੇ ਉਹ ਉਠ ਕੇ ਉਸ ਦੇ ਸਵਾਗਤ ਦੀਆਂ ਤਿਆਰੀਆਂ ਵਿਚ ਰੁਝ ਗਿਆ। ਤ੍ਰਿਪਾਠੀ ਨੇ ਲਿਖਿਆ ਸੀ ਕਿ ਉਹ ਆਪੀਂ ਜੋਗਿੰਦਰ ਸਿੰਘ ਦੇ ਘਰ ਪਹੁੰਚ ਜਾਏਗਾ ਕਿਉਂਜੁ ਉਹ ਫੈਸਲਾ ਨਹੀਂ ਕਰ ਸਕਿਆ ਕਿ ਉਹ ਲਾਰੀ ਰਾਹੀਂ ਆਏਗਾ ਜਾਂ ਟਰੇਨ ਰਾਹੀਂ। ਫੇਰ ਵੀ ਇਹ ਗੱਲ ਤਾਂ ਪੱਕੀ ਸੀ ਕਿ ਜੋਗਿੰਦਰ ਸਿੰਘ ਸੋਮਵਾਰ ਨੂੰ, ਡਾਕਖਾਨਿਓਂ ਛੁੱਟੀ ਲੈ ਕੇ ਸਾਰਾ ਦਿਨ ਆਪਣੇ ਮਹਿਮਾਨ ਨੂੰ ਉਡੀਕੇਗਾ। ਨਹਾ-ਧੋ ਤੇ ਕੱਪੜੇ ਬਦਲ ਕੇ ਜੋਗਿੰਦਰ ਸਿੰਘ ਦੇਰ ਤਕ ਰਸੋਈ ਵਿਚ ਆਪਣੀ ਪਤਨੀ ਕੋਲ ਬੈਠਾ ਰਿਹਾ। ਦੋਹਾਂ ਨੇ ਹੀ ਇਹ ਸੋਚ ਕੇ ਚਾਹ ਦੇਰ ਨਾਲ ਪੀਤੀ ਕਿ ਸ਼ਾਇਦ ਤ੍ਰਿਪਾਠੀ ਆ ਜਾਵੇ। ਪਰ ਜਦੋਂ ਤ੍ਰਿਪਾਠੀ ਦੇਰ ਤਕ ਨਾ ਆਇਆ ਤਾਂ ਉਨਾਂ ਨੇ ਕੇਕ, ਆਦਿ, ਸੰਭਾਲ ਕੇ ਅਲਮਾਰੀ ਵਿਚ ਰਖ ਦਿੱਤੇ ਤੇ ਕਾਲੀ ਚਾਹ ਪੀ ਕੇ ਮਹਿਮਾਨ ਨੂੰ ਉਡੀਕਣ ਲੱਗੇ। ਜਦੋਂ ਜੋਗਿੰਦਰ ਸਿੰਘ ਰਸੋਈ 'ਚੋਂ ਉਠ ਕੇ ਕਮਰੇ ਵਿਚ ਆਇਆ ਤੇ ਸ਼ੀਸ਼ੇ ਸਾਹਮਣੇ ਖੜੋ ਕੇ ਉਹਨੇ ਦਾੜੀ ਦੇ ਵਾਲਾਂ ਵਿਚ ਲੋਹੇ ਦੇ ਛੋਟੇ ਛੋਟੇ ਕਲਿਪ ਲਾਉਣੇ ਆਰੰਭੇ ਤਾਂ ਜੁ ਵਾਲ ਜੰਮ ਜਾਣ ਤਾਂ ਬੂਹਾ ਖੜਕਿਆ। ਹੁਣ ਖੁਲੀ ਦਾੜੀ ਨਾਲ, ਓਸੇ ਹਾਲ ਵਿਚ ਉਹਨੇ ਡਿਊੜੀ ਦਾ ਦਰਵਾਜ਼ਾ ਖੋਲਿਆ। ਜਿਵੇਂ ਕਿ ਉਹਨੂੰ ਮਲੂਮ ਸੀ, ਸਭ ਤੋਂ ਪਹਿਲਾਂ ਉਹਦੀ ਨਜ਼ਰ ਹਰੇਂਦਰ ਨਾਥ ਤ੍ਰਿਪਾਠੀ ਦੀ ਕਾਲੀ ਸੰਘਣੀ ਦਾੜੀ 'ਤੇ ਪਈ ਜਿਹੜੀ ਉਹਦੀ ਆਪਣੀ ਦਾੜੀ ਨਾਲੋਂ ਵੀਹ ਗੁਣਾਂ ਵੱਡੀ ਸੀ, ਸਗੋਂ ਇਸ ਤੋਂ ਵੀ ਕੁਝ ਵਧੇਰੇ। ਤ੍ਰਿਪਾਠੀ ਦੇ ਬੁਲਾਂ ਉਤੇ ਜਿਹੜੇ ਵੱਡੀਆਂ ਵੱਡੀਆਂ ਮੁੱਛਾਂ ਵਿਚ ਲੁਕੇ ਹੋਏ ਸਨ, ਮੁਸਕਰਾਹਟ ਪ੍ਰਗਟ ਹੋਈ। ਉਹਦੀ ਅੱਖ ਜਿਹੜੀ ਰਤਾ ਕੁ ਟੇਢੀ ਸੀ ਥੋੜੀ ਹੋਰ ਟੇਢੀ ਹੋ ਗਈ। ਉਹਨੇ ਆਪਣੀਆਂ ਲੰਮੀਆਂ ਲੰਮੀਆਂ ਲਿਟਾਂ ਨੂੰ ਇਕ ਪਾਸੇ ਕਰ ਕੇ ਆਪਣਾ ਹੱਥ, ਜੋ ਕਿਸੇ ਕਿਸਾਨ ਦਾ ਹੱਥ ਜਾਪਦਾ ਸੀ, ਜੋਗਿੰਦਰ ਸਿੰਘ ਵੱਲ ਵਧਾਇਆ। ਜੋਗਿੰਦਰ ਸਿੰਘ ਨੇ ਤ੍ਰਿਪਾਠੀ ਦੇ ਹੱਥ ਦੀ ਮਜ਼ਬੂਤ ਪਕੜ ਮਹਿਸੂਸ ਕੀਤੀ ਤੇ ਉਹਨੂੰ ਤ੍ਰਿਪਾਠੀ ਦਾ ਚਮੜੇ ਦਾ ਥੈਲਾ ਦਿੱਸਿਆ ਜਿਹੜਾ ਕਿਸੇ ਗਰਭਵਤੀ ਤੀਵੀਂ ਦੇ ਢਿੱਡ ਵਾਂਗ ਫੁੱਲਿਆ ਹੋਇਆ ਸੀ ਤਾਂ ਉਹ ਬੜਾ ਪ੍ਰਭਾਵਿਤ ਹੋਇਆ ਤੇ ਕੇਵਲ ਇਹ ਹੀ ਆਖ ਸਕਿਆ, 'ਤ੍ਰਿਪਾਠੀ ਜੀ, ਤੁਹਾਨੂੰ ਮਿਲ ਕੇ ਡਾਢੀ ਪ੍ਰਸੰਨਤਾ ਹੋਈ।' ਤ੍ਰਿਪਾਠੀ ਨੂੰ ਆਇਆਂ ਪੰਦਰਾਂ ਦਿਨ ਹੋ ਗਏ ਸਨ-ਉਹਦੇ ਪਧਾਰਨ ਦੇ ਤੀਜੇ ਹੀ ਦਿਨ ਉਹਦੀ ਪਤਨੀ ਤੇ ਬੱਚੀ ਵੀ ਆ ਗਏ। ਦੋਵੇਂ ਤ੍ਰਿਪਾਠੀ ਦੇ ਨਾਲ ਹੀ ਪਿੰਡੋਂ ਆਏ ਸਨ ਪਰ ਦੋ ਦਿਨ ਲਈ ਆਪਣੇ ਕਿਸੇ ਦੂਰ ਦੇ ਰਿਸ਼ਤੇਦਾਰ ਕੋਲ ਠਹਿਰ ਗਏ ਸਨ ਪਰ ਤ੍ਰਿਪਾਠੀ ਨੇ ਉਨਾਂ ਦਾ ਉਸ ਰਿਸ਼ਤੇਦਾਰ ਕੋਲ ਬਹੁਤਾ ਚਿਰ ਰੁਕਣਾ ਠੀਕ ਨਹੀਂ ਸੀ ਸਮਝਿਆ,

(ਚਲਦਾ...)

## ਭਾਰਤ ਵਿੱਚ...

ਉਨਾਂ ਦੇ ਕੇਸ ਸਾਲ ਦੇ ਅੰਤ ਤੱਕ ਅਦਾਲਤ ਵਿੱਚ ਵਿਚਾਰ ਅਧੀਨ ਸਨ।

ਜੁਲਾਈ ਵਿੱਚ ਜਾਰੀ 'ਭਾਰਤ ਵਿੱਚ ਧਰਮ' ਬਾਰੇ ਰਿਸਰਚ ਅਧਿਐਨ ਨੇ ਨੋਟ ਕੀਤਾ ਕਿ ਜ਼ਿਆਦਾਤਰ ਭਾਰਤੀ ਧਾਰਮਿਕ ਸਹਿਣਸ਼ੀਲਤਾ ਦੀ ਕਦਰ ਕਰਦੇ ਹਨ ਪਰ ਧਾਰਮਿਕ ਤੌਰ 'ਤੇ ਅਲੱਗ-ਥਲੱਗ ਜੀਵਨ ਜਿਊਣ ਨੂੰ ਤਰਜੀਹ ਦਿੰਦੇ ਹਨ। ਸਰਵੇਖਣ ਕੀਤੇ ਗਏ 89 ਪ੍ਰਤੀਸ਼ਤ ਮੁਸਲਮਾਨਾਂ ਅਤੇ ਈਸਾਈਆਂ ਨੇ ਕਿਹਾ ਕਿ ਉਹ 'ਆਪਣੇ ਧਰਮ ਦੀ ਰੱਖਿਆ ਲਈ ਸੁਤੰਤਰ ਹਨ' ਪਰ 65 ਪ੍ਰਤੀਸ਼ਤ ਹਿੰਦੂਆਂ ਅਤੇ ਮੁਸਲਮਾਨਾਂ ਨੇ ਕਿਹਾ ਕਿ ਉਹ ਮੰਨਦੇ ਹਨ ਕਿ ਧਾਰਮਿਕ ਸਮੂਹਾਂ ਵਿਚਕਾਰ ਫਿਰਕੂ ਹਿੰਸਾ ਦੇਸ਼ ਲਈ 'ਇੱਕ ਸਮੱਸਿਆ' ਹੈ। ਫ੍ਰੀਡਮ ਹਾਊਸ ਨੇ ਹਿੰਦੂ ਰਾਸ਼ਟਰਵਾਦੀ ਉਦੇਸ਼ਾਂ ਨੂੰ ਅੱਗੇ ਵਧਾਉਣ ਵਾਲੀਆਂ ਨੀਤੀਆਂ ਦੇ ਕਾਰਨ ਸਾਲ ਦੇ ਦੌਰਾਨ ਦੇਸ਼ ਦੀ ਦਰਜਾਬੰਦੀ ਨੂੰ 'ਮੁਫ਼ਤ' ਤੋਂ 'ਅੰਸ਼ਕ ਤੌਰ 'ਤੇ ਮੁਫ਼ਤ' ਵਿੱਚ ਘਟਾ ਦਿੱਤਾ।

ਅਮਰੀਕੀ ਸਰਕਾਰ ਦੀ ਨੀਤੀ ਤੇ ਸ਼ਮੂਲੀਅਤ ਅਮਰੀਕੀ ਦੂਤਘਰ ਦੇ ਅਧਿਕਾਰੀ, ਜਿਨਾਂ ਵਿੱਚ ਚਾਰਜਸ ਡੀ ਅਫੇਅਰਜ਼ ਵੀ ਸ਼ਾਮਲ ਹਨ, ਉਨਾਂ ਤੋਂ ਇਲਾਵਾ ਸੰਸਦ ਦੇ ਮੈਂਬਰਾਂ, ਕਈ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ, ਧਾਰਮਿਕ ਨੇਤਾਵਾਂ, ਵਿਸ਼ਵਾਸ-ਆਧਾਰਿਤ ਸੰਗਠਨਾਂ ਦੇ ਨੁਮਾਇੰਦਿਆਂ, ਅਤੇ ਸਿਵਲ ਸੁਸਾਇਟੀ ਦੇ ਮੈਂਬਰਾਂ ਨਾਲ ਮਿਲ ਕੇ ਧਾਰਮਿਕ ਆਜ਼ਾਦੀ ਦੀ ਮਹੱਤਤਾ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਲੋਕਤੰਤਰ ਦੀ ਜ਼ਿੰਮੇਵਾਰੀ ਦਸਿਆ। ਰਾਜਨੀਤਿਕ ਪਾਰਟੀਆਂ, ਸਿਵਲ ਸੁਸਾਇਟੀ ਦੇ ਨੁਮਾਇੰਦਿਆਂ, ਧਾਰਮਿਕ ਸੁਤੰਤਰਤਾ ਕਾਰਕੁੰਨਾਂ, ਅਤੇ ਵੱਖ-ਵੱਖ ਧਰਮਾਂ ਦੇ ਭਾਈਚਾਰਿਆਂ ਦੇ ਨੇਤਾਵਾਂ ਨਾਲ ਰੁਝੇਵਿਆਂ ਦੌਰਾਨ, ਯੂਐਸ ਸਰਕਾਰ ਦੇ ਅਧਿਕਾਰੀਆਂ ਨੇ ਧਾਰਮਿਕ ਅਜ਼ਾਦੀ ਅਤੇ ਬਹੁਲਵਾਦ ਦੀ ਮਹੱਤਤਾ ਬਾਰੇ ਚਰਚਾ ਕੀਤੀ, ਅੰਤਰ-ਧਰਮ ਸੰਵਾਦ ਦਾ ਮੁੱਲ, ਅਤੇ ਵਿਸ਼ਵਾਸ-ਆਧਾਰਿਤ NGOs ਲਈ ਸੰਚਾਲਨ ਵਾਤਾਵਰਣ ਮੁੱਖ ਵਿਸ਼ੇ ਸਨ। ਚਾਰਜਸ ਡੀ ਅਫੇਰਸ ਨੇ ਧਾਰਮਿਕ ਭਾਈਚਾਰਿਆਂ ਨਾਲ ਮੁਲਾਕਾਤ ਕੀਤੀ, ਜਿਸ ਵਿੱਚ ਬੋਧੀ, ਈਸਾਈ, ਹਿੰਦੂ, ਮੁਸਲਮਾਨ, ਦੇ ਨੁਮਾਇੰਦੇ ਸ਼ਾਮਲ ਸਨ। ਸਿੱਖ ਧਰਮ ਧਾਰਮਿਕ ਅਜ਼ਾਦੀ ਦੇ ਮੁੱਦਿਆਂ 'ਤੇ ਆਪਣੇ ਦ੍ਰਿਸ਼ਟੀਕੋਣਾਂ ਅਤੇ ਵਿਚਾਰਾਂ 'ਤੇ ਚਰਚਾ ਕਰਨ ਲਈ ਮਈ ਵਿੱਚ, ਦੂਤਾਵਾਸ ਨੇ ਧਾਰਮਿਕ ਅਜ਼ਾਦੀ ਅਤੇ ਅੰਤਰ-ਧਰਮ ਸਦਭਾਵਨਾ ਲਈ ਅਮਰੀਕੀ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦੇਣ ਲਈ ਰਮਜ਼ਾਨ ਦੌਰਾਨ ਇੱਕ ਵਰਚੁਅਲ ਅੰਤਰ-ਧਰਮ ਸੰਵਾਦ ਦਾ ਆਯੋਜਨ ਕੀਤਾ। ਜੁਲਾਈ ਵਿੱਚ, ਰਾਜ ਦੇ ਸਕੱਤਰ ਨੇ, ਦੇਸ਼ ਦੀ ਆਪਣੀ ਫੇਰੀ ਦੌਰਾਨ, ਆਪਣੀ ਸ਼ੁਰੂਆਤੀ ਟਿੱਪਣੀ ਵਿੱਚ ਧਰਮ ਅਤੇ ਵਿਸ਼ਵਾਸ ਦੀ ਅਜ਼ਾਦੀ ਦੇ ਮਹੱਤਵ ਨੂੰ ਸੰਬੋਧਿਤ ਕੀਤਾ ਅਤੇ ਸਮਾਵੇਸ਼ੀ ਵਿਕਾਸ ਬਾਰੇ ਵਿਚਾਰ ਵਟਾਂਦਰੇ ਲਈ ਵਿਭਿੰਨ ਵਿਸ਼ਵਾਸ ਦੇ ਨੇਤਾਵਾਂ ਨਾਲ ਇੱਕ ਗੋਲਮੇਜ਼ ਦਾ ਆਯੋਜਨ ਕੀਤਾ।

ਭਾਰਤ ਵਿੱਚ ਧਾਰਮਿਕ ਅਜ਼ਾਦੀ 'ਤੇ ਯੂਐਸ-ਅਧਾਰਤ ਗੈਰ-ਲਾਭਕਾਰੀ ਭਾਰਤੀ ਅਮਰੀਕੀ ਮੁਸਲਿਮ ਕੌਂਸਲ ਦੁਆਰਾ ਆਯੋਜਿਤ ਜੁਲਾਈ ਦੇ ਇੱਕ ਵਰਚੁਅਲ ਸੈਸ਼ਨ ਵਿੱਚ, ਐਮਨੈਸਟੀ ਇੰਟਰਨੈਸ਼ਨਲ ਯੂਐਸਏ ਨੇ ਕਿਹਾ ਕਿ ਸੰਗਠਨ ਨੂੰ ਐਫਸੀਆਰਏ ਦੀਆਂ ਜ਼ਰੂਰਤਾਂ ਦੇ ਕਾਰਨ 2020 ਵਿੱਚ ਦੇਸ਼ ਵਿੱਚ ਸਾਰੀਆਂ ਕਾਰਵਾਈਆਂ ਨੂੰ ਰੋਕਣ ਲਈ ਮਜਬੂਰ ਕੀਤਾ ਗਿਆ ਸੀ। ਐਮਨੈਸਟੀ ਦੇ ਨੁਮਾਇੰਦੇ ਨੇ ਕਿਹਾ ਕਿ ਐਫਸੀਆਰਏ ਦੀਆਂ ਜ਼ਰੂਰਤਾਂ ਧਾਰਮਿਕ ਆਜ਼ਾਦੀ ਨੂੰ ਬਰਕਰਾਰ ਰੱਖਣ ਦੇ ਮੌਕਿਆਂ ਨੂੰ ਕੁਚਲਣ ਲਈ 'ਭਾਰਤੀ ਸਰਕਾਰ ਦੁਆਰਾ ਆਪਣੇ ਸਮੁੱਚੇ ਸਰਕਾਰੀ ਢਾਂਚੇ ਨੂੰ ਸਰਗਰਮ ਕਰਨ' ਦੀ ਇੱਕ ਉਦਾਹਰਣ ਹੈ।ਮਾਰਚ ਵਿੱਚ, ਐਮਐਚਏ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਦੌਰਾਨ 22,678 ਐਨਜੀਓਜ਼ ਨੂੰ ਐਫਸੀਆਰਏ ਦੇ ਤਹਿਤ ਰਜਿਸਟ੍ਰੇਸ਼ਨ ਦਿੱਤੀ ਗਈ ਸੀ। ਸਰਕਾਰ ਨੇ ਇਹ ਵੀ ਰਿਪੋਰਟ ਕੀਤੀ ਕਿ 2,742 ਗੈਰ-ਸਰਕਾਰੀ ਸੰਗਠਨਾਂ ਦੇ ਰਜਿਸਟ੍ਰੇਸ਼ਨਾਂ ਨੂੰ 2018 ਤੋਂ 2020 ਤੱਕ ਗੈਰ-ਪਾਲਣਾ ਲਈ ਰੱਦ ਕਰ ਦਿੱਤਾ ਗਿਆ ਸੀ ਜਿਸ ਦੇ ਇਹ ਸਭ ਤੋਂ ਤਾਜ਼ਾ ਅੰਕੜੇ ਉਪਲਬਧ ਹਨ।

ਆਪਣੀ ਸਾਲਾਨਾ ਰਿਪੋਰਟ ਵਿੱਚ, ਅੰਤਰਰਾਸ਼ਟਰੀ ਐਨਜੀਓ ਹਿਊਮਨ ਰਾਈਟਸ ਵਾਚ (ਐਚਆਰਡਬਲਯੂ) ਨੇ ਕਿਹਾ ਕਿ ਸਰਕਾਰ ਨੇ ਧਾਰਮਿਕ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਨਾਲ ਵਿਤਕਰਾ ਕਰਨ ਵਾਲੇ ਕਾਨੂੰਨਾਂ ਅਤੇ ਨੀਤੀਆਂ ਨੂੰ ਅਪਣਾਇਆ ਹੈ। ਐਚਆਰਡਬਲਯੂ ਨੇ ਇਹ ਵੀ ਕਿਹਾ ਕਿ ਭਾਜਪਾ ਦੇ ਕੁਝ ਨੇਤਾਵਾਂ ਨੇ ਮੁਸਲਮਾਨਾਂ ਨੂੰ ਬਦਨਾਮ ਕੀਤਾ ਅਤੇ ਪੁਲਿਸ ਹਿੰਸਾ ਕਰਨ ਵਾਲੇ ਕੁਝ ਭਾਜਪਾ ਸਮਰਥਕਾਂ ਵਿਰੁੱਧ ਕਾਰਵਾਈ ਕਰਨ ਵਿੱਚ ਅਸਫਲ ਰਹੀ, ਇੱਕ ਸੁਮੇਲ ਜਿਸ ਨੇ ਕੁਝ ਹਿੰਦੂ ਰਾਸ਼ਟਰਵਾਦੀ ਸਮੂਹਾਂ ਨੂੰ ਮੁਸਲਮਾਨਾਂ ਅਤੇ ਸਰਕਾਰੀ ਆਲੋਚਕਾਂ 'ਤੇ ਦੰਡ ਦੇ ਨਾਲ ਹਮਲਾ ਕਰਨ ਲਈ ਉਤਸ਼ਾਹਤ ਕੀਤਾ।

ਅਮਰੀਕੀ ਵਿਦੇਸ਼ ਵਿਭਾਗ ਦੀ ਇਸ ਰਿਪੋਰਟ ਨੇ ਭਾਰਤੀ ਸਿਆਸਤ ਨੂੰ ਸਾਹਮਣੇ ਲਿਆਉਂਦਾ ਹੈ। ਜਿਸ ਵਿਚ ਧਰਮ ਦੇ ਨਾਮ 'ਤੇ ਕੀਤਾ ਜਾਂਦਾ ਪੱਖਪਾਤ ਤੇ ਹਿੰਦੂ ਰਾਸ਼ਟਰਵਾਦ ਦੇ ਨਿਰਮਾਣ ਦੀ ਝਲਕ ਸਪੱਸ਼ਟ ਨਜ਼ਰ ਆਉਂਦੀ ਹੈ । ਭਾਰਤ ਇੱਕ ਅਜਿਹਾ ਦੇਸ਼ ਬਣਦਾ ਜਾ ਰਿਹਾ ਹੈ ਜਿਸ ਵਿੱਚ ਲੋਕਤੰਤਰ ਦੀ ਥਾਂ ਹਿੰਦੂ ਰਾਸ਼ਟਰਵਾਦ ਲੈ ਰਿਹਾ ਹੈ। ਸਿੱਖ, ਮੁਸਲਿਮ ਤੇ ਇਸਾਈ ਕੇਵਲ ਇਕ ਨਾਮੀ ਧਰਮ ਰਹਿ ਗਏ ਹਨ । ਧਰਮ ਦੇ ਨਾਮ ਉੱਤੇ ਵਿਵਾਦ, ਸਿਆਸਤ ਤੇ ਡਿਬੇਟ ਭਾਰਤੀ ਲੋਕਤੰਤਰ ਨੂੰ ਢਾਹ ਲਾ ਰਹੇ ਹਨ ।

## ਇਤਿਹਾਸ ਬਾਰੇ ਜਾਣਕਾਰੀ

ਹੋਇਆ ਤਾਂ ਇਸ ਦਾ ਕਾਰਨ ਇਹ ਨਹੀਂ ਹੋਵੇਗਾ ਕਿ ਸਾਡਾ ਸੰਵਿਧਾਨ ਖਰਾਬ ਸੀ ਬਲਕਿ ਇਸ ਦਾ ਇਸਤੇਮਾਲ ਕਰਨ ਵਾਲਾ ਮਨੁੱਖ ਵੀ ਗਲਤ ਸੀ।'

ਪ੍ਰਸ਼ਨ 32-ਸੰਵਿਧਾਨ ਨੂੰ ਵਿਧਾਨ ਸਭਾ ਵਲੋਂ ਕਦੋਂ ਅਪਣਾ ਲਿਆ ਗਿਆ ਸੀ ?

-26 ਨਵੰਬਰ 1949 ਨੂੰ ਇਸ ਸੰਵਿਧਾਨ ਨੂੰ ਵਿਧਾਨ ਸਭਾ ਵਲੋਂ ਅਪਣਾ ਲਿਆ ਗਿਆ ਸੀ ।

ਪ੍ਰਸ਼ਨ 33- ਬਾਬਾ ਸਾਹਿਬ ਨੇ ਭਾਰਤੀ ਬੋਧ ਮਹਾਸਭਾ ਦੀ ਸਥਾਪਨਾ ਕਦੋਂ ਕੀਤੀ ?

-1955 'ਚ ਉਨਾਂ ਨੇ ਭਾਰਤੀ ਬੋਧ ਮਹਾਸਭਾ ਦੀ ਸਥਾਪਨਾ ਕੀਤੀ।

ਪ੍ਰਸ਼ਨ 34- ਡਾ. ਅੰਬੇਦਕਰ ਨੇ ਪੂਨਾ ਸਮਝੌਤਾ ਕਦੋਂ ਕੀਤਾ ਸੀ ?

-1932

ਪ੍ਰਸ਼ਨ 35- ਸਾਹਿਬ ਜੀ ਦਾ ਸਵਰਗ-ਵਾਸ ਕਦੋਂ ਹੋਇਆ ਸੀ ?

-6 ਦਸੰਬਰ 1956 ਨੂੰ ਆਪਣੇ ਦਿੱਲੀ ਵਾਲੇ ਨਿਵਾਸ ਸਥਾਨ ਤੇ ਉਨਾਂ ਦਾ ਸਵਰਗਵਾਸ ਹੋ ਗਿਆ।

ਪ੍ਰਸ਼ਨ 36-14 ਅਪ੍ਰੈਲ ਦਾ ਹਰ ਸਾਲ ਦਾ ਦਿਨ ਕਿਸਦੇ ਜਨਮ ਦਿਨ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

-4 ਅਪ੍ਰੈਲ ਦਾ ਹਰ ਸਾਲ ਦਾ ਦਿਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

ਪ੍ਰਸ਼ਨ 37- ਜਾਣਕਾਰਾਂ ਅਨੁਸਾਰ ਡਾ. ਭੀਮ ਰਾਓ ਅੰਬੇਦਕਰ ਕਿੰਨੀਆਂ ਭਾਸ਼ਾਵਾਂ ਦੇ ਮਾਹਿਰ ਅਤੇ ਕਿੰਨੀਆਂ ਡਿਗਰੀਆਂ ਹਾਸਲ ਕਰ ਚੁੱਕੇ ਸਨ।

-ਜਾਣਕਾਰਾਂ ਅਨੁਸਾਰ ਡਾ. ਭੀਮ ਰਾਓ ਅੰਬੇਦਕਰ ਕਰੀਬ 9 ਭਾਸ਼ਾਵਾਂ ਦੇ ਮਾਹਿਰ ਅਤੇ 32 ਡਿਗਰੀਆਂ ਹਾਸਲ ਕਰ ਚੁੱਕੇ ਸਨ।

ਪ੍ਰਸ਼ਨ 38- ਨੋਬਲ ਪੁਰਸਕਾਰ ਜਿੱਤਣ ਵਾਲੇ ਅਮਿਤ੍ਰਯ ਸੇਨ ਅਰਥ-ਸ਼ਾਸਤਰ 'ਚ ਕਿਸਨੂੰ ਆਪਣਾ ਗੁਰੂ ਮੰਨਦੇ ਸਨ।

-ਨੋਬਲ ਪੁਰਸਕਾਰ ਜਿੱਤਣ ਵਾਲੇ ਅਮਿਤ੍ਰਯ ਸੇਨ ਅਰਥ-ਸ਼ਾਸਤਰ ਵਿਚ ਬਾਬਾ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਸਨ।

## ਸਿਹਤਮੰਦ ਰਹਿਣ ਲਈ...

ਸਰੀਰ ਨੂੰ ਨਹੀਂ ਚਿੰਬੜਦੀਆਂ। ਵਾਤਾਵਰਨ 'ਚ ਇਨਸੁਲਿਨ ਵੀ ਹੁੰਦੀ ਹੈ ਜੋ ਸ਼ੂਗਰ ਦੇ ਮਰੀਜ਼ਾਂ ਲਈ ਟਾਨਿਕ ਹੁੰਦੀ ਹੈ। ਇਹ ਇਨਸੁਲਿਨ ਸੂਰਜ ਚੜਨ ਤੋਂ ਪਹਿਲੇ ਪਹਿਲੇ ਹੀ ਵਾਤਾਵਰਣ ਵਿੱਚ ਹੁੰਦੀ ਹੈ ਇਹ ਪ੍ਰਮਾਤਮਾ ਦਾ ਇੱਕ ਤਰਾਂ ਨਾਲ ਤੋਹਫ਼ਾ ਹੈ। ਅਸੀਂ ਪਾਰਕਾਂ ਵਿੱਚ ਸੈਰ ਕਰਦੇ ਹਨ ਤਾਂ ਉੱਥੇ ਤਰਾਂ ਤਰਾਂ ਦੇ ਫੁੱਲ ਦੇਖ ਕੇ ਚਿਹਰਾ ਖਿਲ ਉੱਠਦਾ ਹੈ। ਨਾਕਾਰਾਤਮਕ ਸੋਚ ਖ਼ਤਮ ਹੁੰਦੀ ਹੈ। ਸਾਕਾਰਾਤਮਕ ਭਾਵ ਦਿਮਾਗ ਵਿੱਚ ਆਉਂਦੇ ਹਨ। ਸੈਰ ਕਰਕੇ ਨਹਾ ਧੋ ਕੇ ਪ੍ਰਮਾਤਮਾ ਦਾ ਸਿਮਰਨ ਵੀ ਜ਼ਰੂਰ ਕਰਨਾ ਚਾਹੀਦਾ ਹੈ। ਇਸ ਤਰਾਂ ਗੁਰਬਾਣੀ ਵਿੱਚ ਵੀ ਫਰਮਾਇਆ ਹੈ। 'ਸਰਬ ਰੋਗ ਕਾ ਅਉਖਦੁ ਨਾਮੁ'। ਆਓ ਅਸੀਂ ਪ੍ਰਣ ਕਰੀਏ ਕਿ ਅਸੀਂ ਸਵੇਰ ਦੀ ਸੈਰ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਈਏ।

## ਵਿਰੋਧੀ ਪਾਰਟੀਆਂ ਕੁਰਸੀ...

ਮੰਦੀ ਸ਼ਬਦਾਵਲੀ ਬਣ ਕੇ ਨਿਕਲਦਾ ਹੈ। ਇਹੀ ਹਾਲ ਸੱਤਾਧਾਰੀ ਲੋਕਾਂ ਦਾ ਵੀ ਹੁੰਦਾ ਹੈ, ਜੇ ਕੋਈ ਵਿਰੋਧੀ ਧਿਰ ਸਵਾਲ ਚੁੱਕੇ ਤਾਂ ਉਸ ਮਗਰ ਸਰਕਾਰੀ ਏਜੰਸੀਆਂ ਲਗਾ ਦਿੱਤੀਆਂ ਜਾਂਦੀਆਂ ਹਨ ਅਤੇ ਉਸ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਈ ਵਾਰੀ ਤਾਂ ਨੇਤਾ ਨੈਸ਼ਨਲ ਮੀਡੀਆ ਉੱਪਰ 'ਲਾਈਵ' ਹੁੰਦੇ ਹੋਏ ਵੀ ਸ਼ਬਦਾਂ ਦੀ ਮਰਿਆਦਾ ਭੁੱਲ ਜਾਂਦੇ ਹਨ।

ਨਿਚੋੜ : ਅੱਜ ਜੇ ਲੋਕਤੰਤਰ ਬਚਾ ਕੇ ਮਜ਼ਬੂਤ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਵਿਰੋਧੀ ਪਾਰਟੀਆਂ ਨੂੰ ਅੰਦਰੂਨੀ ਕਲੇਸ਼, ਕੁਰਸੀ ਦੀ ਭੁੱਖ ਛੱਡ ਕੇ ਜ਼ਮੀਨੀ ਪੱਧਰ ਤੋਂ ਕੰਮ ਕਰਕੇ ਆਪਣੀਆਂ ਪਾਰਟੀਆਂ ਨੂੰ ਖੜੇ ਕਰਨ ਦੀ ਲੋੜ ਹੈ। ਇਸ ਦੇ ਨਾਲ ਪਰਿਵਾਰਵਾਦ ਅਤੇ ਪੈਸੇ ਵਾਲੇ ਪੁਰਾਣੇ ਵਿਧਾਇਕਾਂ ਦੇ ਨਾਲ ਨਵੀਆਂ ਬੁੱਧੀਜੀਵੀਆਂ ਦੀਆਂ ਟੀਮਾਂ ਵੀ ਖੜੀਆਂ ਕੀਤੀਆਂ ਜਾਣ, ਜੋ ਪਾਰਟੀਆਂ ਨੂੰ ਦਿਸ਼ਾ ਦੇਣ ਅਤੇ ਸਰਕਾਰੀ ਨੀਤੀਆਂ ਦਾ ਮੁਲਾਂਕਣ ਕਰਕੇ ਉਨਾਂ ਦੇ ਫਾਇਦੇ-ਨੁਕਸਾਨ ਲੋਕਾਂ ਤੱਕ ਪਹੁੰਚਾਉਣ। ਪਾਰਟੀਆਂ ਅੱਜ ਵੀ ਇਸ ਭੁਲੇਖੇ ਵਿਚ ਹਨ ਕਿ ਆਪਣੇ ਪੁਰਾਣੇ ਲੀਡਰਾਂ ਦੀ ਗੱਲ ਸੁਣਾਉਣ ਲਈ ਨਵਾਂ ਸੌ ਦੋ ਸੌ ਕਰੋੜ ਖ਼ਰਚ ਕੇ ਮਾਰਕੀਟਰ ਲੈ ਆਈਏ ਤਾਂ ਕੰਮ ਹੋ ਜਾਊਗਾ। ਪਰ ਇਹ ਧਾਰਨਾ ਛੇਤੀ ਟੁੱਟ ਜਾਵੇਗੀ, ਕਿਉਂਕਿ ਮਾਰਕੀਟਿੰਗ ਕੁਝ ਹੱਦ ਤੱਕ ਹੀ ਚਲਦੀ ਹੈ, ਅਸਲ ਵਿਚ ਪਾਰਟੀ ਦੇ ਲੋਕਾਂ ਦਾ ਕਿਰਦਾਰ ਅਤੇ ਉਨਾਂ ਦੀ ਗੱਲ ਵਿਚਲਾ ਵਜ਼ਨ ਹੀ ਕੰਮ ਦਿੰਦਾ ਹੈ। ਸੋ, ਉਮੀਦ ਹੈ ਕਿ ਪਾਰਟੀਆਂ ਇਸ ਬਾਰੇ ਸੋਚਣਗੀਆਂ ਅਤੇ ਸਰਕਾਰਾਂ ਨੂੰ ਉਸਾਰੂ ਸੇਧ ਦੇਣਗੀਆਂ, ਜਿਸ ਨਾਲ ਸਾਡੇ ਦੇਸ਼ ਵਿਚ ਲੋਕਤੰਤਰ ਹੋਰ ਮਜ਼ਬੂਤ ਹੋਵੇਗਾ।

## 'ਨਕਲੀ ਸੂਰਜ' ਨਾਲ...

ਪਲਾਜ਼ਮਾ ਨੂੰ ਇੱਕ ਚੁੰਬਕੀ ਖੇਤਰ ਦੁਆਰਾ ਇਕੱਠਾ ਰੱਖਿਆ ਜਾਂਦਾ ਹੈ, ਤਾਂ ਜੋ ਊਰਜਾ ਬਾਹਰ ਨਾ ਆਵੇ ਅਤੇ ਮਸ਼ੀਨ ਦੀਆਂ ਕੰਧਾਂ ਨੂੰ ਗਰਮ ਨਾ ਕਰੇ।

ਪਲਾਜ਼ਮਾ ਨੂੰ 150 ਮਿਲੀਅਨ ਡਿਗਰੀ ਸੈਲਸੀਅਸ ਤੱਕ ਗਰਮ ਕੀਤਾ ਜਾਂਦਾ ਹੈ, ਜਿਸ ਨਾਲ ਡਿਊਟੇਰੀਅਮ ਅਤੇ ਟ੍ਰਾਈਟੀਅਮ ਦਾ ਸੰਯੋਜਨ ਹੁੰਦਾ ਹੈ।

ਇਸ ਪ੍ਰਕਿਰਿਆ ਵਿੱਚ ਹੀਲੀਅਮ ਅਤੇ ਨਿਊਟ੍ਰੋਨ ਬਣਦੇ ਹਨ, ਜਿਨਾਂ ਦਾ ਪੁੰਜ ਡਿਊਟੇਰੀਅਮ ਅਤੇ ਟ੍ਰਿਟੀਅਮ ਦੇ ਸੰਯੁਕਤ ਪੁੰਜ ਤੋਂ ਘੱਟ ਹੁੰਦਾ ਹੈ।

ਫਿਊਜ਼ਨ ਦੀ ਪ੍ਰਕਿਰਿਆ ਵਿੱਚ, ਇਹ ਵਾਧੂ ਪੁੰਜ ਊਰਜਾ ਵਿੱਚ ਬਦਲ ਜਾਂਦਾ ਹੈ। ਪ੍ਰਯੋਗ ਦੌਰਾਨ ਜਾਰੀ ਕੀਤੀ ਊਰਜਾ ਹੁਣ ਕੁਝ ਧਾਤਾਂ ਰਾਹੀਂ ਸੋਖ ਲਈ ਗਈ ਹੈ। ਭਵਿੱਖ ਵਿੱਚ, ਇਸ ਊਰਜਾ ਦੀ ਵਰਤੋਂ ਭਾਫ਼ ਬਣਾਉਣ, ਟਰਬਾਈਨਾਂ ਚਲਾਉਣ ਅਤੇ ਬਿਜਲੀ ਪੈਦਾ ਕਰਨ ਲਈ ਕੀਤੀ ਜਾ ਸਕਦੀ ਹੈ।

## ਸਿੱਧੂ ਮੂਸੇਵਾਲਾ ਦੀ...

ਜਿਵੇਂ ਉਹ ਮਿੱਤਰ ਗੱਡੀ ਵਿਚੋਂ ਬਾਹਰ ਨਿਕਲੇ ਤਾਂ ਮਾਲ ਰੋਡ ਵਿਚ ਛੋਟੇ-ਛੋਟੇ ਬੱਚੇ ਘੁੰਮ ਰਹੇ ਸਨ। ਜਦੋਂ ਉਨਾਂ ਮੇਰੇ ਮਿੱਤਰ ਨੂੰ ਦੇਖਿਆ ਤਾਂ ਕਹਿਣ ਲੱਗੇ ਕਿ, 'ਸਿੱਧੂ ਮੂਸੇਵਾਲਾ ਆ ਗਿਆ, ਸਿੱਧੂ ਮੂਸੇਵਾਲਾ ਆ ਗਿਆ।' ਸਿੱਧੂ ਮੂਸੇਵਾਲਾ ਨੂੰ ਲੋਕ ਇਸ ਹਦ ਤੱਕ ਪਾਕਿਸਤਾਨ ਵਿੱਚ ਜਾਣਦੇ ਸਨ। ਮੈਂ ਇੱਕ ਵੀਡੀਓ ਬਣਾਈ ਤੇ ਉਸ ਦਾ ਕਲਿੱਪ ਬਣਾ ਕੇ ਉਸੇ ਵੇਲੇ ਬਾਈ ਨੂੰ ਭੇਜਿਆ ਤਾਂ ਉਨਾਂ ਦਾ ਹੱਸ ਕੇ ਜਵਾਬ ਆਇਆ ਕਿ ਬਾਈ ਤੁਹਾਡਾ ਪਿਆਰ ਹੈ।

ਮੈਂ ਫਿਰ ਨਾਲ ਦੀ ਨਾਲ ਹੀ ਵੀਡੀਓ ਕਾਲ ਲਗਾ ਗਈ ਮੈਂ ਗੱਲ ਕਰਦਿਆਂ-ਕਰਦਿਆਂ ਕੈਮਰਾ ਆਪਣੇ ਚੜਦੇ ਪੰਜਾਬ ਤੋਂ ਆਏ ਪੱਤਰਕਾਰ ਦੋਸਤ ਵੱਲ ਮੋੜ ਦਿੱਤਾ, ਤਾਂ ਕਹਿੰਦੇ, 'ਬਾਈ ਜੀ ਤੁਸੀਂ ਲਾਹੌਰ ਆਏ ਹੋ, ਮੈਂ ਵੀ ਇੱਕ ਦਿਨ ਆਵਾਂਗਾ।' ਉਸ ਵੇਲੇ ਵੀ ਜਦੋਂ ਉਹ ਹੱਸ ਰਹੇ ਸਨ ਤੇ ਅੱਜ ਵੀ ਉਨਾਂ ਹੱਸਦਾ ਉਹ ਚਿਹਰਾ ਅੱਖਾਂ ਅੱਗੋਂ ਨਹੀਂ ਜਾਂਦਾ। ਸਿੱਧੂ ਮੂਸੇਵਾਲਾ ਅਕਸਰ ਲਾਹੌਰ ਜਾਣਾ ਲੋਚਦਾ ਸੀ, ਸਿੱਧੂ ਮੂਸੇਵਾਲਾ ਅਕਸਰ ਜ਼ਿਆਦਾਤਰ ਲਾਹੌਰ ਦਾ ਜ਼ਿਕਰ ਕਰਦੇ ਹੁੰਦੇ ਸਨ। ਮੈਂ ਲਾਹੌਰ ਘੁੰਮਣਾ ਹੈ, ਫਿਰ ਮੈਂ ਇਸਲਾਮਾਬਾਦ ਜਾਣਾ ਹੈ ਤੇ ਜੇ ਪੁੱਛਣਾ ਕਿ ਬਾਈ ਹੋਰ ਕਿੱਥੇ-ਕਿੱਥੇ ਜਾਣਾ ਤਾਂ ਉਹ ਪੇਸ਼ਾਵਰ ਦਾ ਜ਼ਿਕਰ ਜ਼ਰੂਰ ਕਰਦੇ ਹੁੰਦੇ ਸਨ ਕਿ ਮੈਂ ਪਿਸ਼ੌਰ ਜ਼ਰੂਰ ਦੇਖਣਾ ਹੈ। ਇੱਕ ਤਾਂ (ਪਿਸ਼ਾਵਰ) ਜਾਣ ਦੀ ਉਨਾਂ ਦੀ ਬਹੁਤੀ ਖਵਾਇਸ਼ ਸੀ ਤੇ ਨਾਲ ਇਹ ਵੀ ਕਹਿ ਦੇਣਾ ਕਿ ਬਾਈ ਜਿੱਥੇ ਲੈ ਜਾਓਗੇ ਉੱਥੇ ਹੀ ਚਲੇ ਜਾਵਾਂਗੇ। ਇੱਕ ਦਿਨ ਬਾਈ ਦਾ ਮੈਨੂੰ ਮੈਸੇਜ ਆਇਆ ਕਿ ਮੈਂ ਲਾਹੌਰ ਦੀ ਜੀਸੀ ਯੂਨੀਵਰਸਿਟੀ (ਗਵਰਮੈਂਟ ਕਾਲਜ ਯੂਨੀਵਰਸਿਟੀ ਲਾਹੌਰ) ਜ਼ਰੂਰ ਦੇਖਣੀ ਹੈ। ਇਹ ਮੇਰੀ ਦਿਲੀ ਖਵਾਇਸ਼ ਹੈ।

ਇੱਕ ਵਾਰ ਉਧਰੋਂ (ਭਾਰਤੀ ਪੰਜਾਬ ਤੋਂ) ਪੰਜਾਬੀ ਗਾਇਕ ਆਏ ਹੋਏ ਸਨ, ਅਸੀਂ ਇਕੱਠੇ ਗੱਡੀ ਵਿੱਚ ਜਾ ਰਹੇ ਸੀ ਤਾਂ ਉਨਾਂ ਨੇ ਸਿੱਧੂ ਬਾਈ ਨੂੰ ਕਾਲ ਕਰ ਕੇ ਕਿਹਾ ਕਿ ਮੈਂ ਬਾਈ ਲਹੌਰੋਂ ਬੋਲਦਾ।

ਅੱਗੋਂ ਬਾਈ ਹੱਸਣ ਲੱਗ ਪਏ ਤਾਂ ਕਹਿੰਦੇ, 'ਇੱਕ ਦਿਨ ਮੈਂ ਉੱਥੇ (ਲਾਹੌਰ) ਆਵਾਂਗੇ ਤੇ ਆਖਾਂਗਾ ਮੈਂ ਲਹੌਰੋਂ ਬੋਲਦਾ।' ਬੱਸ ਇਹ ਗੱਲਾਂ ਦਿਲ ਵਿੱਚ ਹੀ ਰਹਿ ਗਈਆਂ ਕਿ ਉਹ ਕਦੇ ਇੱਥੇ ਆਉਣਗੇ ਤੇ ਕਹਿਣਗੇ, 'ਮੈਂ ਲਹੌਰੋਂ ਬੋਲਦਾ'

ਇਸ ਤੋਂ ਇਲਾਵਾ ਅੰਜੁਮ ਨੇ ਸਿੱਧੂ ਮੂਸੇਵਾਲਾ ਨੂੰ ਯਾਦ ਕਰਦਿਆਂ ਇੱਕ ਕਵਿਤਾ ਵੀ ਲਿਖੀ ਹੈ, ਜਿਸ ਦੀਆਂ ਤਰਾਂ ਇਸ ਤਰਾਂ ਹਨ :-

ਸਿੱਧੂ ਮੂਸੇ ਵਾਲੇ ਦੇ ਨਾਮ :-

ਮੈਂ ਸੁਣਿਆ ਪਾਣੀ ਬਹੁਤ ਰੁੜਿਆ ਪੰਜਾਬ ਵਿਚ,
ਪਰ ਇਹ ਅੱਥਰੂ ਤੇਰਾ ਲਹੂ ਨਹੀਂ ਧੋ ਸਕਦੇ।
ਇਹ ਨਾ ਸੋਚੀ ਕਿ ਲਹਿੰਦੇ ਪੰਜਾਬ ਵਿਚ ਤੈਨੂੰ ਕੋਈ ਰੋਇਆ ਨਹੀਂ,
ਬੱਸ, ਇਹ ਤੈਨੂੰ ਰੱਬ ਤੋਂ ਨਹੀਂ ਖੋਹ ਸਕਦੇ।
ਤੇ ਮੈਂ ਬਹੁਤ ਵਾਰ ਸੁਣਿਆ ਉਹ ਗਾਣਾ
ਜੱਗ ਜਿਉਂਦਿਆਂ ਦੇ ਮੇਲੇ ਹੋਏ ਦੀਪ ਸਿਆਂ,
ਸਿਵਾ ਤੇਰੀ ਤਸਵੀਰ ਤੋਂ ਤੇਰਾ ਕੁਝ ਨਹੀਂ ਛੋਹ ਸਕਦੇ।

## ਪੰਡਿਤ ਨਹਿਰੂ ਸਿੱਖਾਂ ...

ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਸ੍ਰੀ ਮੁਖਵਾਕ ਦੀ ਕਥਾ ਦੌਰਾਨ ਜੂਨ '84 ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸਿੱਖ ਕੌਮ ਦੀ ਆਨ-ਸ਼ਾਨ ਤੇ ਗੁਰਧਾਮਾਂ ਦੀ ਰਾਖੀ ਲਈ ਆਪਾ ਵਾਰ ਗਏ ਸ਼ਹੀਦ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਜਥੇਦਾਰ ਬਾਬਾ ਠਾਹਰਾ ਸਿੰਘ, ਜਨਰਲ ਸਰਦਾਰ ਸੁਬੇਗ ਸਿੰਘ ਆਦਿ ਨੇ ਸਿੱਖ ਕੌਮ ਨੂੰ ਆਪਣੇ ਹੱਕਾਂ ਲਈ ਜਾਗਰੂਕ ਕੀਤਾ। ਉਨਾਂ ਕਿਹਾ ਕਿ ਜੂਨ '84 ਦੇ ਘੱਲੂਘਾਰੇ ਨੂੰ ਅਸੀਂ ਨਹੀਂ ਭੁੱਲਾ ਸਕਦੇ। ਇਸ ਪੰਥਕ ਇਕੱਠ ਮੌਕੇ ਕੌਮ ਖ਼ਾਤਰ ਲੰਮੀਆਂ ਜੇਲਾਂ ਕੱਟਣ ਵਾਲੇ 13 ਬੰਦੀ ਸਿੰਘਾਂ ਨੂੰ ਬੰਦੀ ਸਿੰਘ ਕੌਮੀ ਯੋਧਾ ਐਵਾਰਡ ਗੋਲਡ ਮੈਡਲ ਅਤੇ ਸਿਰੋਪਾਓ ਨਾਲ ਸੰਤ ਹਰਨਾਮ ਸਿੰਘ ਖ਼ਾਲਸਾ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਅਰਜਿੰਦਰ ਸਿੰਘ ਯੂ. ਕੇ., ਭਾਈ ਮਨਜੀਤ ਸਿੰਘ ਯੂ. ਕੇ., ਭਾਈ ਲਾਲ ਸਿੰਘ, ਭਾਈ ਦਇਆ ਸਿੰਘ ਲਾਹੌਰੀਆ, ਭਾਈ ਹਰਨੇਕ ਸਿੰਘ ਭੱਪ ਨੇ ਖ਼ੁਦ ਤੇ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪ੍ਰਮਜੀਤ ਸਿੰਘ ਭਿਓਰਾ, ਭਾਈ ਗੁਰਮੀਤ ਸਿੰਘ, ਭਾਈ ਗੁਰਦੀਪ ਸਿੰਘ ਖੈੜਾ, ਭਾਈ ਲਖਵਿੰਦਰ ਸਿੰਘ, ਭਾਈ ਸ਼ਮਸ਼ੇਰ ਸਿੰਘ ਦੇ ਪਰਿਵਾਰਕ ਮੈਂਬਰਾਂ ਵਲੋਂ ਐਵਾਰਡ ਹਾਸਲ ਕੀਤੇ ਗਏ। ਦਮਦਮੀ ਟਕਸਾਲ ਵਲੋਂ ਇਸ ਸਾਲ ਕੌਮੀ ਸੇਵਾ ਐਵਾਰਡ ਨਾਲ ਭਾਈ ਗੁਰਇਕਬਾਲ ਸਿੰਘ ਮੁਖੀ ਬੀਬੀ ਕੌਲਾਂ ਭਲਾਈ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਨਿਵਾਜਿਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਪੰਥ ਦੀਆਂ ਧਾਰਮਿਕ ਤੇ ਰਾਜਨੀਤਕ ਹਸਤੀਆਂ ਨੂੰ ਕੌਮ ਦੀ ਸੇਵਾ ਵਿਚ ਕਿਰਦਾਰਕੁਸ਼ੀ ਦੀ ਪ੍ਰਵਾਹ ਨਾ ਕਰਨ ਲਈ ਕਿਹਾ। ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਵੀ ਸੰਬੋਧਨ ਕੀਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕੌਮ ਖ਼ਾਤਰ ਕੁਰਬਾਨੀਆਂ ਕਰਨ ਵਾਲੇ ਸਿੰਘਾਂ ਤੇ ਉਨਾਂ ਦੇ ਪਰਿਵਾਰਾਂ ਦੀ ਸਾਰ ਲੈਣ ਲਈ ਦਮਦਮੀ ਟਕਸਾਲ ਦੇ ਮੁਖੀ ਦੀ ਸ਼ਲਾਘਾ ਕੀਤੀ।

## ਜਥੇਦਾਰ ਦੇ ਮਸੀਤਾਂ ਸਬੰਧੀ ਬਿਆਨ ਦਾ ਮੁਸਲਿਮ ਆਗੂਆਂ ਵੱਲੋਂ ਵਿਰੋਧ

ਮੰਡੀ ਅਹਿਮਦਗੜ : ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਪੰਜਾਬ ਦੇ ਪਿੰਡਾਂ ਵਿੱਚ ਮਸਜਿਦਾਂ ਅਤੇ ਚਰਚਾ ਬਣਨ ਨੂੰ ਸਿੱਖੀ ਲਈ ਚਿੰਤਾ ਦਾ ਵਿਸ਼ਾ ਦੱਸਣ ਵਾਲੇ ਬਿਆਨ ਦਾ ਮੁਸਲਿਮ ਆਗੂਆਂ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਉਨਾਂ ਦੋਸ਼ ਲਗਾਇਆ ਹੈ ਕਿ ਜਥੇਦਾਰ ਆਪਣਾ ਧਾਰਮਿਕ ਫ਼ਰਜ਼ ਅਦਾ ਕਰਨ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਨੂੰ ਖ਼ੁਸ਼ ਕਰਨ ਲਈ ਨਫ਼ਰਤ ਪੈਦਾ ਕਰਨ ਵਾਲੇ ਬਿਆਨ ਦੇ ਰਹੇ ਹਨ। ਦਲੀਜ ਰੋਡ ਦੀਆਂ ਮੁਸਲਿਮ ਸੰਸਥਾਵਾਂ ਦੇ ਅਹੁਦੇਦਾਰਾਂ ਤੇ ਕਾਰਕੁਨਾਂ ਨੇ ਜੀਸ਼ਾਨ ਹੈਦਰ ਦੀ ਅਗਵਾਈ ਵਿੱਚ ਦੋਸ਼ ਲਗਾਇਆ ਕਿ ਜਥੇਦਾਰ ਸਾਹਿਬ ਮੁਸਲਮਾਨਾਂ ਅਤੇ ਇਸਲਾਮ ਪ੍ਰਤੀ ਆਪਣੇ ਨਿੱਜੀ ਵਿਚਾਰ ਪ੍ਰਗਟ ਕਰਨ ਲਈ ਅਕਾਲ ਤਖ਼ਤ ਸਾਹਿਬ ਦੀ ਦੁਰਵਰਤੋਂ ਕਰ ਰਹੇ ਹਨ। ਜੀਸ਼ਾਨ ਹੈਦਰ ਨੇ ਦਲੀਲ ਦਿੱਤੀ ਕਿ ਜਥੇਦਾਰ ਸਾਹਿਬ ਇਹੋ ਜਿਹੇ ਬਿਆਨ ਦੇਣ ਤੋਂ ਪਹਿਲਾਂ ਬਿਆਸ ਨਦੀ ਕੰਢੇ ਬਣੀ ਗੁਰੂ ਕੀ ਮਸਜਿਦ ਦੇ ਦਰਸ਼ਨ ਕਰ ਕੇ ਆਉਣ ਜੋ ਕਿ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ 1635 ਵਿੱਚ ਬਣਵਾਈ ਸੀ। ਆਗੂਆਂ ਨੇ ਕਿਹਾ ਕਿ ਇਸ ਸਬੰਧ ਵਿੱਚ ਕੋਈ ਵੀ ਕਾਰਵਾਈ ਸੀਨੀਅਰ ਧਾਰਮਿਕ ਆਗੂਆਂ ਨਾਲ ਰਾਏ ਕਰ ਕੇ ਕੀਤੀ ਜਾਵੇਗੀ। ਮੁਸਲਿਮ ਆਗੂਆਂ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਇੱਕ ਸਿਆਸੀ ਪਾਰਟੀ ਦੇ ਨੁਮਾਇੰਦੇ ਵਜੋਂ ਪੇਸ਼ ਆ ਰਹੇ ਹਨ। ਉਨਾਂ ਦੇ ਸ਼ਬਦਾਂ ਨਾਲ ਮੁਸਲਮਾਨ ਅਤੇ ਈਸਾਈ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

## ਗੈਂਗਲੈਂਡ ਬਣਿਆ ਪੰਜਾਬ...

ਇਸ ਵਿਚ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ 5 ਗੈਂਗਸਟਰ ਖੜ੍ਹੇ ਹਨ ਤਾਂ ਦਵਿੰਦਰ ਬੰਬੀਹਾ ਗੈਂਗ ਵੱਲੋਂ ਬਿਸ਼ਨੋਈ ਧੜੇ ਦੇ 5 ਗੈਂਗਸਟਰ ਤਿਆਰ ਹਨ। ਪੰਜਾਬੀ ਮਿਊਜ਼ਿਕ ਇੰਡਸਟਰੀ ਵਿਚ ਚੱਲ ਰਹੀ ਵਜੂਦ ਦੀ ਇਸ ਲੜਾਈ ਦੀ ਖ਼ਾਸ ਗੱਲ ਇਹ ਹੈ ਕਿ ਇਸ ਨੂੰ ਆਰਮੇਨੀਆ ਅਤੇ ਕੈਨੇਡਾ ਤੋਂ ਚਲਾਇਆ ਜਾ ਰਿਹਾ ਹੈ। ਇਸ ਵਿਚ ਲਾਰੈਂਸ ਬਿਸ਼ਨੋਈ ਦੇ ਇਸ਼ਾਰੇ ’ਤੇ ਕੈਨੇਡਾ ਵਿਚ ਬੈਠਾ ਗੈਂਗਸਟਰ ਗੋਲਡੀ ਬਰਾੜ ਗੈਂਗ ਦੀ ਕਮਾਨ ਸੰਭਾਲ ਰਿਹਾ ਹੈ ਤਾਂ ਦੂਜੇ ਪਾਸੇ ਦਵਿੰਦਰ ਬੰਬੀਹਾ ਦੇ ਐਨਕਾਊਂਟਰ ਵਿਚ ਮਾਰੇ ਜਾਣ ਤੋਂ ਬਾਅਦ ਲੱਕੀ ਪਟਿਆਲਾ ਆਰਮੇਨੀਆ ਤੋਂ ਗਿਰੋਹ ਨੂੰ ਚਲਾ ਰਿਹਾ ਹੈ।

### ਗੀਤਾਂ ਦੇ ਵੀਡੀਓ ਵਿਚੋਂ ਅਲੋਪ ਹੋਈ ਸੰਗ ਸ਼ਰਮ

ਅਜੋਕੀ ਪੰਜਾਬੀ ਗਾਇਕੀ ਸੁਣਨ ਦੇ ਨਾਲ-ਨਾਲ ਦੇਖਣਯੋਗ ਹੋ ਗਈ। ਸ਼ਰਾਬ ਤੇ ਹਥਿਆਰਾਂ ਵਰਗੇ ਵਿਸ਼ਿਆਂ ਨਾਲ ਭਰਪੂਰ ਗੀਤਾਂ ਨਾਲ ਵੀ ਅਖੌਤੀ ਗਾਇਕੀ ਨੇ ਪੰਜਾਬੀ ਸੱਭਿਆਚਾਰ ਦੀ ਫ਼ਿਜ਼ਾ ਅੰਦਰ ਜ਼ਹਿਰ ਘੋਲਣ ਦੀ ਸ਼ੁਰੂਆਤ ਕੀਤੀ। ਪੰਜਾਬੀ ਚੈਨਲਾਂ ਉੱਪਰ ਅਖੌਤੀ ਪੰਜਾਬੀ ਗਾਇਕੀ ਵੱਲੋਂ ਕਾਨੂੰਨ ਨੂੰ ਛਿੱਕੇ ਟੰਗ ਕੇ ਹਥਿਆਰਾਂ ਨਾਲ ਗੁੰਡਾਗਰਦੀ ਵਾਲੀ ਗਾਇਕੀ ਦਾ ਖੁੱਲ ਕੇ ਪ੍ਰਦਰਸ਼ਨ ਕੀਤਾ ਜਾਣ ਲੱਗਿਆ, ਜੋ ਪਿਛਲੇ ਸਮੇਂ ਤੋਂ ਸਮਾਜ ਅੰਦਰ ਭਿਆਨਕ ਰੂਪ ਧਾਰਨ ਕਰ ਚੁੱਕਿਆ ਹੈ। ਇਨਾਂ ਬੰਦੇ ਖਾਣੀਆਂ ਬੰਦੂਕਾਂ ਤੇ ਰਫਲਾਂ ਨੇ ਮਾਵਾਂ ਦੇ ਪੁੱਤਰਾ ਨੂੰ ਸਦਾ ਲਈ ਖੋਹ ਲਿਆ, ਸੁਹਾਗਣਾਂ ਦਾ ਸੁਹਾਗ ਸੁੰਨਾ ਹੋ ਰਿਹਾ, ਇਨਾਂ ਹਥਿਆਰਾਂ ਨਾਲ ਗੁੱਸੇ ਵਿਚ ਚੱਲੀਆਂ ਗੋਲ਼ੀਆਂ ਨਾਲ ਕਈ ਘਰਾਂ ਦੇ ਚਿਰਾਗ਼ ਬੁੱਝ ਗਏ ਹਨ ਪਰ ਫਿਰ ਵੀ ਗਾਇਕੀ ਇਸ ਨੂੰ ਹੋਰ ਉਤਸ਼ਾਹਿਤ ਕਰਦੀ ਹੋਈ ਨੌਜਵਾਨਾਂ ਦੇ ਦਿਲਾਂ ਅੰਦਰ ਕੁੱੜਤਣ ਪੈਦਾ ਕਰ ਰਹੀ ਹੈ। ਇਨਾਂ ਹਥਿਆਰਾਂ ਵਾਲ ਗਾਇਕੀ ਦੇ ਫਿਲਮਾਂਕਣ ਦਾ ਪ੍ਰਭਾਵ ਜਿੱਥੇ ਸਾਡੀ ਨੌਜਵਾਨ ਪੀੜੀ ’ਤੇ ਪਿਆ, ਉਸ ਦੇ ਨਾਲ ਹੀ ਇਨਾਂ ਹਥਿਆਰਾਂ ਨੇ ਸਾਡੇ ਸੁਰੀਲੇ ਫ਼ਨਕਾਰ ਤੇ ਅਦਾਕਾਰਾਂ ਨੂੰ ਸਦਾ ਲਈ ਸਾਡੇ ਤੋਂ ਦੂਰ ਕਰ ਦਿੱਤਾ ਹੈ। ਦਿਲਸ਼ਾਦ ਅਖ਼ਤਰ ਨੂੰ ਵਿਆਹ ਸਮਾਗਮ ਵਿਚ ਗੋਲ਼ੀਆਂ ਮਾਰੀਆਂ ਗਈਆਂ, ਦੋਗਾਣਾ ਜੋੜੀ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਕੌਰ ਅਤੇ ਉਸ ਦੇ ਸਾਥੀਆਂ ਨੂੰ ਗੋਲ਼ੀਆਂ ਮਾਰ ਕੇ ਮਾਰਿਆ ਗਿਆ, ਪੰਜਾਬੀ ਫਿਲਮਾਂ ਦੇ ਹੀਰੋ ਪੰਜਾਬੀਆਂ ਦੀ ਜਿੰਦ ਜਾਨ ਵਰਿੰਦਰ ਨੂੰ ਗੋਲ਼ੀਆਂ ਮਾਰੀਆਂ ਗਈਆਂ ਤੇ ਹੁਣ ਬੀਤੇ ਦਿਨੀਂ ਗਾਇਕੀ ਦੇ ਅੰਬਰ ਦੇ ਤਾਰੇ ਸਿੱਧੂ ਮੂਸੇਵਾਲਾ ਨੂੰ ਸਾਡੇ ਤੋਂ ਸਦਾ ਲਈ ਖੋਹ ਲਿਆ।

ਕਦੇ ਪੰਜਾਬੀ ਗਾਣਿਆਂ ਵਿਚ ਮੁਹੱਬਤ, ਰਿਸ਼ਤਿਆਂ ਤੇ ਸਮਾਜਿਕ ਸਰੋਕਾਰਾਂ ਦੀ ਗੱਲ ਹੁੰਦੀ ਸੀ ਪਰ ਸਮੇਂ ਦੇ ਗੇੜ ਨਾਲ ਕਾਫ਼ੀ ਕੁਝ ਤਬਦੀਲੀਆਂ ਆ ਗਈਆਂ। ਪਿਆਰ-ਮੁਹੱਬਤ ਦੀ ਬਾਤ ਪਾਉਂਦੇ ਗਾਇਕਾਂ ਤੇ ਗੀਤਕਾਰਾਂ ਨੇ ਹਥਿਆਰਾਂ ਨਾਲ ਕਦੋਂ ਮੋਹ ਪਾ ਲਿਆ, ਇਹ ਪਤਾ ਹੀ ਨਾ ਲੱਗਿਆ। ਹਰ ਤੀਜੇ ਗਾਣੇ ਵਿਚ ਹਥਿਆਰਾਂ ਦੀ ਗੱਲ ਕਰਨਾ ਪੰਜਾਬ ਦੀ ਤਹਿਜ਼ੀਬ ਦੇ ਬਿਲਕੁਲ ਉਲਟ ਹੈ। ਪੰਜਾਬੀਆਂ ਨੇ ਹਥਿਆਰ ਚੁੱਕੇ ਸਨ ਗ਼ਰੀਬਾਂ ਤੇ ਮਜ਼ਲੂਮਾਂ ਦੇ ਹੱਕਾਂ ਲਈ, ਉਨਾਂ ਦੀ ਸੁਰੱਖਿਆ ਲਈ ਪਰ ਅਜੋਕੇ ਗੀਤਾਂ ਵਿਚ ਜਿਸ ਤਰਾਂ ਨਾਲ ਹਥਿਆਰਾਂ ਨੂੰ ਉਭਾਰਿਆ ਜਾ ਰਿਹਾ ਹੈ, ਉਹ ਪੰਜਾਬੀਅਤ ਨਾਲ ਕਿਸੇ ਪੱਖੋਂ ਵੀ ਮੇਲ ਨਹੀਂ ਖਾਂਦਾ।

ਕਿਸੇ ਗਾਇਕ ਨੇ ਗਾਣਾ ਗਾਇਆ, ‘ਸਾਰੇ ਕੰਮ ਜਾਇਜ਼, ਇਕ ਅਸਲਾ ਨਾਜਾਇਜ਼ ਤੇਰੇ ਕਰਕੇ ਰਕਾਨੇ ਪੈਂਦਾ ਰੱਖਣਾ’। ਨਾਜਾਇਜ਼ ਅਸਲਾ ਰੱਖਣ ਦਾ ਸੰਦੇਸ਼ ਦੇ ਕੇ ਅਜਿਹੇ ਗਾਇਕ ਸਮਾਜ ਵਿਚ ਕਿਹੜੀ ਕ੍ਰਾਂਤੀ ਲਿਆਉਣੀ ਚਾਹੁੰਦੇ ਹਨ ? ਹਥਿਆਰਾਂ ਦੀ ਮਹਿਮਾ ਗਾਉਣੀ ਤੇ ਸੁਣਨੀ ਚੰਗੀ ਲੱਗਦੀ ਹੈ ਪਰ ਪਤਾ ਉਦੋਂ ਲੱਗਦਾ ਹੈ ਜਦੋਂ ਬੇਗਾਨੇ ਪੁਤਾਂ ਹੱਥੋਂ ਗੋਲ਼ੀਆਂ ਦੀ ਬੁਛਾੜ ਹੁੰਦੀ ਹੈ ਤੇ ਘਰ ਵਿਚ ਸੱਥਰ ਵਿਛ ਜਾਂਦਾ ਹੈ। ਕਈ ਘਰਾਂ ਵਿਚੋਂ ਜਵਾਨ ਪੁੱਤਾਂ ਦੀਆਂ ਅਰਥੀਆਂ ਨਿਕਲੀਆਂ ਹਨ, ਜਿਨਾਂ ਵਿਚੋਂ ਕਈਆਂ ਨੇ ਤਾਂ ਹਾਲੇ ਸ਼ਗਨਾਂ ਵਾਲੇ ਗਾਨੇ ਵੀ ਨਹੀਂ ਬੰਨਾਏ ਹੁੰਦੇ ਤੇ ਕਈ ਸੁਹਾਗਣਾਂ ਦੀ ਹਾਲੇ ਮਹਿੰਦੀ ਦਾ ਰੰਗ ਵੀ ਨਹੀਂ ਲੱਥਾ ਹੁੰਦਾ ਜਦੋਂ ਉਨਾਂ ਨੂੰ ਵਿਧਵਾ ਦਾ ਸੰਤਾਪ ਹੰਢਾਉਣਾ ਪੈਂਦੈ।ਜੇ ਜੇ ਗੱਲ ਗੀਤਾਂ ਦੀ ਕਰੀਏ ਤਾਂ ‘ਕਾਲਾ ਘੋੜਾ, ਚਿੱਟੇ ਚੀਨੇ ਤੇ ਰਫ਼ਲਾਂ ਕਾਲੀਆਂ-ਕਾਲੀਆਂ’, ‘ਚਿੱਟੇ ਕੁੜਤੇ-ਪਜ਼ਾਮੇ ਲੋਈਆਂ ਕਾਲੀਆਂ, ਮੋਢਿਆਂ ਨਾਲ ਲੱਗੀਆਂ ਦੋਨਾਲੀਆਂ, ਸਾਰਿਆਂ ਜੱਟਾਂ ਦੀ ਅੱਖ ਲਾਲ ਏ।’ ਦੱਸੋ ਭਲਾ ਹੁਣ ਜੱਟ ਆਪਣੀਆਂ ਫਸਲਾਂ ਸਾਂਭੇ ਜਾਂ ਫਿਰ ਰਫਲਾਂ ਰੱਖਣ ਦਾ ਸ਼ੌਕ ਪੂਰਾ ਕਰੇ। ‘ਜਿੱਥੇ ਹੁੰਦੀ ਏ ਪਾਬੰਦੀ ਹਥਿਆਰ ਦੀ, ਉੱਥੇ ਜੱਟ ਫਾਇਰ ਕਰਦਾ’, ‘ਲੋਕੀ ਕਹਿੰਦੇ ਤੇਰੇ ਵਿਚ ਮੈਂ ਬੋਲਦਾਂ, ਮੇਰੇ ’ਚ ਬੋਲੇ ਬਿੱਲੋ 32 ਬੋਰ ਦਾ’, ‘ਮਿੱਤਰਾਂ ਦੀ ਅੱਖ ਅੱਜ ਲਾਲ ਏ, ਕੋਈ ਬੰਦਾ ਬੁੰਦਾ ਮਾਰਨਾ ਤਾਂ ਦੱਸ ਨੀ’, ‘ਜਿੱਥੇ ਬੰਦਾ ਮਾਰ ਕੇ ਕਸੂਰ ਪੁਛਦੇ, ਜੱਟ ਉਸ ਪਿੰਡ ਨੂੰ ਬਲੌਂਗ ਕਰਦਾ’ । ਇਹ ਪੰਜ-ਸੱਤ ਗੀਤ ਹੀ ਨਹੀਂ, ਹੋਰ ਵੀ ਬਹੁਤ ਸਾਰੇ ਅਜਿਹੇ ਗੀਤ ਹਨ, ਜਿਨਾਂ ਦਾ ਨੌਜਵਾਨੀ ’ਤੇ ਪ੍ਰਭਾਵ ਪੈਣਾ ਸੁਭਾਵਿਕ ਹੀ ਹੈ।

## ਸਿੱਧੂ ਮੂਸੇਵਾਲਾ ਕਤਲ...

ਦਗੜੀ ਚੌਲ ਵਿਚ ਗਵਲੀ ਦੇ ਹਥਿਆਰਬੰਦ ਲੋਕ ਹਮੇਸ਼ਾ ਤਾਇਨਾਤ ਰਹਿੰਦੇ ਸੀ। ਗਵਲੀ 2004 ਵਿਚ ਮੁੰਬਈ ਦੇ ਚਿੰਚਪੋਕਲੀ ਹਲਕੇ ਤੋਂ ਵਿਧਾਇਕ ਵੀ ਰਹਿ ਚੁੱਕਾ ਹੈ।

ਉਧਰ ਪੁਲਿਸ ਵਲੋਂ ਦਸਿਆ ਜਾ ਰਿਹਾ ਹੈ ਕਿ ਸਿੱਧੂ ਮੂਸੇਵਾਲਾ ਦੀ ਰੇਕੀ ਦਾ ਕੰਮ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਨੇ ਸੰਦੀਪ ਕੇਕੜੇ ਨੂੰ ਦਿੱਤਾ ਅਤੇ ਪਿਛਲੇ ਕਈ ਮਹੀਨਿਆਂ ਤੋਂ ਸਿੱਧੂ ਦੀ ਰੇਕੀ ਕੀਤੀ ਜਾ ਰਹੀ ਸੀ। ਕੇਕੜੇ ਨੂੰ ਪੁਲਿਸ ਨੇ ਬੀਤੇ ਸੋਮਵਾਰ ਗ੍ਰਿਫ਼ਤਾਰ ਕੀਤਾ ਸੀ। ਮੁੱਢਲੀ ਪੁੱਛਗਿੱਛ ਵਿਚ ਕੇਕੜੇ ਤੋਂ ਅਹਿਮ ਖੁਲਾਸੇ ਹੋਏ ਹਨ। ਉਸ ਨੇ ਦੱਸਿਆ ਹੈ ਕਿ ਉਹ ਆਪਣੇ ਦੋਸਤਾਂ ਨਿੱਕੂ ਅਤੇ ਕੇਸ਼ਵ ਨਾਲ ਸੈਲਫੀ ਲੈਣ ਦੇ ਬਹਾਨੇ ਸਿੱਧੂ ਮੂਸੇਵਾਲਾ ਦੇ ਘਰ ਗਿਆ ਸੀ, ਉੱਥੇ ਉਸ ਨੇ ਥਾਰ ਜੀਪ ਦੀ ਫੋਟੋ ਵੀ ਖਿੱਚੀ ਅਤੇ ਕੇਸ਼ਵ ਅਤੇ ਨਿੱਕੂ ਨੂੰ ਨਾਲ ਲੈ ਕੇ ਇਕ ਮੋਟਰਸਾਈਕਲ ’ਤੇ ਬਿਠਾ ਕੇ ਵਾਪਸ ਲੈ ਗਿਆ ਸੀ। ਕੇਕੜੇ ਨੇ ਦੱਸਿਆ ਕਿ ਉਸ ਨੇ ਹੀ ਸ਼ੂਟਰਾਂ ਨੂੰ ਸਿੱਧੂ ਦੇ ਘਰੋਂ ਨਿਕਲਣ ਦੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਸਿੱਧੂ ਬੁਲਟ ਪਰੂਫ ਗੱਡੀ ਵਿਚ ਨਹੀਂ ਗਿਆ ਅਤੇ ਨਾ ਹੀ ਉਸ ਨਾਲ ਕੋਈ ਗੰਨਮੈਨ ਹੈ, ਉਸ ਨੇ ਥਾਰ ਵਿਚ ਉਸ ਦੇ ਦੋ ਦੋਸਤ ਹੋਣ ਦੀ ਵੀ ਜਾਣਕਾਰੀ ਦਿੱਤੀ। ਕੇਕੜਾ ਆਪਣੇ ਸਾਥੀਆਂ ਨਾਲ ਲਗਭਗ 40 ਤੋਂ 45 ਮਿੰਟ ਸਿੱਧੂ ਦੇ ਘਰ ਦੇ ਆਲੇ ਦੁਆਲੇ ਘੁੰਮਦਾ ਰਿਹਾ। ਕੇਕੜੇ ਨੇ ਹੀ ਮੂਸਾ ਪਿੰਡ ਜਾ ਕੇ ਸਾਰਾ ਘਟਨਾਕ੍ਰਮ ਦੇਖਿਆ ਅਤੇ ਮੂਸੇਵਾਲੇ ਦੇ ਸਕਿਓਰਿਟੀ ਦੇ ਬਿਨਾਂ ਨਿਕਲਣ ਦੀ ਖਬਰ ਪਹੁੰਚਾਈ। ਪੰਜਾਬ ਪੁਲਿਸ ਨੇ ਕਿਹਾ ਕਿ ਗੋਲਡੀ ਬਰਾੜ ਦੇ ਇਸ਼ਾਰੇ ’ਤੇ ਹੀ ਮੂਸੇਵਾਲਾ ਦਾ ਕਤਲ ਹੋਇਆ ਹੈ।ਪੁਲਿਸ ਦੀ ਸਾਰੀ ਸਟੋਰੀ ਉਲਝੀ ਹੋਈ ਹੈ। ਇਸ ਘਟਨਾ ਦਾ ਮਾਸਟਰ ਮਾਇੰਡ ਕੌਣ ਹੈ, ਪੁਲਿਸ ਦੱਸਣ ਵਿਚ ਅਸਫਲ ਸਿੱਧ ਹੋਈ ਹੈ।ਇਹ ਕਤਲ ਕਿਉਂ ਹੋਇਆ, ਪੁਲਿਸ ਅਜੇ ਤੱਕ ਨਹੀਂ ਦੱਸ ਸਕੀ। ਜਦਕਿ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਸਿੱਧੂ ਮੂਸੇਵਾਲਾ ਦਾ ਝੁਕਾਅ ਸੰਤ ਭਿੰਡਰਾਂਵਾਲੇ ਪੱਖੀ ਹੋ ਰਿਹਾ ਸੀ ਜਿਸ ਕਰਕੇ ਸਿੱਖ ਵਿਰੋਧੀ ਏਜੰਸੀਆਂ ਨੇ ਮਰਵਾਇਆ ਹੈ।ਸਰਕਾਰ ਨੂੰ ਚਾਹੀਦਾ ਹੈ ਕਿ ਇਸ ਦੀ ਜਾਂਚ ਹਾਈਕੋਰਟ ਦੀ ਅਗਵਾਈ ਵਿਚ ਕਰਵਾਈ ਜਾਵੇ। ਅਪਰਾਧੀਆਂ ਤੇ ਭਾਰਤੀ ਸਿਆਸਤਦਾਨਾਂ ਦਾ ਗਠਜੋੜ ਖਤਰਨਾਕ ਸਿਧ ਹੋ ਰਿਹਾ ਹੈ। ਇਸ ਉਪਰ ਨਮਦਾ ਕਸਣ ਦੀ ਲੋੜ ਹੈ।

## ਸਾਧੂ ਤੇ ਸੰਗਤ ’ਤੇ...

ਸਰਪੰਚ ਦੀ ਮਿਲੀਭੁਗਤ ਨਾਲ 40/50 ਕਰੋੜ ਰੁਪਏ ਦੀ ਗ਼ੈਰ-ਕਾਨੂੰਨੀ ਮਾਈਨਿੰਗ ਕੀਤੀ ਗਈ ਹਾਲਾਂਕਿ ਉਸ ਸਮੇਂ ਸਰਪੰਚ ’ਤੇ ਐੱਫਆਈਆਰ ਦਰਜ ਕੀਤੀ ਗਈ ਸੀ ਪਰ ਬਾਅਦ ਵਿਚ ਰੱਦ ਕਰ ਦਿੱਤੀ ਗਈ ਸੀ।

ਜੰਗਲਾਤ ਵਿਚ ਵੱਡੇ ਪੱਧਰ ’ਤੇ ਭ੍ਰਿਸ਼ਟਾਚਾਰ ਹੋਣ ਦੀ ਖੇਡ ਉਜਾਗਰ ਹੋ ਗਈ ਅਤੇ ਸਾਧੂ ਤੇ ਸੰਗਤ ’ਤੇ ਮਾਇਆ ਦੀ ਖੇਡ ਭਾਰੀ ਪੈ ਗਈ

ਪੰਜ ਮਹੀਨਿਆਂ ਵਿਚ ਤਿੰਨ ਮੰਤਰੀ ਗਏ ਜੇਲ ਵਿਧਾਨ ਸਭਾ ਚੋਣਾਂ ਤੋਂ ਬਾਅਦ ਹੁਣ ਤਕ ਤਿੰਨ ਸਾਬਕਾ ਕੈਬਨਿਟ ਮੰਤਰੀ ਜੇਲ ਜਾ ਚੁੱਕੇ ਹਨ। ਦਿਲਚਸਪ ਗੱਲ ਹੈ ਕਿ ਇਹ ਤਿੰਨੋ ਸਾਬਕਾ ਮੰਤਰੀ ਤਿੰਨ ਵੱਖ-ਵੱਖ ਪਾਰਟੀਆਂ ਨਾਲ ਸਬੰਧਤ ਹਨ ਤੇ ਤਿੰਨੋਂ ਵੱਖ-ਵੱਖ ’ਚ ਸਲਾਖ਼ਾਂ ਪਿੱਛੇ ਹਨ। ਵੋਟਾਂ ਦੇ ਨਤੀਜੇ ਆਉਣ ਤੋਂ ਪਹਿਲਾਂ ਹੀ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਐੱਸਟੀਐੱਫ ਵੱਲੋਂ ਦਰਜ ਕੀਤੇ ਗਏ ਮਾਮਲੇ ’ਚ ਸੁਪਰੀਮ ਕੋਰਟ ਦੀ ਹਦਾਇਤ ’ਤੇ ਅਦਾਲਤ ਵਿਚ ਸਰੈਂਡਰ ਕੀਤਾ।

ਇਸੇ ਤਰਾਂ ਸਾਬਕਾ ਕਾਂਗਰਸੀ ਮੰਤਰੀ ਤੇ ਸਾਬਕਾ ਕ੍ਰਿਕਟਰ ਨਵਜੋਤ ਸਿੱਧੂ ਇਕ ਰੋਡਰੇਜ ਮਾਮਲੇ ਵਿਚ ਜੇਲ ਗਏ ਹਨ। ਸਿੱਧੂ ਨੂੰ ਸੁਪਰੀਮ ਕੋਰਟ ਵੱਲੋਂ ਸਜ਼ਾ ਸੁਣਾਈ ਗਈ ਹੈ। ‘ਆਪ’ ਸਰਕਾਰ ’ਚ ਸਿਹਤ ਮੰਤਰੀ ਰਹੇ ਡਾ. ਵਿਜੇ ਸਿੰਗਲਾ ਭ੍ਰਿਸ਼ਟਾਚਾਰ ਦੇ ਮਾਮਲੇ ’ਚ ਜੇਲ ਗਏ ਹਨ। ਇਸ ਤਰਾਂ ਪਿਛਲੇ ਕਰੀਬ ਚਾਰ ਮਹੀਨਿਆਂ ਦੌਰਾਨ ਤਿੰਨ ਸਾਬਕਾ ਕੈਬਨਿਟ ਮੰਤਰੀ ਪਟਿਆਲਾ ਜੇਲ ਵਿਚ ਬੰਦ ਹਨ। ਲੰਘੇ ਸੋਮਵਾਰ ਨੂੰ ਪੁਲਿਸ ਨੇ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ’ਤੇ ਕੇਸ ਦਰਜ ਕਰ ਕੇ ਬੀਤੇ ਮੰਗਲਵਾਰ ਤੜਕੇ ਗ੍ਰਿਫ਼ਤਾਰ ਕੀਤਾ ਸੀ। ਜਦਕਿ ਸੰਗਤ ਸਿੰਘ ’ਤੇ ਵੀ ਕੇਸ ਦਰਜ ਹੋ ਚੁੱਕਾ ਹੈ।

ਆਪ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਆਪਣੀ ਸਰਕਾਰ ਦੇ ਮੰਤਰੀ ਵਿਜੈ ਸਿੰਗਲਾ ਦੀ ਰਿਸ਼ਵਤ ਮੰਗਣ ਦੇ ਕੇਸ ਵਿਚ ਗ੍ਰਿਫ਼ਤਾਰੀ ਤੋਂ ਬਾਅਦ ਪੰਜਾਬ ਸਰਕਾਰ ਨੇ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਮੰਤਰੀ ਮੰਡਲ ਵਿਚ ਮੰਤਰੀ ਰਹੇ ਸਾਧੂ ਸਿੰਘ ਧਰਮਸੋਤ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਤੋਂ ਪਹਿਲਾਂ ਜੰਗਲਾਤ ਵਿਭਾਗ ਦੇ ਇਕ ਅਧਿਕਾਰੀ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਚਰਨਜੀਤ ਸਿੰਘ ਚੰਨੀ ਮੰਤਰੀ ਮੰਡਲ ਵਿਚ ਮੰਤਰੀ ਰਹੇ ਸੰਗਤ ਸਿੰਘ ਗਿਲਜੀਆਂ ਵਿਰੁੱਧ ਵੀ ਕੇਸ ਦਰਜ ਕੀਤਾ ਗਿਆ ਹੈ। ਇਨਾਂ ਮੰਤਰੀਆਂ ’ਤੇ ਜੰਗਲਾਤ ਵਿਭਾਗ ਵਿਚ ਬੇਨਿਯਮੀਆਂ ਕਰਨ ਦੇ ਦੋਸ਼ ਲਗਾਏ ਗਏ ਹਨ।

ਆਮ ਆਦਮੀ ਪਾਰਟੀ ਦੀ ਸਰਕਾਰ ਰਿਸ਼ਵਤਖੋਰੀ ਵਿਰੁੱਧ ਮੁਹਿੰਮ ਨੂੰ ਆਪਣਾ ਮੁੱਖ ਏਜੰਡਾ ਬਣਾ ਰਹੀ ਪ੍ਰਤੀਤ ਹੁੰਦੀ ਹੈ। ਕਈ ਦਹਾਕਿਆਂ ਤੋਂ ਰਿਸ਼ਵਤਖੋਰੀ ਪੰਜਾਬ ਦੇ ਪ੍ਰਸ਼ਾਸਨ ਨੂੰ ਘੁਣ ਵਾਂਗ ਲੱਗੀ ਹੋਈ ਹੈ। ਸਿਖ਼ਰਲੇ ਤੋਂ ਲੈ ਕੇ ਹੇਠਲੇ ਦਰਜੇ ਤਕ ਪ੍ਰਸ਼ਾਸਨ ਦਾ ਹਰ ਹਿੱਸਾ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋਇਆ ਪਿਆ ਹੈ। ਪੰਜਾਬੀ ਸਮਾਜ ਇਸ ਤੋਂ ਏਨੀ ਬੁਰੀ ਤਰਾਂ ਨਾਲ ਪ੍ਰਭਾਵਿਤ ਹੋਇਆ ਹੈ ਕਿ ਉਸ ਦੀ ਇਸ ਮਾਮਲੇ ਬਾਰੇ ਪਹੁੰਚ ਹੀ ਬਦਲ ਗਈ ਹੈ; ਇਹ ਸਵੀਕਾਰ ਕੀਤਾ ਜਾਣ ਲੱਗ ਪਿਆ ਹੈ ਕਿ ਰਿਸ਼ਵਤ ਦਿੱਤੇ ਬਗ਼ੈਰ ਤਾਂ ਕੋਈ ਕੰਮ ਹੋ ਹੀ ਨਹੀਂ ਸਕਦਾ। ਸਿਆਸੀ ਜਮਾਤ ਨੇ ਭ੍ਰਿਸ਼ਟਾਚਾਰ ਵਧਾਉਣ ਵਿਚ ਵੱਡਾ ਹਿੱਸਾ ਪਾਇਆ ਹੈ। ਜੇ ਪੰਜਾਬ ਦੇ ਪਿਛਲੇ ਚਾਰ ਦਹਾਕਿਆਂ ਦੌਰਾਨ ਸੱਤਾ ਵਿਚ ਰਹੇ ਆਗੂਆਂ ਅਤੇ ਉੱਚ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਜਾਇਦਾਦ ਦਾ ਹਿਸਾਬ-ਕਿਤਾਬ ਕੀਤਾ ਜਾਵੇ ਤਾਂ ਉਨਾਂ ਵਿਚੋਂ ਬਹੁਤ ਸਾਰੇ ਦਾਗ਼ੀ ਹੋਣਗੇ। ਸਮਾਜਿਕ ਪਹੁੰਚ ਇਸ ਪੱਖ ਤੋਂ ਵੀ ਬਦਲੀ ਹੈ ਕਿ ਪਹਿਲਾਂ ਅਜਿਹੇ ਵਿਅਕਤੀਆਂ ਨੂੰ ਸਮਾਜ ਵਿਚ ਮਾਣ-ਸਨਮਾਨ ਨਹੀਂ ਸੀ ਮਿਲਦਾ ਪਰ ਦੋ-ਢਾਈ ਦਹਾਕਿਆਂ ਤੋਂ ਉਨਾਂ ਨੂੰ ਸਮਾਜ ਵਿਚ ਸਵੀਕਾਰ ਵੀ ਕੀਤਾ ਜਾਣ ਲੱਗ ਪਿਆ ਅਤੇ ਅਜਿਹੇ ਆਗੂਆਂ ਨੂੰ ਦੁਬਾਰਾ ਚੁਣਿਆ ਵੀ ਗਿਆ। ਇਸ ਵਰਤਾਰੇ ਨੇ ਆਮ ਪੰਜਾਬੀ ਬੰਦੇ ਨੂੰ ਹੀਣਾ ਅਤੇ ਨਿਤਾਣਾ ਬਣਾ ਦਿੱਤਾ। ਉਸ ਦਾ ਸਰਕਾਰੀ ਤੰਤਰ ਤੋਂ ਵਿਸ਼ਵਾਸ ਉੱਠ ਗਿਆ ਅਤੇ ਉਸ ਦੇ ਮਨ ਵਿਚ ਇਹ ਖ਼ਿਆਲ ਘਰ ਕਰ ਗਿਆ ਕਿ ਉਸ ਨੇ ਤਾਂ ਕਿਸੇ ਨਾ ਕਿਸੇ ਤਰਾਂ ਇਸ ਤੰਤਰ ਵਿਚ ਗੁਜ਼ਾਰਾ ਕਰ ਲਿਆ ਹੈ ਪਰ ਉਸ ਦੀ ਸੰਤਾਨ ਦਾ ਭਵਿੱਖ ਇਸ ਭੋਇੰ ’ਤੇ ਸੁਰੱਖਿਅਤ ਨਹੀਂ ਹੈ। ਨਸ਼ਿਆਂ ਦੇ ਫੈਲਾਉ ਅਤੇ ਬੇਰੁਜ਼ਗਾਰੀ ਦੇ ਨਾਲ ਨਾਲ ਸਰਕਾਰੀ ਤੰਤਰ ਵਿਚ ਪੰਜਾਬੀ ਬੰਦੇ ਦਾ ਵਿਸ਼ਵਾਸ ਉੱਠਣਾ ਪਰਵਾਸ ਦਾ ਇਕ ਪ੍ਰਮੁੱਖ ਕਾਰਨ ਹੈ। ‘ਆਪ’ ਸਰਕਾਰ ਦੇ ਸ਼ੁਰੂਆਤੀ ਸਮੇਂ ਵਿਚ ਆਪਣੇ ਹੀ ਇਕ ਮੰਤਰੀ ਦੀ ਗ੍ਰਿਫ਼ਤਾਰੀ ਇਹ ਦਿਖਾਉਂਦੀ ਹੈ ਕਿ ਇਸ ਵਰਤਾਰੇ ਦੀਆਂ ਜੜਾਂ ਬਹੁਤ ਡੂੰਘੀਆਂ ਹਨ। ਇਹ ਸੱਤਾ ਵਿਚ ਪ੍ਰਵੇਸ਼ ਕਰਨ ਦੇ ਚਾਹਵਾਨਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਚੁੱਕਾ ਹੈ। ਪ੍ਰਮੁੱਖ ਸਵਾਲ ਇਹ ਹੈ ਕਿ ਕੀ ਇਸ ਵਰਤਾਰੇ ਨੂੰ ਜੜਾਂ ਤੋਂ ਉਖਾੜਿਆ ਜਾ ਸਕਦਾ ਹੈ। ਇਹ ਮਸਲਾ ਦੋ-ਚਾਰ ਮੰਤਰੀਆਂ ਅਤੇ ਅਧਿਕਾਰੀਆਂ ਦੀਆਂ ਗ੍ਰਿਫ਼ਤਾਰੀਆਂ ਨਾਲ ਹੱਲ ਹੋਣ ਵਾਲਾ ਨਹੀਂ। ਇਸ ਲਈ ਹਰ ਮਹਿਕਮੇ ਵਿਚ ਵਿਸਥਾਰ ਨਾਲ ਤਫ਼ਤੀਸ਼ ਤੋਂ ਬਾਅਦ ਕਾਰਵਾਈ ਕਰਨ ਦੀ ਜ਼ਰੂਰਤ ਹੈ। ਰਿਸ਼ਵਤਖੋਰੀ ਦੇ ਮਾਮਲਿਆਂ ਵਿਚ ਕੇਸ ਦਰਜ ਕਰਨਾ ਬਹੁਤ ਸੌਖਾ ਹੁੰਦਾ ਹੈ ਪਰ ਉਸ ਨੂੰ ਅਦਾਲਤਾਂ ਵਿਚ ਸਾਬਤ ਕਰਨਾ ਬਹੁਤ ਔਖਾ। ਪਹਿਲਾਂ ਤਾਂ ਦੋਸ਼-ਪੱਤਰ (ਚਾਰਜਸ਼ੀਟ) ਦਾਖ਼ਲ ਕਰਨ ਨੂੰ ਸਮਾਂ ਲੱਗਦਾ ਹੈ ਅਤੇ ਬਹੁਤ ਵਾਰ ਤਫ਼ਤੀਸ਼ ਵਿਚ ਕਈ ਕਮੀਆਂ-ਪੇਸ਼ੀਆਂ ਰਹਿ ਜਾਂਦੀਆਂ ਹਨ। ਨਿਆਂ-ਪ੍ਰਣਾਲੀ ਦੀ ਪ੍ਰਕਿਰਿਆ ਵੀ ਅਜਿਹੀ ਹੈ ਕਿ ਕੇਸਾਂ ਦਾ ਫ਼ੈਸਲਾ ਹੋਣ ਵਿਚ ਕਈ ਸਾਲ ਲੱਗ ਜਾਂਦੇ ਹਨ। ਜੇ ਸਰਕਾਰ ਇਸ ਮੁਹਿੰਮ ਨੂੰ ਸਿਰੇ ਚੜਾਉਣਾ ਚਾਹੁੰਦੀ ਹੈ ਤਾਂ ਤਫ਼ਤੀਸ਼ ਦੀ ਨਿਗਰਾਨੀ ਇਮਾਨਦਾਰ ਅਤੇ ਕਾਰਜਕੁਸ਼ਲ ਅਧਿਕਾਰੀਆਂ ਨੂੰ ਸੌਂਪੀ ਜਾਣੀ ਚਾਹੀਦੀ ਹੈ।

## ਭਾਜਪਾ ਆਗੂਆਂ ਦੇ...

ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਓ.ਆਈ.ਸੀ. ਦੀ ਟਿੱਪਣੀ ’ਤੇ ਇਤਰਾਜ਼ ਪ੍ਰਗਟਾਉਂਦਿਆਂ ਇਸ ਨੂੰ ਅਨੁਚਿਤ ਅਤੇ ਛੋਟੀ ਸੋਚ ਵਾਲੀ ਟਿੱਪਣੀ ਕਰਾਰ ਦਿੰਦਿਆਂ ਸਿਰੇ ਤੋਂ ਖਾਰਜ ਕਰ ਦਿੱਤਾ। ਬਾਗਚੀ ਨੇ ਕਿਹਾ ਕਿ ਭਾਰਤ ਸਰਕਾਰ ਸਾਰੇ ਧਰਮਾਂ ਨੂੰ ਸਨਮਾਨ ਦਿੰਦੀ ਹੈ। ਭਾਰਤ ਨੇ ਪਾਕਿਸਤਾਨ ਵਲੋਂ ਦਿੱਤੇ ਬਿਆਨ ’ਚ ਪ੍ਰਤੀਕਰਮ ਕਰਦਿਆਂ ਕਿਹਾ ਕਿ ਪਾਕਿਸਤਾਨ ਨੂੰ ਪਹਿਲਾਂ ਆਪਣੇ ਦੇਸ਼ ਵਿਚ ਘੱਟ ਗਿਣਤੀਆਂ ਦੇ ਮਨੁੱਖੀ ਹੱਕਾਂ ਦੀ ਰਾਖੀ ਦੀ ਫ਼ਿਕਰ ਕਰਨੀ ਚਾਹੀਦੀ ਹੈ।

ਤਾਲਿਬਾਨ ਸ਼ਾਸਿਤ ਅਫ਼ਗਾਨਿਸਤਾਨ ਨੇ ਵੀ ਦੋਵਾਂ ਭਾਜਪਾ ਆਗੂਆਂ ਵਲੋਂ ਪੈਗੰਬਰ ਖ਼ਿਲਾਫ਼ ਵਰਤੇ ਸ਼ਬਦਾਂ ਦੀ ਨਿਖੇਧੀ ਕਰਦਿਆਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਅਜਿਹੇ ਸਿਰਫਿਰਿਆਂ ਨੂੰ ਇਸਲਾਮ ਦੇ ਅਪਮਾਨ ਦੀ ਇਜਾਜ਼ਤ ਨਾ ਦਿੱਤੀ ਜਾਵੇ। ਓਮਾਨ ਦੇ ਮੁਫ਼ਤੀ ਸ਼ੇਖ ਅਹਿਮਦ ਬਿਨ ਹਮਦ ਅਲ ਖਲੀਲੀ ਨੇ ਭਾਜਪਾ ਖ਼ਿਲਾਫ਼ ਮੁਹਿੰਮ ਚਲਾਉਦਿਆਂ ਸਾਰੇ ਮੁਸਲਮਾਨ ਦੇਸ਼ਾਂ ਨੂੰ ਇਕਜੁੱਟ ਹੋਣ ਨੂੰ ਕਿਹਾ। ਦਿੱਲੀ ਪੁਲਿਸ ਨੇ ਭਾਜਪਾ ਆਗੂ ਨੂਪੁਰ ਸ਼ਰਮਾ ਨੂੰ ਮਿਲ ਰਹੀਆਂ ਧਮਕੀਆਂ ਖ਼ਿਲਾਫ਼ ਐੱਫ. ਆਈ.ਆਰ. ਦਰਜ ਕੀਤੀ ਹੈ

ਭਾਜਪਾ ਵਲੋਂ ਨੂਪੁਰ ਸ਼ਰਮਾ ਨੂੰ 6 ਸਾਲ ਲਈ ਮੁਅੱਤਲ ਅਤੇ ਨਵੀਨ ਜਿੰਦਲ ਨੂੰ ਪਾਰਟੀ ਤੋਂ ਬਰਖ਼ਾਸਤ ਕਰਨ ਦੀ ਕਾਰਵਾਈ ਦਾ ਸਾਊਦੀ ਅਰਬ ਅਤੇ ਬਹਿਰੀਨ ਨੇ ਸਵਾਗਤ ਕੀਤਾ ਹੈ। ਭਾਜਪਾ ਤੋਂ ਮੁਅੱਤਲੀ ਤੋਂ ਬਾਅਦ ਨੂਪੁਰ ਸ਼ਰਮਾ ਨੇ ਬਿਨਾਂ ਸ਼ਰਤ ਆਪਣਾ ਬਿਆਨ ਵਾਪਸ ਲੈ ਲਿਆ। ਸ਼ਰਮਾ ਨੇ ਟਵੀਟ ਕਰਕੇ ਕਿਹਾ ਕਿ ਟੀ.ਵੀ. ਬਹਿਸ ਵਿਚ ਭਗਵਾਨ ਖ਼ਿਲਾਫ਼ ਵਿਵਾਦਿਤ ਬੋਲ ਉਸ ਤੋਂ ਬਰਦਾਸ਼ਤ ਨਹੀਂ ਹੋਏ। ਉਸ ਨੇ ਰੋਸ ਵਿਚ ਆ ਕੇ ਜੇਕਰ ਕੁਝ ਇਤਰਾਜ਼ਯੋਗ ਕਿਹਾ ਹੋਵੇ ਤਾਂ ਉਹ ਬਿਨਾਂ ਸ਼ਰਤ ਆਪਣਾ ਬਿਆਨ ਵਾਪਸ ਲੈਂਦੀ ਹੈ।

### ਮੋਦੀ ਸਰਕਾਰ ਇਸਲਾਮਕ ਦੇਸ਼ਾਂ ਦੇ ਪ੍ਰਤੀਕਰਮ ਤੋਂ ਘਬਰਾਈ

ਖਾੜੀ ਦੇਸ਼ਾਂ ਵਿਚ 76 ਲੱਖ ਤੋਂ ਵੱਧ ਭਾਰਤੀ ਟਿੱਪਣੀ ਕਾਰਨ ਪੈਦਾ ਵਿਵਾਦ ’ਤੇ ਖਾੜੀ ਦੇਸ਼ਾਂ ਵਲੋਂ ਕੀਤੇ ਪ੍ਰਤੀਕਰਮ ਤੋਂ ਬਾਅਦ ਭਾਰਤ ਸਰਕਾਰ ਵਲੋਂ ਸੰਬੰਧਿਤ ਆਗੂਆਂ ’ਤੇ ਕੀਤੀ ਕਾਰਵਾਈ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਭਾਰਤ ਆਪਣੀ ਲੋੜ ਲਈ ਤੇਲ ਦੀ ਜ਼ਰੂਰਤ ਦੇ ਵੱਡੇ ਹਿੱਸੇ ਲਈ ਇਨਾਂ ਦੇਸ਼ਾਂ ’ਤੇ ਨਿਰਭਰ ਹੈ। ਇਸ ਤੋਂ ਇਲਾਵਾ ਤਕਰੀਬਨ 76 ਲੱਖ ਭਾਰਤੀ ਇਨਾਂ ਦੇਸ਼ਾਂ ਵਿਚ ਕੰਮ ਕਰਦੇ ਹਨ।

### ਕੁਵੈਤ ਸੁਪਰ ਮਾਰਕੀਟ ਨੇ ਭਾਰਤੀ ਉਤਪਾਦਾਂ ’ਤੇ ਲਗਾਈ ਪਾਬੰਦੀ

ਇਸ ਸਾਰੇ ਵਿਰੋਧ ਵਿਚ ਕੁਵੈਤ ਦੀ ਸੁਪਰ ਮਾਰਕੀਟ ਨੇ ਆਪਣੇ ਸਟੋਰਾਂ ਵਿਚੋਂ ਭਾਰਤੀ ਸਾਮਾਨ ਨੂੰ ਹਟਾ ਦਿੱਤਾ ਹੈ। ਵਿਰੋਧ ਵਿਚ ਅਲ-ਅਰਦਿਯਾ ਕੋਆਪਰੇਟਿਵ ਸੁਸਾਇਟੀ ਸਟੋਰ ਨੇ ਭਾਰਤੀ ਚਾਹ ਅਤੇ ਹੋਰ ਉਤਪਾਦਾਂ ਨੂੰ ਟਰਾਲੀ ਵਿਚ ਰੱਖ ਕੇ ਉਸ ਨੂੰ ਇਸਲਾਮੋਫੋਬਿਕ ਦੱਸਿਆ।

ਅਠੱਤੀ ਦੋਸ਼ੀ ਗ੍ਰਿਫ਼ਤਾਰ

ਉੱਤਰ ਪ੍ਰਦੇਸ਼ ਪੁਲਿਸ ਨੇ ਕਾਨਪੁਰ ਹਿੰਸਾ ਮਾਮਲੇ ਵਿਚ 9 ਹੋਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਨਾਲ ਗ੍ਰਿਫ਼ਤਾਰ ਕੀਤੇ ਲੋਕਾਂ ਦੀ ਗਿਣਤੀ 38 ਤੱਕ ਪੁੱਜ ਗਈ ਹੈ। ਪੁਲਿਸ ਵਲੋਂ ਦੋਸ਼ੀਆਂ ਤੇ ਦੰਗਾਕਾਰੀਆਂ ਦੀ ਪਛਾਣ ਲਈ 40 ਦੋਸ਼ੀਆਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਗਈਆਂ ਹਨ।

ਭਾਜਪਾ ਦੇ ਫਿਰਕੂ ਵਤੀਰੇ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਦੇਖਿਆ ਜਾ ਰਿਹਾ ਹੈ। ਦੇਸ਼ ਅੰਦਰ ਹਜੂਮੀ ਹਿੰਸਾ, ਲਵ ਜਹਾਦ, ਨਮਾਜ਼ ਪੜਨ ਦੇ ਮਾਮਲੇ ਉੱਤੇ ਵਿਵਾਦ ਅਤੇ ਮਸਜਿਦਾਂ ਤੇ ਮੰਦਿਰਾਂ ਦੇ ਝਗੜਿਆਂ ਸਮੇਤ ਟਕਰਾਅ ਵਾਲੇ ਮਾਹੌਲ ਸਮੇਂ ਸੱਤਾਧਾਰੀ ਧਿਰ ਵੱਲੋਂ ਕਦੇ ਭਾਈਚਾਰਕ ਸਾਂਝ ਵੱਲ ਪ੍ਰੇਰਿਤ ਕਰਨ ਵਾਲਾ ਬਿਆਨ ਜਾਂ ਆਪਣੇ ਆਗੂਆਂ ਨੂੰ ਇਕ ਹੱਦ ਤੋਂ ਅੱਗੇ ਵਧਣ ਤੋਂ ਰੋਕਣ ਦੀ ਕੋਸ਼ਿਸ਼ ਦਿਖਾਈ ਨਹੀਂ ਦਿੱਤੀ।

ਭਾਰਤ ਅੰਦਰ ਮੁਸਲਿਮ ਭਾਈਚਾਰਾ ਦਬਾਅ ਮਹਿਸੂਸ ਕਰ ਰਿਹਾ ਹੈ। ਉਹ ਸਮੂਹਿਕ ਆਵਾਜ਼ ਉਠਾ ਕੇ ਸੱਤਾ ਦਾ ਵਿਰੋਧ ਕਰਨ ਦੀ ਹਾਲਤ ਵਿਚ ਨਹੀਂ ਹੈ। ਹਜ਼ਰਤ ਮੁਹੰਮਦ ਸਾਹਿਬ ਬਾਰੇ ਕਹੀ ਗੱਲ ਦੁਨੀਆ ਭਰ ਦੇ ਮੁਸਲਮਾਨਾਂ ਵਿਚ ਪਾਰਟੀ ਅਤੇ ਸਰਕਾਰ ਦੇ ਅਕਸ ਨੂੰ ਵਿਗਾੜਨ ਦਾ ਆਧਾਰ ਬਣ ਸਕਦੀ ਹੈ। ਪੈਗੰਬਰ ਮੁਹੰਮਦ ਖ਼ਿਲਾਫ਼ ਭਾਜਪਾ ਆਗੂਆਂ ਵੱਲੋਂ ਦਿੱਤੇ ਗਏ ਵਿਵਾਦਤ ਬਿਆਨ ’ਤੇ ਇਸਲਾਮੀ ਖਾਸ ਕਰਕੇ ਪੱਛਮੀ ਏਸ਼ੀਆ ਅਤੇ ਖਾੜੀ ਮੁਲਕਾਂ ਵਿਚ ਰੋਸ ਵਧ ਗਿਆ ਹੈ। 57 ਮੁਲਕਾਂ ਵਾਲੀ ਇਸਲਾਮੀ ਮੁਲਕਾਂ ਦੀ ਜਥੇਬੰਦੀ (ਓਆਈਸੀ) ਨੇ ਬਿਆਨ ਦੀ ਨਿਖੇਧੀ ਕਰਦਿਆਂ ਸੰਯੁਕਤ ਰਾਸ਼ਟਰ ਨੂੰ ਅਪੀਲ ਕੀਤੀ ਹੈ ਕਿ ਉਹ ਭਾਰਤ ਵਿਚ ਮੁਸਲਮਾਨਾਂ ਦੇ ਹੱਕਾਂ ਦੀ ਰਾਖੀ ਯਕੀਨੀ ਬਣਾਉਣ ਲਈ ਲੋੜੀਂਦੇ ਕਦਮ ਉਠਾਏ। ਓਆਈਸੀ ਨੇ ਕਿਹਾ ਕਿ ਭਾਰਤ ’ਚ ਇਸਲਾਮ ਦੇ ਅਪਮਾਨ ਅਤੇ ਘੱਟ ਗਿਣਤੀਆਂ ਖ਼ਿਲਾਫ਼ ਵਧ ਰਹੀ ਨਫ਼ਰਤ ਦੌਰਾਨ ਪੈਗੰਬਰ ਮੁਹੰਮਦ ਬਾਰੇ ਮਾੜੀ ਸ਼ਬਦਾਵਲੀ ਵਰਤੀ ਗਈ ਹੈ। ਉਨਾਂ ਭਾਰਤ ਦੇ ਕਈ ਸ਼ਹਿਰਾਂ ਦੇ ਵਿਦਿਅਕ ਅਦਾਰਿਆਂ ’ਚ ਹਿਜਾਬ ’ਤੇ ਪਾਬੰਦੀ ਅਤੇ ਮੁਸਲਮਾਨਾਂ ਦੀਆਂ ਸੰਪਤੀਆਂ ਢਾਹੁਣ ਦੇ ਫ਼ੈਸਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਭਾਰਤ ਸਰਕਾਰ ਦਾ ਰਵੱਈਆ ਘੱਟਗਿਣਤੀਆਂ ਪ੍ਰਤੀ ਪੱਖਪਾਤੀ ਰਿਹਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ਅੱਜ ਦਾ ਮੁੱਦਾ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com